ਸਭੇ ਰੁਤੀ ਚੰਗੀਆ

ਜਸਮੇਰ ਸਿੰਘ ਹੋਠੀ

ਯੂਰਪੀ ਪੰਜਾਬੀ ਸੱਥ
ਵਾਲਸਾਲ (ਯੂ.ਕੇ.)

ਸਭੇ ਰੁਤੀ ਚੰਗੀਆ

ਲੇਖਕ ਵੱਲੋਂ ਛਪੀਆਂ ਹੋਰ ਪੁਸਤਕਾਂ :

- ਪੰਚਾ ਕੇ ਬਸਿ ਰੇ
- ਦਸਮ ਦੁਆਰਾ ਅਗਮ ਅਪਾਰਾ
- ਸੰਤਨ ਕੀ ਮਹਿਮਾ
- ਸਤ ਵਾਰ
- ਮੂਲ ਮੰਤਰ ਵੀਚਾਰ
- 5 ਕਕਾਰ

ਹਿੰਦੀ ਵਿਚ :

- ਸਾਤ ਵਾਰ
- ਮੂਲ ਮੰਤਰ ਵਿਚਾਰ
- 5 ਕਕਾਰ

ਅੰਗਰੇਜ਼ੀ ਵਿਚ :

- 5 ਕਕਾਰ

ਸਭੇ ਰੁਤੀ ਚੰਗੀਆ

ਲੇਖਕ :
ਜਸਮੇਰ ਸਿੰਘ ਹੋਠੀ
ਬਰਮਿੰਘਮ ਯੂ.ਕੇ.

ਯੂਰਪੀ ਪੰਜਾਬੀ ਸੱਥ,
ਵਾਲਸਾਲ (ਯੂ.ਕੇ.)

Sabhe Ruti Changian

Jasmer Singh Hothi
142 Grestone Avenue
Handsworth Wood
Birmingham B20 ILD U.K.
Tel. 0044 7956 890702 U.K.
Tel. 91-95306 24820 (India)
Email: jasmersingh@mail.com
jshothi 13@gmail.com
hothijsingh@yahoo.co.uk

© ਲੇਖਕ

ISBN : 978-93-85648-39-7

ਪਹਿਲੀ ਐਡੀਸ਼ਨ : ਅਪ੍ਰੈਲ 2023

Price : Rs. 250/- (Paper Back)
Rs. 300/- (Hard Bound)

Having no commercial value. Only for free distribution

Published by
Prism Publisher
S.A.S. Nagar, Mohali (PB.)
Mobile: 9914908751

Co Publisher
European Panjabi Sath, Walsall, U.K.
Panjabi Sath Website : Punjabisath.co.in
Available at : Panjabi Sath Units

Printed at
Printwell, Industrial Focal Point, Amritsar

ਸਮਰਪਿਤ

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਮਹਾਰਾਜ ਦੇ ਪਵਿੱਤਰ ਚਰਨਾਂ ਵਿਖੇ ਸਤਿਕਾਰ ਸਹਿਤ ਭੇਟ। ਅਕਾਲ ਸਰੂਪ ਸਤਿਗੁਰੂ ਜੀ ਨੇ ਤਰਸ ਕਰਕੇ ਸਾਰੀ ਸ੍ਰਿਸ਼ਟੀ ਦੇ ਭਲੇ ਹਿਤ ਆਪਣੇ ਨੂਰ ਪ੍ਰਕਾਸ਼ ਦੀ ਸੀਤਲਤਾ ਵੰਡ ਕੇ ਪ੍ਰਭੂ ਜੀ ਤੋਂ ਭੁੱਲੀ ਹੋਈ ਲੋਕਾਈ ਨੂੰ ਧੁਰ ਕੀ ਬਾਣੀ ਨਾਲ ਜੋੜਿਆ।

ਜਸਮੇਰ ਸਿੰਘ ਹੋਠੀ

Available at: Panjabi Sath Units

Dr. Nirmal Singh
Patron Panjabi Sath
Lambra, Jalandhar, Panjab -144026
India
Phone : 0181-2791036, 98152-56266
E-mail:drnirmalsinghlambra@gmail.com

ਡਾ. ਨਿਰਮਲ ਸਿੰਘ
ਸਰਪ੍ਰਸਤ ਪੰਜਾਬੀ ਸੱਥ
ਲਾਂਬੜਾ, ਜਲੰਧਰ, ਪੰਜਾਬ-144026
ਭਾਰਤ
ਫੋਨ : 0181-2791036, 98152-56266

Mota Singh Sarai
11 Queens Road
Walsall, West Midlands
WSS 3NF U.K.
Phone : +447850750109
E-mail:singh_m_sarai@hotmail.com

ਮੋਤਾ ਸਿੰਘ ਸਰਾਏ
11 ਕੁਇਨਜ਼ ਰੋਡ
ਵਾਲਸਾਲ, ਵੈਸਟ ਮਿਡਲੈਂਡ
ਡਬਲਯੂ. ਐੱਸ.5 3 ਐੱਨ ਐਫ., ਯੂ.ਕੇ.
ਫੋਨ : +447850750109

Pr. Kulwinder Singh Sarai
Manjki Panjabi Sath, Bhangala.
Jalandhar, Panjab, India. 144033
Phone : 01826-275633, 98141-60642
E-mail: kssarai@gmail.com

ਪ੍ਰਿੰ. ਕੁਲਵਿੰਦਰ ਸਿੰਘ ਸਰਾਏ
ਮੰਜਕੀ ਪੰਜਾਬੀ ਸੱਥ, ਭੰਗਾਲਾ
ਜਲੰਧਰ, ਪੰਜਾਬ, ਭਾਰਤ (144033)
ਫੋਨ : 01826-275633, 98141-60642

Jagtar Singh Deol
Naujwan Panjabi Sath, Chandigarh
Panjab, India (160055)
Phone : 99149-08751
E-mail: Jagtarsinghdeol@gmail.com

ਜਗਤਾਰ ਸਿੰਘ ਦਿਓਲ
ਨੌਜਵਾਨ ਪੰਜਾਬੀ ਸੱਥ, ਚੰਡੀਗੜ੍ਹ
ਪੰਜਾਬ, ਭਾਰਤ (160055)
ਫੋਨ : 99149-08751

ਤਤਕਰਾ

☞ ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ 9
☞ ਥਿਤ ਵਾਰ ਨਾ ਜੋਗੀ ਜਾਣੈ 11
☞ ਸੂਰਜੁ ਏਕੋ ਰੁਤਿ ਅਨੇਕ॥ 13
☞ ਸ਼ੁਕਰਾਨਾ 15
☞ ਸਭੇ ਰੁਤੀ ਚੰਗੀਆ 19
☞ ਸਰਸ ਬਸੰਤ ਰੁੱਤ ਮਹੀਨੇ - ਚੇਤ-ਵੈਸਾਖ 36
☞ ਗ੍ਰੀਖਮ ਰੁੱਤ (ਗਰਮੀ ਮਹੀਨੇ - ਜੇਠ ਹਾੜ) 64
☞ ਬਰਸ (ਵਰਖਾ) ਰੁੱਤ ਮਹੀਨੇ - ਸਾਵਣ-ਭਾਦੋਂ 83
☞ ਸਰਦ ਰੁੱਤ ਮਹੀਨੇ - ਅੱਸੂ ਕਤਕ 108
☞ ਸਿਸੀਅਰ ਰੁੱਤ ਮਹੀਨੇ - ਮੰਘਰ ਪੋਹ 120
☞ ਹਿਮਕਰ (ਬਰਫਾਨੀ) ਰੁੱਤ ਮਹੀਨੇ - ਮਾਘ ਫੱਗਣ 144
☞ ਸੰਪੂਰਨਤਾ 164

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ

ਨਿਰਮਲ ਪੰਥ ਦੇ ਸੰਸਥਾਪਕ ਗੁਰੂ ਨਾਨਕ ਪਾਤਸ਼ਾਹ ਨੇ ਸਮੁੱਚੀ ਲੋਕਾਈ ਦੀ ਅਧਿਆਤਮਿਕ ਅਗਵਾਈ ਕਰਦੇ ਹੋਏ 'ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ' ਦੀ ਸਿਰਜੀ ਕਾਇਨਾਤ ਦੀ ਗੁਰਬਾਣੀ ਰਾਹੀ ਵਡਿਆਈ ਕੀਤੀ ਹੈ। ਵਿਗਿਆਨਕਾਂ ਦੀ ਸੋਚ ਅਤੇ ਖੋਜ ਦੀ ਪਕੜ ਤੋਂ ਬਾਹਰ ਕੁਦਰਤ ਦੀਆਂ ਗੁੱਝੀਆਂ ਰਮਜ਼ਾਂ ਅਤੇ ਭੇਦਾਂ ਨੂੰ ਗੁਰੂ ਨਾਨਕ ਸਾਹਿਬ ਨੇ ਜਗਤ ਦੇ ਸਾਹਮਣੇ ਰੱਖਿਆ।

ਖੁਸ਼ੀ ਦੀ ਗੱਲ ਹੈ ਕਿ ਬਰਮਿੰਘਮ (ਯੂਕੇ) ਨਿਵਾਸੀ ਸਿੱਖ ਵਿਦਵਾਨ ਜਸਮੇਰ ਸਿੰਘ ਹੋਠੀ ਤੇ ਗੁਰੂ ਸਾਹਿਬ ਨੇ ਤਰਸ ਕਰਕੇ **'ਸਭੇ ਰੁਤੀ ਚੰਗੀਆ'** ਕਿਤਾਬ ਲਿਖਵਾ ਕੇ ਗੁਰਮਤਿ ਗਿਆਨ ਵੰਡਣ ਦੀ ਸੇਵਾ ਲਈ ਹੈ।

ਲੇਖਕ ਨੇ ਗੁਰਬਾਣੀ ਵਿੱਚ ਅੰਕਿਤ ਗੁਰਮਤਿ ਸਿਧਾਂਤਾਂ ਨੂੰ ਆਧਾਰ ਬਣਾ ਕੇ ਵਿਭਿੰਨ ਰੁੱਤਾਂ ਦਾ ਵਿਸ਼ਲੇਸ਼ਣ ਕੀਤਾ ਹੈ। ਦੇਖਣ ਵਿੱਚ ਆਉਂਦਾ ਹੈ ਕਿ ਸਾਧਾਰਣ ਵਿਅਕਤੀ ਕੁਦਰਤ ਵਿੱਚ ਸਮੋਏ ਰੱਬ ਨੂੰ ਦੇਖਣ ਵਿੱਚ ਅਸਮਰਥ ਹੈ ਅਤੇ ਉਹ ਰੁੱਤਾਂ ਦਾ ਅਹਿਸਾਸ ਕੇਵਲ ਸ਼ਰੀਰ ਨਾਲ ਜੋੜ ਕੇ ਕਰਦਾ ਹੈ। ਕਿਉਂਕਿ ਗੁਰਬਾਣੀ ਨਾਸ਼ਵੰਤ ਸ਼ਰੀਰ ਤੇ ਜ਼ੋਰ ਨਾ ਦੇ ਕੇ ਮਨੁੱਖੀ ਜੀਵਨ ਦੇ ਮਨੋਰਥ ਦੀ ਸਫਲਤਾ ਤੇ ਜ਼ੋਰ ਦੇਂਦੀ ਹੈ, ਇਸ ਲਈ **'ਸੂਰਜੁ ਏਕੋ ਰੁਤਿ ਅਨੇਕ'** ਦੇ ਕੁਦਰਤੀ ਵਰਤਾਰੇ ਤੋਂ ਅਧਿਆਤਮਿਕ ਲਾਹਾ ਲੈਣ ਦੀ ਜੀਵਨ ਜੁਗਤ ਦੱਸਦੀ ਹੈ। ਪੁਸਤਕ ਵਾਚਣ ਬਾਅਦ ਇੰਜ ਪ੍ਰਤੀਤ ਹੁੰਦਾ ਹੈ ਕਿ ਗੁਰੂ ਹਰਿਕ੍ਰਿਸ਼ਨ ਪਾਤਸ਼ਾਹ ਦੀ ਛੜੀ ਦੀ ਬਖਸ਼ਿਸ਼ ਨਾਲ ਹੋਠੀ ਜੀ ਨੇ ਸਾਰੀਆਂ ਰੁੱਤਾਂ ਵਿੱਚੋਂ ਗੁਰਬਾਣੀ ਦੇ ਰੰਗ ਵਿੱਚ ਰੰਗੀਆਂ ਰੂਹਾਂ ਨੂੰ ਅਕਾਲ ਪੁਰਖ ਦੇ ਦੀਦਾਰ ਕਰਨ ਦਾ ਮਾਰਗ ਦੱਸਣ ਦੀ ਕੋਸ਼ਿਸ਼ ਕੀਤੀ ਹੈ।

ਗੁਰਮਤਿ ਤੋਂ ਇਲਾਵਾ ਕਈ ਦੇਸ਼ਾਂ ਵਿੱਚ ਚਾਰ ਰੁੱਤਾਂ ਜਿਵੇਂ ਬਸੰਤ, ਗਰਮੀ, ਪੱਤਝੜ ਅਤੇ ਸਰਦ ਰੁੱਤ ਦਾ ਜ਼ਿਕਰ ਕੀਤਾ ਗਿਆ ਹੈ। ਇਸੇ ਤਰ੍ਹਾਂ ਆਸਟ੍ਰੇਲੀਆ ਦੇ ਕੁਝ ਕਬੀਲਿਆਂ ਦੀਆਂ ਅੱਠ ਰੁੱਤਾਂ ਦਾ ਜ਼ਿਕਰ ਕੀਤਾ ਗਿਆ ਹੈ। ਸਨਾਤਨੀ ਮਤ ਅਨੁਸਾਰ ਛੇ ਰੁੱਤਾਂ ਦਾ ਹਵਾਲਾ ਵੀ ਦੇਖਣ ਨੂੰ ਮਿਲਦਾ ਪਰ ਹੋਠੀ ਜੀ ਦੀ ਕਲਮ ਦਾ ਪੂਰਾ ਜ਼ੋਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲਿੱਖੀਆਂ 6 ਰੁੱਤਾਂ ਦੀ ਮਹਾਨਤਾ, ਵਿਆਖਿਆ ਤੇ ਆਤਮਿਕ ਰਹਿਨੁਮਾਈ ਤੇ ਲੱਗਿਆ ਹੈ। ਹਰ ਰੁੱਤ ਨਾਲ ਸੰਬੰਧਿਤ ਦੇਸੀ ਮਹੀਨਿਆਂ ਨੂੰ ਬਾਖੂਬੀ ਨਾਲ ਸਮਝਾਇਆ ਗਿਆ ਹੈ। ਜਿਵੇਂ ਸਰਸ ਬਸੰਤ ਰੁੱਤ ਦੇ ਚੇਤ-ਵੈਸਾਖ ਮਹੀਨੇ, ਗ੍ਰੀਖਮ (ਗਰਮੀ) ਰੁੱਤ ਦੇ ਜੇਠ-ਹਾੜ ਮਹੀਨੇ, ਬਰਸੁ (ਵਰਖਾ) ਰੁੱਤ ਦੇ ਸਾਵਣ-ਭਾਦੋਂ ਆਦਿ।

ਲੇਖਕ ਨੇ ਪੁਸਤਕ ਵਿੱਚ ਕਈ ਜਗ੍ਹਾ ਤੇ ਵਿਗਿਆਨ ਦਾ ਹਵਾਲਾ ਵੀ ਦਿੱਤਾ ਹੈ। ਪਰ ਨਾਲ ਹੀ ਇਹ ਲਿੱਖ ਦਿੱਤਾ ਹੈ ਕਿ ਸਾਇੰਸਦਾਨ ਗੁਰੂ ਸਾਹਿਬ ਦੀ ਲਿਖਤਾਂ ਤੋਂ ਅਗਵਾਈ ਲੈਂਦੇ ਹਨ ਜਿਵੇਂ:

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ

ਨਿਰਮਲ ਪੰਥ ਦੇ ਸੰਸਥਾਪਕ ਗੁਰੂ ਨਾਨਕ ਪਾਤਸ਼ਾਹ ਨੇ ਸਮੁੱਚੀ ਲੋਕਾਈ ਦੀ ਅਧਿਆਤਮਿਕ ਅਗਵਾਈ ਕਰਦੇ ਹੋਏ 'ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ' ਦੀ ਸਿਰਜੀ ਕਾਇਨਾਤ ਦੀ ਗੁਰਬਾਣੀ ਰਾਹੀ ਵਡਿਆਈ ਕੀਤੀ ਹੈ। ਵਿਗਿਆਨਕਾਂ ਦੀ ਸੋਚ ਅਤੇ ਖੋਜ ਦੀ ਪਕੜ ਤੋਂ ਬਾਹਰ ਕੁਦਰਤ ਦੀਆਂ ਗੁੱਝੀਆਂ ਰਮਜ਼ਾਂ ਅਤੇ ਭੇਦਾਂ ਨੂੰ ਗੁਰੂ ਨਾਨਕ ਸਾਹਿਬ ਨੇ ਜਗਤ ਦੇ ਸਾਹਮਣੇ ਰੱਖਿਆ।

ਖੁਸ਼ੀ ਦੀ ਗੱਲ ਹੈ ਕਿ ਬਰਮਿੰਘਮ (ਯੂਕੇ) ਨਿਵਾਸੀ ਸਿੱਖ ਵਿਦਵਾਨ ਜਸਮੇਰ ਸਿੰਘ ਹੋਠੀ ਤੇ ਗੁਰੂ ਸਾਹਿਬ ਨੇ ਤਰਸ ਕਰਕੇ **'ਸਭੇ ਰੁਤੀ ਚੰਗੀਆ'** ਕਿਤਾਬ ਲਿਖਵਾ ਕੇ ਗੁਰਮਤਿ ਗਿਆਨ ਵੰਡਣ ਦੀ ਸੇਵਾ ਲਈ ਹੈ।

ਲੇਖਕ ਨੇ ਗੁਰਬਾਣੀ ਵਿੱਚ ਅੰਕਿਤ ਗੁਰਮਤਿ ਸਿਧਾਂਤਾਂ ਨੂੰ ਆਧਾਰ ਬਣਾ ਕੇ ਵਿਭਿੰਨ ਰੁੱਤਾਂ ਦਾ ਵਿਸ਼ਲੇਸ਼ਣ ਕੀਤਾ ਹੈ। ਦੇਖਣ ਵਿੱਚ ਆਉਂਦਾ ਹੈ ਕਿ ਸਾਧਾਰਣ ਵਿਅਕਤੀ ਕੁਦਰਤ ਵਿੱਚ ਸਮੋਏ ਰੱਬ ਨੂੰ ਦੇਖਣ ਵਿੱਚ ਅਸਮਰਥ ਹੈ ਅਤੇ ਉਹ ਰੁੱਤਾਂ ਦਾ ਅਹਿਸਾਸ ਕੇਵਲ ਸ਼ਰੀਰ ਨਾਲ ਜੋੜ ਕੇ ਕਰਦਾ ਹੈ। ਕਿਉਂਕਿ ਗੁਰਬਾਣੀ ਨਾਸ਼ਵੰਤ ਸ਼ਰੀਰ ਤੇ ਜ਼ੋਰ ਨਾ ਦੇ ਕੇ ਮਨੁੱਖੀ ਜੀਵਨ ਦੇ ਮਨੋਰਥ ਦੀ ਸਫਲਤਾ ਤੇ ਜ਼ੋਰ ਦੇਂਦੀ ਹੈ, ਇਸ ਲਈ **'ਸੂਰਜੁ ਏਕੋ ਰੁਤਿ ਅਨੇਕ'** ਦੇ ਕੁਦਰਤੀ ਵਰਤਾਰੇ ਤੋਂ ਅਧਿਆਤਮਿਕ ਲਾਹਾ ਲੈਣ ਦੀ ਜੀਵਨ ਜੁਗਤ ਦੱਸਦੀ ਹੈ। ਪੁਸਤਕ ਵਾਚਣ ਬਾਅਦ ਇੰਜ ਪ੍ਰਤੀਤ ਹੁੰਦਾ ਹੈ ਕਿ ਗੁਰੂ ਹਰਿਕ੍ਰਿਸ਼ਨ ਪਾਤਸ਼ਾਹ ਦੀ ਛੜੀ ਦੀ ਬਖਸ਼ਿਸ਼ ਨਾਲ ਹੋਠੀ ਜੀ ਨੇ ਸਾਰੀਆਂ ਰੁੱਤਾਂ ਵਿੱਚੋਂ ਗੁਰਬਾਣੀ ਦੇ ਰੰਗ ਵਿੱਚ ਰੰਗੀਆਂ ਰੂਹਾਂ ਨੂੰ ਅਕਾਲ ਪੁਰਖ ਦੇ ਦੀਦਾਰ ਕਰਨ ਦਾ ਮਾਰਗ ਦੱਸਣ ਦੀ ਕੋਸ਼ਿਸ਼ ਕੀਤੀ ਹੈ।

ਗੁਰਮਤਿ ਤੋਂ ਇਲਾਵਾ ਕਈ ਦੇਸ਼ਾਂ ਵਿੱਚ ਚਾਰ ਰੁੱਤਾਂ ਜਿਵੇਂ ਬਸੰਤ, ਗਰਮੀ, ਪੱਤਝੜ ਅਤੇ ਸਰਦ ਰੁੱਤ ਦਾ ਜ਼ਿਕਰ ਕੀਤਾ ਗਿਆ ਹੈ। ਇਸੇ ਤਰ੍ਹਾਂ ਆਸਟ੍ਰੇਲੀਆ ਦੇ ਕੁਝ ਕਬੀਲਿਆਂ ਦੀਆਂ ਅੱਠ ਰੁੱਤਾਂ ਦਾ ਜ਼ਿਕਰ ਕੀਤਾ ਗਿਆ ਹੈ। ਸਨਾਤਨੀ ਮਤ ਅਨੁਸਾਰ ਛੇ ਰੁੱਤਾਂ ਦਾ ਹਵਾਲਾ ਵੀ ਦੇਖਣ ਨੂੰ ਮਿਲਦਾ ਪਰ ਹੋਠੀ ਜੀ ਦੀ ਕਲਮ ਦਾ ਪੂਰਾ ਜ਼ੋਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲਿੱਖੀਆਂ 6 ਰੁੱਤਾਂ ਦੀ ਮਹਾਨਤਾ, ਵਿਆਖਿਆ ਤੇ ਆਤਮਿਕ ਰਹਿਨੁਮਾਈ ਤੇ ਲੱਗਿਆ ਹੈ। ਹਰ ਰੁੱਤ ਨਾਲ ਸੰਬੰਧਿਤ ਦੇਸੀ ਮਹੀਨਿਆਂ ਨੂੰ ਬਾਖੂਬੀ ਨਾਲ ਸਮਝਾਇਆ ਗਿਆ ਹੈ। ਜਿਵੇਂ ਸਰਸ ਬਸੰਤ ਰੁੱਤ ਦੇ ਚੇਤ-ਵੈਸਾਖ ਮਹੀਨੇ, ਗ੍ਰੀਖਮ (ਗਰਮੀ) ਰੁੱਤ ਦੇ ਜੇਠ-ਹਾੜ ਮਹੀਨੇ, ਬਰਸੁ (ਵਰਖਾ) ਰੁੱਤ ਦੇ ਸਾਵਣ-ਭਾਦੋਂ ਆਦਿ।

ਲੇਖਕ ਨੇ ਪੁਸਤਕ ਵਿੱਚ ਕਈ ਜਗ੍ਹਾ ਤੇ ਵਿਗਿਆਨ ਦਾ ਹਵਾਲਾ ਵੀ ਦਿੱਤਾ ਹੈ। ਪਰ ਨਾਲ ਹੀ ਇਹ ਲਿੱਖ ਦਿੱਤਾ ਹੈ ਕਿ ਸਾਇੰਸਦਾਨ ਗੁਰੂ ਸਾਹਿਬ ਦੀ ਲਿਖਤਾਂ ਤੋਂ ਅਗਵਾਈ ਲੈਂਦੇ ਹਨ ਜਿਵੇਂ:

ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥

ਅਕਾਲ ਪੁਰਖ ਦੇ ਭੈਅ 'ਚ ਸਿਰਜੇ ਹੋਏ ਗ੍ਰਹਿਆਂ ਜਿਵੇਂ ਮਾਰਸ, ਜੁਪੀਟਰ, ਮਰਕਰੀ, ਵੀਨਸ, ਯੂਰੇਨਸ, ਨੈਪਚੂਨ ਆਦਿ ਦਾ ਗਿਆਨ ਵੀ ਪਾਠਕਾਂ ਨਾਲ ਸਾਂਝਾਂ ਕੀਤਾ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਮਾਝ ਅਤੇ ਤੁਖਾਰੀ ਵਿੱਚ ਦਰਜ ਬਾਰਹ ਮਾਹ ਬਾਣੀਆਂ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਸਮ ਗ੍ਰੰਥ ਵਿੱਚ ਰਚਿਤ ਬਾਰਹ ਮਾਹ ਨੂੰ ਵੀ ਆਪਣੀ ਲਿਖਤ ਦਾ ਹਿੱਸਾ ਬਣਾਇਆ ਹੈ। ਇੱਥੇ ਹੀ ਬਸ ਨਹੀਂ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀ ਬਾਣੀ ਵੀ ਉਦਾਹਰਣਾਂ ਪੱਖੋਂ ਲਿਤੀਆਂ ਹਨ। ਵਹਿਮਾਂ-ਭਰਮਾਂ ਵਿੱਚ ਜਿਊਣ ਵਾਲੇ ਲੋਕ ਜੋ ਪੰਡਤਾਂ ਦੇ ਮਗਰ ਲੱਗ ਕੇ ਧਾਰਣਾ ਬਣਾ ਲੈਂਦੇ ਹਨ ਕਿ ਕੰਮ ਕਾਜ ਆਰੰਭਣ ਲਈ ਜਾਂ ਯਾਤਰਾ ਤੇ ਜਾਣ ਲਈ ਕਿਹੜਾ ਮਹੀਨਾ ਚੰਗਾ ਹੈ ਤੇ ਕਿਹੜਾ ਬੁਰਾ ਉਨ੍ਹਾਂ ਨੂੰ ਵੀ ਇਹ ਪੁਸਤਕ ਗੁਰਮਤਿ ਦੇ ਰਾਹ ਤੇ ਤੋਰਨ ਲਈ ਸਹਾਈ ਹੋਵੇਗੀ।

ਰੁੱਤਾਂ ਦੇ ਅਧਿਆਤਮਿਕ ਗਿਆਨ ਦੇ ਇਲਾਵਾ ਹੋਠੀ ਜੀ ਨੇ ਰੁੱਤਾਂ ਦੌਰਾਨ ਵਾਪਰੇ ਸਿੱਖ ਇਤਿਹਾਸ ਅਤੇ ਤਿਉਹਾਰਾਂ ਨਾਲ ਵੀ ਪਾਠਕਾਂ ਨੂੰ ਜੋੜਿਆ ਹੈ। ਜਿਵੇਂ ਚੇਤ-ਵੈਸਾਖ ਦੀ ਗੱਲ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਸਾਜਨਾ ਦਾ ਹਵਾਲਾ ਦਿੰਦੇ ਹੋਏ ਗੁਰੂ ਸਾਹਿਬ ਦੇ ਆਗਮਨ ਦੇ ਉਦੇਸ਼ ਵੀ ਦਰਸਾਏ ਗਏ ਹਨ। ਇਸੇ ਤਰ੍ਹਾਂ ਹੋਲੀ ਅਤੇ ਹੋਲੇ ਦਾ ਨਿਖੇੜਾ ਵੀ ਕੀਤਾ ਹੈ। ਪੱਤਝੜ ਸਰਦ ਰੁੱਤ ਦਾ ਖਾਸ ਤਿਉਹਾਰ ਬੰਦੀ ਛੋੜ ਦਿਵਸ ਬਾਰੇ ਜਾਣਕਾਰੀ ਮਿਲਦੀ ਹੈ।

ਲੇਖਕ ਨੇ ਸਾਰੀਆਂ ਰੁੱਤਾਂ ਦੌਰਾਨ ਵਿਸ਼ਵ ਭਰ ਵਿੱਚ ਮਨਾਏ ਜਾਣ ਵਾਲੇ ਤਿਉਹਾਰਾਂ, ਮੇਲਿਆਂ, ਸਮਾਜਿਕ ਅਤੇ ਸਭਿਆਚਾਰਕ ਇਕੱਤਰਤਾਵਾਂ ਆਦਿ ਦੀ ਭਰਪੂਰ ਜਾਣਕਾਰੀ ਦਿੱਤੀ ਹੈ। ਉਦਾਹਰਣ ਵਜੋਂ ਵਿਅਤਨਾਮ ਵਿੱਚ ਵਰਖਾ ਲਈ ਬੇਨਤੀ ਮੇਲਾ, ਕਠਮੰਡੂ (ਨੇਪਾਲ) ਵਿੱਚ ਵਰਖਾ ਦੇ ਦੇਵਤੇ ਨੂੰ ਖ਼ੁਸ਼ ਕਰਨ ਲਈ ਮੇਲਾ ਆਦਿ ਵਰਖਾ ਰੁੱਤ ਵਿੱਚ ਆਯੋਜਿਤ ਕੀਤੇ ਜਾਂਦੇ ਹਨ। ਪਤਝੜ, ਸਰਦ ਰੁੱਤ ਦੌਰਾਨ ਫਰਾਂਸ ਵਿੱਚ ਕਲਾਕਾਰੀ ਦੇ ਮੇਲੇ ਦਾ ਜ਼ਿਕਰ ਵੀ ਕੀਤਾ ਗਿਆ ਹੈ। ਪਰ ਗੁਰਮਤਿ ਵਿਚਾਰਧਾਰਾ ਸਿੱਖ ਨੂੰ ਸਮੁੱਚੀ ਸ੍ਰਿਸਟੀ ਲਈ **'ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ'** ਦੀ ਅਰਦਾਸ ਕਰਨ ਦਾ ਹੁਕਮ ਦੇਂਦੀ ਹੈ।

'ਸਭੇ ਰੁਤੀ ਚੰਗੀਆ' ਪੁਸਤਕ ਬਹੁਮੰਤਵੀ ਹੈ। ਭਾਵ ਜਿਹੜੇ ਗੁਰਬਾਣੀ ਦੇ ਅੰਮ੍ਰਿਤਮਈ ਰੱਸ ਰਾਹੀ ਕਰਤਾ ਪੁਰਖ ਦੀ ਕੁਦਰਤ ਵਿੱਚ ਲੀਨ ਹੋਣਾ ਚਾਹੁੰਦੇ ਹਨ, ਜਿਹੜੇ ਵਿਗਿਆਨਿਕ ਬਿਰਤੀ ਦੇ ਖੋਜੀ ਹਨ, ਜਿਹੜੇ ਮਹੀਨਿਆਂ ਦੇ ਅਧਾਰ ਤੇ ਸਿੱਖ ਇਤਿਹਾਸ ਅਤੇ ਵੱਖ-ਵੱਖ ਦੇਸ਼ਾਂ ਵਿੱਚ ਮਨਾਏ ਜਾਂਦੇ ਤਿਉਹਾਰਾਂ, ਮੇਲਿਆਂ ਆਦਿ ਦੀ ਜਾਣਕਾਰੀ ਲੈਣ ਦੇ ਚਾਹਵਾਨ ਹਨ। ਗੁਰੂ ਸਾਹਿਬ ਜਸਮੇਰ ਸਿੰਘ ਹੋਠੀ ਜੀ ਨੂੰ ਚੜ੍ਹਦੀ ਕਲਾ ਬਖਸ਼ਣ ਤਾਂ ਜੋ ਉਹ ਪੰਥ ਦੀ ਹੋਰ ਸੇਵਾ ਕਰ ਸਕਣ ।

ਪ੍ਰੋ.(ਡਾ.)ਬਲਜਿੰਦਰ ਸਿੰਘ
ਅੰਮ੍ਰਿਤਸਰ

ਥਿਤ ਵਾਰ ਨਾ ਜੋਗੀ ਜਾਣੈ

ਕਾਦਰ ਦੀ ਅਦਭੁੱਤ ਕਾਇਨਾਤ ਵਿਚ ਸਾਡੀ ਧਰਤੀ ਬਾਬਤ ਸਾਨੂੰ ਕੁਝ ਥੋੜ੍ਹਾ ਬਹੁਤ ਗਿਆਨ ਹੈ। ਵਿਗਿਆਨੀਆਂ ਅਨੁਸਾਰ ਧਰਤੀ ਸੂਰਜ ਦੇ ਦੁਆਲੇ ਅੰਡੇਕਾਰ ਪੰਧ ਉੱਤੇ ਨਿਰੰਤਰ ਘੁੰਮਦੀ ਰਹਿੰਦੀ ਹੈ। ਇਸ ਰਸਤੇ ਦੀ ਸੂਰਜ ਤੋਂ ਦੂਰੀ ਦੇ ਅਧਾਰ 'ਤੇ ਰੁੱਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਅਸੀਂ ਮੁੱਖ ਤੌਰ 'ਤੇ ਗਰਮੀਆਂ ਤੇ ਸਰਦੀਆਂ ਨੂੰ ਹੀ ਜਾਣਦੇ ਹਾਂ। ਗਰਮੀਆਂ ਦੇ ਪਿਛਲੇਰੇ ਅੱਧ ਬਰਸਾਤ ਦੀ ਰੁੱਤ ਹੁੰਦੀ ਹੈ ਅਤੇ ਸਰਦੀਆਂ ਦੇ ਅੱਧ ਤੋਂ ਬਾਅਦ ਬਸੰਤ ਰੁੱਤ ਆ ਜਾਂਦੀ ਹੈ। ਸਾਰੀ ਬਨਸਪਤੀ ਤੇ ਜੀਅ ਜੰਤ ਰੁੱਤਾਂ ਦੀ ਅਦਲਾ ਬਦਲੀ ਦਾ ਬਹੁਤਾ ਪਤਾ ਨਹੀਂ ਲਗਦਾ ਜਿਉਂ-ਜਿਉਂ ਧਰੁਵਾਂ ਵੱਲ੍ਹ ਜਾਂ ਕਰਕ ਅਤੇ ਮੱਕਰ ਰੇਖਾ ਤੋਂ ਪਾਰ ਉੱਤਰ ਜਾਂ ਦੱਖਣ ਵੱਲ੍ਹ ਜਾਂਦੇ ਹਾਂ ਤਾਂ ਹਾਲਾਤ ਜ਼ਿੰਦਗੀ ਦੇ ਵਧਣ-ਫੁੱਲਣ ਲਈ ਘਟਦੇ ਜਾਂਦੇ ਨੇ।

ਸਾਡੀ ਸੋਚ ਦਾ ਕੇਂਦਰ ਬਿੰਦੂ ਭੂ-ਮੱਧ ਰੇਖਾ ਅਤੇ ਇਨ੍ਹਾਂ ਦੋਹਾਂ ਰੇਖਾਵਾਂ ਦੇ ਵਿਚਕਾਰਲਾ ਹੈ। ਭਾਵੇਂ ਬਨਸਪਤੀ ਦੀਆਂ ਵੰਨਗੀਆਂ ਹੋਣ ਜਾਂ ਜੀਅ ਜੰਤੂ ਦੀ ਗਿਣਤੀ ਮਿਣਤੀ। ਇਨ੍ਹਾਂ ਦੀ ਵੱਡੀ ਮਿਕਦਾਰ ਇਸੇ ਖਿੱਤੇ ਵਿਚ ਉਪਜਦੀ ਵਿਨਸਦੀ ਹੈ। ਜ਼ਿਆਦਾ ਵਰਖਾ ਵੀ ਇੱਥੇ ਹੀ ਹੁੰਦੀ ਹੈ ਅਤੇ ਬਰਫ, ਪਹਾੜੀ ਖੇਤਰਾਂ ਤੋਂ ਬਗੈਰ ਕਿਧਰੇ ਵੀ ਨਹੀਂ ਪੈਂਦੀ। ਬਰਫੀਲੀਆਂ ਜੂਹਾਂ ਵਿਚ ਪਸ਼ੂ ਪੰਛੀਆਂ ਦੀਆਂ ਕਿਸਮਾਂ ਜੱਤ ਜਾਂ ਫਰ ਵਾਲੀਆਂ ਹੁੰਦੀਆਂ ਹਨ। ਭੂ-ਮਧੀ ਖੇਤਰ ਵਿਚ ਸਿਰਫ ਲੂਈਂ ਵਾਲੀਆਂ। ਕੁਦਰਤ ਦੀ ਅਜਬ ਕਾਰੀਗਰੀ ਦਾ ਇਹ ਅਦਭੁਤ ਨਮੂਨਾ ਹੈ, ਧਰਤੀ ਉਤੇ ਬਨਸਪਤੀ ਅਤੇ ਜੀਅ ਜੰਤ ਦੀ ਹੋਂਦ। ਇਸ ਪੁਸਤਕ ਵਿਚ ਸੂਝਵਾਨ ਵਿਦਵਾਨ ਲੇਖਕ ਨੇ ਗਿਆਨ ਅਤੇ ਵਿਗਿਆਨ ਦਾ ਸੁਚੱਜਾ ਸੁਮੇਲ ਕਰਕੇ ਬੇਹੱਦ ਖ਼ੂਬਸੂਰਤੀ ਨਾਲ ਸਾਹਿਤਕ ਭਾਸ਼ਾ ਵਿਚ ਰੁੱਤਾਂ ਦਾ ਵਰਨਣ ਕਰਦੇ ਹੋਏ ਸੂਰਜ ਦੇ ਆਲੇ ਦੁਆਲੇ ਚੱਕਰ ਕੱਟਦੇ ਹੋਏ ਬਾਕੀ ਗ੍ਰਹਿਆਂ ਸਬੰਧੀ ਵੀ ਵੱਡਮੁੱਲੀ ਜਾਣਕਾਰੀ ਦਿੱਤੀ ਹੈ। ਪੰਜਾਬੀ ਸੱਥ ਦੀ ਮਨਸ਼ਾ ਅਨੁਸਾਰ ਅਜਿਹੀ ਕੋਈ ਵੀ ਕਲਮਕਾਰੀ ਸਾਰਥਕ ਜਾਣਕਾਰੀ ਵਾਲੀ ਹੋਣ ਕਰਕੇ ਛਾਪਣ ਤੇ ਪੜ੍ਹਨ ਯੋਗ ਹੁੰਦੀ ਹੈ। ਇਹ ਸਾਨੂੰ ਆਪਣੇ ਮੂਲ ਨਾਲ ਜੋੜ ਕੇ ਕਾਦਰ ਦੀ ਅਨੰਤ ਕੁਦਰਤ ਨੂੰ ਸਮਝਣ ਵਿਚ ਸਹਾਈ ਹੁੰਦੀ ਹੈ।

ਅੱਜ ਅਸੀਂ ਕੁੱਲ ਆਲਮ ਦੀਆਂ ਪੰਜਾਬੀ ਸੱਥਾਂ ਵਾਲੇ ਇਸ ਲਿਖਤ ਨੂੰ ਜੀ

ਆਇਆਂ ਆਖਦੇ ਹੋਏ ਉਮੀਦ ਕਰਦੇ ਹਾਂ ਕਿ ਪਾਠਕ ਇਹਦੇ ਵਿਚੋਂ ਬਹੁਤ ਮੁੱਲਵਾਨ ਸੇਧ ਲੈਣਗੇ। ਸਮੇਂ ਦੇ ਮੁੱਢ ਬਾਰੇ ਜਾਨਣਾ ਅਤਿਅੰਤ ਮੁਸ਼ਕਲ ਕਾਰਜ ਹੈ।

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

ਮੋਤਾ ਸਿੰਘ ਸਰਾਏ
ਸੰਚਾਲਕ ਯੂਰਪੀ ਪੰਜਾਬੀ ਸੱਥ
ਵਾਲਸਾਲ-ਯੂ.ਕੇ.

ਡਾ. ਨਿਰਮਲ ਸਿੰਘ
ਸੇਵਾਦਾਰ ਪੰਜਾਬੀ ਸੱਥ
ਲਾਂਬੜਾ-ਜਲੰਧਰ

ਸੂਰਜੁ ਏਕੋ ਰੁਤਿ ਅਨੇਕ॥

ਜਗਤ ਦੇ ਮਾਲਕ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ, ਜਿਨ੍ਹਾਂ ਦੀ ਮਹਾਨ ਪਵਿੱਤਰ ਰਚਨਾ ''ਸੋਹਿਲਾ'' ਸਾਹਿਬ ਦੇ ਵਿਚ ਸਤਿਗੁਰੂ ਜੀ ਉਸ ਕਰਤਾ ਪੁਰਖ ਵਾਹਿਗੁਰੂ ਦੀ ਸਾਜੀ ਹੋਈ ਸ੍ਰਿਸ਼ਟੀ ਦੀ ਝਲਕ, ਤਸਵੀਰ ਬਹੁਤ ਹੀ ਸੁੰਦਰ ਅਤੇ ਬੜੇ ਅਨੋਖੇ ਤਰੀਕੇ ਨਾਲ ਮਨੁੱਖਤਾ ਦੇ ਸਾਹਮਣੇ ਰੱਖਦੇ ਹਨ, ਜਿੱਥੇ ਸਤਿਗੁਰੂ ਜੀ ਨੇ 'ਜਪੁ ਜੀ ਸਾਹਿਬ' ਵਿਚ ਪ੍ਰਮਾਤਮਾ ਦੀ ਸਾਜੀ ਹੋਈ ਸ੍ਰਿਸ਼ਟੀ ਦਾ ਵਰਨਣ ਕਰਦੇ ਹੋਏ ਫ਼ੁਰਮਾਇਆ ਹੈ ਕਿ ਉਹ ਕਰਤਾ ਹੀ ਆਪਣੀ ਸ੍ਰਿਸ਼ਟੀ ਸਾਜਨ ਬਾਰੇ ਜਾਣਦਾ ਹੈ, ਉਥੇ ਸਾਹਿਬ ਨੇ ਫਿਰ ਪ੍ਰਮਾਤਮਾ ਦੀ ਇਸ ਸ੍ਰਿਸ਼ਟੀ ਬਾਰੇ 'ਸੋਹਿਲਾ ਸਾਹਿਬ' ਦੀ ਬਾਣੀ ਵਿਚ ਇਹ ਬਚਨ ਲਿਖੇ ਹਨ ਕਿ ਜਿਵੇਂ ਵਿਸੁਏ, ਚਸੇ, ਘੜੀਆਂ, ਪਹਰ, ਥਿਤਾਂ, ਵਾਰ, ਮਹੀਨੇ ਆਦਿਕ ਹਨ ਤਿਵੇਂ ਹੀ ਅਨੇਕਾਂ ਰੁੱਤਾਂ ਵੀ ਹਨ, ਪਰ ਸੂਰਜ ਇਕੋ ਹੀ ਹੈ, ਜਿਸ ਦੇ ਇਹ ਸਾਰੇ ਵੱਖ-ਵੱਖ ਰੂਪ ਹਨ :

ਵਿਸੁਏ ਚਸਿਆ ਘੜੀਆ ਪਹਿਰਾ ਥਿਤੀ ਵਾਰ ਮਾਹੁ ਹੋਆ॥
ਸੂਰਜੁ ਏਕੋ ਰੁਤਿ ਅਨੇਕ॥ (ਅੰਗ ੩੫੭)

ਰੁੱਤਾਂ ਦਾ ਮਨੁੱਖ 'ਤੇ ਬਹੁਤ ਡੂੰਘਾ ਅਸਰ ਪੈਂਦਾ ਹੈ। ਅਸੀਂ ਰੁੱਤਾਂ ਦੇ ਪ੍ਰਭਾਵ ਨੂੰ ਕਬੂਲਦੇ ਹਾਂ। ਹਰੇਕ ਰੁੱਤ ਦਾ ਮਨੁੱਖ 'ਤੇ ਵੱਖ-ਵੱਖ ਤਰ੍ਹਾਂ ਨਾਲ ਪ੍ਰਭਾਵ ਪੈਂਦਾ ਹੈ, ਜਿਵੇਂ ਸਤਿਗੁਰੂ ਨੇ ਬਾਰਹ ਮਾਹਾ ਦੀ ਬਾਣੀ ਵਿਚ ਤਪਸ਼ ਵਾਲੇ ਮਹੀਨੇ ਅਤੇ ਠੰਡ ਵਾਲੇ ਮਹੀਨੇ ਇਨ੍ਹਾਂ ਰਾਹੀਂ ਸਾਹਿਬ ਜੀ ਨੇ ਉਪਦੇਸ਼ ਬਖ਼ਸ਼ਿਸ਼ ਕੀਤਾ ਹੈ। ਧੰਨ ਗੁਰੂ ਨਾਨਕ ਸਾਹਿਬ ਜੀ ਨੇ ਰਾਗ ਸੋਰਠਿ ਦੇ ਵਿਚ ਇਸ ਸਰੀਰ ਨੂੰ ਖੇਤ ਦੇ ਨਾਲ ਤਰਜੀਹ ਦਿੱਤੀ ਹੈ, ਜਿਵੇਂ ਸਿਆਣਾ ਕਿਸਾਨ ਰੁੱਤ ਦੇ ਮੁਤਾਬਿਕ ਪੈਲੀ ਦੇ ਵਿਚ ਬੀਜ ਬੀਜਦਾ ਹੈ ਤੇ ਉਹ ਪ੍ਰਫੁੱਲਤ ਹੁੰਦਾ ਹੈ। ਬਚਨ ਹਨ :

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥ (ਅੰਗ ੫੯੫)

ਮੇਰੇ ਸਤਿਕਾਰਤ ਵੀਰ, ਗੁਰੂ ਸਵਾਰੇ, ਸ਼ਬਦ ਸ਼ਿੰਗਾਰੇ, ਸ. ਜਸਮੇਰ ਸਿੰਘ 'ਹੋਠੀ' ਜੀ ਨੂੰ ਗੁਰੂ ਸਾਹਿਬ ਨੇ ਬਖ਼ਸ਼ਿਸ਼ਾਂ ਤੋਂ ਬਿਨਾਂ ਲਿਖਣ ਭਗਤੀ ਦੀ ਦਾਤ ਵੀ ਬਖ਼ਸ਼ਿਸ਼ ਕੀਤੀ ਹੈ। ਬਹੁਤ ਕਠਨ ਕੰਮ ਹੈ ਕਿ ਇੰਗਲੈਂਡ ਵਰਗੇ ਬਹੁਤ ਹੀ ਰੁਝੇਵਿਆਂ ਭਰੇ ਮੁਲਕ ਦੇ ਵਿਚ ਰਹਿ ਕੇ ਆਪਣੇ ਪਰਿਵਾਰ ਦੇ ਨਿਰਬਾਹ ਵਾਸਤੇ ਕ੍ਰਿਤ ਕਰਨੀ ਅਤੇ ਉਸ ਦੇ ਵਿੱਚੋਂ ਸਮਾਂ ਕੱਢ ਕੇ ਪੁਸਤਕ ਲਿਖਣੀ, ਫਿਰ ਇਕ ਹੀ ਨਹੀਂ, ਸਗੋਂ ਗੁਰੂ ਦੀ ਕਿਰਪਾ ਸਦਕਾ ਇਨ੍ਹਾਂ ਨੇ ਪਹਿਲਾਂ ਵੀ ਇਹ ਪੁਸਤਕਾਂ—ਪੰਚਾ ਕੇ ਬਸਿ ਰੇ, ਦਸਮ ਦੁਆਰਾ

ਅਗਮ ਅਪਾਰਾ, ਸੰਤਨ ਕੀ ਮਹਿਮਾ, ਸਤ ਵਾਰ, ਮੂਲ ਮੰਤਰ ਵੀਚਾਰ ਅਤੇ 5 ਕਕਾਰ ਇਹ ਪੁਸਤਕਾਂ ਪੰਜਾਬੀ ਵਿਚ, ਇਨ੍ਹਾਂ ਤੋਂ ਬਿਨਾਂ ਹਿੰਦੀ ਵਿਚ ਸਾਤ ਵਾਰ, ਮੂਲ ਮੰਤਰ ਵਿਚਾਰ ਅਤੇ 5 ਕਕਾਰ ਸੰਗਤਾਂ ਵਿਚ ਪੁੱਜੀਆਂ ਹਨ ਅਤੇ ਵਿਸ਼ੇਸ਼ ਕਰਕੇ ਵਿਦੇਸ਼ਾਂ ਦੇ ਵਿਚ ਜਿਹੜੇ ਬੱਚੇ ਰਹਿੰਦੇ ਹਨ ਜਿਨ੍ਹਾਂ ਨੂੰ ਪੰਜਾਬੀ ਨਹੀਂ ਆਉਂਦੀ, ਉਨ੍ਹਾਂ ਵਾਸਤੇ ਇੰਗਲਿਸ਼ ਵਿਚ ਵੀ 5 ਕਕਾਰ ਪੁਸਤਕ ਪੁੱਜੀ ਹੈ। ਹੱਥਲੀ ਪੁਸਤਕ "ਸਭੇ ਰੁਤੀ ਚੰਗੀਆ" ਮਨ ਟੁੰਬਣ ਵਾਲਾ ਬਚਨ ਹੈ, ਪੁਸਤਕ ਦੇ ਸਿਰਲੇਖ ਤੋਂ ਹੀ ਪਤਾ ਲੱਗਦਾ ਹੈ ਕਿ ਇਸੇ ਵਿਸ਼ੇ ਨੂੰ ਜਿਸ ਨੂੰ ਪਹਿਲਾਂ ਅੱਜ ਤੱਕ ਕਿਸੇ ਨੇ ਗਹਿਰਾਈ ਦੇ ਨਾਲ ਨਹੀਂ ਲਿਆ, ਕਿੰਨਾ ਜ਼ਰੂਰੀ ਸੀ ਇਸ ਬਾਬਤ ਲਿਖਿਆ ਜਾਵੇ। ਜਿਵੇਂ 'ਹੋਠੀ' ਜੀ ਨੇ "ਮੂਲ ਮੰਤਰ ਵੀਚਾਰ" ਦੇ ਵਿਚ ਬਹੁਤ ਹੀ ਅਣਥੱਕ ਮਿਹਨਤ ਕਰਕੇ ਭਰਪੂਰ ਗੁਰਮਤ ਦਾ ਗਿਆਨ ਸਾਂਝਾ ਕੀਤਾ, ਤਿਵੇਂ ਹੀ ਇਸ ਪੁਸਤਕ ਦੇ ਵਿਚ ਇਨ੍ਹਾਂ ਨੇ ਬਹੁਤ ਮਿਹਨਤ ਕੀਤੀ, ਕਿਧਰੇ ਸਪੇਨ ਦਾ, ਕਿਤੇ ਮੈਕਸੀਕੋ ਦਾ, ਕਿਧਰੇ ਅਮਰੀਕਾ ਦਾ, ਕਿਧਰੇ ਹੋਰ ਹੋਰ ਦੇਸ਼ਾਂ ਦਾ ਵਰਨਣ ਕਰਕੇ ਉਥੇ ਦੀਆਂ ਰੁੱਤਾਂ ਦਾ, ਮੌਸਮਾਂ ਦਾ, ਤਿਉਹਾਰਾਂ ਦਾ ਜ਼ਿਕਰ ਕਰਕੇ, ਗੁਰਬਾਣੀ ਦੇ ਤੱਥ ਨੂੰ ਸਾਹਮਣੇ ਲਿਆਂਦਾ ਹੈ। ਆਸ ਕਰਦਾ ਹਾਂ ਕਿ ਪਾਠਕ ਜਨ ਇਸ ਪੁਸਤਕ ਨੂੰ ਵੀ ਪੜ੍ਹ ਕੇ 'ਹੋਠੀ' ਜੀ ਨੂੰ ਆਪਣੀ ਹੋਰ ਅਸੀਸ ਦੇਣਗੇ। ਗੁਰੂ ਸਾਹਿਬ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦੇ ਅੰਗ ੧੧੮੫ 'ਤੇ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਜ਼ਿਕਰ ਹੈ :

ਬਸੰਤ ਰੁਤਿ ਆਈ ॥ ਪਰਫੂਲਤਾ ਰਹੇ ॥ ੧ ॥
ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥

ਹੇ ਮਨੁੱਖ ! ਆਤਮਿਕ ਜੀਵਨ ਦਾ ਖਿੜਾਉ ਪੈਦਾ ਕਰਨ ਵਾਲੀ ਮਨੁੱਖਾ ਜੀਵਨ ਦੀ ਰੁੱਤ ਤੇਰੇ 'ਤੇ ਆਈ ਹੈ ਭਾਵ ਪ੍ਰਾਪਤ ਹੋਈ ਹੈ, ਪ੍ਰਮਾਤਮਾ ਦਾ ਨਾਮ ਜੱਪ ਕੇ ਤੂੰ ਖਿੜਿਆ ਰਹਿ ਸਕਦਾ ਹੈਂ ਤੇ ਇਹ ਮਨੁੱਖਾ ਜਨਮ ਦੀ ਰੁੱਤ ਨਾਮ ਬੀਜਣ ਦਾ ਤੈਨੂੰ ਸਮਾਂ ਮਿਲਿਆ ਹੈ, ਆਪਣੇ ਸਰੀਰ ਰੂਪੀ ਪੈਲੀ ਵਿਚ, ਖੇਤ ਵਿਚ, ਸਿਰਫ਼ ਕੇਵਲ ਤੇ ਕੇਵਲ ਪ੍ਰਮਾਤਮਾ ਦੇ ਨਾਮ ਦਾ ਹੀ ਬੀਜ ਬੀਜਣਾ ਕਰ, ਕਿਉਂਕਿ ਮਨੁੱਖਾ ਜਨਮ ਦੀ ਰੁੱਤ ਤੋਂ ਬਿਨਾਂ ਕਿਸੇ ਹੋਰ ਜਨਮ ਵਿਚ ਜਾਂ ਜੂਨ ਵਿਚ ਨਾਮ ਨਹੀਂ ਬੀਜਿਆ ਜਾ ਸਕੇਗਾ।

ਸੋ ਇਹ ਪੁਸਤਕ "ਸਭੇ ਰੁਤੀ ਚੰਗੀਆ" ਬਹੁਤ ਹੀ ਅਣਥੱਕ ਮਿਹਨਤ ਦੇ ਸਦਕਾ ਸਤਿਗੁਰੂ ਜੀ ਨੇ 'ਹੋਠੀ' ਜੀ ਕੋਲੋਂ ਸੇਵਾ ਲਈ ਹੈ। ਮੇਰੀ "ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ" ਜੀ ਦੇ ਚਰਨਾਂ ਵਿਚ ਦਿਲੀ ਅਰਦਾਸ ਹੈ ਕਿ ਵਾਹਿਗੁਰੂ ਜੀ ਇਨ੍ਹਾਂ 'ਤੇ ਹੋਰ ਬਖ਼ਸ਼ਿਸ਼ ਕਰਨ ਤਾਂ ਜੋ ਕਿ ਆਉਣ ਵਾਲੇ ਸਮੇਂ ਵਿਚ ਇਹ ਹੋਰ ਵੀ ਗਿਆਨ ਦਾ ਖ਼ਜ਼ਾਨਾ ਸਾਡੇ ਤੱਕ ਪਹੁੰਚਾ ਸਕਣ।

ਗੁਰੂ ਪੰਥ ਦਾ ਦਾਸ
ਗਿਆਨੀ ਮਹਿੰਦਰ ਸਿੰਘ 'ਹਮਦਰਦ'
(ਹੈੱਡ ਪ੍ਰਚਾਰਕ ਗੁਰੂ ਲਾਧੋ ਰੇ ਸੁਸਾਇਟੀ ਯੂ.ਕੇ.)

ਸ਼ੁਕਰਾਨਾ

ਬਾਰ-ਬਾਰ ਸ਼ੁਕਰ ਗੁਜ਼ਾਰ ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ, ਜਿਨ੍ਹਾਂ ਨੇ ਬਖ਼ਸ਼ਿਸ਼ ਕਰ ਕੇ "ਸਭੇ ਰੁਤੀ ਚੰਗੀਆ" ਪੁਸਤਕ ਲਿਖਵਾ ਲਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ 927-929 ਅੰਗਾਂ ਉੱਪਰ ਰੁੱਤਾਂ ਬਾਰੇ ਉਪਦੇਸ਼ ਬਿਰਾਜਮਾਨ ਹਨ। ਪੰਜਾਬੀ ਵਿਚ ਸਿਰਫ਼ ਰੁੱਤਾਂ ਨਿਮਿੱਤ ਕਿਸੇ ਪੁਸਤਕ ਦੇ ਦੀਦਾਰ ਨਹੀਂ ਹੋਏ ਤੇ ਸਤਿਗੁਰੂ ਜੀ ਨੇ ਆਪ ਹੀ ਮਿਹਰਾਂ ਵਰਤਾ ਕੇ ਇਸ ਪੁਸਤਕ "ਸਭੇ ਰੁਤੀ ਚੰਗੀਆ" ਨੂੰ ਤਕਰੀਬਨ ਦੋ ਕੁ ਸਾਲਾਂ ਵਿਚ ਮੁਕੰਮਲ ਕਰਵਾ ਲਿਆ। ਕੋਈ ਵੀ ਵਿਅਕਤੀ ਇਹ ਨਹੀਂ ਆਖ ਸਕਦਾ ਕਿ ਮੈਂ ਗੁਰਬਾਣੀ ਨੂੰ ਪੂਰੀ ਤਰ੍ਹਾਂ ਨਾਲ ਸਮਝ ਸਕਦਾ ਹਾਂ ਤੇ ਉਸ ਅਨੁਸਾਰ ਵਿਚਾਰ ਦਿੱਤੇ ਹਨ। ਸਤਿਗੁਰੂ ਜੀ ਤਾਂ ਬਿਲਾਵਲ ਰਾਗ ਵਿਚ ਫ਼ੁਰਮਾਉਂਦੇ ਹਨ ਕਿ ਆਪਣੇ ਆਪ ਨੂੰ ਬਹੁਤ ਮਹਾਨ ਅਖਵਾਉਣ ਵਾਲੇ ਵੀ ਤੇਰੀ ਅਵਸਥਾ ਨੂੰ ਸਮਝ ਨਹੀਂ ਸਕੇ, ਅਸੀਂ ਬੇਚਾਰੇ ਕੀ ਹਾਂ। ਫ਼ੁਰਮਾਨ ਹੈ :

ਕਿਆ ਹਮ ਜੀਅ ਜੰਤ ਬੇਚਾਰੇ ਬਰਨਿ ਨ ਸਾਕਹ ਏਕ ਰੋਮਾਈ ॥
ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਬੇਅੰਤ ਠਾਕੁਰ ਤੇਰੀ ਗਤਿ ਨਹੀ ਪਾਈ ॥
(ਅੰਗ ੮੨੨)

ਇਨ੍ਹਾਂ ਰੁੱਤਾਂ ਦਾ ਪ੍ਰਭਾਵ ਮਨੁੱਖਾਂ ਉੱਪਰ, ਪਸ਼ੂ ਪੰਛੀਆਂ ਉੱਪਰ ਕਿਵੇਂ ਪੈਂਦਾ ਹੈ, ਕੀ ਕੀ ਤਬਦੀਲੀਆਂ ਆਉਂਦੀਆਂ ਹਨ। ਇਨ੍ਹਾਂ ਰੁੱਤਾਂ ਦੇ ਅਨੁਸਾਰ ਦੁਨੀਆਂ ਵਿਚ ਕਿਵੇਂ ਤੇ ਕਿੱਥੇ ਰੀਕਾਰਡ ਦਰਜ ਕੀਤੇ ਹਨ। ਸਾਡੀ ਧਰਤੀ ਦੇ ਨਾਲ-ਨਾਲ ਗ੍ਰਹਿਆਂ ਦੀ ਰੁੱਤਾਂ ਬਾਰੇ ਵੀ ਸੰਖੇਪ ਵਿਚ ਲਿਖਿਆ ਹੈ। ਇਨ੍ਹਾਂ ਰੁੱਤਾਂ ਬਾਰੇ ਉਪਦੇਸ਼ ਦੇਸੀ ਮਹੀਨਿਆਂ ਦੇ ਬਾਰਹ ਮਾਹਾ ਉਪਦੇਸ਼ ਦੇ ਨਾਲ ਕੁਝ ਮਿਲਦਾ ਹੈ। ਦਸਮ ਗ੍ਰੰਥ ਦੇ ਰੁੱਤਾਂ ਬਾਰੇ ਉਪਦੇਸ਼ਾਂ ਦੀ ਉਦਾਹਰਣ ਵੀ ਵਰਤੀ ਗਈ ਹੈ। ਪ੍ਰਭੂ ਜੀ ਦੀ ਕੁਦਰਤ ਅਗਾਧ ਬੋਧ ਹੈ, ਹਰੇਕ ਗੱਲ ਨੂੰ ਸਮਝ ਲੈਣਾ ਜਾਂ ਸਮਝਾਉਣ ਦੀ ਕੋਸ਼ਿਸ਼ ਕਰਨੀ ਆਸਾਨ ਕੰਮ ਨਹੀਂ ਹੈ। ਲਿਖਣ ਵਿਚ ਸੰਤੁਲਨ, ਇਕ-ਰੂਪਤਾ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ ਇਸ ਵਿਚ ਕਿਤਨੀ ਕੁ ਸਫਲਤਾ ਹੋਈ ਹੈ ਇਹ ਆਪ ਜੀ ਨੇ ਦਰਸਾਉਣਾ ਹੈ ਜੀ।

ਰੁੱਤਾਂ ਬਾਰੇ ਲਿਖਦਿਆਂ ਭਾਰਤ ਤੋਂ ਇਲਾਵਾ ਹੋਰ ਦੇਸ਼ਾਂ ਦੇ ਬਾਰੇ ਵੀ ਵਰਨਣ ਕਰਨ ਦੀ ਕੋਸ਼ਿਸ਼ ਕੀਤੀ ਹੈ, ਕਿਉਂਕਿ ਦੁਨੀਆਂ ਹੁਣ ਬਹੁਤ ਛੋਟੀ ਜਾਪਦੀ ਹੈ। ਸਾਇੰਸ ਦੀਆਂ ਕਾਢਾਂ ਨੇ ਤੇ ਆਵਾਜਾਈ ਦੇ ਸਾਧਨਾਂ ਨੇ ਮਨੁੱਖ ਨੂੰ ਅੰਤਰ-ਰਾਸ਼ਟਰੀ ਵਿਅਕਤੀ ਬਣਾ ਦਿੱਤਾ ਹੈ। ਰੁੱਤਾਂ ਬਾਰੇ ਭਾਰਤ ਦੇ ਮੇਲੇ, ਅੰਤਰ-ਰਾਸ਼ਟਰੀ ਪ੍ਰਮੁੱਖ ਮੇਲੇ ਤੇ ਸਿੱਖ ਧਰਮ ਨਾਲ

ਸਬੰਧਤ ਗੁਰਪੁਰਬ ਤੇ ਘਟਨਾਵਾਂ ਨੂੰ ਦਰਜ ਕਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਸ੍ਰੀ ਦਸਮ ਗ੍ਰੰਥ ਤੇ ਸ੍ਰੀ ਸਰਬ ਲੋਹ ਗ੍ਰੰਥ, ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਵਿੱਚੋਂ ਦ੍ਰਿਸ਼ਟਾਂਤ ਪ੍ਰਮਾਣ ਲਏ ਗਏ ਹਨ ਤੇ ਅੰਗ ਨੰਬਰ ਦਿੱਤੇ ਹਨ ਤਾਂ ਕਿ ਸੰਗਤਾਂ, ਜਗਿਆਸੂ ਚੈੱਕ ਕਰ ਕੇ ਸਾਰੇ ਸ਼ਬਦ ਦਾ ਦੀਦਾਰ ਕਰ ਸਕਦੇ ਹਨ।

ਮੈਂ ਸਾਰੀਆਂ ਸੰਗਤਾਂ ਤੇ ਪਾਠਕਾਂ ਦਾ ਦਿਲੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਸਭ ਨੇ ਲਿਖਤਾਂ ਨੂੰ ਬਹੁਤ ਪਿਆਰ ਬਖ਼ਸ਼ਿਆ ਹੈ। ਪੁਸਤਕਾਂ—'ਦਸਮ ਦੁਆਰਾ ਅਗਮ ਅਪਾਰਾ', 'ਸਤ ਵਾਰ' ਦੀਆਂ ਦੋ-ਦੋ ਐਡੀਸ਼ਨਾਂ ਛਪ ਚੁਕੀਆਂ ਹਨ। ਪੁਸਤਕ 5 ਕਕਾਰ ਨੂੰ ਤਾਂ ਅਤਿਅੰਤ ਪਿਆਰ ਮਿਲਿਆ ਹੈ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ 32,000 ਤੋਂ ਉੱਪਰ ਛੱਪ ਚੁਕੀ ਹੈ। ਹੁਣ ਅੰਗਰੇਜ਼ੀ ਦੀ ਅਗਲੀ ਐਡੀਸ਼ਨ ਵੀ ਇਸ ਪੁਸਤਕ 'ਸਭੇ ਰੁਤੀ ਚੰਗੀਆ' ਦੇ ਨਾਲ ਹੀ ਛੱਪ ਰਹੀ ਹੈ। ਇੱਥੇ ਇਹ ਆਖਿਆ ਜਾ ਰਿਹਾ ਕਿ ਮੇਰੇ ਲਿਖਣ ਦੇ ਪਿੱਛੇ ਕੋਈ ਆਮਦਨ ਕਮਾਉਣਾ ਨਹੀਂ ਹੈ। ਜਿਵੇਂ ਕਿ '5 ਕਕਾਰ' ਪੁਸਤਕ ਦੇ ਮੁਖ ਬੰਦ ਵਿਚ ਲਿਖਿਆ ਸੀ ਜੇ ਕੋਈ ਸੰਸਥਾ ਜਾਂ ਵਿਅਕਤੀ ਹੋਰ ਐਡੀਸ਼ਨ ਛਪਵਾਉਣ ਵਿਚ ਮਦਦ ਕਰਨੀ, ਸੇਵਾ ਕਰਨੀ ਚਾਹੇ ਤਾਂ ਦਾਸ ਨਾਲ ਜਾਂ ਯੂਰਪੀ ਪੰਜਾਬੀ ਸੱਥ ਨਾਲ ਸੰਪਰਕ ਕਰ ਸਕਦਾ ਹੈ। ਇਹ ਸਾਰੀਆਂ ਮੇਰੀਆਂ ਛਪੀਆਂ ਪੁਸਤਕਾਂ 'ਤੇ ਲਾਗੂ ਹੁੰਦਾ ਹੈ। ਦਾਸ ਤੇ ਸੱਥ ਰਲ ਕੇ ਪੰਜਾਬੀ ਭਾਸ਼ਾ ਦੀ ਸੇਵਾ ਲਈ ਪੁਸਤਕਾਂ ਛਾਪ ਕੇ ਸੰਗਤਾਂ ਨੂੰ ਮੋਖ ਰਹਿਤ ਵਰਤਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਆਪ ਜੀ ਵੀ ਸੰਪਰਕ ਕਰਕੇ ਇਸ ਸੇਵਾ ਦਾ ਹਿੱਸਾ ਬਣ ਸਕਦੇ ਹੋ। ਸਤਿਗੁਰੂ ਜੀ ਸਾਨੂੰ ਸਭ ਨੂੰ ਸਮਰੱਥਾ ਬਖ਼ਸ਼ਣ ਤਾਂ ਕਿ ਅਸੀਂ ਸਭ ਰਲ ਕੇ ਐਸੇ ਠੋਸ ਯਤਨ ਕਰੀਏ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਪੰਜਾਬੀ ਨਾਲ ਜੁੜੀਆਂ ਰਹਿਣ।

ਇਹ ਕੋਸ਼ਿਸ਼ ਕੀਤੀ ਗਈ ਹੈ ਕਿ ਪੰਜਾਬੀ ਭਾਸ਼ਾ ਹੋਰ ਵੀ ਅਮੀਰ ਬਣੇ ਤੇ ਹੋਵੇ, ਇਹ ਮਾਤ-ਭਾਸ਼ਾ ਦੀ ਸੇਵਾ ਦੀ ਚਾਹਨਾ ਹੀ ਹੈ। ਉਸ ਤਰ੍ਹਾਂ ਵੀ ਬਹੁਤੇ ਪੰਜਾਬੀ ਵਿਚ ਕਿਤਾਬਾਂ ਲਿਖਣ ਵਾਲਿਆਂ ਨੂੰ ਆਪ ਪੈਸੇ ਖਰਚ ਕੇ ਹੀ ਛਪਵਾਉਣ ਦਾ ਇੰਤਜ਼ਾਮ ਕਰਨਾ ਪੈਂਦਾ ਹੈ, ਪਰ ਜ਼ਿੰਦਗੀ ਵਿਚ ਮਨੁੱਖ ਆਪਣੀ ਖ਼ੁਸ਼ੀ, ਤਸੱਲੀ ਤੇ ਸਤਿਗੁਰੂ ਜੀ ਦੀ ਬਖ਼ਸ਼ਿਸ਼ ਦੀ ਯਾਚਨਾ ਲਈ ਵੀ ਕਰਤਵ ਕਰਦਾ ਹੈ।

ਇਸ ਪੁਸਤਕ ਨੂੰ ਛਾਪਣ ਵਿਚ ਰਹਿਨੁਮਾਈ ਤੇ ਵੰਡਣ ਵਰਤਾਉਣ ਦੀ ਸੇਵਾ ਸਤਿਗੁਰੂ ਜੀ ਨੇ ਯੂਰਪੀ ਸੱਥ ਵਾਲਸਾਲ ਦੇ ਸਾਰੇ ਸੰਗੀ ਤੇ ਬੇਲੀਆਂ ਨੂੰ ਬਖ਼ਸ਼ਿਸ਼ ਕਰਕੇ ਸੌਂਪੀ ਹੈ। ਮੈਂ ਅਤੀ ਧੰਨਵਾਦੀ ਹਾਂ ਸ੍ਰ. ਮੋਤਾ ਸਿੰਘ ਜੀ ਸਰਾਏ ਵਾਲਸਾਲ ਨਿਵਾਸੀ ਦਾ, ਜਿਨ੍ਹਾਂ ਨੇ ਪੰਜਾਬੀ ਭਾਸ਼ਾ ਦੀ ਇਤਨੀ ਸੇਵਾ ਕੀਤੀ ਹੈ ਕਿ ਇਨ੍ਹਾਂ ਨੂੰ ਪੰਜਾਬੀ ਦੇ ਰਾਜਦੂਤ ਕਰਕੇ ਸਾਰੇ ਸੰਸਾਰ ਵਿਚ ਜਾਣਿਆ ਜਾਂਦਾ ਹੈ। ਪੰਜਾਬੀ ਸੱਥ ਨੇ ਪੰਜਾਬੀ ਦੇ ਸੱਭਿਆਚਾਰ

ਪ੍ਰਚਾਰ ਪ੍ਰਸਾਰ ਲਈ ਬਹੁਤ ਸਾਰੀਆਂ ਪੁਸਤਕਾਂ ਛਾਪ ਕੇ ਵੰਡੀਆਂ ਵਰਤਾਈਆਂ ਹਨ। ਪੰਜਾਬੀ ਸੱਥ ਦੀਆਂ ਬਹੁਤ ਸਾਰੀਆਂ ਇਕਾਈਆਂ ਇਸ ਲਹਿਰ ਵਿਚ, ਇਸ ਕਾਰਜ ਵਿਚ ਸਰਗਰਮ ਹਨ ਜੋ ਕਿ ਦੇਸ਼ਾਂ-ਵਿਦੇਸ਼ਾਂ ਵਿਚ ਪ੍ਰਭਾਵਸ਼ਾਲੀ ਉੱਦਮਾਂ ਨਾਲ ਪੰਜਾਬੀਆਂ ਨੂੰ ਪੰਜਾਬੀ ਬੋਲੀ ਦੀ ਹੋਂਦ ਨੂੰ ਖਤਰੇ ਤੇ ਉਨ੍ਹਾਂ ਤੋਂ ਬਚਾਉ ਲਈ ਅਮਲੀ ਉੱਦਮਾਂ ਪ੍ਰਤੀ ਇਮਾਨਦਾਰੀ ਨਾਲ ਸਾਵਧਾਨ ਕਰ ਰਹੇ ਹਨ। ਇਨ੍ਹਾਂ ਇਕਾਈਆਂ ਨਾਲ ਹੋਰ ਵੀ ਭਰਾਤਰੀ ਜਥੇਬੰਦੀਆਂ ਜੁੜੀਆਂ ਹੋਈਆਂ ਹਨ। ਪੰਜਾਬੀ ਸੱਥ ਸੰਰਚਨਾਤਮਕ ਤੌਰ 'ਤੇ ਬਹੁਤ ਸਪੱਸ਼ਟ ਤੇ ਉੱਤਰਦਾਈ ਸੰਸਥਾ ਹੈ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਸਮਾਗਮ ਸਮੇਂ ''ਜਗਤ ਗੁਰ ਬਾਬਾ'' ਨਾਮ ਦੀ ਪੁਸਤਕ ਜਿਸ ਵਿਚ ਭਿੰਨ-ਭਿੰਨ ਵਿਦਵਾਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਵਿਸ਼ੇਸ਼ ਗੁਣਾਂ ਦਾ ਲਿਖ ਕੇ ਚਿਤਰਨ ਕੀਤਾ ਹੈ, ਨੂੰ ਪੰਜਾਬੀ ਹਿੰਦੀ ਤੇ ਅੰਗ੍ਰੇਜ਼ੀ ਭਾਸ਼ਾਵਾਂ ਵਿਚ ਛਾਪ ਕੇ ਤੇ ਵਰਤਾ ਕੇ ਬਹੁਤ ਮਹਾਨ ਕਾਰਜ ਕਰ ਦਿਖਾਇਆ ਹੈ।

ਪੰਜਾਬੀ ਵਿਚ ਬਹੁਤ ਹੀ ਵਿਦਵਤਾ ਭਰਪੂਰ ਕਿਤਾਬਾਂ ਛਾਪ ਕੇ ਦੁਨੀਆਂ ਦੇ ਕੋਨੇ-ਕੋਨੇ ਵਿਚ ਪਹੁੰਚਾਉਣਾ ਬਹੁਤ ਹੀ ਲਗਨ ਮਿਹਨਤ ਤੇ ਦ੍ਰਿੜ੍ਹਤਾ ਦਾ ਕੰਮ ਹੈ। ਸਤਿਗੁਰ ਜੀ ਦੀ ਵੀ ਅਤਿਅੰਤ ਪ੍ਰਸੰਨਤਾ ਤੇ ਆਸ਼ੀਰਵਾਦ ਇਨ੍ਹਾਂ ਦੇ ਅੰਗ-ਸੰਗ ਹੈ।

ਮੈਂ ਸ੍ਰ. ਮੋਤਾ ਸਿੰਘ ਸਰਾਏ, ਪ੍ਰਿੰ. ਕੁਲਵਿੰਦਰ ਸਿੰਘ ਸਰਾਏ, ਡਾ. ਨਿਰਮਲ ਸਿੰਘ ਤੇ ਸ੍ਰ. ਜਗਤਾਰ ਸਿੰਘ ਦਿਓਲ ਦਾ ਹਾਰਦਿਕ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ''**ਸਭੇ ਰੁਤੀ ਚੰਗੀਆ**'' ਨੂੰ ਯੂਰਪੀ ਪੰਜਾਬੀ ਸੱਥ ਦੇ ਝੰਡੇ ਹੇਠ ਛਾਪ ਕੇ ਹੋਰ ਵੀ ਦੁਨੀਆਂ ਦੇ ਬਹੁਤ ਸਾਰੇ ਇਲਾਕਿਆਂ ਵਿਖੇ ਪਹੁੰਚਾਉਣ ਦਾ ਕਦਮ ਚੁੱਕਿਆ ਹੈ।

ਮੈਂ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਦੇ ਮੁਖੀ ਭਾਈ ਸਾਹਿਬ ਭਾਈ ਮਹਿੰਦਰ ਸਿੰਘ ਜੀ ਦਾ ਅਤੀ ਧੰਨਵਾਦੀ ਹਾਂ ਜਿਨ੍ਹਾਂ ਨੇ ਪੁਸਤਕ ''**ਸਭੇ ਰੁਤੀ ਚੰਗੀਆ**'' ਲਈ ਸੇਧ ਦੇ ਕੇ ਯੋਗ ਅਗਵਾਈ ਕੀਤੀ ਹੈ। ਭਾਈ ਸਾਹਿਬ ਭਾਈ ਮਹਿੰਦਰ ਸਿੰਘ ਜੀ ਬਹੁਤ ਗਿਆਨਵਾਨ, ਦਿਆਲੂ ਸੰਤ ਸੁਭਾਅ ਦੇ ਪਰਉਪਕਾਰੀ ਗੁਰਮੁਖ ਹਨ। ਗਿਆਨੀ ਮਹਿੰਦਰ ਸਿੰਘ ਹਮਦਰਦ ਜੀ ਗੁਰੂ ਲਾਧੋ ਰੇ ਸੋਸਾਇਟੀ ਯੂ.ਕੇ. ਨੇ ਅਸੀਸ ਦੇ ਸ਼ਬਦ ਲਿਖੇ ਹਨ ਮੈਂ ਬਹੁਤ ਧੰਨਵਾਦੀ ਹਾਂ। ਮੈਂ ਸ੍ਰ. ਪ੍ਰਿਤਪਾਲ ਸਿੰਘ ਅਹੂਜਾ S.K.S. ਕੰਪਿਊਟਰ ਲਿੰਕਸ ਅੰਮ੍ਰਿਤਸਰ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਬਹੁਤ ਸਹਿਯੋਗ ਦਿੱਤਾ ਹੈ ਤੇ ਹਰ ਸਮੇਂ ਹਰ ਤਰ੍ਹਾਂ ਅਗਵਾਈ ਤੇ ਮਦਦ ਕਰਨ ਲਈ ਤਤਪਰ ਰਹਿੰਦੇ ਹਨ। ਸ੍ਰ. ਗੁਰਦਿਆਲ ਸਿੰਘ ਜੀ ਰੰਧਾਵਾ ਦਾ ਧੰਨਵਾਦ ਹੈ ਜੋ ਹਮੇਸ਼ਾ ਸਹਿਯੋਗ ਦੇਂਦੇ ਹਨ।

ਮੈਂ ਆਪਣੀ ਸੁਪਤਨੀ ਹਰਭਜਨ ਕੌਰ ਦਾ ਧੰਨਵਾਦ ਕਰਦਾ ਹਾਂ ਕਿ ਉਸ ਨੇ ਮੈਨੂੰ ਲਿਖਦਿਆਂ ਅਸ਼ਾਂਤ ਨਹੀਂ ਹੋਣ ਦਿੱਤਾ ਤੇ ਹਰ ਤਰ੍ਹਾਂ ਲਿਖਦੇ ਹੋਏ ਨੂੰ ਚਾਹ-ਪਾਣੀ

ਹਾਜ਼ਰ ਕੀਤਾ ਤੇ ਹੋਰ ਵੀ ਵਿਘਨ ਨਹੀਂ ਪੈਣ ਦਿੱਤੇ। ਆਪਣੀ ਸਪੁੱਤਰੀ ਜਸਵਿੰਦਰ ਕੌਰ ਦਾ ਵੀ ਧੰਨਵਾਦ ਹੈ ਜਿਸ ਨੇ ਟਾਈਟਲ ਪੇਜ ਤੇ ਰੁੱਤਾਂ ਬਾਰੇ ਜਾਣਕਾਰੀ ਤੇ ਸਲਾਹ ਦਿੱਤੀ।

ਆਪਣਾ ਕੰਮ-ਕਾਰ ਕਰਦਿਆਂ, ਗ੍ਰਿਹਸਤ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ "**ਸਭੇ ਰੁਤੀ ਚੰਗੀਆ**" ਕਿਤਾਬ ਨੂੰ ਛਪਵਾ ਕੇ ਤੁਹਾਡੇ ਹੱਥਾਂ ਵਿਚ ਪਹੁੰਚਾਣ ਤੱਕ ਦੋ ਕੁ ਸਾਲ ਤੋਂ ਵੱਧ ਦਾ ਸਮਾਂ ਲੱਗ ਗਿਆ ਹੈ। ਮੈਨੂੰ ਲਿਖਦਿਆਂ ਇਸ ਤਰ੍ਹਾਂ ਮਹਿਸੂਸ ਹੋਇਆ ਹੈ ਕਿ ਮੈਂ ਜਿਵੇਂ ਇਕ ਮਿੱਟੀ ਦੇ ਕਿਣਕੇ ਦੀ ਤਰ੍ਹਾਂ ਹੀ ਹਾਂ, ਜੋ ਛੇ ਰੁੱਤਾਂ ਦੇ ਉਪਦੇਸ਼ ਬਾਰੇ ਲਿਖਦਿਆਂ ਤੇ ਸਤਿਗੁਰੂ ਜੀ ਦੀ ਅਗਾਧ ਬੋਧ ਬਾਣੀ ਵਿਚਾਰਦਿਆਂ ਬਹੁਤ ਤ੍ਰਿਪਤੀ ਤੇ ਸੰਤੁਸ਼ਟਤਾ ਮਹਿਸੂਸ ਹੋਈ ਹੈ। ਭੁੱਲਾਂ ਵਾਪਰਨੀਆਂ ਤਾਂ ਸੁਭਾਵਿਕ ਹੀ ਹਨ ਉਨ੍ਹਾਂ ਨੂੰ ਮੇਰੀ ਕਮ-ਅਕਲੀ ਤੇ ਨਾ-ਸਮਝੀ ਹੀ ਜਾਨਣਾ, ਕਿਉਂਕਿ ਸਤਿਗੁਰੂ ਜੀ ਦੀ ਬਾਣੀ ਤੇ ਉਨ੍ਹਾਂ ਦੀ ਬਣਾਈ ਕੁਦਰਤ ਵੀ ਅਗਾਧ ਬੋਧ ਹੀ ਹੈ। ਮੇਰੇ ਵਰਗਾ ਸਾਧਾਰਣ ਮਨੁੱਖ ਗੁਆਚ ਜਾਂਦਾ ਹੈ।

ਹਰੇਕ ਲਿਖਾਰੀ ਚਾਹੁੰਦਾ ਹੈ ਕਿ ਮੈਂ ਸੰਗਤਾਂ, ਦੁਨੀਆਂ ਦੇ ਸਨਮੁਖ ਲਿਖ ਕੇ ਹੀਰੇ ਮੋਤੀ ਭੇਟ ਕਰਾਂ ਤੇ ਸਤਿਗੁਰੂ ਜੀ ਦੀ ਪ੍ਰਸੰਨਤਾ ਮਿਲੇ। ਆਪ ਜੀ ਨੂੰ "**ਸਭੇ ਰੁਤੀ ਚੰਗੀਆ**" ਕੈਸੀ ਲੱਗੀ? ਆਪ ਜੀ ਨੇ ਆਪਣੇ ਖਿਆਲਾਤ ਡਾਕ ਜਾਂ ਈ-ਮੇਲ ਰਾਹੀਂ ਦਰਸਾਉਣੇ ਜੀ। (ਐਡਰੈਸ ਸ਼ੁਰੂ ਵਿਚ ਲਿਖੇ ਹੋਏ ਹਨ।) ਸ਼ੁਕਰਾਨੇ ਦੀ ਸੰਪੂਰਨਤਾ ਦੇ ਨਾਲ ਮੈਂ ਹੋਈਆਂ ਬੇਅੰਤ ਭੁੱਲਾਂ ਤੇ ਕਮਜ਼ੋਰੀਆਂ ਦੀ ਗੁਰੂ ਸਾਹਿਬ ਜੀ ਅਤੇ ਗੁਰੂ ਸਾਹਿਬ ਜੀ ਦੀ ਸੰਗਤ ਤੋਂ ਖਿਮਾ ਯਾਚਨਾ ਕਰਦਾ ਹਾਂ ਜੀ।

ਹਮ ਭੂਲ ਚੂਕ ਗੁਰ ਕਿਰਪਾ ਧਾਰਹੁ ਜਨ ਨਾਨਕ ਕੁਤਰੇ ਕਾਢੇ ॥

(ਅੰਗ ੧੭੧)

ਧੰਨਵਾਦ ਸਹਿਤ

ਜਸਮੇਰ ਸਿੰਘ 'ਹੋਠੀ'

8 ਮਾਰਚ 2023

ਸਭੇ ਰੁਤੀ ਚੰਗੀਆ

ਅਕਾਲ ਪੁਰਖ ਦੀ ਰਚੀ ਹੋਈ ਕੁਦਰਤ ਅਨੁਸਾਰ ਸਾਡੀ ਧਰਤੀ ਵਿਖੇ ਰੁੱਤਾਂ ਵਾਪਰਦੀਆਂ (ਆਉਂਦੀਆਂ, ਜਾਂਦੀਆਂ ਤੇ ਬਦਲਦੀਆਂ) ਹਨ। ਸਤਿਗੁਰੂ ਜੀ ਜਪੁ ਜੀ ਸਾਹਿਬ ਵਿਚ ਫੁਰਮਾਉਂਦੇ ਹਨ :

ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥ (ਅੰਗ ੭)

ਭਾਵ - ਰਾਤਾਂ, ਰੁੱਤਾਂ, ਥਿੱਤਾਂ ਤੇ ਵਾਰ, ਹਵਾ, ਪਾਣੀ, ਅੱਗ ਤੇ ਪਾਤਾਲ ਇਨ੍ਹਾਂ ਸਾਰਿਆਂ ਦੇ ਇਕੱਠ ਵਿਚ (ਦਰਮਿਆਨ ਵਿਚ) ਮਾਲਕ ਵਾਹਿਗੁਰੂ ਜੀ ਨੇ ਧਰਤੀ ਨੂੰ ਧਰਮ ਕਮਾਉਣ ਦਾ ਅਸਥਾਨ ਬਣਾ ਕੇ ਟਿਕਾ ਦਿੱਤਾ ਹੈ ਪਰ ਉਹ ਮਾਲਕ ਕਦੋਂ ਕੁ ਦਾ ਹੈ ਤੇ ਉਸ ਨੇ ਇਹ ਸੰਸਾਰ ਤੇ ਸਾਡੀ ਧਰਤੀ ਕਦੋਂ ਬਣਾਈ, ਇਸ ਦਾ ਉਸ ਨੂੰ ਹੀ ਪਤਾ ਹੈ, ਗਿਆਨਵਾਨ ਤੇ ਸਾਇੰਸਦਾਨ ਅੰਦਾਜ਼ੇ ਹੀ ਲਾਉਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਜਪੁ ਜੀ ਸਾਹਿਬ ਦੀ 21ਵੀਂ ਪਉੜੀ ਵਿਚ ਫੁਰਮਾਉਂਦੇ ਹਨ :

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ (ਅੰਗ ੪)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਮਾਰੂ ਸੋਲਹੇ ਬਾਣੀ ਵਿਚ ਫੁਰਮਾਨ ਹੈ ਕਿ ਪ੍ਰਭੂ ਜੀ ਆਪ ਹੀ ਸੁੰਨ ਸਮਾਧੀ ਅਵਸਥਾ ਵਿਖੇ ਲੀਨ ਸਨ ਤੇ ਛੱਤੀ ਜੁੱਗ ਇਸੇ ਅਵਸਥਾ ਵਿਚ ਬਿਤਾਏ ਤੇ ਆਪਣੇ ਇਕ ਹੀ ਬੋਲ (ਫੁਰਮਾਨ) ਨਾਲ ਸ੍ਰਿਸ਼ਟੀ ਬਣਾ ਦਿੱਤੀ। ਜਪੁ ਜੀ ਸਾਹਿਬ ਵਿਚ ਵੀ ਫੁਰਮਾਨ ਹੈ :

ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥ (ਅੰਗ ੩)

ਭਾਈ ਗੁਰਦਾਸ ਜੀ 21ਵੀਂ ਵਾਰ ਦੀ 17ਵੀਂ ਪਉੜੀ ਵਿਖੇ ਬਿਆਨਦੇ ਹਨ :

ਤ੍ਰੈ ਗੁਣ ਮਾਇਆ ਖੇਲੁ ਕਰਿ ਦੇਖਾਲਿਆ।

ਖਾਣੀ ਬਾਣੀ ਚਾਰਿ ਚਲਿਤ ਉਠਾਲਿਆ।
ਪੰਜ ਤਤ ਉਤਪਤਿ ਬੰਧਿ ਬਹਾਲਿਆ।
ਛਿਅ ਰੁਤਿ ਬਾਰਹ ਮਾਹ ਸਿਰਜਿ ਸਮ੍ਹਾਲਿਆ।
ਅਹਿਨਿਸਿ ਸੂਰਜ ਚੰਦੁ ਦੀਵੇ ਬਾਲਿਆ।
ਇਕੁ ਕਵਾਉ ਪਸਾਉ ਨਦਰਿ ਨਿਹਾਲਿਆ॥੧੭॥

39ਵੀਂ ਵਾਰ ਦੀ ਤੇਰਵੀਂ ਪਉੜੀ ਵਿਚ ਵੀ ਬਿਆਨਦੇ ਹਨ :

ਛਿਅ ਰੁਤਿ ਬਾਰਹ ਮਾਹ ਕਰ ਸੱਤ ਵਾਰ ਸੈਂਸਾਰ ਉਪਾਇਆ॥

ਉਤਪਤੀ ਬਾਰੇ ਜ਼ਿਆਦਾ ਜਾਣਕਾਰੀ ਲਈ ਮੇਰੀ ਲਿਖੀ ਪੁਸਤਕ **'ਸਤ ਵਾਰ'** ਦੇਖ ਜਾਚ ਲਵੋ ਜੀ।

ਦੁਨੀਆਂ 'ਤੇ ਬਹੁਤ ਸਾਰੇ ਦੇਸ਼ ੪ ਰੁੱਤਾਂ ਹੀ ਮੰਨਦੇ ਹਨ ਜੋ ਕਿ ਸਾਲ ਦੇ ਤਿੰਨ ਤਿੰਨ ਮਹੀਨਿਆਂ ਦੀਆਂ ਗਿਣਦੇ ਹਨ ਇਹ ਚਾਰ ਰੁੱਤਾਂ ਹੇਠ ਲਿਖੇ ਅਨੁਸਾਰ ਮੰਨਦੇ ਹਨ ਉਤਰੀ ਅਰਧਗੋਲੇ Northern Hemisphere ਸਥਾਨ ਮੁਕਾਮ ਵਿਖੇ :

1. **Spring** ਸਪਰਿੰਗ	ਬਸੰਤ ਰੁੱਤ	ਮਾਰਚ ਅਪ੍ਰੈਲ ਤੇ ਮਈ
2. **Summer** ਸਮਰ	ਗਰਮੀ ਰੁੱਤ	ਜੂਨ,ਜੁਲਾਈ ਤੇ ਅਗਸਤ
3. **Autumn** ਐਟਮ	ਪੱਤਝੜ ਰੁੱਤ	ਸਤੰਬਰ ਅਕਤੂਬਰ ਤੇ ਨਵੰਬਰ
4. **Winter** ਵਿੰਟਰ	ਸਰਦ ਰੁੱਤ	ਦਸੰਬਰ ਜਨਵਰੀ ਤੇ ਫਰਵਰੀ

ਭਾਰਤੀ ਉਪ-ਮਹਾਂਦੀਪ Indian sub-Continent ਵਿਖੇ 6 ਰੁੱਤਾਂ ਮੰਨਦੇ ਹਨ। ਆਸਟ੍ਰੇਲੀਆ ਦੇ ਕੁਝ ਕਬੀਲੇ ਤੇ ਸਕੈਂਡੀਨੇਵੀਆ ਦੇ ਸਾਮੀ ਲੋਕ Sami people ਤੇ Swedish Lapland ਵਾਲੇ 8 ਰੁੱਤਾਂ ਮੰਨਦੇ ਹਨ ਤਕਰੀਬਨ ਡੇਢ ਕੁ ਮਹੀਨੇ ਦੀਆਂ ਉਹ ਇਸ ਤਰ੍ਹਾਂ ਵੰਡ ਕਰਦੇ ਹਨ :

1. **Deep Winter**	ਡੂੰਘੀ, ਸੰਘਣੀ ਸਰਦੀ
2. **Early Spring**	ਮੁੱਢਲੀ, ਆਰੰਭਕ ਬਸੰਤ
3. **True Spring**	ਅਸਲੀ, ਸਹੀ ਬਸੰਤ
4. **Early Summer**	ਮੁੱਢਲੀ, ਆਰੰਭਕ ਗਰਮੀ
5. **Summer**	ਗਰਮੀ
6. **Early Autumn**	ਮੁੱਢਲੀ, ਆਰੰਭਕ ਪੱਤਝੜ
7. **True Autumn**	ਅਸਲੀ, ਸਹੀ ਪੱਤਝੜ
8. **Early Winter**	ਮੁੱਢਲੀ, ਆਰੰਭਕ ਸਰਦੀ

ਭੂਮੱਧ - ਰੇਖਾ **Equator** ਵਿਖੇ ਦੋ ਹੀ ਰੁੱਤਾਂ ਵਾਪਰਦੀਆਂ ਹਨ ਜਿਨ੍ਹਾਂ ਨੂੰ ਗਰਮੀ ਤੇ ਵਰਖਾ ਜਾਂ ਸੁੱਕੀ ਤੇ ਗਿੱਲੀ ਰੁੱਤ ਆਖਿਆ ਜਾ ਸਕਦਾ ਹੈ, ਇਸ ਦਾ ਸੰਖੇਪ ਵਿਸਥਾਰ ਬਾਅਦ ਵਿਚ ਕੀਤਾ ਜਾਵੇਗਾ। ਸਨਾਤਨ ਰਿਸ਼ੀਆਂ ਅਨੁਸਾਰ ਇਹ ਤਰਤੀਬ ਹੈ।

1. ਵਸੰਤ
2. ਗ੍ਰੀਸ਼ਮ
3. ਵਰਸ਼ਾ
4. ਸਰਦ
5. ਹੇਮੰਤ
6. ਸ਼ਿਸ਼ਰ

ਸਨਾਤਨ ਰਿਸ਼ੀ ਮੁਨੀ ਰੁੱਤਾਂ ਦਾ ਤਿਉਹਾਰਾਂ ਨਾਲ ਸੰਬੰਧ ਜੋੜਦੇ ਹਨ ਤੇ ਮਨੁੱਖੀ ਜੀਵਨ ਉੱਪਰ ਰੁੱਤਾਂ ਦਾ ਅਸਰ ਤੇ ਨਾਲ ਹੀ ਪਸ਼ੂ ਪੰਛੀਆਂ ਤੇ ਹਰਿਆਵਲ ਉਤੇ ਰੁੱਤਾਂ ਦਾ ਪ੍ਰਭਾਵ ਬਿਆਨਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਵੀ 6 ਰੁੱਤਾਂ ਨੂੰ ਮਾਨਤਾ ਦਿੱਤੀ ਗਈ ਹੈ, ਤੇ ਇਹ ਤਰਤੀਬ ਇਕ ਰੁੱਤ ਦੇ ਅੱਗੇ ਪਿੱਛੇ ਫ਼ਰਕ ਤੋਂ ਇਲਾਵਾ ਸਭ ਬਰਾਬਰ ਹੈ ਤੇ ਇਨ੍ਹਾਂ ਰੁੱਤਾਂ ਨੂੰ ਦੇਸੀ ਮਹੀਨਿਆਂ ਨਾਲ ਜੋੜਿਆ ਗਿਆ ਹੈ ਤੇ ਸਤਿਗੁਰੂ ਜੀ ਨੇ ਰਾਮਕਲੀ ਰਾਗ ਵਿਚ ਪੰਨਾ 927 ਤੋਂ 929 ਤੱਕ ਰੁੱਤਾਂ ਬਾਰੇ ਉਪਦੇਸ਼ ਬਖ਼ਸ਼ਿਸ਼ ਕੀਤਾ ਹੈ ਤੇ ਸਤਿਗੁਰੂ ਜੀ ਦੇ ਕਰਮਵਾਰ ਰੁੱਤਾਂ ਦੇ ਨਾਮ ਤੇ ਉਪਦੇਸ਼ ਨਿਰਸੰਦੇਹ ਸਹੀ ਹਨ। ਗੁਰਬਾਣੀ ਵਿਖੇ ਰੁੱਤਾਂ ਇਸ ਅਨੁਸਾਰ ਹਨ :

ਰੁੱਤ	ਮਹੀਨੇ
1. ਸਰਸ ਬਸੰਤ	ਚੇਤ-ਵੈਸਾਖ
2. ਗ੍ਰੀਖਮ (ਗਰਮੀ)	ਜੇਠ-ਹਾੜ
3. ਬਰਸੁ (ਵਰਖਾ)	ਸਾਵਣ=ਭਾਦੋਂ
4. ਸਰਦ (ਪੱਤਝੜ)	ਅਸੂ-ਕਤਕ
5. ਸਿਸੀਅਰ	ਮਘਰ-ਪੋਹ
6. ਹਿਮਕਰ	ਮਾਘ-ਫੱਗਣ

ਜਿੱਥੇ ਕਿ ਕਈ ਰਿਸ਼ੀ ਮੁਨੀਆਂ ਵੱਲੋਂ ਕਿਸੇ ਇਕ ਖ਼ਾਸ ਰੁੱਤ ਨੂੰ ਜ਼ਿਆਦਾ ਮਹਾਨਤਾ ਜਾਂ ਮਹੱਤਵ ਦਿੱਤਾ ਗਿਆ ਹੈ ਪਰ ਸਤਿਗੁਰੂ ਜੀ ਦਾ ਉਪਦੇਸ਼ ਹੈ ਕਿ ਜੇ ਸੱਚੇ ਮਾਲਕ ਪ੍ਰਭੂ-ਪਤੀ ਨਾਲ ਪਿਆਰ ਹੈ ਤਾਂ ਸਾਰੀਆਂ ਹੀ ਰੁੱਤਾਂ ਚੰਗੀਆਂ ਹਨ :

ਸਭੇ ਰੁਤੀ ਚੰਗੀਆ ਜਿਤੁ ਸਚੇ ਸਿਉ ਨੇਹੁ॥ (ਅੰਗ ੧੦੧੫)

ਸਾ ਰੁਤਿ ਸੁਹਾਵੀ ਜਿਤੁ ਹਰਿ ਚਿਤਿ ਆਵੈ॥ (ਅੰਗ ੧੧੮੩)

ਸਤਿਗੁਰੂ ਜੀ ਦੇ ਬਹੁਤ ਫ਼ੁਰਮਾਨ ਹਨ ਕਿ ਨਾਮ ਜਪਣ ਲਈ ਹੀ ਮਨੁੱਖਾ ਜੀਵਨ ਪ੍ਰਾਪਤ ਹੋਇਆ ਹੈ ਤੇ ਮਨੁੱਖਾ ਜੀਵਨ ਹੀ ਪ੍ਰਭੂ ਦੀ ਪ੍ਰਾਪਤੀ ਤੇ ਮਿਲਾਪ ਦੀ ਰੁੱਤ ਹੈ। ਨਾਮ ਤੋਂ ਬਿਨਾਂ ਸਭ ਫਿੱਕਾ ਤੇ ਰਸਹੀਨ ਜੀਵਨ ਹੋ ਜਾਂਦਾ ਹੈ ਤੇ ਤ੍ਰਿਸ਼ਨਾ ਦੀ ਅਗਨੀ ਵਿਚ ਬਾਰ-ਬਾਰ ਜਲਣਾ ਪੈਂਦਾ ਹੈ। ਨਾਮ ਜਪਣ ਨਾਲ ਸਬਰ ਸੰਤੋਖ ਉਪਜਦੇ ਹਨ ਤੇ ਸੁਖ ਪ੍ਰਾਪਤ ਹੁੰਦੇ ਹਨ। ਕੁਝ ਫ਼ੁਰਮਾਨ ਹਨ :

ਬਿਨੁ ਨਾਵੈ ਸੂਕਾ ਸੰਸਾਰੁ॥ ਅਗਨਿ ਤ੍ਰਿਸਨਾ ਜਲੈ ਵਾਰੋ ਵਾਰ॥
(ਅੰਗ ੧੧੭੩)

ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ ॥
ਨਾਨਕ ਰੁਤਿ ਸੁਹਾਵੀ ਸਾਈ ਬਿਨੁ ਨਾਵੈ ਰੁਤਿ ਕੇਹੀ ॥ (ਅੰਗ ੧੨੫੪)
ਕਲਿਜੁਗ ਮਹਿ ਹਰਿ ਜੀਉ ਏਕੁ ਹੋਰ ਰੁਤਿ ਨ ਕਾਈ ॥
ਨਾਨਕ ਗੁਰਮੁਖਿ ਹਿਰਦੈ ਰਾਮ ਨਾਮੁ ਲੇਹੁ ਜਮਾਈ॥ (ਅੰਗ ੧੧੨੯)
ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ ॥
ਨਾਨਕ ਹਰੇ ਨ ਸੂਕਹੀ ਜਿ ਗੁਰਮੁਖਿ ਰਹੇ ਸਮਾਇ ॥ (ਅੰਗ ੧੧੯੮)
ਨਾਨਕ ਨਾਇ ਵਿਸਾਰਿਐ ਸਭ ਮੰਦੀ ਰੁਤੇ॥ (ਅੰਗ ੩੨੧)
ਮਨ ਰੁਤਿ ਨਾਮ ਰੇ॥ (ਅੰਗ ੧੧੮੫)

ਸਤਿਗੁਰੂ ਜੀ ਦੇ ਰੁੱਤਾਂ ਬਾਰੇ ਉਪਦੇਸ਼ ਦੀ ਵਿਚਾਰ ਕਰਨ ਤੇ ਰੁੱਤਾਂ ਦਾ ਵਿਸਥਾਰ ਦੇਖਣ ਤੋਂ ਪਹਿਲਾਂ ਸਾਇਅਨਟਿਫਿਕ ਤਰੀਕੇ ਦੁਆਰਾ ਸਮਝਣ ਦਾ ਯਤਨ ਕੀਤਾ ਜਾਵੇਗਾ ਕਿ ਰੁੱਤਾਂ ਕਿਵੇਂ ਘਟਦੀਆਂ (ਵਾਪਰਦੀਆਂ) ਹਨ ਤੇ ਇਨ੍ਹਾਂ ਵਿਚ ਤਬਦੀਲੀ ਕਿਵੇਂ ਆਉਂਦੀ ਹੈ? ਕੀ ਸਾਡੀ ਧਰਤੀ ਉੱਪਰ ਸਭ ਦੇਸ਼ਾਂ ਵਿਚ ਇਕ ਵੇਲੇ ਉਹੋ ਹੀ ਰੁੱਤ ਵਰਤਦੀ ਹੈ ਜਾਂ ਫ਼ਰਕ ਹੈ? ਕੀ ਸਭ ਗ੍ਰਹਿਾਂ ਦੇ ਉੱਪਰ ਰੁੱਤਾਂ ਵਾਪਰਦੀਆਂ ਹਨ ਜਾਂ ਨਹੀਂ?

ਸਾਡੀ ਧਰਤੀ ਗੋਲ ਹੈ ਤੇ ਸੂਰਜ ਦੁਆਲੇ ਘੁੰਮਦੀ ਹੈ ਤੇ ਨਾਲ-ਨਾਲ ਹੀ ਸਾਡੀ ਧਰਤੀ ਆਪਣੀ (ਧੁਰੀ) ਰੀੜ-ਰੇਖਾ Axis ਦੁਆਲੇ ਵੀ ਉਲਾਰਵੀਂ ਹੋ ਕੇ ਝੁਕ ਕੇ ਘੁੰਮਦੀ ਹੈ। ਇਹ ਉਲਾਰ ਤੇ ਝੁਕਾਅ ਹੀ ਹੈ ਖ਼ਾਸ ਕਾਰਨ, ਜਿਸ ਕਰਕੇ ਸਾਡੀ ਧਰਤੀ ਉੱਪਰ ਰੁੱਤਾਂ ਵਾਪਰਦੀਆਂ ਹਨ। ਜੇ ਸਾਡੀ ਧਰਤੀ ਗੋਲ ਨਾ ਹੁੰਦੀ ਤਾਂ ਇਹ ਰੁੱਤਾਂ ਵਾਪਰਨੀਆਂ ਸੰਭਵ ਨਹੀਂ ਸੀ ਹੋਣੀਆਂ। ਸਾਡੀ ਧਰਤੀ ਉੱਪਰ ਗਰਮ ਗਰਮੀਆਂ ਤੇ ਠੰਢੀਆਂ ਸਰਦੀਆਂ ਸਾਡੀ ਧਰਤੀ ਦੀ ਧੁਰੀ ਰੀੜ-ਰੇਖਾ Axis ਦੇ ਉਲਾਰ, ਝੁਕਾਅ ਕਰਕੇ ਹੀ ਹੁੰਦੀਆਂ ਹਨ। ਸਾਡੀ ਧਰਤੀ ਦਾ ਇਹ ਉਲਾਰ 23.5 ਡਿਗਰੀ ਸੂਰਜ ਗ੍ਰਹਿ ਪਥ ਪੱਧਰੇ ਸਮਤਲ ਦੀ ਤਰ੍ਹਾਂ ਹੈ।

ਇਹ ਝੁਕਾਅ ਛੇ ਮਹੀਨੇ ਸੂਰਜ ਵੱਲ ਨੂੰ ਹੁੰਦਾ ਹੈ ਗਰਮੀ ਰੁੱਤ ਆਦਿ ਤੇ ਛੇ ਮਹੀਨੇ ਇਹ ਝੁਕਾਅ ਉਲਾਰ ਸੂਰਜ ਤੋਂ ਪਰ੍ਹੇ ਵੱਲ ਨੂੰ ਝੁਕਣ ਕਰਕੇ ਹੁੰਦਾ ਹੈ ਸਰਦੀ ਰੁੱਤ ਆਦਿ। ਇਹ ਸਾਲ ਭਰ ਦਾ ਧਰਤੀ ਦਾ ਤਕਰੀਬਨ ਗੋਲ-ਦਾਇਰੀ ਚੱਕਰ ਸਾਢੇ ਤੇਈ ਡਿਗਰੀ ਅਨੁਸਾਰ ਹੀ ਵਾਪਰਦਾ ਹੈ। ਸਾਲ ਦੇ ਵਿਚ ਵੱਖਰੇ-ਵੱਖਰੇ ਸਮਿਆਂ ਤੇ ਸਾਡੀ ਧਰਤੀ ਉੱਪਰ ਵੱਖਰੇ-ਵੱਖਰੇ ਥਾਵਾਂ ਉੱਪਰ ਸੂਰਜ ਦੀਆਂ ਕਿਰਣਾਂ ਸਿੱਧੀਆਂ ਪੈਂਦੀਆਂ ਹਨ। ਸਾਡੀ ਧਰਤੀ ਉੱਪਰ ਸੂਰਜ ਦੀਆਂ ਕਿਰਣਾਂ ਦਾ ਪ੍ਰਕਾਸ਼ ਵੱਖਰੇ-ਵੱਖਰੇ ਇਲਾਕਿਆਂ ਦੇਸ਼ਾਂ ਵਿਚ ਘੱਟ ਜਾਂ ਵੱਧ ਪੈਣ ਕਰਕੇ ਰੁੱਤਾਂ ਵਿਚ ਤਬਦੀਲੀ ਆਉਂਦੀ ਹੈ ਜਿਵੇਂ-ਜਿਵੇਂ ਸਾਡੀ ਧਰਤੀ ਸੂਰਜ ਵੱਲ ਨੂੰ ਜਾਂ ਸੂਰਜ ਤੋਂ ਪਰ੍ਹੇ ਵੱਲ ਨੂੰ ਝੁਕ ਕੇ ਨਿਵਦੀ ਹੈ।

ਉਤਰੀ ਅਰਧ ਗੋਲੇ Northern Hemisphere ਵਿਖੇ ਗਰਮੀ ਦੀ ਰੁੱਤ ਸਮੇਂ ਸਾਡੀ ਧਰਤੀ ਦੀ ਧੁਰੀ ਦਾ ਝੁਕਾਅ ਉਲਾਰ ਸੂਰਜ ਵੱਲ ਨੂੰ ਹੁੰਦਾ ਹੈ। ਸਾਡੀ ਧਰਤੀ ਦੀ ਧੁਰੀ ਦੇ ਉਲਾਰ ਝੁਕਾਅ ਨੂੰ ਸਾਇੰਸਦਾਨਾਂ ਨੇ ਅਬਲਿਕਿਟੀ Obliquity ਦਾ ਨਾਮ ਦਿੱਤਾ ਹੈ ਜਿਸ ਦਾ ਮਤਲਬ ਤ੍ਰਿਛਾਪਣ ਹੈ। ਦੱਖਣੀ ਅਰਧਗੋਲੇ Southern Hemisphere ਵਿਖੇ ਰੁੱਤਾਂ ਦਾ ਛੇ ਮਹੀਨੇ ਦਾ ਫ਼ਰਕ ਹੁੰਦਾ ਹੈ। ਭਾਵ ਵੱਖਰੀਆਂ ਵੱਖਰੀਆਂ ਰੁੱਤਾਂ ਹੁੰਦੀਆਂ ਹਨ। ਇਹ ਉਤਰੀ ਅਰਧਗੋਲਾ ਤੇ ਦੱਖਣੀ ਅਰਧਗੋਲਾ ਭੂਮੱਧ-ਰੇਖਾ Equator ਦੇ ਉਤਰ ਤੇ ਦੱਖਣ ਵੱਲ ਦੇ ਹਿੱਸਿਆਂ ਨੂੰ ਨਿਰੂਪਣ ਕਰਕੇ ਪ੍ਰਸਤੁਤ ਕਰਦੇ ਹਨ। ਜਿਵੇਂ ਇੰਗਲੈਂਡ ਵਿਖੇ ਗਰਮੀ ਦੇ ਮੌਸਮ ਸਮੇਂ ਆਸਟ੍ਰੇਲੀਆ ਵਿਚ ਸਰਦੀ ਦਾ ਮੌਸਮ ਹੁੰਦਾ ਹੈ। ਇੰਗਲੈਂਡ ਤੇ ਆਸਟ੍ਰੇਲੀਆ ਦੇ ਸਮੇਂ (ਟਾਈਮ) ਦਾ ਆਪਸ ਵਿਚ 12 ਘੰਟੇ ਦਾ ਫ਼ਰਕ ਹੈ। ਜੇ ਇਕ ਦੇਸ਼ ਵਿਚ ਦਿਨ ਦੇ 10 ਵਜੇ ਹਨ ਤਾਂ ਦੂਜੇ ਵਿਚ ਰਾਤ ਦੇ 10 ਵਜੇ ਹਨ।

ਧਰਤੀ ਗੋਲ ਹੈ ਤੇ ਘੁੰਮਦੀ ਹੈ ਇਸ ਨੂੰ ਦ੍ਰਿੜਤਾ ਨਾਲ ਇਟਲੀ ਦੇ ਬਹੁਪੱਖੀ ਮਹਾਂ-ਵਿਦਵਾਨ ਗੈਲੀਲੇਓ Galileo ਨੇ ਆਖਿਆ ਸੀ। ਗੈਲੀਲੇਓ ਨੇ ਆਪਣੀਆਂ ਲਿਖਤਾਂ ਤੇ ਖੋਜਾਂ ਨਾਲ ਕੁਦਰਤੀ ਫ਼ਲਸਫ਼ੇ ਤੋਂ ਸਾਇੰਸ ਦਾ ਇਨਕਲਾਬ ਲਿਆਉਣ ਵਿਚ ਕੇਂਦਰੀ ਭੂਮਿਕਾ ਨਿਭਾਈ। ਗੈਲੀਲੇਓ ਦੀ ਉਸ ਸਮੇਂ ਦੇ ਈਸਾਈਅਤ ਧਰਮ ਦੇ ਮੁਖੀਆਂ ਵੱਲੋਂ ਬਹੁਤ ਵਿਰੋਧਤਾ ਹੋਈ ਉਸ ਦੀਆਂ ਲਿਖਤਾਂ ਉੱਪਰ ਪਾਬੰਦੀ ਲਗਾ ਦਿੱਤੀ ਗਈ ਤੇ ਉਸ ਉੱਪਰ ਧਰਮ-ਵਿਰੋਧੀ Heresy ਦਾ ਇਲਜ਼ਾਮ ਲਗਾ ਕੇ ਉਸ ਨੂੰ ਘਰ ਵਿਚ ਹੀ ਪੱਕੀ ਸਦਾ ਲਈ ਨਜ਼ਰਬੰਦੀ House arrest ਦੀ ਸਜ਼ਾ ਦਿੱਤੀ ਗਈ ਕਿਉਂਕਿ ਉਸ ਸਮੇਂ ਦੀ ਬਾਈਬਲ ਅਨੁਸਾਰ ਉਸ ਦੇ ਕਹੇ ਬੋਲ ਪੂਰੇ ਨਹੀਂ ਸੀ ਉਤਰਦੇ। ਕਿਉਂਕਿ ਉਸ ਸਮੇਂ ਦੀ ਬਾਈਬਲ ਵਿਚ ਲਿਖਿਆ ਹੋਇਆ ਸੀ ਕਿ ਧਰਤੀ ਇਕ ਥਾਂ 'ਤੇ ਪੱਕੀ ਖੜ੍ਹੀ ਹੈ ਤੇ ਧਰਤੀ ਦਰਮਿਆਨ ਵਿਚ ਹੈ ਤੇ ਸੂਰਜ ਇਸ ਦੁਆਲੇ ਘੁੰਮਦਾ ਹੈ ਜਦ ਕਿ ਗੈਲੀਲੇਓ ਦੀ ਖੋਜ Heliocentric ਸੂਰਜ ਕੇਂਦਰੀ ਸੀ ਤੇ ਧਰਤੀ ਦੇ ਘੁੰਮਣ ਦੀ ਗੱਲ ਗੈਲੀਲੇਓ ਕਰਦਾ ਸੀ।

ਈਸਾਈਅਤ ਦੇ ਮੁਖੀਆਂ ਨੇ ਇਹ ਹਵਾਲੇ ਦੇ ਕੇ PSALM 93.1, 96.10 ਅਤੇ 1 Chronicles 16.30 Which include text starting saying that 'The world is firmly established, it can not be moved in the same manner PSALM 104.5 Says "The Lord set the Earth on its foundations, it can never be moved" Further Ecclesiastes 1.5 States that "and the Sun rises and sets and returns to its place".

ਬਾਕੀ ਦੀ ਰਹਿੰਦੀ ਜ਼ਿੰਦਗੀ ਗੈਲੀਲੇਓ ਨੇ ਘਰ ਨਜ਼ਰਬੰਦੀ House arrest ਵਿਚ ਹੀ ਬਿਤਾਈ ਤੇ ਇਸ ਸਮੇਂ ਉਸ ਨੇ ਦੋ ਕਿਤਾਬਾਂ ਲਿਖੀਆਂ, ਜਿਨ੍ਹਾਂ ਨੂੰ ਬਹੁਤ ਮਹਾਨ ਮੰਨਿਆ ਗਿਆ ਹੈ। ਬਹੁਤ ਪ੍ਰਮੁੱਖ ਸਾਇੰਸਦਾਨਾਂ (ਆਇਨਸਟਾਈਅਨ) ਵਰਗਿਆਂ ਵੱਲੋਂ ਵੀ। ਇਹ ਦੋ ਨਵੀਆਂ ਸਾਇੰਸਾਂ ਨੂੰ Kinematics ਗਤੀ-ਵਿਗਿਆਨ ਤੇ Strengths of Materials ਪਦਾਰਥਕ, ਭੌਤਿਕ ਸ਼ਕਤੀ। ਜ਼ਿੰਦਗੀ ਦੇ ਆਖਰੀ 9 ਸਾਲ 1633-1642 ਮੌਤ ਤੱਕ ਗੈਲੀਲੇਓ ਘਰ ਵਿਚ ਨਜ਼ਰਬੰਦ ਰਿਹਾ।

ਸਾਢੇ ਤਿੰਨ ਸਦੀਆਂ ਬਾਅਦ 20 ਅਕਤੂਬਰ 1992 ਨੂੰ Pope John Paul II ਰੋਮਨ ਕੈਥੋਲਿਕ ਮੁਖੀ ਵੱਲੋਂ ਗੈਲੀਲੇਓ ਉਪਰ ਕੀਤੇ ਅਤਿਆਚਾਰ, ਸਖ਼ਤੀਆਂ ਤੇ ਤੰਗੀ ਦੀ ਮੁਆਫ਼ੀ ਮੰਗੀ ਤੇ ਉਸ ਦੇ ਕੀਤੇ ਕੰਮਾਂ ਨੂੰ ਸਰਾਹਿਆ ਤੇ ਉਸ ਦਾ ਬੁੱਤ ਵੈਟੀਕਨ ਵਿਚ ਲਾਉਣ ਦੀ ਵੀ ਗੱਲ ਕੀਤੀ ਪਰ ਮਹੀਨੇ ਕੁ ਬਾਅਦ ਵਿਚ ਹੀ ਇਸ ਤੋਂ ਨਾਂਹ ਕਰ ਦਿੱਤੀ ਗਈ।

ਗੈਲੀਲੇਓ ਨੇ ਬਹੁਤ ਨਵੀਆਂ ਖੋਜਾਂ ਦੁਨੀਆਂ ਸਾਹਮਣੇ ਲਿਆਂਦੀਆਂ, ਪਰ ਜ਼ਿਆਦਾਤਰ ਕਰਕੇ ਟੈਲੀਸਕੋਪ ਤੇ ਜੁਪੀਟਰ Jupiter ਦੇ ਚਾਰ ਵੱਡੇ ਚੰਦ੍ਰਮਾਵਾਂ ਦੀ ਖੋਜ ਵੀ ਗੈਲੀਲੇਓ ਨੇ ਕੀਤੀ ਸੀ। ਗੈਲੀਲੇਓ ਨੇ ਭੌਤਿਕਵਾਦੀ, ਖਗੋਲ ਵਿਗਿਆਨ ਤੇ ਗਣਿਤ ਵਿੱਦਿਆ ਦੀਆਂ ਕਈ ਖੋਜਾਂ ਤੇ ਫਲਸਫੇ ਦੁਨੀਆਂ ਦੇ ਸਾਹਮਣੇ ਲਿਆਂਦੇ।

ਬਹੁਤ ਸਾਰੇ ਧਾਰਮਿਕ ਗ੍ਰੰਥ ਰਹਿਬਰਾਂ ਨੇ ਆਪ ਨਹੀਂ ਲਿਖੇ, ਉਨ੍ਹਾਂ ਦੇ ਚੇਲਿਆਂ, ਸ਼ਰਧਾਲੂਆਂ ਨੇ ਉਨ੍ਹਾਂ ਦੀ ਬਾਣੀ ਕਲਾਮ ਨੂੰ ਜ਼ੁਬਾਨੀ ਯਾਦ ਕਰ ਲਿਆ ਤੇ ਕਈ ਗ੍ਰੰਥ ਤਾਂ ਕਈ ਦਹਾਕੇ ਜਾਂ ਸਦੀ ਬਾਅਦ ਲਿਖੇ ਗਏ, ਜਿਸ ਕਰਕੇ ਕੁਝ ਵਿਚੋਂ ਗੁਆਚ ਗਿਆ ਤੇ ਕੁਝ ਵਿਚ ਵਾਧੂ ਰਲ ਗਿਆ ਤੇ ਅਸਲੀ ਰੂਪ ਅਲੋਪ ਹੋ ਗਏ। ਇੱਕੋ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਜੋ ਆਪ ਗੁਰੂ ਸਾਹਿਬ ਜੀ ਨੇ ਬਾਣੀ ਗਾ ਕੇ ਉਚਾਰੀ, ਉਪ੍ਰੰਤ ਆਪ ਹੀ ਲਿਖੀ ਤੇ ਭਗਤ ਬਾਣੀ ਵੀ ਆਪ ਜੀ ਨੇ ਪ੍ਰਾਪਤ ਕਰਕੇ ਸ਼ਾਮਲ ਕੀਤੀ। ਸਤਿਗੁਰੂ ਜੀ ਨੇ ਸ਼ਬਦਾਂ ਵਿਚ ਤਿੰਨ ਗਿਣਤੀਆਂ ਨਾਲ ਲਿਖੀਆਂ, ਤਾਂ ਕਿ ਕੋਈ ਘਟਾ ਵਧਾ ਤੇ ਰਲਾ ਨਾ ਸਕੇ। ਸਤਿਗੁਰੂ ਜੀ ਦੇ ਫ਼ੁਰਮਾਨ ਹਨ ਕਿ ਇਹ ਬਾਣੀ ਅਕਾਲ ਪੁਰਖ ਦੀ ਹੈ ਤੇ ਧੁਰ ਤੋਂ ਆਈ ਹੈ। ਫ਼ੁਰਮਾਨ ਹਨ :

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ
ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥ (ਅੰਗ ੩੦੮)
ਧੁਰ ਕੀ ਬਾਣੀ ਆਈ ਤਿਨਿ ਸਗਲੀ ਚਿੰਤ ਮਿਟਾਈ॥ (ਅੰਗ ੬੨੭)
ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥
(ਅੰਗ ੭੨੨)
ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥ (ਅੰਗ ੪੪੨)

ਫ਼ੁਰਮਾਨ ਬਹੁਤ ਹਨ ਜਿਨ੍ਹਾਂ ਵਿਚ ਸਤਿਗੁਰੂ ਜੀ ਨੇ ਫ਼ੁਰਮਾਇਆ ਹੈ ਕਿ ਸੱਚੀ ਬਾਣੀ ਅਕਾਲ ਪੁਰਖ ਦੀ ਤਮਾਮ ਜੀਵਾਂ ਦੇ ਭਲੇ ਵਾਸਤੇ ਆਈ ਹੈ ਤੇ ਇਸੇ ਕਰਕੇ ਹੀ ਇਸ ਬਾਣੀ ਨੂੰ ਗੁਰੂ ਪਦ ਪ੍ਰਾਪਤ ਹੈ ਜੋ ਕਿ ਹੋਰ ਕਿਸੇ ਗ੍ਰੰਥ ਦੇ ਹਿੱਸੇ ਨਹੀਂ ਆਇਆ। ਬਿਨਾਂ ਕਿਸੇ ਕਿਸਮ ਦੇ ਵਿਤਕਰੇ ਦੇ ਹੀ ਇਹ ਧੁਰ ਕੀ ਬਾਣੀ ਜਗਤ ਗੁਰੂ ਅਖਵਾਉਣ ਦਾ ਮਾਣ ਰੱਖਦੀ ਹੈ ਤੇ ਹਮੇਸ਼ਾ ਕਾਇਮ ਰਹੇਗੀ। ਕਰਤਾ ਪੁਰਖ ਜੀ ਦੇ ਬਾਣੀ ਵਿਚ ਜੋ ਬਚਨ ਸਤਿਗੁਰੂ ਜੀ ਨੇ ਆਖੇ ਹਨ ਸਾਇੰਸਦਾਨ ਵੀ ਮੰਨਦੇ ਹਨ ਤੇ ਸਤਿਗੁਰੂ ਜੀ ਤੋਂ ਅਗਵਾਈ ਪ੍ਰਾਪਤ ਕਰਦੇ ਹਨ। ਬਹੁਤ ਖੋਜਾਂ ਲਈ ਜਿਵੇਂ ਕਿ ਸਤਿਗੁਰੂ ਜੀ ਨੇ ਫ਼ੁਰਮਾਇਆ ਹੈ ਕਿ :

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥
(ਅੰਗ ੧੦੩੫)

ਸਾਇੰਸਦਾਨ ਹੁਣ ਤਸਦੀਕ ਕਰਦੇ ਹਨ, ਮੰਨਦੇ ਹਨ ਕਿ ਸ੍ਰਿਸ਼ਟੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਧੁੰਦ ਗੁਬਾਰ ਹੀ ਸੀ।

ਸਾਡੀ ਧਰਤੀ ਦੇ ਸਭ ਦੇਸ਼ਾਂ ਵਿਚ ਇਕ ਸਮੇਂ ਇੱਕੋ ਹੀ ਰੁੱਤ ਨਹੀਂ ਹੁੰਦੀ ਜੈਸਾ ਕਿ ਇੰਗਲੈਂਡ ਤੇ ਆਸਟ੍ਰੇਲੀਆ ਦੀ ਉਦਾਹਰਣ ਦਿੱਤੀ ਗਈ ਹੈ। ਹੁਣ ਜੋ ਨੇੜੇ ਦੇ ਗ੍ਰਹਿ ਹਨ ਧਰਤੀ ਦੇ ਉਨ੍ਹਾਂ ਬਾਰੇ ਗੱਲ ਕਰਾਂਗੇ ਕਿ ਉਥੇ ਰੁੱਤਾਂ ਵਾਪਰਦੀਆਂ ਹਨ ਕਿ ਨਹੀਂ?

ਚੰਦਰਮਾ (ਸੋਮਵਾਰ) Moon

ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ ॥ (ਅੰਗ ੧੦੯੯)

ਪ੍ਰਭੂ ਦੀ ਜੋਤਿ ਤਾਂ ਹਰ ਥਾਂ ਸਮਾਈ ਹੋਈ ਹੈ ਮੌਜੂਦ ਹੈ, ਜਿਵੇਂ ਪਾਣੀ ਦੇ ਘੜਿਆਂ ਵਿਚ ਚੰਦਰਮਾ ਦਾ ਪ੍ਰਤਿਬਿੰਬ ਹੈ।

ਚੰਦਰਮਾ ਸਾਡੀ ਧਰਤੀ Earth ਦਾ ਪ੍ਰਕਿਰਤਕ ਤੇ ਕੁਦਰਤੀ ਉਪਗ੍ਰਹਿ ਹੈ। ਸਾਇੰਸਦਾਨ, ਚੰਦਰਮਾ ਨੂੰ ਧਰਤੀ ਦੇ ਟਕਰਾ ਤੋਂ ਪੈਦਾ ਹੋਇਆ ਮੰਨਦੇ ਹਨ, ਇਸ ਲਈ ਚੰਦਰਮਾ ਧਰਤੀ ਦੁਆਲੇ ਘੁੰਮਦਾ ਹੈ। ਚੰਦਰਮਾ ਅੰਡਾਕਾਰ Oval ਵਿਚ ਧਰਤੀ ਦੁਆਲੇ

ਈਸਾਈਅਤ ਦੇ ਮੁਖੀਆਂ ਨੇ ਇਹ ਹਵਾਲੇ ਦੇ ਕੇ PSALM 93.1, 96.10 ਅਤੇ 1 Chronicles 16.30 Which include text starting saying that 'The world is firmly established, it can not be moved in the same manner PSALM 104.5 Says "The Lord set the Earth on its foundations, it can never be moved" Further Ecclesiastes 1.5 States that "and the Sun rises and sets and returns to its place".

ਬਾਕੀ ਦੀ ਰਹਿੰਦੀ ਜ਼ਿੰਦਗੀ ਗੈਲੀਲੇਓ ਨੇ ਘਰ ਨਜ਼ਰਬੰਦੀ House arrest ਵਿਚ ਹੀ ਬਿਤਾਈ ਤੇ ਇਸ ਸਮੇਂ ਉਸ ਨੇ ਦੋ ਕਿਤਾਬਾਂ ਲਿਖੀਆਂ, ਜਿਨ੍ਹਾਂ ਨੂੰ ਬਹੁਤ ਮਹਾਨ ਮੰਨਿਆ ਗਿਆ ਹੈ। ਬਹੁਤ ਪ੍ਰਮੁੱਖ ਸਾਇੰਸਦਾਨਾਂ (ਆਇਨਸਟਾਈਨ) ਵਰਗਿਆਂ ਵੱਲੋਂ ਵੀ। ਇਹ ਦੋ ਨਵੀਆਂ ਸਾਇੰਸਾਂ ਨੂੰ Kinematics ਗਤੀ-ਵਿਗਿਆਨ ਤੇ Strengths of Materials ਪਦਾਰਥਕ, ਭੌਤਿਕ ਸ਼ਕਤੀ। ਜ਼ਿੰਦਗੀ ਦੇ ਆਖਰੀ 9 ਸਾਲ 1633-1642 ਮੌਤ ਤੱਕ ਗੈਲੀਲੇਓ ਘਰ ਵਿਚ ਨਜ਼ਰਬੰਦ ਰਿਹਾ।

ਸਾਢੇ ਤਿੰਨ ਸਦੀਆਂ ਬਾਅਦ 20 ਅਕਤੂਬਰ 1992 ਨੂੰ Pope John Paul II ਰੋਮਨ ਕੈਥੋਲਿਕ ਮੁਖੀ ਵੱਲੋਂ ਗੈਲੀਲੇਓ ਉਪਰ ਕੀਤੇ ਅਤਿਆਚਾਰ, ਸਖ਼ਤੀਆਂ ਤੇ ਤੰਗੀ ਦੀ ਮੁਆਫ਼ੀ ਮੰਗੀ ਤੇ ਉਸ ਦੇ ਕੀਤੇ ਕੰਮਾਂ ਨੂੰ ਸਰਾਹਿਆ ਤੇ ਉਸ ਦਾ ਬੁੱਤ ਵੈਟੀਕਨ ਵਿਚ ਲਾਉਣ ਦੀ ਵੀ ਗੱਲ ਕੀਤੀ ਪਰ ਮਹੀਨੇ ਕੁ ਬਾਅਦ ਵਿਚ ਹੀ ਇਸ ਤੋਂ ਨਾਂਹ ਕਰ ਦਿੱਤੀ ਗਈ।

ਗੈਲੀਲੇਓ ਨੇ ਬਹੁਤ ਨਵੀਆਂ ਖੋਜਾਂ ਦੁਨੀਆਂ ਸਾਹਮਣੇ ਲਿਆਂਦੀਆਂ, ਪਰ ਜ਼ਿਆਦਾਤਰ ਕਰਕੇ ਟੈਲੀਸਕੋਪ ਤੇ ਜੁਪੀਟਰ Jupiter ਦੇ ਚਾਰ ਵੱਡੇ ਚੰਦ੍ਰਮਾਵਾਂ ਦੀ ਖੋਜ ਵੀ ਗੈਲੀਲੇਓ ਨੇ ਕੀਤੀ ਸੀ। ਗੈਲੀਲੇਓ ਨੇ ਭੌਤਿਕਵਾਦੀ, ਖਗੋਲ ਵਿਗਿਆਨ ਤੇ ਗਣਿਤ ਵਿੱਦਿਆ ਦੀਆਂ ਕਈ ਖੋਜਾਂ ਤੇ ਫਲਸਫੇ ਦੁਨੀਆਂ ਦੇ ਸਾਹਮਣੇ ਲਿਆਂਦੇ।

ਬਹੁਤ ਸਾਰੇ ਧਾਰਮਿਕ ਗ੍ਰੰਥ ਰਹਿਬਰਾਂ ਨੇ ਆਪ ਨਹੀਂ ਲਿਖੇ, ਉਨ੍ਹਾਂ ਦੇ ਚੇਲਿਆਂ, ਸ਼ਰਧਾਲੂਆਂ ਨੇ ਉਨ੍ਹਾਂ ਦੀ ਬਾਣੀ ਕਲਾਮ ਨੂੰ ਜ਼ੁਬਾਨੀ ਯਾਦ ਕਰ ਲਿਆ ਤੇ ਕਈ ਗ੍ਰੰਥ ਤਾਂ ਕਈ ਦਹਾਕੇ ਜਾਂ ਸਦੀ ਬਾਅਦ ਲਿਖੇ ਗਏ, ਜਿਸ ਕਰਕੇ ਕੁਝ ਵਿਚੋਂ ਗੁਆਚ ਗਿਆ ਤੇ ਕੁਝ ਵਿਚ ਵਾਧੂ ਰਲ ਗਿਆ ਤੇ ਅਸਲੀ ਰੂਪ ਅਲੋਪ ਹੋ ਗਏ। ਇੱਕੋ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਜੋ ਆਪ ਗੁਰੂ ਸਾਹਿਬ ਜੀ ਨੇ ਬਾਣੀ ਗਾ ਕੇ ਉਚਾਰੀ, ਉਪ੍ਰੰਤ ਆਪ ਹੀ ਲਿਖੀ ਤੇ ਭਗਤ ਬਾਣੀ ਵੀ ਆਪ ਜੀ ਨੇ ਪ੍ਰਾਪਤ ਕਰਕੇ ਸ਼ਾਮਲ ਕੀਤੀ। ਸਤਿਗੁਰੂ ਜੀ ਨੇ ਸ਼ਬਦਾਂ ਵਿਚ ਤਿੰਨ ਗਿਣਤੀਆਂ ਨਾਲ ਲਿਖੀਆਂ, ਤਾਂ ਕਿ ਕੋਈ ਘਟਾ ਵਧਾ ਤੇ ਰਲਾ ਨਾ ਸਕੇ। ਸਤਿਗੁਰੂ ਜੀ ਦੇ ਫ਼ੁਰਮਾਨ ਹਨ ਕਿ ਇਹ ਬਾਣੀ ਅਕਾਲ ਪੁਰਖ ਦੀ ਹੈ ਤੇ ਧੁਰ ਤੋਂ ਆਈ ਹੈ। ਫ਼ੁਰਮਾਨ ਹਨ :

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ
ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥ (ਅੰਗ ੩੦੮)
ਧੁਰ ਕੀ ਬਾਣੀ ਆਈ ਤਿਨਿ ਸਗਲੀ ਚਿੰਤ ਮਿਟਾਈ॥ (ਅੰਗ ੬੨੭)
ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥
(ਅੰਗ ੭੨੨)

ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥ (ਅੰਗ ੪੪੨)

ਫ਼ੁਰਮਾਨ ਬਹੁਤ ਹਨ ਜਿਨ੍ਹਾਂ ਵਿਚ ਸਤਿਗੁਰੂ ਜੀ ਨੇ ਫ਼ੁਰਮਾਇਆ ਹੈ ਕਿ ਸੱਚੀ ਬਾਣੀ ਅਕਾਲ ਪੁਰਖ ਦੀ ਤਮਾਮ ਜੀਵਾਂ ਦੇ ਭਲੇ ਵਾਸਤੇ ਆਈ ਹੈ ਤੇ ਇਸੇ ਕਰਕੇ ਹੀ ਇਸ ਬਾਣੀ ਨੂੰ ਗੁਰੂ ਪਦ ਪ੍ਰਾਪਤ ਹੈ ਜੋ ਕਿ ਹੋਰ ਕਿਸੇ ਗ੍ਰੰਥ ਦੇ ਹਿੱਸੇ ਨਹੀਂ ਆਇਆ। ਬਿਨਾਂ ਕਿਸੇ ਕਿਸਮ ਦੇ ਵਿਤਕਰੇ ਦੇ ਹੀ ਇਹ ਧੁਰ ਕੀ ਬਾਣੀ ਜਗਤ ਗੁਰੂ ਅਖਵਾਉਣ ਦਾ ਮਾਣ ਰੱਖਦੀ ਹੈ ਤੇ ਹਮੇਸ਼ਾ ਕਾਇਮ ਰਹੇਗੀ। ਕਰਤਾ ਪੁਰਖ ਜੀ ਦੇ ਬਾਣੀ ਵਿਚ ਜੋ ਬਚਨ ਸਤਿਗੁਰੂ ਜੀ ਨੇ ਆਖੇ ਹਨ ਸਾਇੰਸਦਾਨ ਵੀ ਮੰਨਦੇ ਹਨ ਤੇ ਸਤਿਗੁਰੂ ਜੀ ਤੋਂ ਅਗਵਾਈ ਪ੍ਰਾਪਤ ਕਰਦੇ ਹਨ। ਬਹੁਤ ਖੋਜਾਂ ਲਈ ਜਿਵੇਂ ਕਿ ਸਤਿਗੁਰੂ ਜੀ ਨੇ ਫ਼ੁਰਮਾਇਆ ਹੈ ਕਿ :

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥

(ਅੰਗ ੧੦੩੫)

ਸਾਇੰਸਦਾਨ ਹੁਣ ਤਸਦੀਕ ਕਰਦੇ ਹਨ, ਮੰਨਦੇ ਹਨ ਕਿ ਸ੍ਰਿਸ਼ਟੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਧੁੰਦ ਗੁਬਾਰ ਹੀ ਸੀ।

ਸਾਡੀ ਧਰਤੀ ਦੇ ਸਭ ਦੇਸ਼ਾਂ ਵਿਚ ਇਕ ਸਮੇਂ ਇੱਕੋ ਹੀ ਰੁੱਤ ਨਹੀਂ ਹੁੰਦੀ ਜੈਸਾ ਕਿ ਇੰਗਲੈਂਡ ਤੇ ਆਸਟ੍ਰੇਲੀਆ ਦੀ ਉਦਾਹਰਣ ਦਿੱਤੀ ਗਈ ਹੈ। ਹੁਣ ਜੋ ਨੇੜੇ ਦੇ ਗ੍ਰਹਿ ਹਨ ਧਰਤੀ ਦੇ ਉਨ੍ਹਾਂ ਬਾਰੇ ਗੱਲ ਕਰਾਂਗੇ ਕਿ ਉਥੇ ਰੁੱਤਾਂ ਵਾਪਰਦੀਆਂ ਹਨ ਕਿ ਨਹੀਂ?

ਚੰਦਰਮਾ (ਸੋਮਵਾਰ) Moon

ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ ॥ (ਅੰਗ ੧੦੯੯)

ਪ੍ਰਭੂ ਦੀ ਜੋਤਿ ਤਾਂ ਹਰ ਥਾਂ ਸਮਾਈ ਹੋਈ ਹੈ ਮੌਜੂਦ ਹੈ, ਜਿਵੇਂ ਪਾਣੀ ਦੇ ਘੜਿਆਂ ਵਿਚ ਚੰਦਰਮਾ ਦਾ ਪ੍ਰਤਿਬਿੰਬ ਹੈ।

ਚੰਦਰਮਾ ਸਾਡੀ ਧਰਤੀ Earth ਦਾ ਪ੍ਰਕਿਰਤਕ ਤੇ ਕੁਦਰਤੀ ਉਪਗ੍ਰਹਿ ਹੈ। ਸਾਇੰਸਦਾਨ, ਚੰਦਰਮਾ ਨੂੰ ਧਰਤੀ ਦੇ ਟਕਰਾ ਤੋਂ ਪੈਦਾ ਹੋਇਆ ਮੰਨਦੇ ਹਨ, ਇਸ ਲਈ ਚੰਦਰਮਾ ਧਰਤੀ ਦੁਆਲੇ ਘੁੰਮਦਾ ਹੈ। ਚੰਦਰਮਾ ਅੰਡਾਕਾਰ Oval ਵਿਚ ਧਰਤੀ ਦੁਆਲੇ

ਗ੍ਰਹਿ ਪਾਥ ਦੁਆਰਾ ਵਿਚਰਦਾ ਹੈ। ਸਾਨੂੰ ਚੰਦਰਮਾ ਦਾ ਉਹੀ ਚੇਹਰਾ ਸਦਾ ਦਿਖਾਈ ਦਿੰਦਾ ਹੈ ਕਿਉਂਕਿ ਚੰਦਰਮਾ ਧਰਤੀ ਦੁਆਲੇ ਘੁੰਮਣ ਸਮੇਂ ਆਪਣੇ ਧੁਰੇ ਦੁਆਲੇ ਵੀ ਘੁੰਮਦਾ ਹੈ। ਚੰਦਰਮਾ ਬਹੁਤ ਤੇਜ਼ ਰਫਤਾਰ ਨਾਲ ਜੋ ਕਿ 3,683 ਕਿਲੋਮੀਟਰ ਜੋ ਕਿ 2288 ਮੀਲ ਪ੍ਰਤੀ ਘੰਟੇ ਦੇ ਹਿਸਾਬ ਨਾਲ ਘੁੰਮਦਾ ਹੈ।

ਜਿੱਥੇ ਕਿ ਸਾਡੀ ਧਰਤੀ ਆਪਣੀ (ਧੁਰੀ) ਰੀੜ-ਰੇਖਾ Axis ਦੁਆਲੇ 23.5 ਡਿਗਰੀ ਉਲਰਵੀਂ ਹੋ ਕੇ ਝੁਕ ਕੇ ਘੁੰਮਦੀ ਹੈ ਪਰ ਚੰਦਰਮਾ ਸਿਰਫ 1.5 ਡਿਗਰੀ ਉਲਾਰ ਹੋ ਕੇ ਹੀ ਆਪਣੇ ਧੁਰੇ ਦੁਆਲੇ ਘੁੰਮਦਾ ਹੈ। ਇਸੇ ਕਾਰਣ ਕਰਕੇ ਚੰਦਰਮਾ ਉੱਪਰ ਰੁੱਤਾਂ ਨਹੀਂ ਵਾਪਰਦੀਆਂ। ਜੇ ਸਾਡੀ ਧਰਤੀ ਉੱਪਰ ਵੀ ਰੁੱਤਾਂ ਨਾ ਹੁੰਦੀਆਂ ਤਾਂ ਇੱਥੇ ਰਹਿਣ ਵਾਲੇ ਵਸਨੀਕਾਂ (ਮਨੁੱਖਤਾ) ਨੂੰ ਬਹੁਤ ਕਠਿਨ ਮੁਸ਼ਕਿਲਾਂ ਦਾ ਸਾਮ੍ਹਣਾ ਕਰਨਾ ਪੈਣਾ ਸੀ।

ਚੰਦਰਮਾ ਧਰਤੀ ਤੇ ਵਾਪਰਨ ਵਾਲੀਆਂ ਰੁੱਤਾਂ ਦੇ ਵਿਚ ਕੁਝ ਸਿੱਧੇ ਅਸਿੱਧੇ ਤਰੀਕਿਆਂ ਨਾਲ ਆਪਣਾ ਪ੍ਰਭਾਵ ਪਾਉਂਦਾ ਹੈ। ਸਮੁੰਦਰ ਵਿਚ ਜਵਾਰਭਾਟੇ High Tide, Low Tide ਵੀ ਚੰਦਰਮਾ ਦੀ ਖਿੱਚ ਕਰਕੇ ਤੇ ਦੂਰੀ 'ਤੇ ਨੇੜਤਾ ਕਾਰਨ ਉਤਪੰਨ ਹੁੰਦੇ ਹਨ। ਇੱਥੇ ਹੀ ਇਸ ਵਿਚਾਰ ਨੂੰ ਸੰਕੋਚਿਆ ਜਾਂਦਾ ਹੈ। ਚੰਦਰਮਾ ਬਾਰੇ ਵਿਸਥਾਰ ਸਹਿਤ ਪੜ੍ਹਨ ਲਈ ਦੇਖੋ ਮੇਰੀ ਪੁਸਤਕ 'ਸਤ ਵਾਰ'।

ਮੰਗਲਵਾਰ ਨਾਲ ਸਬੰਧਤ ਗ੍ਰਹਿ Mars

ਮੰਗਲ Mars ਉੱਪਰ ਵੀ ਰੁੱਤਾਂ ਵਾਪਰਦੀਆਂ ਹਨ। Summer, Autumn, Winter ਤੇ Spring ਗਰਮੀ ਪੱਤਝੜ ਸਰਦੀ ਬਸੰਤ ਦੇ ਨਾਲ ਨਾਲ ਦੋ ਹੋਰ ਵੀ ਰੁੱਤਾਂ ਵਾਪਰਦੀਆਂ ਮੰਨਦੇ ਹਨ ਜਿਨ੍ਹਾਂ ਦੇ ਨਾਮ Aphelion ਜੋ ਕਿ ਅਪਸੌਰ ਸੂਰਜ ਤੋਂ ਦੂਰਤਮ ਨੁਕਤਾ ਐਫੀਲਯਨ ਤੇ Perihelion ਸੂਰਜ ਦੇ ਨਜ਼ਦੀਕ ਨੇੜਲਾ ਹਿੱਸਾ ਪਰਹੀਲਯਨ ਕਰਕੇ ਜਾਣਿਆ ਜਾਂਦਾ ਹੈ। ਮੰਗਲ ਗ੍ਰਹਿ ਦਾ ਉਲਾਰ Tilt 25 ਡਿਗਰੀ ਆਪਣੇ ਧੁਰੇ Axis ਦੁਆਲੇ ਦੁਆਲੇ ਘੁੰਮਣ ਸਮੇਂ ਹੁੰਦਾ ਹੈ ਸਾਡੀ ਧਰਤੀ ਦਾ 23.5 ਡਿਗਰੀ ਹੈ। ਮੰਗਲ ਗ੍ਰਹਿ ਵਿਖੇ ਰੁੱਤਾਂ ਬਰਾਬਰ ਦਾ ਸਮਾਂ ਨਹੀਂ ਹੁੰਦੀਆਂ ਹਨ ਜਿਵੇਂ ਸਾਇੰਸਦਾਨ ਦੱਸਦੇ ਹਨ ਕਿ ਬਸੰਤ 7 ਮਹੀਨੇ, ਗਰਮੀ 6 ਮਹੀਨੇ, ਪੱਤਝੜ 5-3 ਮਹੀਨੇ ਤੇ ਸਰਦੀ 4 ਮਹੀਨੇ ਤੋਂ ਥੋੜ੍ਹਾ ਹੀ ਵੱਧ। ਗਰਮੀ ਦੇ ਮਹੀਨਿਆਂ ਵਿਚ ਵੀ ਇੱਥੇ ਠੰਢ ਮਹਿਸੂਸ ਹੁੰਦੀ ਹੈ। ਵੱਖਰੇ-ਵੱਖਰੇ ਇਲਾਕਿਆਂ ਵਿਚ ਤਾਪਮਾਨ Temprature ਵਿਚ ਕਾਫੀ ਫ਼ਰਕ ਹੈ। ਮੰਗਲ ਗ੍ਰਹਿ ਵਿਖੇ ਜਦੋਂ ਸੂਰਜ ਦੇ ਨੇੜੇ ਹੁੰਦਾ ਹੈ ਤਾਂ ਇਸ ਸਮੇਂ ਬਹੁਤ ਹੀ ਧੂੜ ਹਨੇਰੀਆਂ ਆਉਂਦੀਆਂ ਹਨ ਜਦੋਂ ਕਿ ਬਹੁਤ ਕੂੜਾ ਕਰਕਟ, ਘੱਟਾ ਖੇਹ ਉਡਦੀ ਹੈ ਤੇ ਉਸ ਸਮੇਂ ਸਾਇੰਸਦਾਨ ਕੁਝ ਵੀ ਦੇਖ ਨਹੀਂ ਸਕਦੇ ਗੁਬਾਰ ਗਰਦੇ ਕਾਰਣ। ਮੰਗਲ ਗ੍ਰਹਿ ਦਾ ਸਾਲ ਸਾਡੀ ਧਰਤੀ ਦੇ 1.88 ਸਾਲ ਦਾ ਜਾਂ ਸਾਡੀ ਧਰਤੀ ਦੇ 687 ਦਿਨਾਂ ਦਾ ਹੁੰਦਾ ਹੈ ਭਾਵ ਇਸ ਨੂੰ ਸੂਰਜ ਦੁਆਲੇ

ਘੁੰਮਣ ਲਈ ਸਾਡੀ ਧਰਤੀ ਦੇ 687 ਦਿਨ ਲੱਗਦੇ ਹਨ। ਮੰਗਲ ਗ੍ਰਹਿ ਬਾਰੇ ਹੋਰ ਵਿਸਥਾਰ ਪੜ੍ਹਨ ਲਈ ਦੇਖੋ ਮੇਰੀ ਪੁਸਤਕ 'ਸਤ ਵਾਰ'।

ਬੁੱਧਵਾਰ ਨਾਲ ਸਬੰਧਤ ਗ੍ਰਹਿ Mercury

ਬੁੱਧ ਗ੍ਰਹਿ Mercury ਗ੍ਰਹਿਾਂ ਵਿਚ ਸਭ ਤੋਂ ਛੋਟਾ ਤੇ ਸੂਰਜ ਦੇ ਸਭ ਤੋਂ ਨੇੜੇ ਹੈ। ਸੂਰਜ ਦੇ ਦੁਆਲੇ ਬੁੱਧ ਗ੍ਰਹਿ ਬਹੁਤ ਤੇਜ਼ੀ ਨਾਲ ਘੁੰਮਦਾ ਹੈ ਤੇ ਸਾਡੀ ਧਰਤੀ ਦੇ 88 ਦਿਨਾਂ ਵਿਚ ਸੂਰਜ ਦੁਆਲੇ ਚੱਕਰ ਪੂਰਾ ਕਰ ਲੈਂਦਾ ਹੈ ਪਰ ਇਹ ਸਿੱਧਾ, ਲੰਬਰੂਪ, ਖੜ੍ਹਵਾਂ ਘੁੰਮਦਾ ਹੈ ਭਾਵ ਕੋਈ ਉਲਾਰ Tilt ਨਹੀਂ ਹੈ। ਇਸੇ ਕਰਕੇ ਇੱਥੇ ਰੁੱਤਾਂ ਨਹੀਂ ਵਾਪਰਦੀਆਂ। ਬੁੱਧ ਗ੍ਰਹਿ ਦਾ ਇਕ ਦਿਨ ਸਾਡੀ ਧਰਤੀ ਦੇ 59 ਦਿਨਾਂ ਬਰਾਬਰ ਹੁੰਦਾ ਹੈ। ਬੁੱਧ ਗ੍ਰਹਿ ਬਾਰੇ ਹੋਰ ਜਾਣਕਾਰੀ ਲਈ ਪੜ੍ਹੋ ਮੇਰੀ ਪੁਸਤਕ 'ਸਤ ਵਾਰ'।

ਵੀਰਵਾਰ ਨਾਲ ਸਬੰਧਤ ਗ੍ਰਹਿ Jupiter

ਬ੍ਰਹਿਸਪਤੀ ਵਿਖੇ ਵੀ ਰੁੱਤਾਂ ਵਾਪਰਦੀਆਂ ਹਨ ਤੇ ਇੱਥੇ ਇਕ ਰੁੱਤ ਤਕਰੀਬਨ ਤਿੰਨ ਸਾਲ ਲੰਬੀ ਹੁੰਦੀ ਹੈ ਸਾਡੀ ਧਰਤੀ ਦੇ ਤਿੰਨ ਸਾਲ। ਬ੍ਰਹਿਸਪਤੀ Jupiter ਸੂਰਜ ਦੁਆਲੇ ਤਕਰੀਬਨ 12 ਸਾਲਾਂ ਵਿਚ ਘੁੰਮਦਾ ਹੈ ਤੇ ਇਸ ਦਾ ਉਲਾਰ Tilt ਸਿਰਫ 3 ਡਿਗਰੀ ਹੁੰਦਾ ਹੈ ਪਰ ਸੂਰਜ ਤੋਂ ਦੂਰ ਹੋਣ ਕਰਕੇ ਇੱਥੇ ਰੁੱਤਾਂ ਵਾਪਰਦੀਆਂ ਹਨ ਤੇ ਹੌਲੀ-ਹੌਲੀ ਬਦਲਦੀਆਂ ਹਨ। ਕਿਉਂਕਿ ਬ੍ਰਹਿਸਪਤੀ ਉਪਰ ਗੈਸਾਂ ਦੇ ਭੰਡਾਰ ਹਨ। ਇਸ ਵਜ੍ਹਾ ਕਾਰਣ ਹੋ ਸਕਦਾ ਹੈ ਕਿ ਵੱਖਰੇ-ਵੱਖਰੇ ਇਲਾਕਿਆਂ ਵਿਚ ਵੱਖਰੇ ਮੌਸਮ ਰੁੱਤਾਂ ਹੋ ਸਕਦੇ ਹਨ। ਐਸਾ ਸਾਇੰਸਦਾਨ ਸਮਝਦੇ ਤੇ ਮੰਨਦੇ ਹਨ। ਇਹ ਆਪਣੀ ਰੀੜ-ਰੇਖਾ ਦੁਆਲੇ ਤੇਜ਼ੀ ਨਾਲ ਘੁੰਮਦਾ ਹੈ ਪਰ ਸੂਰਜ ਦੁਆਲੇ ਹੌਲੀ ਘੁੰਮਦਾ ਹੈ। ਬ੍ਰਹਿਸਪਤੀ Jupiter ਆਪਣੇ ਧੁਰੇ Axis ਦੁਆਲੇ 9 ਘੰਟੇ 56 ਮਿੰਟ ਵਿਚ ਚੱਕਰ ਲਗਾ ਲੈਂਦਾ ਹੈ ਭਾਵ ਇੱਥੇ ਦਿਨ 9 ਘੰਟੇ 56 ਮਿੰਟ ਦਾ ਹੁੰਦਾ ਹੈ। ਬ੍ਰਹਿਸਪਤੀ Jupiter ਬਹੁਤ ਵੱਡਾ ਹੈ। ਸਾਡੀ ਧਰਤੀ ਵਰਗੀਆਂ 1300 ਤੋਂ ਵੀ ਵਧ ਧਰਤੀਆਂ ਇਸ ਵਿਚ ਸਮਾ ਸਕਦੀਆਂ ਹਨ। ਇਸ ਦੀ ਚੁੰਬਕੀ ਸ਼ਕਤੀ ਢਾਲ ਸਾਡੀ ਧਰਤੀ ਨਾਲੋਂ 14 ਗੁਣਾਂ ਵੱਧ ਹੈ। ਬ੍ਰਹਿਸਪਤੀ Jupiter ਵਿਖੇ ਲਾਲ ਧੱਬਾ ਜੋ ਹੈ ਉਹ ਭਿਆਨਕ ਝੱਖੜ ਹਨੇਰੀਆਂ ਦਾ ਤੂਫਾਨ ਕਈ ਸਦੀਆਂ ਤੋਂ ਲਗਾਤਾਰ ਚਲ ਰਿਹਾ ਹੈ। ਹੋਰ ਵਿਸਥਾਰ ਲਈ ਦੇਖੋ ਮੇਰੀ ਪੁਸਤਕ 'ਸਤ ਵਾਰ'।

ਸ਼ੁਕਰਵਾਰ ਨਾਲ ਸਬੰਧਤ ਗ੍ਰਹਿ Venus

ਸ਼ੁਕਰ ਗ੍ਰਹਿ Venus ਸੂਰਜ ਦੇ ਨੇੜਲਾ ਦੂਜਾ ਗ੍ਰਹਿ ਹੈ ਬੁੱਧ ਤੋਂ ਬਾਅਦ। ਇਸ ਦਾ ਉਲਾਰ Tilt ਵੀ ਬ੍ਰਹਿਸਪਤੀ ਵਾਂਗੂ 3 ਡਿਗਰੀ ਹੀ ਹੈ ਪਰ ਸੂਰਜ ਦੇ ਨੇੜੇ ਹੋਣ ਕਰਕੇ ਤੇ ਇੱਥੇ ਗੰਧਕੀ ਬੱਦਲਾਂ ਜਿਨ੍ਹਾਂ ਵਿਚ Sulfuric Acid ਸਲਫਿਊਰਿਕ ਤੇਜ਼ਾਬ ਹੈ, ਨੇ ਇਸ ਨੂੰ ਮੋਟੇ ਕੰਬਲ ਜਾਂ ਰਜਾਈ ਦੀ ਤਰ੍ਹਾਂ ਢਕਿਆ ਹੋਇਆ ਹੈ ਤੇ ਇਸ ਕਰਕੇ

ਇੱਥੇ ਤਬਦੀਲੀ ਨਹੀਂ ਵਾਪਰਦੀ ਭਾਵ ਇੱਥੇ ਰੁੱਤਾਂ ਨਹੀਂ ਵਾਪਰਦੀਆਂ। ਸ਼ੁਕਰ ਗ੍ਰਹਿ ਵੀਨਸ ਦਾ ਸਾਈਜ਼ ਸਾਡੀ ਧਰਤੀ ਤੋਂ ਸਿਰਫ 650 ਕਿਲੋਮੀਟਰ ਘੱਟ ਹੈ ਭਾਵ ਬਰਾਬਰ ਜਿਹਾ ਹੈ। ਵੀਨਸ ਆਪਣੇ ਧੁਰੇ ਤੇ ਸੂਰਜ ਦੁਆਲੇ Clockwise ਘੜੀ ਦੇ ਤਰੀਕੇ ਨਾਲ ਸੂਰਜ ਦੁਆਲੇ ਘੁੰਮਦੀ ਹੈ ਜਦ ਕਿ ਬਾਕੀ ਗ੍ਰਹਿ ਇਸ ਤੋਂ ਉਲਟ Anti Clockwise ਘੜੀ ਤੋਂ ਉਲਟ ਪਾਸੇ ਦੀ ਤਰ੍ਹਾਂ ਘੁੰਮਦੇ ਹਨ। ਇਸ ਨੂੰ ਸੂਰਜ ਦੁਆਲੇ ਘੁੰਮਣ ਲਈ ਸਾਡੀ ਧਰਤੀ ਦੇ 225 ਦਿਨ ਲੱਗਦੇ ਹਨ ਪਰ ਆਪਣੇ ਧੁਰੇ ਦੁਆਲੇ ਘੁੰਮਣ ਲਈ ਇਸ ਨੂੰ 243 ਦਿਨ ਲੱਗਦੇ ਹਨ ਜਦ ਕਿ ਸਾਡੀ ਧਰਤੀ ਇਹ 24 ਘੰਟਿਆਂ ਵਿਚ ਆਪਣੇ ਧੁਰੇ ਦੁਆਲੇ ਘੁੰਮ ਲੈਂਦੀ ਹੈ। ਇਸ ਦਾ ਭਾਵ ਹੈ ਕਿ ਇਸ ਅਜ਼ੀਬ ਤਰੀਕੇ ਨਾਲ ਵੀਨਸ ਗ੍ਰਹਿ ਦਾ ਇਕ ਸਾਲ ਉਸ ਦੇ ਇਕ ਦਿਨ ਨਾਲੋਂ ਛੋਟਾ ਹੈ। ਵੀਨਸ ਗ੍ਰਹਿ ਸਾਰੇ ਸੂਰਜੀ ਮੰਡਲ ਵਿਚ ਸਭ ਤੋਂ ਜ਼ਿਆਦਾ ਗਰਮ ਹੈ। ਇਹ ਉਬਲਦੇ ਪਾਣੀ ਤੋਂ ਪੰਜ ਗੁਣਾਂ ਜ਼ਿਆਦਾ ਗਰਮ ਹੈ ਤੇ ਇੱਥੇ Pressure ਦਬਾਉ ਵੀ ਬਹੁਤ ਹੈ। ਹੋਰ ਵਿਸਥਾਰ ਲਈ ਪੜ੍ਹੋ ਮੇਰੀ ਪੁਸਤਕ 'ਸਤ ਵਾਰ'। ਗ੍ਰਹਿਾਂ ਦੀਆਂ ਚਾਲਾਂ ਰਫਤਾਰਾਂ ਤੇ ਦਿਸ਼ਾ ਬਦਲਣ ਸਬੰਧੀ ਲਗਾਤਾਰ ਖੋਜਾਂ ਹੋ ਰਹੀਆਂ ਹਨ।

ਸ਼ਨੀਵਾਰ ਨਾਲ ਸਬੰਧਤ ਗ੍ਰਹਿ Saturn

ਸ਼ਨੀ ਗ੍ਰਹਿ Saturn ਉੱਪਰ ਵੀ ਰੁੱਤਾਂ ਬਦਲਦੀਆਂ ਹਨ। ਸ਼ਨੀਵਾਰ ਸੂਰਜ ਦੁਆਲੇ ਬਹੁਤ ਹੌਲੀ ਭਾਵ ਤਕਰੀਬਨ ਸਾਢੇ ਉਨੱਤੀ ਸਾਲਾਂ ਵਿਚ ਇਕ ਚੱਕਰ ਪੂਰਾ ਕਰਦਾ ਹੈ ਪਰ ਆਪਣੇ ਧੁਰੇ Axis ਦੁਆਲੇ ਕਾਫੀ ਤੇਜ਼ੀ ਨਾਲ ਘੁੰਮ ਜਾਂਦਾ ਹੈ ਜੋ ਕਿ 10 ਘੰਟੇ ਤੇ 42 ਕੁ ਮਿੰਟ ਲਾਉਂਦਾ ਹੈ। ਸੋ ਸ਼ਨੀ ਗ੍ਰਹਿ ਉਤੇ ਦਿਨ 10 ਘੰਟੇ ਤੇ 42 ਮਿੰਟ ਦਾ ਹੁੰਦਾ ਹੈ। ਆਪਣੇ ਧੁਰੇ ਦੁਆਲੇ ਘੁੰਮਣ ਸਮੇਂ ਇਸ ਦਾ ਉਲਾਰ Tilt 27 ਡਿਗਰੀ ਹੁੰਦਾ ਹੈ। ਇੱਥੇ ਰੁੱਤਾਂ ਤਕਰੀਬਨ ਸਾਢੇ ਸੱਤ ਕੁ ਸਾਲਾਂ ਬਾਅਦ ਬਦਲਦੀਆਂ ਹਨ। ਸ਼ਨੀ ਗ੍ਰਹਿ ਉੱਪਰ ਸਭ ਤੋਂ ਤੇਜ਼ ਹਨੇਰੀਆਂ ਚਲਦੀਆਂ ਹਨ। ਸ਼ਨੀ ਗ੍ਰਹਿ ਬ੍ਰਹਿਸਪਤੀ ਗ੍ਰਹਿ ਦੀ ਤਰ੍ਹਾਂ ਗੈਸਾਂ ਦੇ ਭੰਡਾਰਾਂ ਦਾ ਭਾਰੀ ਭਰਕਮ ਦੈਂਤ ਹੈ ਪਰ ਉਸ ਤੋਂ ਸਾਈਜ਼ ਵਿਚ ਕੁਝ ਛੋਟਾ ਹੈ। ਹੋਰ ਵਿਸਥਾਰ ਲਈ ਦੇਖੋ ਮੇਰੀ ਪੁਸਤਕ 'ਸਤ ਵਾਰ'।

ਯੂਰੇਨਸ Uranus ਅਰੁਣ/ਇੰਦਰ

ਯੂਰਨੇਸ ਸੂਰਜ ਤੋਂ ਸੱਤਵਾਂ ਗ੍ਰਹਿ ਹੈ ਤੇ ਇਸ ਨੂੰ ਸੂਰਜ ਦੁਆਲੇ ਚੱਕਰ ਲਗਾਉਣ ਲਈ ਸਾਡੀ ਧਰਤੀ ਦੇ 84 ਸਾਲ ਲੱਗਦੇ ਹਨ। ਆਪਣੇ ਧੁਰੇ ਦੁਆਲੇ ਯੂਰੇਨਸ 18 ਘੰਟਿਆਂ ਵਿਚ ਘੁੰਮ ਜਾਂਦੀ ਹੈ। ਇਸ ਦਾ ਉਲਾਰ Tilt 98 ਡਿਗਰੀ ਹੈ। ਇਸ ਗ੍ਰਹਿ 'ਤੇ ਬਹੁਤ ਠੰਢ ਪੈਂਦੀ ਹੈ। ਇੱਥੇ ਵੀ ਹਨੇਰੀਆਂ ਤੇ ਝੱਖੜ ਆਉਂਦੇ ਹਨ ਤੇ ਇਕ ਮੌਸਮ ਇੱਥੇ ਤਕਰੀਬਨ 21 ਸਾਲ ਤੱਕ ਚਲਦਾ ਹੈ ਐਸਾ ਸਾਇੰਸਦਾਨ ਸਮਝਦੇ ਹਨ। ਹੋਰ ਵਿਸਥਾਰ

ਲਈ ਦੇਖੋ ਮੇਰੀ ਪੁਸਤਕ 'ਸਤ ਵਾਰ'।

ਨੈਪਚੂਨ Neptune ਵਰੁਣ

ਇਹ ਵੀ ਯੂਰਨੇਸ ਵਾਂਗੂ ਬਰਫ ਦਾ ਦਿਓ-ਕੱਦ ਗ੍ਰਹਿ ਹੈ। ਇਹ ਸੂਰਜ ਦੁਆਲੇ ਚੱਕਰ ਲਗਾਉਣ ਲਈ ਸਾਡੀ ਧਰਤੀ ਦੇ ਤਕਰੀਬਨ 165 ਸਾਲ ਲਗਾ ਦਿੰਦਾ ਹੈ ਪਰ ਆਪਣੇ ਧੁਰੇ ਦੁਆਲੇ 16.11 ਘੰਟਿਆਂ ਵਿਚ ਘੁੰਮ ਜਾਂਦਾ ਹੈ। ਇਸ ਉਲਾਰ 28.32 ਡਿਗਰੀ ਹੈ ਤੇ ਇਕ ਮੌਸਮੀ ਰੁੱਤ ਤਕਰੀਬਨ 40 ਸਾਲ ਤੋਂ ਵੱਧ।

ਪਲੂਟੋ Pluto ਯਮ

ਇਹ ਸੂਰਜ ਦੁਆਲੇ ਗੋਲ ਚੱਕਰ ਵਿਚ ਨਹੀਂ ਘੁੰਮਦਾ ਤੇ ਇਕ ਚੱਕਰ ਪੂਰਾ ਕਰਨ ਲਈ ਸਾਡੀ ਧਰਤੀ ਦੇ 246 ਸਾਲ ਲਗਾ ਦਿੰਦਾ ਹੈ। ਪਹਿਲਾਂ ਇਸ ਨੂੰ ਨੌਵਾਂ ਗ੍ਰਹਿ ਮੰਨਦੇ ਸਨ। ਕਈ ਸਾਇੰਸਦਾਨਾਂ ਨੇ ਕਈ ਵੱਡੇ ਆਕਾਰ ਦੇ ਗ੍ਰਹਿ ਲੱਭਣ ਕਰਕੇ ਇਸ ਨੂੰ ਬੌਣਾ ਗ੍ਰਹਿ ਕਰਾਰ ਦੇ ਦਿੱਤਾ ਗਿਆ ਹੈ। ਆਪਣੇ ਧੁਰੇ ਦੁਆਲੇ ਇਹ 119.61 ਉਲਾਰ ਰਾਹੀਂ ਆਪਣੇ ਧੁਰੇ ਦੁਆਲੇ ਸਾਡੀ ਧਰਤੀ ਦੇ 6.4 ਦਿਨ ਜਾਂ 153.3 ਘੰਟੇ ਲਗਾ ਦਿੰਦਾ ਹੈ। ਇੱਥੇ ਸਾਇੰਸਦਾਨਾਂ ਦੇ ਅੰਦਾਜ਼ੇ ਅਨੁਸਾਰ ਇਕ ਮੌਸਮੀ ਰੁੱਤ ਤਕਰੀਬਨ 62 ਸਾਲ ਲੰਬੀ ਹੋਵੇਗੀ। ਕੁਝ ਹੋਰ ਜਾਣਕਾਰੀ ਲਈ ਦੇਖੋ ਮੇਰੀ ਪੁਸਤਕ 'ਸਤ ਵਾਰ'।

ਭੂਮੱਧ-ਰੇਖਾ Equator

ਇਕੁਏਟਰ (ਭੂਮੱਧ-ਰੇਖਾ) ਸਾਡੀ ਧਰਤੀ ਦੇ ਚੱਕਰ ਲਾਉਂਦੇ, ਘੁੰਮਦੇ, ਗੋਲਾਭ ਦੇ ਅੱਧ-ਵਿਚਕਾਰ ਫਰਜ਼ੀ, ਕਾਲਪਨਿਕ ਰੇਖਾ ਚੌਂਕ, ਚੁਰਾਹੇ ਦੀ ਤਰ੍ਹਾਂ ਹੈ, ਜੋ ਕਿ ਧਰੁਵ ਧਰਤੀ ਦੇ ਦੱਖਣੀ ਧੁਰੇ ਦਾ ਸਿਰਾ Southern Hemisphere ਤੇ ਉਤਰੀ ਧੁਰੇ ਦਾ ਸਿਰਾ Northern Hemisphere ਦੇ ਵਿਚਕਾਰ ਸਮਵਿਥੀ, ਸਮ-ਦੂਰਵਰਤੀ ਤੇ ਹੈ। ਇਹ ਦੋਵੇਂ ਸਿਰਿਆਂ ਨੂੰ ਬਰਾਬਰ ਵਿਚ ਤਕਸੀਮ ਕਰਦੀ ਹੈ ਤੇ ਇਹ ਇੱਥੇ ਸਿੱਧੀ ਖੜ੍ਹਵੀਂ ਹੈ ਜਿਵੇਂ ਖੰਭਾ ਗੱਡਿਆ ਹੋਵੇ। ਇਹ ਭੂਮੱਧ-ਰੇਖਾ ਤਕਰੀਬਨ 40,075 ਕਿਲੋਮੀਟਰ ਲੰਬੀ ਹੈ ਜਿਸ ਦਾ 78.7 ਪਾਣੀ ਦੇ ਆਰ-ਪਾਰ (ਸਮੁੰਦਰ) ਤੇ 21.7 ਧਰਤੀ ਉੱਪਰ ਹੈ। ਜੋਤਿਸ਼ ਵਿਦਿਆ ਵਾਲੇ ਵੀ ਇਸ ਨੂੰ ਅਰਸ਼ੀ, ਦੈਵੀ ਕਾਲਪਨਿਕ ਰੇਖਾ ਰਾਤ ਦੇ ਆਕਾਸ਼ ਮੰਡਲ ਦੁਆਰਾ ਸਵਰਗੀ ਕਾਲਪਨਿਕ ਗੋਲ ਦਾਇਰੇ ਦੀ ਤਰ੍ਹਾਂ ਪਹਿਚਾਨਦੇ ਹਨ। ਇਹ ਭੂਮੱਧ-ਰੇਖਾ ਦਾ ਵਿੱਥਕਾਰ, ਅਕਾਸ਼ਸ ਖੇਤਰ ਜ਼ੀਰੋ 0 ਡਿਗਰੀ ਹੈ। ਇੱਥੇ ਸੂਰਜ ਸਦਾ ਸਿੱਧਾ ਹੇਠਾਂ ਨੂੰ ਪੈਂਦਾ ਹੈ। ਇੱਥੇ ਸਦਾ ਸੂਰਜ ਦਿਨ ਵਿਚ 12 ਘੰਟੇ ਧੁੱਪ ਵਰਤਾਉਂਦਾ ਹੈ ਤੇ ਇੱਥੇ ਬਹੁਤ ਗਰਮੀ ਰਹਿੰਦੀ ਹੈ।

ਇੱਥੇ ਦੋ ਹੀ ਰੁੱਤਾਂ ਵਾਪਰਦੀਆਂ ਮੰਨਦੇ ਹਨ ਗਰਮੀ ਤੇ ਬਾਰਿਸ਼ ਜਾਂ ਕਹਿ ਲਵੋ ਸੁੱਕੀ ਰੁੱਤ ਤੇ ਗਿੱਲੀ ਰੁੱਤ। ਇਸ ਭੂਮੱਧ-ਰੇਖਾ ਦੇ ਨਾਲ-ਨਾਲ ਉੱਪਰ 13-14 ਦੇਸ਼ ਹਨ

ਤੇ ਇਨ੍ਹਾਂ ਦੇ ਨਾਮ ਇਵੇਂ ਹਨ - Eucador, Colombia, Brazil, Gabon, Congo, Democratic Republic of Congo, Uganda, Kenya, SaoTome and Somalia, Maldives, Indonesia and Kiribati.

ਇਨ੍ਹਾਂ ਵਿਚ 7 ਦੇਸ਼ ਅਫਰੀਕਾ ਮਹਾਂਦੀਪ ਦੇ ਹਨ ਤੇ ਤਿੰਨ ਦੱਖਣੀ ਅਮਰੀਕਾ ਤੇ ਤਿੰਨ ਟਾਪੂ (Islands) ਹਨ ਜੋ ਕਿ ਭਾਰਤੀ ਮਹਾਂਸਾਗਰ (Indian Ocean) ਤੇ ਸ਼ਾਂਤ ਮਹਾਂਸਾਗਰ (Pacific Ocean) ਵਿਖੇ ਹਨ। ਇਨ੍ਹਾਂ ਦੇਸ਼ਾਂ ਵਿਚ Maldives ਮਾਲਡੀਵਸ ਤੇ Kiribati ਕਿਰਰੀਬਾਟੀ ਦੀਆਂ ਧਰਤੀਆਂ ਨੂੰ ਭੂ-ਮੱਧ-ਰੇਖਾ ਛੂੰਹਦੀ ਨਹੀਂ ਹੈ ਸਗੋਂ ਇਨ੍ਹਾਂ ਦੇਸ਼ਾਂ ਦੇ ਪਾਣੀ ਵਿਚਦੀ ਲੰਘਦੀ ਹੈ। ਭੂਗੋਲਿਕ ਪੱਖੋਂ, ਭੂਗੋਲ ਦੀ ਦ੍ਰਿਸ਼ਟੀ ਤੋਂ ਭੂ-ਮੱਧ-ਰੇਖਾ Equator ਪੰਜ ਖਾਸ ਗੋਲ ਚੱਕਰਾਂ ਜਾਂ ਗੋਲ ਦਾਇਰਿਆਂ ਵਿਚੋਂ ਇਕ ਹੈ ਜੋ ਕਿ ਭੂ-ਚਿਤਰਾਵਲੀ Atlas ਨਕਸ਼ਾਨਾਮਿਆਂ ਵਿਖੇ ਖਾਸ ਸਥਾਨ (ਮੁਕਾਮ) ਨਿਰਧਾਰਣ ਕਰਦੇ ਹਨ। ਬਾਕੀ ਦੇ ਚਾਰ ਗੋਲ ਦਾਇਰਿਆਂ ਦੇ ਨਾਮ ਇਹ ਹਨ: ਆਰਕਟਿਕ ਸਕਰਲ Arctic Circle ਅਨਟਾਰਿਕਟਿਕ ਸਰਕਲ Antartic Circle ਅਤੇ Tropic of Cancer ਅਤੇ Tropic of Capricorn ਆਰਕਟਿਕ ਸਰਕਲ ਉਤਰੀ ਹਿਮ ਚੱਕਰ ਤੇ ਅਨਟਾਰਿਕਟਿਕ ਸਰਕਲ ਦੱਖਣੀ ਹਿਮ ਚੱਕਰ ਨੂੰ ਆਖਦੇ ਹਨ। Tropic of Cancer ਤਪਤ-ਰੇਖਾ (ਕਰਕ-ਨਛੱਤਰੀ) ਭੂ-ਮੱਧ-ਰੇਖਾ ਤੋਂ 23.5 ਡਿਗਰੀ ਉੱਤਰ ਵੱਲ ਨੂੰ ਵਿਸਤਾਰ, ਘੇਰਾ ਚੱਕਰ ਲਗਾਉਂਦੀ ਹੈ। ਇਸੇ ਤਰ੍ਹਾਂ ਹੀ Tropic of Capricorn ਤਪਤ-ਰੇਖਾ (ਮਕਰ ਰਾਸ਼ੀ ਨਛੱਤਰ) ਭੂਮੱਧ-ਰੇਖਾ ਦੇ ਦੱਖਣ ਵੱਲ ਨੂੰ ਵਿਸਤਾਰ, ਘੇਰਾ ਚੱਕਰ ਲਗਾਉਂਦੀ ਹੈ। ਇਹ ਦੋਨੋਂ ਰੇਖਾਵਾਂ 23 ਤੋਂ 27 ਡਿਗਰੀ ਤੱਕ ਹੀ ਚੱਕਰ ਬਣਾਉਂਦੀਆਂ ਹਨ। ਮਕਰ ਰਾਸ਼ੀ ਤਪਤ-ਰੇਖਾ Tropic of Capricorn ਕਈ ਦੇਸ਼ਾਂ ਤੇ ਪਾਣੀਆਂ ਵਿਚ ਦੀ ਲੰਘਦੀ ਹੈ ਇਨ੍ਹਾਂ ਵਿਚ Chile, Argentina, Paraguay, Brazil, Namibia, Botswana, South Africa, Mozambique, Madagascar, Australia, French Polynesia, Tonga ਆਦਿ ਕੁਝ ਦੇਸ਼ਾਂ ਦੇ ਨਾਮ ਹਨ ਜਿੱਥੋਂ ਇਹ ਲੰਘਦੀ ਹੈ। Tropic of Cancer ਕਰਕ ਤਪਤ-ਰੇਖਾ ਉੱਤਰ ਵੱਲ ਨੂੰ ਘੇਰਾ ਬਣਾਉਂਦੀ ਹੈ ਜਦੋਂ ਸੂਰਜ 21 ਜੂਨ ਨੂੰ ਜਦੋਂ ਇਕਦਮ ਸਿੱਧਾ ਸਿਰ ਉੱਪਰ ਹੁੰਦਾ ਹੈ 12 ਵਜੇ ਦੁਪਹਿਰ ਨੂੰ Northern Hemisphere ਉਤਰੀ ਧੁਰੇ ਦੇ ਸਿਰੇ ਵਿਖੇ ਗਰਮੀ ਦਾ ਮੌਸਮ ਸ਼ੁਰੂ ਹੁੰਦਾ ਹੈ। ਇਸੇ ਤਰ੍ਹਾਂ Equator ਭੂਮੱਧ-ਰੇਖਾ ਵਿਖੇ 21 ਦਸੰਬਰ ਨੂੰ ਸੂਰਜ Southern Hemisphere ਦੱਖਣੀ ਧੁਰੇ ਦੇ ਸਿਰੇ ਵਿਖੇ 12 ਵਜੇ ਦੁਪਹਿਰ ਨੂੰ ਇਕਦਮ ਸਿੱਧਾ ਉਪਰ ਹੁੰਦਾ ਹੈ। ਇਸ ਸਮੇਂ ਤਪਤ-ਰੇਖਾ ਮਕਰ ਰਾਸ਼ੀ ਨਛੱਤਰ ਭੂਮੱਧ-ਰੇਖਾ ਦੇ ਦੱਖਣ ਵੱਲ ਨੂੰ ਘੇਰਾ ਬਣਾਉਂਦੀ ਹੈ ਇਹ Winter ਸਰਦੀ ਦਾ ਪਹਿਲਾ ਦਿਨ ਭਾਵ ਸਰਦੀ ਦਾ ਮੌਸਮ ਸ਼ੁਰੂ ਹੁੰਦਾ ਹੈ।

ਜਿਸ ਸਮੇਂ ਦਿਨ ਦੇ 12 ਵਜੇ ਸੂਰਜ ਇਨ੍ਹਾਂ ਰੇਖਾਵਾਂ ਦੇ ਸਿੱਧਾ ਉੱਪਰ ਇਕਦਮ

ਹੁੰਦਾ ਹੈ ਤਾਂ ਇਸ ਨੂੰ Equinox ਦਾ ਨਾਮ ਦਿੱਤਾ ਗਿਆ ਹੈ। ਕਹਿੰਦੇ ਹਨ ਕਿ ਇਸ ਦਿਨ, ਦਿਨ ਤੇ ਰਾਤ ਬਰਾਬਰ 12,12 ਘੰਟਿਆਂ ਦੇ ਹੁੰਦੇ ਹਨ ਪਰ ਕਈ ਵਾਰੀ ਸੂਰਜ ਦਿਖਾਈ ਨਹੀਂ ਦਿੰਦਾ, ਕਿਉਂਕਿ ਸੂਰਜ ਦੁਮੇਲ ਮੁਖੀ ਦਿਗਮੰਡਲ ਦੇ ਹੇਠਾਂ ਹੁੰਦਾ ਹੈ। ਸਮੇਂ ਅਨੁਸਾਰ ਕੁਝ ਪਿਛਲੀਆਂ ਸਦੀਆਂ ਵਿਚ ਤਬਦੀਲੀਆਂ ਆਈਆਂ ਹਨ। Tropic of Cancer ਤਪਤ-ਰੇਖਾ (ਕਰਕ ਨਛੱਤਰੀ) ਕਈ ਦੇਸ਼ਾਂ ਤੇ ਪਾਣੀਆਂ ਵਿਚਦੀ ਲੰਘਦੀ ਹੈ। ਇਨ੍ਹਾਂ ਵਿਚ Mexico, Bahamas, Egypt, Saudi Arabia UAE, Oman, India and Southern China ਆਦਿ ਕੁਝ ਦੇਸ਼ਾਂ ਦੇ ਨਾਮ ਹਨ। ਭਾਰਤ ਵਿਖੇ ਇਹ ਕਰਕ ਨਛੱਤਰੀ ਰੇਖਾ ਅੱਠ ਪ੍ਰਾਂਤਾਂ ਵਿਚਦੀ ਲੰਘਦੀ ਹੈ, ਜਿਨ੍ਹਾਂ ਵਿਚ ਰਾਜਸਥਾਨ, ਗੁਜਰਾਤ, ਮੱਧ ਪ੍ਰਦੇਸ਼, ਛਤੀਸਗੜ੍ਹ, ਝਾਰਖੰਡ, ਪੱਛਮੀ ਬੰਗਾਲ, ਤ੍ਰਿਪੁਰਾ ਤੇ ਮੀਜ਼ੋਰਮ ਸ਼ਾਮਲ ਹਨ। ਇਹ ਸ਼ਹਿਰ ਇਨ੍ਹਾਂ ਅੱਠ ਪ੍ਰਾਂਤਾਂ ਵਿਚ ਇਸ ਰੇਖਾ ਦੇ ਨਜ਼ਦੀਕ ਹਨ। ਤਪਤ-ਰੇਖਾ ਕਰਕ 23.50 ਉਤਰ

1. ਗਾਂਧੀ ਨਗਰ	(ਗੁਜਰਾਤ)	23.10	ਉਤਰ
2. ਜੈਪੁਰ	(ਰਾਜਸਥਾਨ)	26.55	"
3. ਭੋਪਾਲ	(ਮੱਧ ਪ੍ਰਦੇਸ਼)	23.16	"
4. ਰਾਏਪੁਰ	(ਛਤੀਸਗੜ੍ਹ)	21.16	"
5. ਰਾਂਚੀ	(ਝਾਰਖੰਡ)	23.11	"
6. ਕਲਕੱਤਾ	(ਪੱਛਮੀ ਬੰਗਾਲ)	22.34	"
7. ਅਗਰਤਾਲਾ	(ਤ੍ਰਿਪੁਰਾ)	23.51	"
8. ਏਜ਼ੁਵਾਲ	(ਮੀਜ਼ੋਰਮ)	23.36	"

ਸੋ ਇਸ ਅਨੁਸਾਰ ਅਗਰਤਾਲਾ (ਤ੍ਰਿਪੁਰਾ) ਸ਼ਹਿਰ ਇਸ ਰੇਖਾ ਦੇ ਸਭ ਤੋਂ ਨਜ਼ਦੀਕ ਸ਼ਹਿਰ ਹੈ। ਬਹੁਤ ਵਿਸਥਾਰ ਕੀਤਾ ਜਾ ਸਕਦਾ ਹੈ ਪਰ ਇੱਥੇ ਹੀ ਇਸ ਮਜ਼ਮੂਨ ਨੂੰ ਸਮੇਟਿਆ ਜਾਂਦਾ ਹੈ।

ਅਸੀਂ ਪ੍ਰਮਾਤਮਾ ਦੀ ਰਹਿਮਤ ਬਖ਼ਸ਼ਿਸ਼ ਦੀ ਕਦਰ-ਕੀਮਤ ਸਮਝ ਹੀ ਨਹੀਂ ਸਕਦੇ, ਕਿਉਂਕਿ ਜੇ ਇਕ ਹੀ ਰੁੱਤ ਸਦਾ ਹੁੰਦੀ ਜਾਂ ਵਰਤਦੀ ਤਾਂ ਬਹੁਤ ਕਠਿਨ ਹੋ ਜਾਣਾ ਸੀ। ਇਸ ਤਰ੍ਹਾਂ ਸਮਝ ਲਵੋ ਕਿ ਜੇ ਸਾਰੀ ਉਮਰ ਇਕ ਹੀ ਤਰ੍ਹਾਂ ਦੀ ਦਾਲ, ਸਬਜੀ ਰੋਟੀ ਖਾਣੀ ਪੈਂਦੀ ਤਾਂ ਅਤਿ ਤਰਸਯੋਗ ਹਾਲਤ ਬਣ ਜਾਣੀ ਸੀ। ਇਕ ਰੁੱਤ ਦਾ ਵੀ ਇਵੇਂ ਹੀ ਵਰਤਾਰਾ ਹੋਣਾ ਸੀ। ਇਸੇ ਕਰਕੇ ਫ਼ੁਰਮਾਨ ਹੈ ਕਿ ਹੇ ਮਨੁੱਖ ! ਤੂੰ ਛੱਤੀ ਪ੍ਰਕਾਰ ਦੇ ਭੋਜਨ ਖਾਂਦਾ ਹੈਂ ਪ੍ਰਭੂ ਦੀ ਬਖ਼ਸ਼ਿਸ਼ ਨਾਲ ਤੂੰ ਉਸ ਪ੍ਰਭੂ ਨੂੰ ਆਪਣੇ ਮਨ ਵਿਚ ਟਿਕਾ, ਫ਼ੁਰਮਾਨ ਹੈ:

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥
ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥ (ਅੰਗ ੨੬੯)

ਛੱਤੀ ਪਦਾਰਥਾਂ ਦੀ ਲਿਸਟ ਇਵੇਂ ਹੈ ਜੀ :-

ਪੁਰਾਤਨ ਗ੍ਰੰਥਾਂ ਵਿਚ ਛੱਤੀ ਪਦਾਰਥਾਂ ਦੀ ਗਿਣਤੀ ਇਸ ਪ੍ਰਕਾਰ ਹੈ : 1) ਸਭ ਤਰ੍ਹਾਂ ਦੀਆਂ ਰੋਟੀਆਂ, 2) ਪੂਰੀਆਂ, 3) ਕਚੌਰੀਆਂ, 4) ਪੂੜੇ, 5) ਚਾਵਲ, 6) ਦਾਲਾਂ, 7) ਭੁਰਜੀਆਂ, 8) ਸਾਗ, 9) ਕੜ੍ਹੀ 9) ਵੜੀਆਂ, 10) ਸੇਵੀਆਂ, 11) ਖਿਚੜੀ, 12) ਪਕੌੜੇ, 13. ਚਟਨੀਆਂ, 14) ਅਚਾਰ, 15) ਮੁਰੱਬੇ, 16) ਬੂੰਦੀ ਦਹੀਂ, ਭੱਲੇ, 17) ਰੈਤਾ, 18) ਪਾਪੜ, 19. ਕੜਾਹ ਪ੍ਰਸਾਦਿ, 20) ਖੀਰ, 21) ਪੰਜੀਰੀ, ਕਸਾਰ, ਸੱਤੂ, 22) ਸੀਰਨੀ, ਲੱਡੂ, ਜਲੇਬੀ, 23) ਲਾਪਸੀ, 24) ਰਾਬੜੀ, 25) ਮਲਾਈ, 26) ਮਿਸਰੀ ਮੱਖਣ, 27) ਸਿਖਰਣੀ, 28) ਦੁੱਧ ਮਿਲਾਈ, ਅੰਬ ਰਸ, 29) ਦਧਿਤਕਾਰ, 30) ਕਾਂਜੀ, ਹਾਜ਼ਮੇ ਦੇ ਪਾਣੀ, 31) ਫਲ ਖੁਸ਼ਕਤਰ, 32) ਤਾਰੀ, 33) ਮੱਠੀ, ਮੱਠੇ, 34) ਫੇੜੀ, 35) ਘੇਵਰ, 36) ਚੂਰਣ ਆਦਿ।

ਰੁੱਤਾਂ ਕਿਉਂਕਿ ਦੋ-ਦੋ ਦੇਸੀ ਮਹੀਨਿਆਂ ਦੀਆਂ ਅੰਕਿਤ ਕੀਤੀਆਂ ਹੋਈਆਂ, ਬਣਾਈਆਂ ਹੋਈਆਂ ਹਨ ਤੇ ਦੇਸੀ ਮਹੀਨਿਆਂ ਬਾਰੇ ਉਪਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰਹ ਮਾਹਾ ਬਾਣੀਆਂ ਰਾਗੁ ਮਾਝ ਤੇ ਤੁਖਾਰੀ ਵਿਚ ਦਰਜ ਹਨ। ਦਸਮੇਸ਼ ਪਿਤਾ ਜੀ ਨੇ ਦਸਮ ਗ੍ਰੰਥ ਵਿਚ ਵੀ ਬਾਰਹ ਮਾਹਾ ਬਾਣੀ ਉਚਾਰਨ ਕਰਕੇ ਦਰਜ ਕੀਤੀ ਹੈ। ਸਰਬ ਲੋਹ ਗ੍ਰੰਥ ਵਿਖੇ ਵੀ ਛੇ ਰੁੱਤਾਂ ਦਾ ਵਰਨਣ ਮਿਲਦਾ ਹੈ। ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਉਚਾਰੀ ਬਾਣੀ ਵਿੱਚੋਂ ਵੀ ਉਦਾਹਰਣਾਂ, ਦ੍ਰਿਸ਼ਟਾਂਤ ਲਿਖੇ ਜਾਣਗੇ। ਗੁਰਬਾਣੀ ਵਿੱਚੋਂ ਰੁੱਤਾਂ ਬਾਰੇ ਹੋਰ ਉਪਦੇਸ਼ ਵੀ ਖੋਜਣ, ਵਿਚਾਰਨ ਦਾ ਯਤਨ ਕੀਤਾ ਜਾਵੇਗਾ।

ਕਈ ਰੁੱਤਾਂ ਦੇ ਨਾਲ ਸਬੰਧਤ ਇਤਿਹਾਸਕ ਵਾਕਿਆਤ ਤੇ ਹੋਰ ਸੰਸਾਰ ਵਿਚ ਇਨ੍ਹਾਂ ਰੁੱਤਾਂ ਬਾਰੇ ਕੀ ਮਾਨਤਾਵਾਂ ਹਨ। ਇਹ ਰੁੱਤਾਂ ਸਾਡੇ ਮਨੁੱਖੀ ਜੀਵਨ ਉੱਪਰ ਹੀ ਪ੍ਰਭਾਵ ਨਹੀਂ ਪਾਉਂਦੀਆਂ, ਸਗੋਂ ਪਸ਼ੂ ਪੰਛੀ ਤੇ ਬਨਾਸਪਤੀ ਪੌਦਿਆਂ ਉੱਪਰ ਵੀ ਆਪਣਾ ਗਹਿਰਾ ਪ੍ਰਭਾਵ ਪਾ ਕੇ ਤਬਦੀਲੀਆਂ ਲਿਆਉਂਦੀਆਂ ਹਨ। ਇਸੇ ਤਰ੍ਹਾਂ ਹੀ ਮੌਸਮ ਤੇ ਰੁੱਤਾਂ ਅਨੁਸਾਰ ਹੀ ਕਈ ਫਲ ਤੇ ਸਬਜੀਆਂ ਪ੍ਰਾਪਤ ਹੁੰਦੀਆਂ ਹਨ ਭਾਵੇਂ ਕਿ ਦੁਨੀਆਂ ਤਾਂ ਹੁਣ ਛੋਟੀ ਜਿਹੀ ਹੋ ਗਈ ਹੈ ਤੇ ਬਹੁਤ ਸਾਰੇ ਦੇਸ਼ਾਂ ਵਿਚ ਫਲ ਤੇ ਸਬਜੀਆਂ ਵਿਦੇਸ਼ਾਂ ਵਿੱਚੋਂ ਮੰਗਵਾਈਆਂ ਜਾਂਦੀਆਂ ਹਨ। ਵਿਗਿਆਨਕ ਦ੍ਰਿਸ਼ਟੀ ਤੋਂ ਵੀ ਰੁੱਤਾਂ ਨੂੰ ਪਾਰਖੂ ਕਸਵੱਟੀ ਨਾਲ ਜਾਚਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਕੀ ਕੋਈ ਰੁੱਤ ਖ਼ਾਸ ਹੈ ਜਾਂ ਚੰਗੀ ਹੈ ਦੂਜੀਆਂ ਰੁੱਤਾਂ ਨਾਲੋਂ, ਇਸ ਨੂੰ ਗੁਰਬਾਣੀ ਦੀ ਰੋਸ਼ਨੀ ਤੇ ਗਿਆਨ ਅਨੁਸਾਰ ਜਾਚਣ ਦਾ ਯਤਨ ਕੀਤਾ ਜਾਵੇਗਾ। ਹੋਰ ਧਰਮਾਂ ਦੀ

ਇਨ੍ਹਾਂ ਰੁੱਤਾਂ ਬਾਰੇ ਕੀ ਸੋਚਣੀ ਤੇ ਖ਼ਿਆਲਾਤ ਹਨ, ਇਹ ਵੀ ਜਾਨਣ ਦੀ ਕੋਸ਼ਿਸ਼ ਕੀਤੀ ਜਾਵੇਗੀ। 6 ਰੁੱਤਾਂ ਦੇ ਉਪਦੇਸ਼ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਪੰਨਾ 927 ਤੋਂ 929 ਤੱਕ ਬਿਰਾਜਮਾਨ ਕੀਤਾ ਹੋਇਆ ਮਿਲਦਾ ਹੈ। ਪਹਿਲਾਂ ਦੋ-ਦੋ ਸਲੋਕ ਹਨ ਉਪ੍ਰੰਤ ਛੰਤ ਹੈ। ਇਸ ਤਰਤੀਬ ਨਾਲ ਅੱਠ ਛੰਤ ਦਰਜ ਕੀਤੇ ਹੋਏ ਮਿਲਦੇ ਹਨ। ਪਹਿਲੇ ਦੋ ਸਲੋਕ ਤੇ ਛੰਤ ਇਨ੍ਹਾਂ ਰੁੱਤਾਂ ਬਾਰੇ ਬਾਣੀ ਦਾ ਪਰਿਚਯ ਹੈ ਤੇ ਅਖੀਰਲੇ ਦੋ ਸਲੋਕ ਤੇ ਛੰਤ ਸੰਪੂਰਨਤਾ ਤੇ ਪ੍ਰਭੂ ਜੀ ਦਾ ਧੰਨਵਾਦ ਤੇ ਵਡਿਆਈ ਦਰਜ ਹੈ। ਇਨ੍ਹਾਂ ਦੇ ਦਰਮਿਆਨ ਵਿਚ ਦੋ-ਦੋ ਸਲੋਕ ਤੇ ਛੰਤ ਹਰੇਕ ਰੁੱਤ ਬਾਰੇ ਉਪਦੇਸ਼ ਹੈ, ਇਹ ਬਾਣੀ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਉਚਾਰੀ ਹੋਈ ਹੈ। ਦੋ-ਦੋ ਦੇਸੀ ਮਹੀਨਿਆਂ ਦੀਆਂ ਛੇ ਰੁੱਤਾਂ ਹਨ।

ਪਹਿਲਾਂ ਪ੍ਰਾਰੰਭ, ਪ੍ਰਵੇਸ਼ਕਾ ਦੇ ਦੋ ਸਲੋਕ ਤੇ ਛੰਤ ਦੀ ਵੀਚਾਰ ਕਰਨ ਦਾ ਯਤਨ ਕੀਤਾ ਜਾਵੇਗਾ ਤੇ ਉਪ੍ਰੰਤ ਬਸੰਤ ਰੁੱਤ ਬਾਰੇ ਉਪਦੇਸ਼ ਫਿਰ ਆਮ, ਸਾਧਾਰਨ, ਸਮਾਜਿਕ ਤੇ ਵਿਆਪਕਤਾ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਇਸੇ ਤਰ੍ਹਾਂ ਛੇ ਰੁੱਤਾਂ ਤੇ ਸੰਪੂਰਨਤਾ ਬਾਰੇ ਬਿਆਨ ਕਰਕੇ ਨੇਪਰੇ ਚਾੜ੍ਹਨ ਦਾ ਉਪਰਾਲਾ ਕੀਤਾ ਜਾਵੇਗਾ। ਹੁਣ ਪਹਿਲਾਂ ਇਹ ਬਾਣੀ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ ਜੀ :—

ਰਾਮਕਲੀ ਮਹਲਾ ੫ ਰੁਤੀ ਸਲੋਕੁ
ੴ ਸਤਿਗੁਰ ਪ੍ਰਸਾਦਿ ॥

ਕਰਿ ਬੰਦਨ ਪ੍ਰਭ ਪਾਰਬ੍ਰਹਮ ਬਾਛਉ ਸਾਧਹ ਧੂਰਿ ॥ ਆਪੁ ਨਿਵਾਰਿ ਹਰਿ ਹਰਿ ਭਜਉ ਨਾਨਕ ਪ੍ਰਭ ਭਰਪੂਰਿ ॥ ੧ ॥ ਕਿਲਵਿਖ ਕਾਟਣ ਭੈ ਹਰਣ ਸੁਖ ਸਾਗਰ ਹਰਿ ਰਾਇ ॥ ਦੀਨ ਦਇਆਲ ਦੁਖ ਭੰਜਨੋ ਨਾਨਕ ਨੀਤ ਧਿਆਇ ॥ ੨ ॥ ਛੰਤੁ ॥ ਜਸੁ ਗਾਵਹੁ ਵਡਭਾਗੀਹੋ ਕਰਿ ਕਿਰਪਾ ਭਗਵੰਤ ਜੀਉ ॥ ਰੁਤੀ ਮਾਹ ਮੂਰਤ ਘੜੀ ਗੁਣ ਉਚਰਤ ਸੋਭਾਵੰਤ ਜੀਉ ॥ ਗੁਣ ਰੰਗਿ ਰਾਤੇ ਧੰਨਿ ਤੇ ਜਨ ਜਿਨੀ ਇਕ ਮਨਿ ਧਿਆਇਆ ॥ ਸਫਲ ਜਨਮੁ ਭਇਆ ਤਿਨ ਕਾ ਜਿਨੀ ਸੋ ਪ੍ਰਭੁ ਪਾਇਆ ॥ ਪੁੰਨ ਦਾਨ ਨ ਤੁਲਿ ਕਿਰਿਆ ਹਰਿ ਸਰਬ ਪਾਪਾ ਹੰਤ ਜੀਉ ॥ ਬਿਨਵੰਤਿ ਨਾਨਕ ਸਿਮਰਿ ਜੀਵਾ ਜਨਮ ਮਰਣ ਰਹੰਤ ਜੀਉ ॥ ੧ ॥

(ਅੰਗ ੯੨੭)

ਰੁੱਤਾਂ ਦੇ ਪ੍ਰਥਾਇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਰਾਮਕਲੀ ਰਾਗ ਵਿਚ ਇਹ ਬਾਣੀ ਉਚਾਰ ਕੇ ਉਪਦੇਸ਼ ਬਖ਼ਸ਼ਦੇ ਹਨ। ਰਾਮਕਲੀ ਰਾਗ ਵੀ ਆਪਣੇ ਆਪ ਵਿਚ

ਬਹੁਤ ਮਹਾਨਤਾ ਰੱਖਦਾ ਹੈ ਕਿਉਂਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਅਨੰਦੁ ਸਾਹਿਬ ਵੀ ਰਾਮਕਲੀ ਰਾਗ ਵਿਚ ਉਚਾਰਿਆ ਹੈ, ਜੋ ਕਿ ਸਿੱਖੀ ਜੀਵਨ ਦੇ ਸਭ ਸਮਾਗਮਾਂ ਉੱਪਰ ਪੜ੍ਹਿਆ ਗਾਇਆ ਜਾਂਦਾ ਹੈ ਤੇ ਨਿਤਨੇਮ ਦੀਆਂ ਬਾਣੀਆਂ ਵਿਚ ਵੀ ਦਰਜ ਕੀਤਾ ਗਿਆ ਹੈ। ਸਮਾਜ ਵਿਚ ਆਮ ਵਰਤਾਰਾ ਹੈ ਕਿ ਬਹੁਤ ਸਾਰੇ ਲੋਕ ਕਈ ਦਿਨਾਂ, ਮਹੀਨਿਆਂ ਤੇ ਰੁੱਤਾਂ ਨੂੰ ਦੂਜਿਆਂ ਨਾਲੋਂ ਜ਼ਿਆਦਾ ਚੰਗੇ ਤੇ ਸ਼ੁੱਭ ਮੰਨਦੇ ਹਨ। ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੋ ਬਾਰਹ ਮਾਹਾ ਦਰਜ ਕੀਤੇ ਹਨ ਜੋ ਪੰਜਵੇਂ ਪਾਤਿਸ਼ਾਹ ਜੀ ਦਾ ਮਾਝ ਰਾਗ ਤੇ ਪਹਿਲੇ ਪਾਤਿਸ਼ਾਹ ਜੀ ਦਾ ਤੁਖਾਰੀ ਰਾਗ ਵਿਚ ਉਚਾਰਿਆ ਹੋਇਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਬਾਰਹ ਮਾਹਾ ਉਚਾਰਿਆ ਹੈ ਜੋ ਕਿ ਦਸਮ ਗ੍ਰੰਥ ਵਿਚ ਮਿਲਦਾ ਹੈ। ਪੰਜਾਬੀ ਵਿਚ ਬਹੁਤ ਸਾਰੇ ਕਵੀਆਂ ਨੇ ਬਾਰਹ ਮਾਹਾ ਬਾਰੇ ਕਵਿਤਾਵਾਂ ਉਚਾਰੀਆਂ ਹਨ, ਇਨ੍ਹਾਂ ਪੰਜਾਬੀ ਕਵੀਆਂ ਦੇ ਬਾਰਹ ਮਾਹਾ ਦੀ ਗਿਣਤੀ ਸੌ ਤੋਂ ਵੀ ਕਾਫੀ ਉੱਪਰ ਹੈ। ਇਹ ਦੇਸੀ ਮਹੀਨੇ, ਰੁੱਤਾਂ ਮਨੁੱਖੀ ਜੀਵਨ 'ਤੇ ਬਹੁਤ ਪ੍ਰਭਾਵ ਪਾਉਂਦੀਆਂ ਹਨ। ਇਸ ਲਈ ਵਿਦਵਾਨ ਕਵੀਆਂ ਨੇ ਸਮਾਜਿਕ ਕਵਿਤਾ ਵਿਚ ਇਨ੍ਹਾਂ ਤਬਦੀਲੀਆਂ ਨੂੰ ਵਰਨਣ ਕੀਤਾ ਹੈ।

ਗੁਰੂ ਸਾਹਿਬ ਜੀ ਸਾਨੂੰ ਸਭ ਦਿਨਾਂ, ਮਹੀਨਿਆਂ ਤੇ ਰੁੱਤਾਂ ਨੂੰ ਸਫਲ ਤੇ ਭਾਗਸ਼ਾਲੀ ਬਣਾਉਣ ਲਈ ਪਵਿੱਤਰ ਉਪਦੇਸ਼ ਬਖ਼ਸ਼ਦੇ ਹਨ। ਰੁਤੀ ਸਲੋਕ ਉਚਾਰਨ ਤੋਂ ਪਹਿਲਾਂ ਮੰਗਲ ਕਰਦੇ ਹਨ ਕਿ ਉਹ ਪ੍ਰਮਾਤਮਾ ਇਕ ਹੈ ਤੇ ਉਹ ਸਤਿਗੁਰੂ ਜੀ ਦੀ ਬਖ਼ਸ਼ਿਸ਼ ਤੇ ਰਹਿਮਤ ਨਾਲ ਮਿਲਦਾ ਹੈ।

ਪਹਿਲੇ ਸਲੋਕ ਵਿਚ ਉਪਦੇਸ਼ ਹੈ : ਮੈਂ ਉਸ ਪ੍ਰਭੂ ਨੂੰ ਝੁਕ ਕੇ ਨਮਸਕਾਰ ਕਰਕੇ ਉਨ੍ਹਾਂ ਪ੍ਰਭੂ ਪਿਆਰਿਆਂ ਦੀ ਸੰਗਤ ਤੇ ਧੂੜੀ ਲੋਚਦਾ ਹਾਂ ਜਿਨ੍ਹਾਂ ਨੇ ਆਪਣੇ ਜੀਵਨ ਨੂੰ ਸਾਧ ਲਿਆ ਹੈ। ਐਸੇ ਸੰਤ ਜਨਾਂ, ਗੁਰਸਿੱਖਾਂ ਦੀ ਸੰਗਤ ਤੇ ਧੂੜੀ ਦੀ ਬਰਕਤ ਨਾਲ ਮੈਂ ਹਉਮੈ ਛੱਡ ਕੇ ਉਸ ਸਰਬ-ਵਿਆਪਕ ਪ੍ਰਭੂ ਜੀ ਨੂੰ ਮੈਂ ਬਾਰ-ਬਾਰ ਮਨ ਕਰ ਕੇ, ਬਚਨਾਂ ਕਰਕੇ ਜਪਾਂ ਤੇ ਉਸ ਦਾ ਸਿਮਰਨ ਕਰਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੋਰ ਉਪਦੇਸ਼ ਵਿਚ ਵੀ ਐਸੀ ਮੰਗ ਹੈ :

ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥ (ਅੰਗ ੧੪੨੪)

ਦੂਜੇ ਸਲੋਕ ਵਿਚ ਉਸ ਰਾਜਾ ਰੂਪ ਪ੍ਰਭੂ ਜੀ ਦੇ ਗੁਣ ਵਖਿਆਣ ਕਰਦੇ ਹਨ ਕਿ ਉਹ ਪ੍ਰਭੂ ਸਾਰੇ ਪਾਪਾਂ ਨੂੰ ਕੱਟਣ ਵਾਲਾ ਤੇ ਡਰ ਤੋਂ ਛੁਟਕਾਰਾ ਦਿਵਾਉਣ ਵਾਲਾ ਹੈ। ਉਹ ਪ੍ਰਭੂ ਸੁਖਾਂ ਦਾ ਅਥਾਹ ਸਾਗਰ ਹੈ ਤੇ ਗਰੀਬਾਂ ਉੱਪਰ ਦਇਆ ਕਰਕੇ ਉਨ੍ਹਾਂ ਦੇ ਦੁੱਖ ਨਾਸ ਕਰਦਾ ਹੈ, ਐਸੇ ਪ੍ਰਭੂ ਨੂੰ ਨਿੱਤ ਧਿਆਉਣਾ ਕਰੋ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਵੀ ਐਸੇ ਉਪਦੇਸ਼ ਹਨ ਕਿ ਉਸ ਪ੍ਰਭੂ ਦੇ ਗੁਣ ਗਾਉਣ ਨਾਲ ਪਾਪ ਉਤਰ ਜਾਂਦੇ ਹਨ ਭਾਵ ਕੱਟੇ ਜਾਂਦੇ ਹਨ:

ਕਿਲਵਿਖ ਸਭੇ ਉਤਰਹਿ ਨੀਤ ਨੀਤ ਗੁਣ ਗਾਉ ॥ (ਅੰਗ ੫੨੨)

ਛੰਤ ਵਿਚ ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਹੇ ਵਡਭਾਗੀ ਜੀਵੋ ! ਪ੍ਰਭੂ ਦਾ ਜਸ ਗਾਉਣਾ ਕਰੋ ਤੇ ਉਹ ਪ੍ਰਭੂ ਕਿਰਪਾ ਕਰੇਗਾ। ਪ੍ਰਭੂ ਦਾ ਜਸ ਕਰਨ ਨਾਲ ਰੁੱਤਾਂ, ਮਹੀਨੇ, ਮਹੂਰਤ ਤੇ ਘੜੀਆਂ (ਇਕ ਘੜੀ ਸਾਢੇ ਬਾਈ ਮਿੰਟ ਦੀ ਹੁੰਦੀ ਹੈ ਤੇ ਇਕ ਪਹਿਰ (ਤਿੰਨ ਘੰਟੇ) ਵਿਚ ਅੱਠ ਘੜੀਆਂ ਤੇ ਅੱਠ ਪਹਿਰਾਂ ਵਿਚ 64 ਘੜੀਆਂ ਹੁੰਦੀਆਂ ਹਨ) ਭਗਤ ਕਬੀਰ ਜੀ ਵੀ ਇਹ ਜ਼ਿਕਰ ਕਰਦੇ ਹਨ :

ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ ॥ (ਅੰਗ ੧੩੭੭)

ਖੁਸ਼ਕਿਸਮਤ ਤੇ ਸੁਲਖਣੀਆਂ ਸ਼ੋਭਾ ਵਾਲੀਆਂ ਹੋ ਜਾਂਦੀਆਂ ਹਨ ਜੋ ਵਾਹਿਗੁਰੂ ਦੇ ਗੁਣ ਪਿਆਰ ਵਿਚ ਭਿੱਜ ਕੇ ਇਕਾਗਰ ਚਿੱਤ ਹੋ ਕੇ ਉਚਾਰਦੇ ਹਨ। ਉਹ ਧੰਨ ਹਨ। ਐਸੇ ਪਿਆਰੇ ਪ੍ਰਭੂ ਨੂੰ ਪਿਆਰ ਸਹਿਤ ਗਾ ਕੇ ਪ੍ਰਾਪਤ ਕਰ ਲੈਂਦੇ ਹਨ ਤੇ ਆਪਣਾ ਮਨੁੱਖਾ ਜਨਮ ਸਫਲ (ਫਲ ਸਹਿਤ) ਕਰ ਲੈਂਦੇ ਹਨ। ਪੁੰਨ, ਦਾਨ ਤੇ ਪਰਉਪਕਾਰ ਆਦਿ ਕਰਮ ਨਾਮ ਜਪਣ ਦੇ ਬਰਾਬਰ ਨਹੀਂ ਹਨ। ਪ੍ਰਭੂ ਦਾ ਨਾਮ ਸਭ ਪਾਪਾਂ ਨੂੰ ਨਾਸ ਕਰਨ ਵਾਲਾ ਹੈ। ਫ਼ੁਰਮਾਨ ਹੈ :

ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖੵਾਦੰ ॥
ਮਿਟੰਤ ਸਗਲ ਸਿਮਰੰਤ ਹਰਿ ਨਾਮ
ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ ॥ (ਅੰਗ ੧੩੫੫)

ਉਸ ਜਨਮ ਮਰਣ ਤੋਂ ਮੁਕਤ ਪ੍ਰਭੂ ਦਾ ਸਿਮਰਨ ਕਰਨ ਦੇ ਨਾਲ ਜਨਮ ਮਰਨ ਦਾ ਤੌਖਲਾ ਡਰ ਮੁੱਕ ਜਾਂਦਾ ਹੈ। ਪ੍ਰਭੂ ਦੇ ਗੁਣ ਸਾਵਧਾਨਤਾ ਨਾਲ ਇਕਾਗਰ ਚਿੱਤ ਹੋ ਕੇ ਗਾਉਣ ਨਾਲ ਉਨ੍ਹਾਂ ਨੂੰ ਕੋਈ ਫ਼ਰਕ ਹੀ ਨਹੀਂ ਪ੍ਰਤੀਤ ਹੁੰਦਾ, ਕਿਉਂਕਿ ਐਸੇ ਪਿਆਰੇ ਗੁਰਮੁਖਾਂ ਨੇ ਮਰਨ ਤੋਂ ਬਾਅਦ ਵੀ ਪ੍ਰਭੂ ਚਰਨਾਂ ਵਿਚ ਹੀ ਪਹੁੰਚਣਾ ਹੁੰਦਾ ਹੈ ਤੇ ਇੱਥੇ ਵੀ ਉਸ ਪ੍ਰਭੂ ਦੇ ਚਰਨਾਂ ਨਾਲ ਜੁੜੇ ਹੋਏ ਹਨ। ਐਸੀ ਅਵਸਥਾ ਨੂੰ ਇਸ ਫ਼ੁਰਮਾਨ ਵਿਚ ਅੰਕਿਤ ਕੀਤਾ ਹੈ ਸਤਿਗੁਰੂ ਜੀ ਨੇ :

ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥ (ਅੰਗ ੨੧)

ਸੋ ਇਸ ਸਾਰੇ ਉਪਦੇਸ਼ ਦਾ ਸਾਰੰਸ਼ ਇਹ ਹੈ ਕਿ ਜੇ ਅਸੀਂ ਸਾਰੀਆਂ ਰੁੱਤਾਂ ਮਹੀਨਿਆਂ ਤੇ ਦਿਨਾਂ ਨੂੰ ਸ਼ੁੱਭ ਤੇ ਸ਼ਾਂਤਮਈ ਬਣਾਉਣਾ ਲੋਚਦੇ ਹਾਂ ਤੇ ਜਨਮ ਮਰਣ ਦਾ ਗੇੜਾ ਖ਼ਤਮ ਕਰਨਾ ਚਾਹੁੰਦੇ ਹਾਂ ਤਾਂ ਪ੍ਰਭੂ ਦਾ ਨਾਮ ਸਿਮਰਨ ਕਰਨਾ ਚਾਹੀਦਾ ਹੈ ਤੇ ਪ੍ਰਭੂ ਕੋਲ ਬੇਨਤੀ ਕਰੋ ਕਿ ਉਹ ਆਪਣੇ ਪਿਆਰਿਆਂ ਸੰਤਾਂ ਦੀ ਸੰਗਤ ਬਖ਼ਸ਼ੇ, ਜਿਸ ਨਾਲ ਨਾਮ ਸਿਮਰਨ ਕਰਨ ਦਾ ਚਾਅ ਪੈਦਾ ਹੁੰਦਾ ਹੈ।

ਸਰਸ ਬਸੰਤ ਰੁੱਤ

ਮਹੀਨੇ - ਚੇਤ-ਵੈਸਾਖ

ਸਲੋਕ ॥

ਉਦਮੁ ਅਗਮੁ ਅਗੋਚਰੋ ਚਰਨ ਕਮਲ ਨਮਸਕਾਰ ॥ ਕਥਨੀ ਸਾ ਤੁਧੁ ਭਾਵਸੀ ਨਾਨਕ ਨਾਮ ਅਧਾਰ ॥ ੧ ॥ ਸੰਤ ਸਰਣਿ ਸਾਜਨ ਪਰਹੁ ਸੁਆਮੀ ਸਿਮਰਿ ਅਨੰਤ ॥ ਸੂਕੇ ਤੇ ਹਰਿਆ ਥੀਆ ਨਾਨਕ ਜਪਿ ਭਗਵੰਤ ॥ ੨ ॥ ਛੰਤੁ ॥ ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ ॥ ਹਰਿ ਜੀਉ ਨਾਹੁ ਮਿਲਿਆ ਮਉਲਿਆ ਮਨੁ ਤਨੁ ਸਾਸੁ ਜੀਉ ॥ ਘਰਿ ਨਾਹੁ ਨਿਹਚਲੁ ਅਨਦੁ ਸਖੀਏ ਚਰਨ ਕਮਲ ਪ੍ਰਫੁਲਿਆ ॥ ਸੁੰਦਰੁ ਸੁਘੜੁ ਸੁਜਾਣੁ ਬੇਤਾ ਗੁਣ ਗੋਵਿੰਦ ਅਮੁਲਿਆ ॥ ਵਡਭਾਗਿ ਪਾਇਆ ਦੁਖੁ ਗਵਾਇਆ ਭਈ ਪੂਰਨ ਆਸ ਜੀਉ ॥ ਬਿਨਵੰਤਿ ਨਾਨਕ ਸਰਣਿ ਤੇਰੀ ਮਿਟੀ ਜਮ ਕੀ ਤ੍ਰਾਸ ਜੀਉ ॥ ੨॥ (ਅੰਗ ੯੨੭)

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਅਕਾਲ ਪੁਰਖ ਜੀ ਨੂੰ ਸੰਬੋਧਨ ਕਰਦੇ ਹਨ ਕਿ ਹੇ ਪ੍ਰਭੂ ਜੀ ! ਤੁਸੀਂ ਉੱਦਮ ਸਾਕਾਰ ਰੂਪ, ਅਪਹੁੰਚ, ਅਸੀਮ ਤੇ ਅਨੰਤ ਹੋ, ਆਪ ਜੀ ਦੇ ਕਮਲ ਵਾਂਗ ਸੋਹਣੇ ਪਵਿੱਤਰ ਚਰਨਾਂ ਵਿਖੇ ਨਮਸਕਾਰ ਹੈ। ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਉਹ ਹੀ ਬੋਲ ਆਪ ਜੀ ਨੂੰ ਭਾਉਂਦੇ ਹਨ, ਜਿਨ੍ਹਾਂ ਦੁਆਰਾ ਸਾਨੂੰ ਨਾਮ ਦਾ ਆਸਰਾ ਤੱਕਣ ਦੀ ਪ੍ਰੇਰਨਾ ਤੇ ਉਤਸ਼ਾਹ ਮਿਲੇ। ਪ੍ਰਭੂ ਜੀ ਨੂੰ ਉੱਦਮ ਦੀ ਪ੍ਰਾਪਤੀ ਲਈ ਬੇਨਤੀ ਰੂਪ ਸ਼ਬਦ ਮਿਲਦੇ ਹਨ। ਫ਼ੁਰਮਾਨ ਹੈ :

ਉਦਮੁ ਕਰਉ ਕਰਾਵਹੁ ਠਾਕੁਰ ਪੇਖਤ ਸਾਧੂ ਸੰਗਿ ॥
ਹਰਿ ਹਰਿ ਨਾਮੁ ਚਰਾਵਹੁ ਰੰਗਨਿ ਆਪੇ ਹੀ ਪ੍ਰਭ ਰੰਗਿ ॥ (ਅੰਗ ੪੦੫)

ਗੁਰੂ ਸਾਹਿਬ ਜੀ ਜਾਚਕਾਂ ਨੂੰ ਸੰਬੋਧਨ ਕਰਕੇ ਆਖਦੇ ਨੇ—ਹੇ ਸੱਜਣੋਂ ਮਿੱਤਰੋ ! ਗੁਰੂ-ਸੰਤ ਦੀ ਸ਼ਰਨ ਵਿਚ ਪਨਾਹ ਲੈ ਕੇ ਉਸ ਅਣਗਿਣਤਤਾ, ਬੇਸ਼ੁਮਾਰ ਤੇ ਅਸੀਮ ਪ੍ਰਭੂ ਦਾ ਚਿੰਤਨ ਕਰੋ ਤੇ ਐਸਾ ਕਰਨ ਨਾਲ ਤਾਂ ਸੁੱਕੇ ਭੀ ਹਰੇ ਭਰੇ ਹੋ ਜਾਂਦੇ ਹਨ। ਹੋਰ ਸ਼ਬਦਾਂ ਵਿਚ ਵੀ ਐਸੇ ਪ੍ਰਭੂ ਨੂੰ ਸਿਮਰ ਕੇ ਹਰੇ ਭਰੇ ਹੋਣ ਦੀ ਗਵਾਹੀ ਮਿਲਦੀ ਹੈ :

ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ ॥
ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ ॥ (ਅੰਗ ੧੧੯੩)

ਗੁਰੂ ਸਾਹਿਬ ਜੀ ਛੰਤ ਵਿਚ ਫ਼ੁਰਮਾਉਂਦੇ ਹਨ ਕਿ ਬਸੰਤ ਦੀ ਰੁੱਤ ਰਸ ਵਾਲੀ ਤੇ ਇਸ ਰੁੱਤ ਦੇ ਦੇਸੀ ਮਹੀਨੇ ਚੇਤ ਵੈਸਾਖ ਭਲੇ ਸੁਹਾਵਣੇ ਤੇ ਸੁਖ ਭਰਪੂਰ ਹਨ। ਬਾਰਹ ਮਾਹਾ ਮਾਝ ਰਾਗ ਤੇ ਤੁਖਾਰੀ ਵਿਚ ਵੀ ਵਿਜੋਗਣ ਵੱਲੋਂ ਪਿਆਰੇ ਨੂੰ ਘਰ ਆਉਣ ਦੀਆਂ ਬੇਨਤੀਆਂ ਦਾ ਵਰਨਣ ਹੈ, ਚੇਤ ਤੇ ਵੈਸਾਖ ਮਹੀਨਿਆਂ ਨੂੰ ਭਲਾ ਆਖਿਆ ਹੈ :

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ ॥ (ਅੰਗ ੧੧੦੭)
ਵੈਸਾਖੁ ਭਲਾ ਸਾਖਾ ਵੇਸ ਕਰੇ ॥
ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥ (ਅੰਗ ੧੧੦੮)

ਜਿਸ ਵਡਭਾਗਣ ਨੂੰ ਪ੍ਰਭੂ-ਪਤੀ ਦਾ ਮਿਲਾਪ ਹੋ ਜਾਂਦਾ ਹੈ ਉਸ ਦੇ ਮਨ, ਸਰੀਰ ਤੇ ਸਾਹਾਂ ਉੱਪਰ ਖੇੜਾ ਖੁਸ਼ਬੋ ਤੇ ਨਿਖਾਰ ਆ ਜਾਂਦਾ ਹੈ। ਜਿਸ ਹਿਰਦੇ ਘਰ ਵਿਚ ਹੇ ਸਹੇਲੀਏ ! ਅਚੱਲ ਪਭੂ ਜੀ ਹੋਣ ਉਥੇ ਪਰਮ ਸੁਖ ਵਸ ਆਉਂਦਾ ਹੈ ਤੇ ਪ੍ਰਭੂ ਜੀ ਦੇ ਚਰਨਾਂ ਦੀ ਬਦੋਲਤ ਸਭ ਪਾਸੇ ਪ੍ਰਫੁੱਲਤਾ ਤੇ ਵਿਸਥਾਰ ਵਰਤ ਜਾਂਦਾ ਹੈ। ਉਹ ਪ੍ਰਭੂ ਰੂਪਵੰਤ, ਹੁਸੀਨ ਤੇ ਸੁਚੱਜਾ ਹੈ ਤੇ ਸਭ ਕੁਝ ਜਾਨਣ ਵਿਚ ਨਿਪੁੰਨ ਹੈ, ਉਸ ਦੇ ਗੁਣਾਂ ਦੀ ਕੀਮਤ ਨਹੀਂ ਪਾਈ ਜਾ ਸਕਦੀ। ਜਿਸ ਜੀਵ-ਇਸਤ੍ਰੀ ਨੂੰ ਚੰਗੀ ਕਿਸਮਤ ਨਾਲ ਉਹ ਪ੍ਰਭੂ ਮਿਲ ਜਾਂਦਾ ਹੈ ਉਸ ਦੀਆਂ ਸਭ ਆਸਾਂ ਪੂਰਨ ਹੋ ਜਾਂਦੀਆਂ ਹਨ ਤੇ ਦੁੱਖ ਮਿਟ ਜਾਂਦੇ ਹਨ। ਗੁਰੂ ਸਾਹਿਬ ਜੀ ਉਚਾਰਦੇ ਹਨ ਕਿ ਹੇ ਪ੍ਰਭੂ ਜੀ ! ਤੁਹਾਡੀ ਸ਼ਰਨ, ਪਨਾਹਗਾਹ ਵਿਖੇ ਆ ਜਾਣ ਨਾਲ ਮੌਤ ਦਾ ਡਰ ਸਹਿਮ ਵੀ ਖ਼ਤਮ ਹੋ ਜਾਂਦਾ ਹੈ।

ਬਸੰਤ ਰੁੱਤ : ਆਮ, ਸਾਧਾਰਣ, ਸਮਾਜਿਕ ਤੇ ਵਿਆਪਕਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਰੁੱਤ ਪ੍ਰਤੀ ਉਪਦੇਸ਼ :

ਬਸੰਤ ਰੁੱਤ ਛੇ ਰੁੱਤਾਂ ਦੇ ਵਿੱਚੋਂ ਇਕ ਰੁੱਤ ਹੈ ਜੋ ਕਿ ਹਿਮਕਰ ਬਰਫਾਨੀ ਰੁੱਤ ਤੋਂ ਬਾਅਦ ਤੇ ਗਰਮੀ ਰੁੱਤ ਤੋਂ ਪਹਿਲਾਂ ਆਉਂਦੀ ਹੈ। ਹਰੇਕ ਸਭਿਆਚਾਰ ਦੇ ਵਾਯੂਮੰਡਲ, ਵਾਤਾਵਰਣ ਦੇ ਵੱਖਰੇ-ਵੱਖਰੇ ਰੀਤੀ ਰਿਵਾਜ ਹਨ ਪਰ ਬਸੰਤ ਰੁੱਤ ਦੀ ਪਰਿਭਾਸ਼ਾ ਦੇ ਵਿਸ਼ਲੇਸ਼ਣ ਜ਼ਿਆਦਾਤਰ ਪੁਨਰ-ਜਨਮ, ਕਾਇਆ ਕਲਪ, ਨਵੀਂਕਰਣ ਪੁਨਰ-ਜੀਵਨ ਤੇ ਨਵੇਂ ਸਿਰਿਓਂ ਬਹਾਲ ਕਰਨਾ ਤੇ ਮੁੜ ਸਥਾਪਿਤ ਕਰਨਾ ਆਦਿ ਵਰਨਣ ਕੀਤੇ ਜਾਂਦੇ ਹਨ। ਭਾਵੇਂ ਵੱਖਰੇ-ਵੱਖਰੇ ਇਲਾਕਿਆਂ ਤੇ ਦੇਸ਼ਾਂ ਵਿਚ ਇਸ ਦੇ ਨਾਮ ਅਲੱਗ-ਅਲੱਗ ਹੋ ਸਕਦੇ ਹਨ। ਇਸ ਬਸੰਤ ਦੀ ਰੁੱਤ ਵਿਚ ਦਿਨ ਵਧਦੇ ਹਨ ਭਾਵ ਸੂਰਜ ਘੱਟ ਤੋਂ ਘੱਟ ਬਾਰ੍ਹਾਂ ਘੰਟੇ ਲਈ ਦਿਖਾਈ ਦਿੰਦਾ ਹੈ ਤੇ ਹੋਰ ਵਧਦਾ ਰਹਿੰਦਾ ਹੈ, ਕਿਉਂਕਿ ਧਰਤੀ ਦੇ ਧੁਰੇ ਦਾ ਉਲਾਰ ਸੂਰਜ ਵੱਲ ਨੂੰ ਵਧਦਾ ਹੈ।

ਹਿਮਕਰ ਰੁੱਤ ਦੀ ਬਰਫਾਨੀ ਠੰਢ ਤੋਂ ਉਪ੍ਰੰਤ ਹਵਾ ਤੇ ਧਰਤੀ ਦਾ ਤਾਪਮਾਨ ਵਧਣ ਲੱਗ ਪੈਂਦਾ ਹੈ ਤੇ ਕੋਰਾ ਕੱਕਰ ਤੇ ਪਾਲਾ ਖ਼ਤਮ ਹੋਣ ਨਾਲ ਦਿਨ ਸੁਹਾਵਣੇ ਪ੍ਰਤੀਤ ਹੁੰਦੇ ਹਨ। ਬਹੁਤ ਸਾਰੇ ਪੌਦਿਆਂ ਨੂੰ ਫੁੱਲ ਖਿੜਨ ਲੱਗ ਪੈਂਦੇ ਹਨ ਤੇ ਭੌਰੇ ਫੁੱਲਾਂ ਉੱਪਰ ਗੂੰਜਾਰ ਪਾਉਂਦੇ ਹਨ। ਕੋਇਲ ਵੀ ਅੰਬਾਂ ਉੱਪਰ ਬੈਠੀ ਮਿੱਠੇ ਤੇ ਮਧੁਰ ਬੋਲ ਬੋਲਦੀ ਹੈ। ਗੁਰਬਾਣੀ ਵਿਚ ਫ਼ੁਰਮਾਨ ਹੈ :

ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ ॥
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ ॥
ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ ॥

(ਅੰਗ ੧੧੦੮)

ਪਰ ਪ੍ਰਭੂ-ਪਤੀ ਤੋਂ ਵਿਛੜੀ ਜੀਵ-ਇਸਤਰੀ ਨੂੰ ਵਿਛੋੜੇ ਦੀ ਬਿਰਹਾ ਸਤਾਉਂਦੀ ਹੈ ਤੇ ਉਸ ਪ੍ਰਭੂ ਦੇ ਘਰ ਆਉਣ ਨਾਲ ਹੀ ਅਨੰਦ ਪ੍ਰਾਪਤ ਹੁੰਦਾ ਹੈ। ਭਾਈ ਗੁਰਦਾਸ ਜੀ ਵੀ ਬਸੰਤ ਰੁੱਤ ਵਿਚ ਅੰਬਾਂ ਵਿਚ ਫੁੱਲਣ ਦੀ ਤੇ ਕੋਇਲ ਦੀ ਸਾਖੀ ਭਰਦੇ ਹਨ :

ਮਉਲੇ ਅੰਬ ਬਸੰਤ ਰੁੱਤ ਅਉੜੀਂ ਅੱਕ ਸੁ ਫੁਲੀਂ ਭਰਿਆ ॥
ਅੰਬ ਨ ਲੱਗੈ ਖੱਖੜੀ ਅੱਕ ਨ ਲੱਗੈ ਅੰਬ ਅਫਰਿਆ ॥
ਕਾਈ ਕੋਇਲ ਅੰਬ ਵਣਿ ਅੱਕ ਤਿਡ ਚਿਤ ਮਿਤਾਲਾ ਹਰਿਆ ॥

(ਵਾਰ ੩੧, ਪਉੜੀ ੮)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਸੰਤ ਰੁੱਤ ਬਾਰੇ ਬਹੁਤ ਸਾਰੇ ਉਪਦੇਸ਼ ਹਨ। ਗੁਰੂ ਸਾਹਿਬਾਨਾਂ ਤੇ ਭਗਤਾਂ ਨੇ ਜ਼ਿਆਦਾਤਰ ਬਸੰਤ ਬਾਰੇ ਉਪਦੇਸ਼ ਬਸੰਤ ਰਾਗ ਵਿਚ ਹੀ ਗਾਇਨ ਕਰਕੇ ਵਰਨਣ ਕੀਤੇ ਹਨ। ਬਸੰਤ ਰਾਗ ਦੀ ਬਹੁਤ ਮਹਾਨਤਾ ਹੈ। ਜੈਸਾ ਕਿ ਬਹੁਤ ਪੁਰਾਤਨ ਰੀਤ ਹੈ ਜੋ ਕਿ ਵਿਦਵਾਨਾਂ ਤੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੇ ਗ੍ਰੰਥੀ ਸਾਹਿਬਾਨ ਨਾਲ ਵਿਚਾਰ ਵਟਾਂਦਰਾ ਕਰਦਿਆਂ ਹੋਇਆਂ ਪਤਾ ਲੱਗੀ ਹੈ। ਸ੍ਰੀ ਦਰਬਾਰ ਸਾਹਿਬ ਜੀ ਵਿਖੇ ਪੋਹ ਮਹੀਨੇ ਦੀ ਆਖਰੀ ਰਾਤ (ਲੋਹੜੀ) ਨੂੰ ਸ਼ਾਮ ਨੂੰ 8.55 ਸਮੇਂ ਆਨੰਦ ਸਾਹਿਬ ਜੀ ਦੇ ਛੇ ਪਉੜੀਆਂ ਦਾ ਗਾਇਨ ਕਰਕੇ ਅਰਦਾਸ ਕੀਤੀ ਜਾਂਦਾ ਹੈ। ਅਰਦਾਸੀਆ ਸਿੰਘ ਬਸੰਤ ਰਾਗ ਦੀ ਆਰੰਭਤਾ ਲਈ ਅਰਦਾਸ ਕਰਦਾ ਹੈ। ਉਪ੍ਰੰਤ ਰਾਗੀ ਜਥਾ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਉਚਾਰਨ ਕੀਤਾ ਹੋਇਆ ਸ਼ਬਦ :

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥
ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ ॥ ੧ ॥ (ਅੰਗ ੧੧੬੮)

ਦਾ ਗਾਇਨ ਕਰਦਾ ਹੈ। ਉਪ੍ਰੰਤ ਪ੍ਰਸ਼ਾਦਿ ਵਰਤਾਇਆ ਜਾਂਦਾ ਹੈ। ਅਗਲੇ ਦਿਨ (ਮਾਘੀ) ਤੋਂ ਸਵੇਰੇ ਤੋਂ ਸਾਰੇ ਰਾਗੀ ਜਥੇ ਪਹਿਲਾਂ ਬਸੰਤ ਰਾਗ ਵਿਚ ਮੰਗਲ ਕਰਦੇ

(ਗਾਉਂਦੇ) ਹਨ ਤੇ **ਬਸੰਤ ਕੀ ਵਾਰ ਮਹਲੁ ੫** ਦੀਆਂ ਤਿੰਨ ਪਉੜੀਆਂ (ਇਸ ਵਾਰ ਦੀਆਂ ਤਿੰਨ ਪਉੜੀਆਂ ਹੀ ਹਨ) ਦਾ ਗਾਇਨ ਕਰਨਾ ਜ਼ਰੂਰੀ ਹੁੰਦਾ ਹੈ। ਭਾਵੇਂ ਸਾਰੀਆਂ ਇਕੱਠੀਆਂ ਨਾ ਗਾਈਆਂ ਜਾਣ, ਆਮ ਤੌਰ 'ਤੇ ਰਾਗੀ ਜਥੇ ਸ਼ੁਰੂਆਤ ਵੇਲੇ ਪਹਿਲੀ ਪਉੜੀ ਹਾਜ਼ਰੀ ਦੇ ਦਰਮਿਆਨ ਵਿਚ ਦੂਜੀ ਪਉੜੀ ਤੇ ਸੰਪੂਰਨਤਾ ਸਮੇਂ ਤੀਜੀ ਪਉੜੀ ਦਾ ਗਾਇਨ ਤੇ ਫਿਰ ਉਚਾਰਨ ਕਰਦੇ ਹਨ, ਆਸਾ ਦੀ ਵਾਰ ਦੀਆਂ ਪਉੜੀਆਂ ਦੀ ਤਰ੍ਹਾਂ। ਇਹ ਸਿਲਸਿਲਾ ਮਰਿਆਦਾ ਸ੍ਰੀ ਗੁਰੂ ਅਰਜਨ ਦੇਵ ਜੀ ਸਾਹਿਬ ਜੀ ਦੇ ਸਮੇਂ ਤੋਂ ਚਲੀ ਆ ਰਹੀ ਦੱਸੀ ਜਾਂਦੀ ਹੈ ਤੇ ਹੋਲੇ ਮਹੱਲੇ ਵਾਲੇ ਦਿਨ ਆਸਾ ਦੀ ਵਾਰ ਦੌਰਾਨ ਅਰਦਾਸ ਕਰਕੇ ਬਸੰਤ ਰਾਗ ਦੇ ਗਾਇਨ ਦੀ ਸਮਾਪਤੀ ਕੀਤੀ ਜਾਂਦੀ ਹੈ। ਭਾਵੇਂ ਦਰੱਖਤਾਂ, ਪੌਦਿਆਂ ਦੇ ਉਪਰ ਕੁਝ ਨਵੀਆਂ ਕਰੂੰਬਲਾ ਪ੍ਰਗਟ ਹੋਣ ਲਗ ਪੈਂਦੀਆ ਹਨ ਪਰ ਕਈ ਵਾਰੀ ਜ਼ਿਆਦਾ ਠੰਡ, ਕੋਹਰਾ ਜਾਂ ਬਰਫ ਲੈਣ ਨਾਲ ਇਹ ਗਤੀ ਕੁਝ ਕੁ ਰੁਕ ਜਾਂਦੀ ਹੈ ਅਸਲੀ ਸ਼ੁਰੂਆਤ ਤਾਂ ਰੁਤ ਸਰਸ ਬਸੰਤ ਤੋਂ ਹੀ ਹੁੰਦੀ ਹੈ, ਬਸੰਤ ਕੀ ਵਾਰ ਮਹਲੁ ੫ ਇੱਥੇ ਲਿਖੀ ਜਾਂਦੀ ਹੈ ਜੀ :

ਬਸੰਤ ਕੀ ਵਾਰ ਮਹਲੁ ੫
੧ੴ ਸਤਿਗੁਰ ਪ੍ਰਸਾਦਿ ॥

ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ ॥ ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ ॥ ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ ॥ ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ॥ ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ ॥ ੧ ॥ ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥ ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥ ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥ ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥ ੨ ॥ ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ ॥ ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ ॥ ਕਹਨਿ ਧਿਆਇਨਿ ਸੁਣਨਿ ਨਿਤ ਸੇ ਭਗਤ ਸੁਹਾਵੈ ॥ ਅਗਮੁ ਅਗੋਚਰੁ ਸਾਹਿਬੋ ਦੂਸਰੁ ਲਵੈ ਨ ਲਾਵੈ ॥ ਸਚੁ ਪੂਰੈ ਗੁਰਿ ਉਪਦੇਸਿਆ ਨਾਨਕੁ ਸੁਣਾਵੈ ॥ ੩ ॥ ੧ ॥ (ਅੰਗ ੧੧੯੩)

ਹੋਲੇ ਮਹੱਲੇ ਤੋਂ ਉਪ੍ਰੰਤ ਬਸੰਤ ਰਾਗ ਨਹੀਂ ਗਾਇਆ ਜਾਂਦਾ ਅਗਲੀ ਪੋਹ ਮਹੀਨੇ ਦੀ ਆਖਰੀ ਰਾਤ ਤੱਕ, ਬਾਕੀ ਸਾਰਾ ਸਾਲ ਰਾਗੀ ਜਥੇ ਰਾਮਕਲੀ ਕੀ ਵਾਰ ਮਹਲਾ ੫ ਦੀ ਅਠਾਰਵੀਂ ਪਉੜੀ ਦਾ ਗਾਇਨ ਆਪਣੇ ਕੀਰਤਨ ਦੀ ਹਾਜ਼ਰੀ ਦੀ ਸੰਪੂਰਨਤਾ ਤੇ ਗਾਇਨ ਕਰਦੇ ਹਨ ਜੋ ਇਸ ਤਰ੍ਹਾਂ ਪ੍ਰਭੂ ਜੀ ਦੀ ਵਡਿਆਈ ਦਾ ਉਚਾਰਨ ਹੈ ਜੀ :

ਵਡੀ ਹੂ ਵਡਾ ਅਪਾਰੁ ਤੇਰਾ ਮਰਤਬਾ ॥
ਰੰਗ ਪਰੰਗ ਅਨੇਕ ਨ ਜਾਪਨ੍ਹਿ ਕਰਤਬਾ ॥
ਜੀਆ ਅੰਦਰਿ ਜੀਉ ਸਭੁ ਕਿਛੁ ਜਾਣਲਾ ॥
ਸਭੁ ਕਿਛੁ ਤੇਰੈ ਵਸਿ ਤੇਰਾ ਘਰੁ ਭਲਾ ॥
ਤੇਰੈ ਘਰਿ ਆਨੰਦੁ ਵਧਾਈ ਤੁਧੁ ਘਰਿ ॥
ਮਾਣੁ ਮਹਤਾ ਤੇਜੁ ਆਪਣਾ ਆਪਿ ਜਰਿ ॥
ਸਰਬ ਕਲਾ ਭਰਪੂਰੁ ਦਿਸੈ ਜਤ ਕਤਾ ॥
ਨਾਨਕ ਦਾਸਨਿ ਦਾਸੁ ਤੁਧੁ ਆਗੈ ਬਿਨਵਤਾ ॥ ੧੮ ॥ (ਅੰਗ ੯੬੫)

ਬਸੰਤ ਰੁੱਤ ਦੇ ਮਹੀਨਿਆਂ ਚੇਤ ਤੇ ਵਿਸਾਖ ਵਿਚ ਕਾਇਆ ਕਲਪ ਹੋਣ ਤੇ ਪੁਨਰ ਜਨਮ ਦੀ ਭਾਵਨਾ ਬਹੁਤ ਪ੍ਰਬਲ ਤੌਰ 'ਤੇ ਪ੍ਰਗਟ ਰੂਪ ਵਿਚ ਦੇਖਣ ਨੂੰ ਮਿਲਦੀ ਹੈ ਭਾਵੇਂ ਉਹ ਫੁੱਲਾਂ ਦੀ ਮਹਿਕ ਜਾਂ ਅੰਬਾਂ 'ਤੇ ਬੂਰ ਜਾਂ ਦਾਖਾਂ ਆਦਿ ਫਲ ਪੱਕਣ ਸਭ ਕੁਝ ਵਿਸਥਾਰ ਕਰ ਰਿਹਾ ਦਿਖਾਈ ਦੇ ਰਿਹਾ ਪ੍ਰਤੀਤਦਾ ਹੈ। ਪਰ ਪਿਆਰੇ ਪ੍ਰਭੂ ਨੂੰ ਮਿਲਣ ਦੀ ਤਾਂਘ ਤੇ ਪਿਆਰੇ ਤੋਂ ਵਿਛੋੜਾ ਸੁਖਦਾਈ ਦਿਸਦਾ ਵਾਤਾਵਰਣ ਵੀ ਬਿਰਹੇ ਦੀ ਕਸਕ ਪੈਦਾ ਕਰ ਦਿੰਦਾ ਹੈ ਤੇ ਇਸ ਸਮੇਂ ਪ੍ਰਭੂ ਦੀ ਯਾਦ ਸਿਮਰਨ ਤੇ ਸਤਸੰਗੀ ਸਖੀਆਂ ਨਾਲ ਮਿਲ ਕੇ ਪ੍ਰਭੂ ਜਸ ਗਾਉਣ ਨਾਲ ਧਰਵਾਸ ਮਿਲਦਾ ਹੈ। ਦਸਮ ਗ੍ਰੰਥ ਵਿਚ ਦਸਮੇਸ਼ ਜੀ ਦਾ ਉਚਾਰਿਆ ਬਾਰਹ ਮਾਹਾ ਸ੍ਰੀ ਕ੍ਰਿਸ਼ਨ ਜੀ ਤੇ ਗੋਪੀਆਂ ਦਾ ਦ੍ਰਿਸ਼ਟਾਂਤ ਪ੍ਰਸਤੁਤ ਕਰਦਾ ਹੈ ਤੇ ਗੋਪੀਆਂ ਦਾ ਬਿਰਹਾ ਤੇ ਬ੍ਰਿਲਾਪ ਦਰਜ ਹੈ। ਇਸੇ ਤਰ੍ਹਾਂ ਹੀ ਸਰਬ ਲੋਹ ਗ੍ਰੰਥ ਵਿਚ ਵੀ ਦਰਜ ਹੈ ਕਿ ਜਿੱਥੇ ਸ੍ਰੀ ਕ੍ਰਿਸ਼ਨ ਜੀ ਹਨ ਉਥੇ ਘਣੀ ਬਸੰਤ ਹੈ। ਫ਼ੁਰਮਾਨ ਹੈ :

ਚੌਪਈ ॥ ਕ੍ਰਿਸਨ ਪ੍ਰਤਾਪ ਕਰ ਬ੍ਰਿੰਦਾਬਨ ॥
ਸਰਦ ਬਸੰਤ ਜਹਾ ਸਜਾਮ ਘਨ ॥
ਬ੍ਰਿਛ ਨਉ ਪਲਵ ਬੇਲਨ ਲਿਪਤ ॥
ਮੰਜਰਿ ਪੁਹਪ ਫਲਨ ਸੰਜੁਗਤ ॥ (ਪੰਨਾ ੯੫੩)

ਸੋ ਭਾਵ ਹੈ ਕਿ ਜੇ ਪ੍ਰਭੂ, ਸਤਿਗੁਰੂ ਜੀ ਤੇ ਗੁਰੂ ਸਾਹਿਬ ਜੀ ਦਾ ਸ਼ਬਦ ਨਾਲ ਹੈ ਤਾਂ ਬਸੰਤ ਸਦਾ ਹੀ ਮਾਣੀ ਜਾ ਸਕਦੀ ਹੈ। ਕੁਝ ਐਸੇ ਫ਼ੁਰਮਾਨ ਹਨ :

ਤਿਨ੍ ਬਸੰਤੁ ਜੋ ਹਰਿ ਗੁਣ ਗਾਇ ॥
ਪੂਰੈ ਭਾਗਿ ਹਰਿ ਭਗਤਿ ਕਰਾਇ ॥ (ਅੰਗ ੧੧੭੬)
ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ ॥ (ਅੰਗ ੧੧੮੦)
ਸਬਦੇ ਸਦਾ ਬਸੰਤੁ ਹੈ ਜਿਤੁ ਤਨੁ ਮਨੁ ਹਰਿਆ ਹੋਇ ॥ (ਅੰਗ ੧੪੨੦)
ਮਨੁ ਤਨੁ ਮਉਲਿਓ ਅਤਿ ਅਨੂਪ ॥ ਸੂਕੈ ਨਾਹੀ ਛਾਵ ਧੂਪ ॥

ਸਗਲੀ ਰੁਤੀ ਹਰਿਆ ਹੋਇ ॥ ਸਦ ਬਸੰਤ ਗੁਰ ਮਿਲੇ ਦੇਵ ॥ ੩ ॥
(ਅੰਗ ੧੧੮੦)

ਪਰ ਪਿਆਰੇ ਤੋਂ ਬਿਨਾਂ ਇਹ ਰੁੱਤ ਕੈਸੀ ਪ੍ਰਤੀਤ ਹੁੰਦੀ ਹੈ, ਫ਼ੁਰਮਾਨ ਹੈ :

ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ ॥
ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣਿ ਧੂੜਿ ਲੁਤੇ ॥ (ਅੰਗ ੪੫੨)

ਬਸੰਤ ਪੰਚਮੀ ਭਾਰਤ ਵਿਚ ਬਹੁਤ ਉਤਸ਼ਾਹ ਨਾਲ ਮਨਾਈ ਜਾਂਦੀ ਹੈ। ਬਸੰਤ ਪੰਚਮੀ ਮਾਘ ਮਹੀਨੇ ਦੀ ਚਾਨਣੇ ਪੱਖ ਦੀ ਪੰਜਵੀਂ ਥਿਤ (ਸੁਦੀ) ਸਮੇਂ ਮਨਾਈ ਜਾਂਦੀ ਹੈ। ਬਸੰਤ ਪੰਚਮੀ ਤੇ ਸਰਸਵਤੀ ਦੀ ਪੂਜਾ ਖ਼ਾਸ ਤੌਰ 'ਤੇ ਕੀਤੀ ਜਾਂਦੀ ਹੈ। ਸਰਸਵਤੀ ਨੂੰ ਵਿੱਦਿਆ ਤੇ ਗਿਆਨ ਦੀ ਦੇਵੀ ਮੰਨਿਆ ਜਾਂਦਾ ਹੈ। ਕਈ ਥਾਵਾਂ 'ਤੇ ਇਸ ਦਿਨ ਨੂੰ ਛੋਟੇ ਬੱਚਿਆਂ ਨੂੰ ਪਹਿਲਾਂ ਪੜ੍ਹਾਉਣਾ ਸ਼ੁਰੂ ਕੀਤਾ ਜਾਂਦਾ ਹੈ ਤੇ ਕਈ ਵਿਦਿਅਕ ਅਦਾਰੇ ਵੀ ਸਰਸਵਤੀ ਪੂਜਾ ਦੇ ਸਮਾਗਮ ਰਚਦੇ ਹਨ। ਇਸ ਦਿਨ ਪੀਲੇ ਰੰਗ ਦੇ ਬਸਤਰ ਪਹਿਨੇ ਜਾਂਦੇ ਹਨ। ਪੀਲੇ ਰੰਗ ਦੇ ਫੁੱਲ ਤੇ ਪੀਲੇ ਰੰਗ ਦੀਆਂ ਮਠਿਆਈਆਂ ਜ਼ਿਆਦਾ ਵਰਤੀਆਂ ਜਾਂਦੀਆਂ ਹਨ। ਐਸਾ ਵੀ ਕਿਹਾ ਜਾਂਦਾ ਹੈ ਸ੍ਰੀ ਕ੍ਰਿਸ਼ਨ ਜੀ ਨੇ ਸਰਸਵਤੀ ਨੂੰ ਵਰ ਦਿੱਤਾ ਸੀ ਕਿ ਬਸੰਤ ਪੰਚਮੀ 'ਤੇ ਤੇਰੀ ਵੀ ਪੂਜਾ ਹੋਇਆ ਕਰੇਗੀ। ਕਈ ਰਾਜਾਂ ਵਿਚ ਇਸ ਦਿਨ ਦੀ ਛੁੱਟੀ ਹੁੰਦੀ ਹੈ। ਕਾਮਦੇਵ ਤੇ ਰੱਤੀ ਅਤੇ ਹੋਰ ਵੀ ਕਈ ਗਾਥਾਵਾਂ ਨੂੰ ਬਸੰਤ-ਪੰਚਮੀ ਨਾਲ ਜੋੜਦੇ ਹਨ।

ਗੁਰਦੁਆਰਾ ਗੁਰੂ ਕਾ ਲਾਹੌਰ (ਜ਼ਿਲ੍ਹਾ ਬਿਲਾਸਪੁਰ ਹਿਮਾਚਲ ਪ੍ਰਦੇਸ਼) ਜੋ ਅਨੰਦਪੁਰ ਸਾਹਿਬ ਤੋਂ ਕਰੀਬ 11 ਕਿਲੋਮੀਟਰ ਹੈ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਨੰਦ ਕਾਰਜ ਮਾਤਾ ਜੀਤੋ ਜੀ ਨਾਲ ਹੋਇਆ। ਮਾਤਾ ਜੀਤੋ ਜੀ ਦੇ ਪਿਤਾ ਜੀ ਭਾਈ ਹਰੀ ਜਸ ਲਾਹੌਰ ਦੇ ਰਹਿਣ ਵਾਲੇ ਸਨ ਤੇ ਲਾਹੌਰ ਵਿਖੇ ਹੀ ਅਨੰਦ ਕਾਰਜ ਕਰਨਾ ਚਾਹੁੰਦੇ ਸਨ, ਪਰ ਕੁਝ ਕਾਰਣਾਂ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ "ਇਥੇ ਹੀ ਗੁਰੂ ਕਾ ਲਾਹੌਰ ਰਚ ਦਿੰਨੇ ਆਂ"। ਬਸੰਤ ਪੰਚਮੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਆਹ ਦੀ ਵਰ੍ਹੇਗੰਢ ਇੱਥੇ ਬਹੁਤ ਚਾਅ ਤੇ ਉਤਸ਼ਾਹ ਨਾਲ ਮਨਾਈ ਜਾਂਦੀ ਹੈ। ਜਨੇਤ ਦੀ ਤਰ੍ਹਾਂ ਸੰਗਤਾਂ ਨੂੰ ਮਠਿਆਈਆਂ ਵਰਤਾਈਆਂ ਜਾਂਦੀਆਂ ਹਨ ਇਹ ਵੀ ਆਖਿਆ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਨੇ ਬਸੰਤ ਪੰਚਮੀ ਮਨਾਉਣ ਲਈ ਸਿੱਖਾਂ ਸੰਗਤਾਂ ਨੂੰ ਉਤਸ਼ਾਹਤ ਕੀਤਾ। ਪੰਜਾਬ ਵਿਚ ਪਤੰਗ ਉਡਾਉਣ ਦੀ ਪ੍ਰਥਾ ਨੂੰ ਵੀ ਮਹਾਰਾਜਾ ਜੀ ਦੇ ਨਾਲ ਜੋੜਿਆ ਜਾਂਦਾ ਹੈ।

ਬਸੰਤ ਦੇ ਸਮੇਂ ਪੀਲੇ ਸਰੋਂ ਦੇ ਫੁੱਲ ਵੀ ਖੇਤਾਂ ਵਿਚ ਜੋਬਨ 'ਤੇ ਹੁੰਦੇ ਹਨ। ਹੋਰ ਵੀ ਕਈ ਗੁਰਦੁਆਰਿਆਂ ਵਿਖੇ ਪੰਚਮੀ ਮਨਾਈ ਜਾਂਦੀ ਹੈ ਤੇ ਬੋਰਡਾਂ 'ਤੇ ਸੰਗਰਾਂਦ, ਮੱਸਿਆ ਦੇ ਨਾਲ-ਨਾਲ ਪੰਚਮੀ ਦਾ ਵੀ ਵਰਨਣ ਕੀਤਾ ਜਾਂਦਾ ਹੈ। ਕਈ ਥਾਵਾਂ 'ਤੇ ਸਰੋਵਰਾਂ 'ਤੇ

ਇਸ਼ਨਾਨ ਕਰਨ ਦੀ ਪ੍ਰਥਾ ਵੀ ਹੈ, ਪਰ ਇਹ ਦੇਖਿਆ ਜਾਂਦਾ ਹੈ ਕਿ ਗੁਰ ਉਪਦੇਸ਼ ਗ੍ਰਹਿਣ ਕਰਨ ਦੀ ਥਾਂ ਮੇਲੇ ਵਾਲਾ ਮਾਹੌਲ ਹੀ ਬਣ ਜਾਂਦਾ ਹੈ ਪਰ ਇਸ ਨੂੰ ਜੋੜ-ਮੇਲਾ ਨਹੀਂ ਆਖਿਆ ਜਾ ਸਕਦਾ।

ਸੂਫ਼ੀ ਮੁਸਲਮਾਨ ਵੀ ਬਸੰਤ ਪੰਚਮੀ ਮਨਾਉਂਦੇ ਹਨ। ਬਾਰ੍ਹਵੀਂ ਸਦੀ ਤੋਂ ਨਿਜ਼ਾਮਉਦੀਨ ਔਲੀਆ (ਚਿਸ਼ਤੀ) ਦੀ ਦਰਗਾਹ ਵਿਖੇ ਮਨਾਈ ਜਾਂਦੀ ਹੈ। ਇਤਿਹਾਸ ਵਿਚ ਲਿਖਿਆ ਮਿਲਦਾ ਹੈ ਕਿ ਨਿਜ਼ਾਮਉਦੀਨ ਦਾ ਜੁਆਨ ਭਤੀਜਾ ਤੁਕੀਆਉਦੀਨ ਨੂਹ ਚਲ ਵਸਿਆ ਤੇ ਉਦਾਸ ਹੋ ਕੇ ਨਿਜ਼ਾਮਉਦੀਨ ਜਨਤਾ ਵਿਚ ਵਿਚਰਨੋਂ ਹਟ ਗਿਆ ਉਦਾਸੀ ਕਾਰਨ। ਅਮੀਰ ਖ਼ੁਸਰੋ ਨੇ ਸਥਾਨਿਕ ਇਸਤਰੀਆਂ ਨੂੰ ਪੀਲੇ ਫੁੱਲ ਲਿਜਾਂਦਿਆਂ ਦੇਖਿਆ ਤਾਂ ਉਹ ਆਪ ਪੀਲੇ ਬਸਤਰ ਪਹਿਨ ਕੇ ਪੀਲੇ ਫੁੱਲ ਲੈ ਕੇ ਨਿਜ਼ਾਮਉਦੀਨ ਕੋਲ ਗਿਆ। ਐਸਾ ਦੇਖ ਕੇ ਨਿਜ਼ਾਮਉਦੀਨ ਮੁਸਕਰਾ ਪਿਆ, ਉਦੋਂ ਤੋਂ ਹੀ ਬਸੰਤ ਪੰਚਮੀ ਮਨਾਉਂਦੇ ਹਨ।

ਇਹ ਬਸੰਤ, ਇਹ ਹਰਿਆਵਲ ਤੇ ਮਉਲਣਾ ਪ੍ਰਭੂ ਜੀ ਕਰਕੇ ਹੀ ਹੈ। ਭਗਤ ਕਬੀਰ ਜੀ ਆਖਦੇ ਹਨ ਕਿ ਆਕਾਸ਼ ਵੀ ਮਉਲਦਾ ਹੈ ਜਿਸ ਬਾਰੇ ਸਾਡੀ ਜਾਣਕਾਰੀ ਸੀਮਤ ਹੈ।

ਫਰਵਰੀ ਤੇ ਮਾਰਚ 2017 ਨੂੰ ਸਾਇੰਟਿਸਟ ਅਕਾਸ਼ ਵਿਚ ਸਮੁੰਦਰ ਦੀ ਤਰ੍ਹਾਂ ਲਹਿਰਾਂ ਤੇ ਤਰੰਗਾਂ (Waves) ਦੇਖ ਕੇ ਪਹਿਚਾਣ ਕਰ ਕੇ ਬਹੁਤ ਹੈਰਾਨ ਤੇ ਪ੍ਰਸੰਨ ਹੋਏ। ਭਗਤ ਕਬੀਰ ਜੀ ਦਾ ਬਸੰਤ ਰਾਗ ਵਿਚ ਫ਼ੁਰਮਾਨ ਹੈ :

ਮਉਲੀ ਧਰਤੀ ਮਉਲਿਆ ਅਕਾਸੁ ॥
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥ (ਅੰਗ ੧੧੯੩)

ਇਹ ਬਸੰਤ ਦੀ ਰੁੱਤ ਤੇ ਸੁਖ ਪ੍ਰਭੂ ਜੀ ਦੀ ਹੀ ਬਖ਼ਸ਼ਿਸ਼ ਹੈ ਪਰ ਅਸਲ ਵਿਚ ਪ੍ਰਭੂ ਜੀ ਹੀ ਸਭ ਪਾਸੇ ਵਰਤ ਰਹੇ ਹਨ ਅਸੀਂ ਮਹਿਸੂਸ ਨਹੀਂ ਕਰ ਸਕਦੇ, ਕਿਉਂਕਿ ਅਸੀਂ ਸ਼ਬਦ ਨਾਲ ਇਕਮਿਕ ਨਹੀਂ ਹੁੰਦੇ। ਜੋ ਜੁੜ ਜਾਂਦੇ ਹਨ ਉਨ੍ਹਾਂ ਲਈ ਤਾਂ ਸਦਾ ਹੀ ਬਸੰਤ ਹੈ। ਫ਼ੁਰਮਾਨ ਹਨ:

ਸਦਾ ਬਸੰਤੁ ਗੁਰ ਸਬਦੁ ਵੀਚਾਰੇ ॥
ਰਾਮ ਨਾਮੁ ਰਾਖੈ ਉਰ ਧਾਰੇ ॥ ੩ ॥ (ਅੰਗ ੧੧੭੬)
ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ ॥
ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ ॥ ੧ ॥ (ਅੰਗ ੨੪)
ਬਸੰਤੁ ਚੜਿਆ ਫੂਲੀ ਬਨਰਾਇ ॥
ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥ ੧ ॥ (ਅੰਗ ੧੧੭੭)
ਮਨਿ ਬਸੰਤੁ ਹਰੇ ਸਭਿ ਲੋਇ ॥

ਫਲਹਿ ਫੁਲੀਅਹਿ ਰਾਮ ਨਾਮਿ ਸੁਖੁ ਹੋਇ ॥ ੨ ॥

ਗੁਰੂ ਸਾਹਿਬ ਜੀ ਦੀ ਸ਼ਰਨ ਵਿਚ ਆ ਕੇ ਪ੍ਰਭੂ ਦਾ ਜਸ ਗਾਉਣ ਨਾਲ ਬਸੰਤ ਦਾ ਸੁਖ ਸ਼ਾਂਤੀ ਰੂਪ ਵਿਚ ਪ੍ਰਾਪਤ ਹੁੰਦਾ ਹੈ। ਫ਼ੁਰਮਾਨ ਹੈ :

ਸਾਂਤਿ ਸਹਜ ਗ੍ਰਿਹਿ ਸਦ ਬਸੰਤੁ ॥
ਗੁਰ ਪੂਰੇ ਕੀ ਸਰਣੀ ਆਏ ਕਲਿਆਣ ਰੂਪ ਜਪਿ ਹਰਿ ਹਰਿ ਮੰਤੁ ॥ ੧ ॥
(ਅੰਗ ੧੧੮੪)
ਕਹੁ ਨਾਨਕ ਜਾਂ ਵਲਿ ਸੁਆਮੀ ਤਾ ਸਗਸੇ ਭਾਈ ਮੀਤਾ ॥ (ਅੰਗ ੪੫੩)

ਇਸੇ ਵਿਚਾਰ ਦਾ ਇਕ ਸ਼ੇਅਰ ਭਾਈ ਨੰਦ ਲਾਲ (ਸਿੰਘ) ਜੀ ਉਚਾਰਦੇ ਹਨ ਕਿ ਇਹ ਬਸੰਤ ਜੁਗਾਤਰਾਂ ਤਾਂਈ ਹਰੀ ਭਰੀ ਰਹਿੰਦੀ ਹੈ, ਹੇ ਪ੍ਰਭੂ ! ਬੁਰੀ ਨਜ਼ਰ ਤੋਂ ਬਚਾ ਕੇ ਰੱਖ।

ਈਂ ਬਹਾਰ ਤਾਜ਼ਾ ਬਾਸ਼ਦ ਤਾ ਅਬਦ
ਯਾ ਇਲਾਹੀ ਦੂਰ ਦਾਰ ਅਜ਼ ਚਸ਼ਮਿ ਬਦ ॥ ੪੮੭ ॥

ਬਹੁਤ ਸਾਰੇ ਮਹਾਤਮਾ ਜਨ ਇਹ ਉਪਦੇਸ਼ ਕਰਦੇ ਹਨ ਕਿ ਇਹ ਮਨੁੱਖਾ ਜਨਮ ਵੀ ਬਸੰਤ ਰੁੱਤ ਦੀ ਤਰ੍ਹਾਂ ਹੈ ਤੇ ਪ੍ਰਭੂ ਨੂੰ ਮਿਲਣ ਦੀ ਵਾਰੀ ਹੈ। ਜੋ 84 ਲੱਖ ਜੋਨੀਆਂ ਹਨ ਉਨ੍ਹਾਂ ਵਿਚ ਮਨੁੱਖ ਨੂੰ ਕਰਮ ਜੋਨੀ ਗਿਣਦੇ ਹਨ ਤੇ ਪਸ਼ੂ ਆਦਿ ਨੂੰ ਭੋਗ ਜੋਨੀ ਮੰਨਦੇ ਹਨ ਕਿਉਂਕਿ ਉਹ ਪ੍ਰਭੂ ਦਾ ਜਸ ਗਾਇਨ ਨਹੀਂ ਕਰ ਸਕਦੇ। ਭਗਤ ਸ੍ਰੀ ਕਬੀਰ ਜੀ ਦਾ ਗੂਜਰੀ ਰਾਗ ਦਾ ਇਹ ਸ਼ਬਦ ਵਿਚਾਰਨ ਦੀ ਲੋੜ ਹੈ। ਫ਼ੁਰਮਾਨ ਹੈ :

ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ ॥
ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈ ਹੈ ॥ ੧ ॥ (ਅੰਗ ੫੨੪)

ਇਸੇ ਤਰ੍ਹਾਂ ਹੀ ਪ੍ਰਭੂ ਜੀ ਦੇ ਨਾਮ ਤੋਂ ਬਿਨਾਂ ਜੋ ਸੁੰਨੇ ਰਹਿ ਜਾਂਦੇ ਹਨ ਤੇ ਸੁੱਕੇ ਬਾਲਣ ਦੀ ਤਰ੍ਹਾਂ ਹੀ ਹਨ। ਨਾਮ ਜਪਣ ਤੇ ਨਾਮ ਬੀਜਣ ਦੀ ਪ੍ਰੇਰਨਾ ਸਤਿਗੁਰੂ ਜੀ ਬਖ਼ਸ਼ਦੇ ਹਨ। ਫ਼ੁਰਮਾਨ ਹਨ :

ਭੋਗਹਿ ਭੋਗ ਅਨੇਕ ਵਿਣੁ ਨਾਵੈ ਸੁੰਞਿਆ ॥
ਹਰਿ ਕੀ ਭਗਤਿ ਬਿਨਾ ਮਰਿ ਮਰਿ ਰੁੰਨਿਆ ॥ ੨ ॥ (ਅੰਗ ੩੯੮)
ਸਘਨ ਬਾਸੁ ਕੂਲੇ ॥ ਇਕਿ ਰਹੇ ਸੂਕਿ ਕਠੂਲੇ ॥
ਬਸੰਤ ਰੁਤਿ ਆਈ ॥ ਪਰਫੂਲਤਾ ਰਹੇ ॥ ੧ ॥
ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥ (ਅੰਗ ੧੧੮੫)
ਲਖ ਚਉਰਾਸੀਹ ਭ੍ਰਮਤੇ ਭ੍ਰਮਤੇ ਦੁਲਭ ਜਨਮੁ ਅਬ ਪਾਇਓ ॥
(ਅੰਗ ੧੦੧੭)

ਨਾਮ ਸਿਮਰਨ ਤਾਂ ਕਿਸੇ ਸਮੇਂ ਵੀ ਕੀਤਾ ਜਾ ਸਕਦਾ ਹੈ ਪਰ ਅੰਮ੍ਰਿਤ ਵੇਲੇ ਦੀ ਆਪਣੀ ਮਹਾਨਤਾ ਹੈ, ਕਿਉਂਕਿ ਉਸ ਵੇਲੇ ਟਿਕਾਅ ਹੁੰਦਾ ਹੈ ਤੇ ਵੱਤ ਹੁੰਦੀ ਹੈ। ਇਸ ਸਮੇਂ ਨੂੰ ਸੰਧੀ ਜਾਂ ਊਸ਼ਾ ਵੀ ਆਖਦੇ ਹਨ ਜਦੋਂ ਕਿ ਹਾਲੇ ਸੂਰਜ ਨਹੀਂ ਚੜ੍ਹਿਆ, ਪਰ ਕੁਝ ਲਾਲੀ ਜਿਹੀ, ਕੁਝ ਚਾਨਣਾ ਜਿਹਾ ਹੋ ਜਾਂਦਾ ਹੈ ਤੇ ਇਸੇ ਤਰ੍ਹਾਂ ਸੰਧਿਆ ਨੂੰ, ਸ਼ਾਮ ਨੂੰ ਸੂਰਜ ਛੁਪਦਿਆਂ ਹਾਲੇ ਰਾਤ ਨਹੀਂ ਪਈ, ਪਰ ਦਿਨ ਵੀ ਨਹੀਂ ਹੈ। ਇਸ ਸਮੇਂ ਰਹਿਰਾਸ ਦਾ ਪਾਠ ਕਰਨ ਦਾ ਨਿਯਮ ਹੈ ਪਰ ਤੁਹਾਡਾ ਮਨ ਵੀ ਬਾਣੀ ਨਾਲ ਇਕਮਿਕ ਹੋਵੇ। ਫ਼ੁਰਮਾਨ ਹਨ :

ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ॥ (ਅੰਗ ੩੨੧)

ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ॥ (ਅੰਗ ੪੬੮)

ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ

ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥ (ਅੰਗ ੭੩੩)

ਐਸੇ ਗੁਰੂ ਪਿਆਰੇ ਨਾਮ ਜਪਣ ਨਾਲ ਸਦਾ ਹਰੇ ਭਰੇ ਰਹਿੰਦੇ ਹਨ ਤੇ ਸੁੱਕਦੇ ਨਹੀਂ ਕਿਉਂਕਿ ਜਿੱਥੇ ਭਗਤੀ ਹੈ, ਨਾਮ ਸਿਮਰਨ ਹੈ, ਉਥੇ ਪ੍ਰਭੂ ਜੀ ਆਪ ਹਾਜ਼ਰ ਹੁੰਦੇ ਹਨ। ਫ਼ੁਰਮਾਨ ਹਨ :

ਨਾਨਕ ਹਰੇ ਨ ਸੂਕਹੀ ਜਿ ਗੁਰਮੁਖਿ ਰਹੇ ਸਮਾਇ॥ (ਅੰਗ ੧੧੬੮)

ਹਰਿ ਹਰਿ ਕਰਹਿ ਸਿ ਸੂਕਹਿ ਨਾਹੀ ਨਾਨਕ ਪੀੜ ਨ ਖਾਹਿ ਜੀਉ ॥

(ਅੰਗ ੪੩੮)

ਸਰਬ ਲੋਹ ਗ੍ਰੰਥ ਵਿਚ ਫ਼ੁਰਮਾਨ ਹੈ :

ਚੌਪਈ॥ ਬ੍ਰਿੰਦਾਬਨ ਸੋ ਅਵਰ ਨ ਦੇਸ॥

ਸਦ-ਬਸੰਤ ਤਹ ਨਹੀ ਕਲੇਸ॥

ਕੀ ਐਸੀ ਬਸੰਤ ਰੁੱਤ ਦੀ ਤਰ੍ਹਾਂ ਅਵਸਥਾ ਮਨੁੱਖ ਸਦਾ ਮਾਣ ਸਕਦਾ ਹੈ? ਸਤਿਗੁਰੂ ਜੀ ਜਗਿਆਸੂ ਦੀ ਤਸੱਲੀ ਕਰਾਉਂਦੇ ਫ਼ੁਰਮਾਨ ਕਰਦੇ ਹਨ :

ਮੰਗਲੁ ਤਿਸ ਕੈ ਜਿਸੁ ਏਕੁ ਕਾਮੁ॥

ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ॥ ੧॥ (ਅੰਗ ੧੧੮੦)

ਇਕ ਥਾਂ ਪ੍ਰੋ. ਪੂਰਨ ਸਿੰਘ ਜੀ ਆਖਦੇ ਹਨ ਕਿ ਪ੍ਰਭੂ ਦੀ ਪ੍ਰੀਤ ਸਦਾ ਬਸੰਤ ਦੀ ਤਰ੍ਹਾਂ ਹੈ। ਚੇਤ ਦੇ ਮਹੀਨੇ ਵਿਚ ਪ੍ਰਭੂ ਨੂੰ ਚੇਤੇ ਕਰਨ ਦੀ ਹਦਾਇਤ ਹੈ ਜੋ ਹੋਰ ਵੀ ਕਈ ਸ਼ਬਦਾਂ ਵਿਚ ਐਸਾ ਉਪਦੇਸ਼ ਮਿਲਦਾ ਹੈ ਕਿ ਚੇਤੇ ਕਰਨ ਨਾਲ ਚਿੰਤਾਵਾਂ ਮਿਟ ਜਾਂਦੀਆਂ ਹਨ। ਇਹ ਸਭ ਧਾਰਮਿਕ ਮਨੁੱਖ ਮੰਨਦੇ ਹਨ ਕਿ ਪ੍ਰਭੂ ਦਾ ਨਾਮ ਜਪਣ ਨਾਲ ਹਰ ਤਰ੍ਹਾਂ ਦਾ ਹਾਨੀਕਾਰਕ ਪ੍ਰਭਾਵ ਘਟਦਾ ਤੇ ਹਟਦਾ ਹੈ। ਕੁਝ ਫ਼ੁਰਮਾਨ ਹਨ :

ਚੇਤਾ ਈ ਤਾਂ ਚੇਤਿ ਸਾਹਿਬੁ ਸਚਾ ਸੋ ਧਣੀ॥

ਨਾਨਕ ਸਤਿਗੁਰੁ ਸੇਵਿ ਚੜਿ ਬੋਹਿਥਿ ਭਉਜਲੁ ਪਾਰਿ ਪਉ॥ ੧॥

(ਅੰਗ ੩੧੮)

ਚਿੰਤਤ ਹੀ ਦੀਸੈ ਸਭੁ ਕੋਇ॥ ਚੇਤਹਿ ਏਕੁ ਤਹੀ ਸੁਖੁ ਹੋਇ॥ (ਅੰਗ ੯੩੨)

ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥

ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥ ੧॥ ਰਹਾਉ॥

(ਅੰਗ ੭੨੬)

ਗੁਰ ਕਾ ਸਬਦੁ ਰਾਖੁ ਮਨ ਮਾਹਿ॥

ਨਾਮੁ ਸਿਮਰਿ ਚਿੰਤਾ ਸਭ ਜਾਹਿ॥ ੧॥ (ਅੰਗ ੧੯੨)

ਵੈਸਾਖ ਦੇ ਮਹੀਨੇ ਪ੍ਰਤੀ ਵੀ ਉਪਦੇਸ਼ ਹੈ ਕਿ ਜਿਸ ਪ੍ਰੇਮੀ ਦਾ ਮਨ ਪ੍ਰਭੂ ਦੀਆਂ ਸਿਫਤਾਂ ਤੇ ਗੁਣ ਗਾਉਣ ਵਿਚ ਗਿੱਝ ਜਾਂਦਾ ਹੈ, ਕੁਦਰਤ ਦੀ ਸੁੰਦਰਤਾ ਵੀ ਉਸ ਨੂੰ ਪ੍ਰਭੂ ਦੇ ਚਰਨਾਂ ਵਿਚ ਜੁੜਨ ਲਈ ਸਹਾਇਕ ਹੁੰਦੀ ਹੈ। ਫ਼ੁਰਮਾਨ ਹੈ :

ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥ (ਅੰਗ ੧੧੦੮)

ਹੁਣ ਬਸੰਤ ਰੁੱਤ ਦੇ ਸਮਾਜਿਕ ਤਿਉਹਾਰਾਂ ਤੇ ਗੁਰ ਜੀਵਨ ਇਤਿਹਾਸਿਕ ਵਾਕਿਆਤਾਂ ਨੂੰ ਵਿਚਾਰਨ ਦਾ ਯਤਨ ਕਰਦੇ ਹਾਂ :

ਹੋਲੀ ਇਕ ਪੁਰਾਤਨ ਤਿਉਹਾਰ ਹੈ ਜਿਸ ਦਾ ਜ਼ਿਕਰ ਪੁਰਾਤਨ ਗ੍ਰੰਥਾਂ ਤੇ ਭਗਵਤ ਪੁਰਾਨ ਵਿਚ ਵੀ ਦਰਜ ਹੈ। ਭਗਵਤ ਪੁਰਾਨ ਵਿਚ ਇਸ ਤਰ੍ਹਾਂ ਦਰਜ ਹੈ ਕਿ ਹਰਨਾਖਸ਼ ਨੇ ਭਗਤੀ ਕਰਕੇ ਵਰਦਾਨ ਪ੍ਰਾਪਤ ਕਰ ਲਿਆ ਕਿ ਉਸ ਨੂੰ ਕੋਈ ਨਾ ਮਨੁੱਖ ਜਾਂ ਪਸ਼ੂ ਮਾਰ ਸਕੇ, ਨਾ ਉਹ ਅੰਦਰ ਨਾ ਬਾਹਰ ਮਰੇ, ਨਾ ਉਹ ਦਿਨੇ ਮਰੇ, ਨਾ ਰਾਤ ਨੂੰ ਮਰੇ ਤੇ ਨਾ ਕਿਸੇ ਸ਼ਸਤ੍ਰ ਜਾਂ ਅਸਤ੍ਰ ਨਾਲ ਉਸ ਦੀ ਮ੍ਰਿਤੂ ਹੋਵੇ। ਇਸ ਸਭ ਵਰਦਾਨ ਪ੍ਰਾਪਤ ਕਰਕੇ ਉਹ ਬਹੁਤ ਅਹੰਕਾਰੀ ਹੋ ਗਿਆ ਤੇ ਆਪਣੇ ਨੂੰ ਹੀ ਰੱਬ, ਪ੍ਰਭੂ ਅਖਵਾਉਣ ਲੱਗ ਪਿਆ ਤੇ ਆਪਣੀ ਹੀ ਪੂਜਾ ਕਰਵਾਉਣੀ ਸ਼ੁਰੂ ਕਰਵਾ ਦਿੱਤੀ। ਪਰ ਪ੍ਰਭੂ ਜੀ ਨੂੰ ਅਹੰਕਾਰ ਨਹੀਂ ਭਾਉਂਦਾ ਤੇ ਉਸ ਦੇ ਪੁੱਤਰ ਭਗਤ ਪ੍ਰਹਿਲਾਦ ਨੇ ਹੀ ਉਸ ਨੂੰ ਰੱਬ ਮੰਨਣ ਤੋਂ ਇਨਕਾਰ ਕਰ ਦਿੱਤਾ। ਹਰਨਾਖਸ਼ ਨੇ ਇਸ ਨੂੰ ਬਹੁਤ ਤਰ੍ਹਾਂ ਦੀਆਂ ਸਜ਼ਾਵਾਂ ਦਿੱਤੀਆਂ, ਪਰ ਪ੍ਰਭੂ ਜੀ ਨੇ ਇਸ ਦੀ ਰੱਖਿਆ ਕੀਤੀ। ਅਖ਼ੀਰ ਇਸ ਨੇ ਪ੍ਰਹਿਲਾਦ ਨੂੰ ਗਰਮ ਕੀਤੇ ਹੋਏ ਥੰਮ ਨੂੰ ਜੱਫੀ ਪਾਉਣ ਲਈ ਆਖਿਆ ਕਿ ਦੇਖਾਂ ਤੇਰਾ ਪ੍ਰਭੂ ਕਿਸ ਤਰ੍ਹਾਂ ਤੈਨੂੰ ਬਚਾਉਂਦਾ ਹੈ। ਇਨ੍ਹਾਂ ਸਜ਼ਾਵਾਂ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤਾਂ ਤੇ ਗੁਰੂ ਸਾਹਿਬ ਜੀ ਨੇ ਵਖਿਆਨਿਆ ਹੈ।

ਅਖੀਰ ਵਿਚ ਪ੍ਰਭੂ ਜੀ ਨੇ ਆਪ ਨਰਸਿੰਘ ਦਾ ਰੂਪ ਧਾਰਨ ਕਰਕੇ (ਜੋ ਅੱਧਾ ਮਨੁੱਖ ਤੇ

ਅੱਧਾ ਸ਼ੇਰ ਦਾ ਸੀ) ਹਰਨਾਖਸ਼ ਨੂੰ ਸੰਧਿਆ ਸਮੇਂ (ਜੋ ਨਾ ਦਿਨ ਤੇ ਰਾਤ ਸੀ) ਸਰਦਲ ਤੇ ਜੋ ਨਾ ਅੰਦਰ ਨਾ ਬਾਹਰ ਸੀ, ਆਪਣੇ ਪੱਟਾਂ 'ਤੇ ਰੱਖ ਕੇ, ਜੋ ਨਾ ਧਰਤੀ 'ਤੇ ਨਾ ਪਾਣੀ, ਅਕਾਸ਼ ਸੀ ਤੇ ਸ਼ੇਰ ਦੇ ਪੰਜਿਆਂ ਨੌਹਾਂ ਨਾਲ ਮਾਰਿਆ। ਸੋ ਸਾਰੀਆਂ ਵਰਦਾਨ ਦੀਆਂ ਸ਼ਰਤਾਂ ਪੂਰੀਆਂ ਕੀਤੀਆਂ। ਕਿਸੇ ਸ਼ਸਤ੍ਰ ਅਸਤ੍ਰ ਨਾਲ ਵੀ ਨਹੀਂ ਮਾਰਿਆ। ਗੁਰਬਾਣੀ ਵਿਚ ਫ਼ੁਰਮਾਨ ਹਨ :

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥ (ਅੰਗ ੪੫੧)

ਅਤੇ—

ਆਪਣੀ ਪੈਜ ਆਪੇ ਰਾਖੈ ਭਗਤਾਂ ਦੇਇ ਵਡਿਆਈ ॥
ਨਾਨਕ ਹਰਣਾਖਸੁ ਨਖੀ ਬਿਦਾਰਿਆ ਅੰਧੈ ਦਰ ਕੀ ਖਬਰਿ ਨ ਪਾਈ ॥
(ਅੰਗ ੧੧੩੩)

ਪਰ ਇਸ ਘਟਨਾ ਤੋਂ ਪਹਿਲਾਂ ਇਕ ਵਾਰੀ ਹਰਣਾਖਸ਼ ਦੀ ਭੈਣ ਹੋਲਿਕਾ, ਜਿਸ ਨੂੰ ਵਰਦਾਨ ਵਿਚ ਇਕ ਐਸਾ ਦੁਸ਼ਾਲਾ ਜਾਂ ਚਾਦਰ ਪ੍ਰਾਪਤ ਸੀ ਜਿਸ ਉੱਪਰ ਅੱਗ ਅਸਰ ਨਹੀਂ ਸੀ ਕਰ ਸਕਦੀ, ਉਹ ਸਲਾਹ ਕਰਕੇ ਬਲਦੀ ਅੱਗ ਵਿਚ ਉਹ ਦੁਸ਼ਾਲਾ ਚਾਦਰ ਆਪਣੇ ਉੱਪਰ ਓਢ ਕੇ ਪ੍ਰਹਿਲਾਦ ਨੂੰ ਨਾਲ ਲੈ ਕੇ ਬੈਠ ਗਈ ਕਿ ਪ੍ਰਹਿਲਾਦ ਜਲ ਜਾਵੇਗਾ। ਪ੍ਰਭੂ ਜੀ ਦੇ ਹੁਕਮ ਵਿਚ ਹਵਾ ਕੁਝ ਇਸ ਤਰ੍ਹਾਂ ਚੱਲੀ ਕਿ ਉਸ ਤੋਂ ਦੁਸ਼ਾਲਾ, ਚਾਦਰ ਪ੍ਰਹਿਲਾਦ ਉੱਪਰ ਪੈ ਗਈ। ਪ੍ਰਹਿਲਾਦ ਦਾ ਬਚਾਅ ਹੋ ਗਿਆ ਤੇ ਹੋਲਿਕਾ ਅੱਗ ਵਿਚ ਭਸਮ ਹੋ ਗਈ।

ਇਸੇ ਕਰਕੇ ਹੋਲਿਕਾ ਦਹਨ ਵੀ ਮਨਾਇਆ ਜਾਂਦਾ ਹੈ। ਬਹੁਤ ਸਾਰੀਆਂ ਲੱਕੜੀਆਂ ਇਕੱਠੀਆਂ ਕਰਕੇ ਧੂਣੀ ਲਗਾਈ ਜਾਂਦੀ ਹੈ ਤੇ ਹੋਲਿਕਾ ਦਾ ਪੁਤਲਾ ਬਣਾ ਕੇ ਸਾੜਿਆ ਜਾਂਦਾ ਹੈ। ਇਹ ਕਈ ਮੰਦਰਾਂ ਦੇ ਅੱਗੇ ਜਾਂ ਖੁੱਲ੍ਹੇ ਥਾਵਾਂ 'ਤੇ ਆਯੋਜਿਤ ਕੀਤਾ ਜਾਂਦਾ ਹੈ, ਬੁਰਾਈ ਉੱਪਰ ਨੇਕੀ ਦੀ ਜਿੱਤ ਦੀ ਖ਼ੁਸ਼ੀ ਮਨਾਈ ਜਾਂਦੀ ਹੈ। ਹੋਲੀ ਦੇ ਮਨਾਏ ਜਾਣ ਦੇ ਸਬੂਤ ਚੌਥੀ ਤੇ ਸੱਤਵੀਂ ਸਦੀ ਦੇ ਸਮੇਂ ਦੇ ਮਿਲਦੇ ਹਨ। ਬਹੁਤ ਸਾਰੇ ਖਾਣੇ ਆਦਿਕ ਮਿੱਠੇ ਪਦਾਰਥ ਬਣਾ ਕੇ ਇਲਾਕੇ ਅਨੁਸਾਰ ਖਾਏ ਜਾਂਦੇ ਹਨ। ਹੋਲੀ ਤਕਰੀਬਨ ਸਾਰੇ ਭਾਰਤ ਤੇ ਹੋਰ ਵਿਦੇਸ਼ਾਂ ਵਿਚ ਵੀ ਜਿੱਥੇ ਭਾਰਤੀ ਗਏ ਹਨ ਮਨਾਈ ਜਾਂਦੀ ਹੈ। ਆਮ ਤੌਰ 'ਤੇ ਜ਼ਿਆਦਾਤਰ ਪੌਦਿਆਂ ਤੋਂ ਬਣਾਏ ਰੰਗ ਵਰਤੇ ਜਾਂਦੇ ਹਨ ਜੋ ਕਿ ਆਸਾਨੀ ਨਾਲ ਧੋਤੇ ਜਾਂਦੇ ਹਨ। ਇਨ੍ਹਾਂ ਵਿਚ ਹਲਦੀ, ਨਿੰਮ, ਢਾਕ, ਪਲਾਸ ਤੇ ਕੁਮਕੁਮ ਆਦਿ ਸ਼ਾਮਲ ਹਨ।

ਹੋਲੀ ਨੂੰ ਵਿਸ਼ਨੂੰ ਜੀ, ਕ੍ਰਿਸ਼ਨ ਜੀ ਤੇ ਗੋਪੀਆਂ, ਸ਼ਿਵ ਜੀ, ਪਾਰਬਤੀ, ਕਾਮਦੇਵ ਤੇ ਰੱਤੀ ਨਾਲ ਵੀ ਜੋੜਿਆ ਜਾਂਦਾ ਹੈ। ਲੰਬੀਆਂ ਕਥਾਵਾਂ ਹਨ ਜੋ ਇੱਥੇ ਨਹੀਂ ਲਿਖੀਆਂ ਜਾ ਰਹੀਆਂ। ਸਮੇਂ ਦੇ ਥਪੇੜਿਆਂ ਨਾਲ ਇਸ ਹੋਲੀ ਦੇ ਤਿਉਹਾਰ ਦੀ ਮਨੌਤ ਕਈ ਤਰ੍ਹਾਂ ਨਾਲ

ਵਿਗੜ ਗਈ, ਜੋ ਕਿ ਕਈ ਤਰ੍ਹਾਂ ਨਾਲ ਮਰਦ, ਔਰਤਾਂ, ਨੌਜਵਾਨ ਲੜਕੇ ਲੜਕੀਆਂ ਇਕ ਦੂਜੇ ਉੱਪਰ ਰੰਗ ਪਾਉਣ ਨਾਲ ਕੁਝ ਅਸ਼ਲੀਲਤਾ ਸ਼ਾਮਲ ਹੋ ਗਈ ਤੇ ਜ਼ਿਆਦਾਤਰ ਤਿਉਹਾਰ ਦੀ ਧਾਰਮਿਕਤਾ ਖ਼ਤਮ ਹੋ ਗਈ। ਆਮ ਤੌਰ 'ਤੇ ਇਹ ਤਿਉਹਾਰ ਫੱਗਣ ਮਹੀਨੇ ਦੀ ਪੂਰਨਮਾਸ਼ੀ (ਆਖਰੀ ਰਾਤ) ਦੀ ਸ਼ਾਮ ਨੂੰ ਸ਼ੁਰੂ ਹੋ ਕੇ ਚੇਤਰ ਵਿਚ ਤਿੰਨ ਦਿਨ ਤੱਕ ਚਲਦਾ ਹੈ।

ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਿਉਹਾਰ ਦੀ ਰੂਪ-ਰੇਖਾ ਹੀ ਬਦਲ ਦਿੱਤੀ ਤੇ ਇਸ ਨੂੰ ਪਹਿਲੀ ਵਾਰ 1701 ਵਿਚ ਮਨਾਉਂਦਿਆਂ ਹੋਲਾ ਮਹੱਲਾ ਨਾਮ ਦਿੱਤਾ। ਛੇਵੇਂ ਸਤਿਗੁਰੂ ਜੀ ਦੇ ਸਮੇਂ ਤੋਂ ਹੀ ਸਿੱਖ ਨੌਜਵਾਨਾਂ ਨੂੰ ਘੋੜ ਸਵਾਰੀ, ਸ਼ਸਤ੍ਰ ਚਲਾਉਣੇ, ਸ਼ਿਕਾਰ ਖੇਡਣੇ, ਗਤਕਾ ਤੇ ਹੋਰ ਕਸਰਤਾਂ ਕਰਨ ਦੀ ਪ੍ਰੇਰਨਾ, ਗੁਰੂ ਸਾਹਿਬ ਜੀ ਨੇ ਦਿੱਤੀ ਤੇ ਫ਼ੌਜ ਤਿਆਰ ਕਰਕੇ ਮੁਗਲ ਸਾਮਰਾਜ ਨਾਲ ਜੰਗਾਂ ਵੀ ਲੜੀਆਂ ਤੇ ਜਿੱਤਾਂ ਪ੍ਰਾਪਤ ਕੀਤੀਆਂ। ਦੂਜੇ ਸਤਿਗੁਰੂ ਜੀ ਨੇ ਵੀ ਕੁਸ਼ਤੀਆਂ ਵਰਜ਼ਿਸ਼ ਆਦਿ ਦੀ ਪ੍ਰੇਰਨਾ ਕੀਤੀ ਤੇ ਇਕ ਮੱਲ-ਅਖਾੜਾ ਬਣਾਇਆ ਸੀ ਤਾਂ ਕਿ ਸਿੱਖ ਸਿਹਤ ਕਰਕੇ ਵੀ ਚੁਸਤ, ਤਾਕਤਵਾਰ ਤੇ ਤੰਦਰੁਸਤ ਹੋਵਣ।

ਭਾਈ ਕਾਨ੍ਹ ਸਿੰਘ ਨਾਭਾ ਜੀ ਮਹਾਨ ਕੋਸ਼ ਵਿਚ ਹੋਲਾ ਸ਼ਬਦ ਦੇ ਅਰਥ ਹਮਲਾ ਜਾਂ ਹੱਲਾ ਜਾਂ ਹੱਲਾ ਕਰਨ ਦੀ ਥਾਂ ਬਿਆਨ ਕਰਦੇ ਹਨ। ਦਸਮੇਸ਼ ਜੀ ਨੇ ਖ਼ਾਲਸੇ ਨੂੰ ਯੁੱਧ ਵਿੱਦਿਆ ਤੇ ਸ਼ਸਤ੍ਰ ਚਲਾਉਣ ਵਿਚ ਨਿਪੁੰਨ ਕਰਨ ਲਈ ਹੋਲੇ ਦੀ ਰੀਤ ਚਲਾਈ। ਦੋ ਦਲ ਬਣਾ ਕੇ ਜਥੇਦਾਰ ਥਾਪ ਕੇ, ਇਕ ਜਥਾ ਇਕ ਖਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਦਾ ਸੀ ਤੇ ਦੂਜਾ ਜਥਾ ਉਸ ਹਮਲੇ ਨੂੰ ਰੋਕਦਾ। ਸਤਿਗੁਰੂ ਜੀ ਇਸ ਯੁੱਧ ਦਾ ਕਰਤਬ ਦੇਖਦੇ ਤੇ ਯੋਗ ਅਗਵਾਈ ਤੇ ਸ਼ੁੱਭ ਸਿੱਖਿਆ ਦਿੰਦੇ ਤੇ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਸਿਰੋਪਾ ਬਖ਼ਸ਼ਿਆ ਜਾਂਦਾ ਤੇ ਦੂਜੇ ਜਥੇ ਨੂੰ ਸਮਝਾਇਆ ਜਾਂਦਾ ਕਿ ਤੁਸੀਂ ਯੁੱਧ ਦੇ ਇਸ ਹਿੱਸੇ ਵਿਚ ਸੁਧਾਰ ਕਰਕੇ ਬਿਹਤਰ ਬਣ ਸਕਦੇ ਹੋ। ਪਰ ਇਹ ਮੁਕਾਬਲਾ ਬਨਾਵਟੀ ਤੇ ਨਕਲੀ ਹੁੰਦਾ ਸੀ ਪਰ ਇਸ ਤਰ੍ਹਾਂ ਦਾ ਕਰਤਵ ਕਰਨ ਨਾਲ ਯੁੱਧ ਨੀਤੀ ਦੀ ਸਮਝ ਹੋ ਆਉਂਦੀ ਹੈ। ਇਸ ਤਰ੍ਹਾਂ ਦਾ ਪ੍ਰਯੋਗ ਤੇ ਕਸਰਤੀ ਵਰਤਾਰਾ ਅਮਲੀ ਸਿਖਲਾਈ ਲਈ ਬਹੁਤ ਲਾਭਦਾਇਕ ਹੋ ਆਉਂਦਾ ਹੈ। ਸਤਿਗੁਰੂ ਜੀ ਨੇ ਚੇਤ ਵਦੀ ਏਕਮ ਨੂੰ ਕਿਲ੍ਹਾ ਹੋਲਗੜ੍ਹ ਵਿਖੇ ਇਹ ਰੀਤ 1701 ਨੂੰ ਸ਼ੁਰੂ ਕੀਤੀ। ਸਤਿਗੁਰੂ ਜੀ ਨੇ ਪੰਜ ਕਿਲ੍ਹੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਣਵਾਏ—ਅਨੰਦਗੜ੍ਹ, ਕੇਸਗੜ੍ਹ, ਫਤਹਿਗੜ੍ਹ, ਅਗੰਮਗੜ੍ਹ ਤੇ ਹੋਲਗੜ੍ਹ ਇਨ੍ਹਾਂ ਦੇ ਨਾਮ ਹਨ।

ਹੋਲਾ ਸ਼ਬਦ ਹੋਲੀ ਦਾ ਬਹੁਤ ਵਿਲਖਣ ਤੇ ਧੜੱਲੇਦਾਰ ਬਦਲਵਾਂ ਰੂਪ ਹੈ ਜੋ ਕਿ ਨੀਵੇਂ ਤੇ ਕੁਚਲੇ ਹੋਇਆਂ ਅੰਦਰ ਵੀ ਜੋਸ਼ ਉਤਸ਼ਾਹ ਤੇ ਹੁਲਾਸ ਪੈਦਾ ਕਰਦਾ ਹੈ। ਸਤਿਗੁਰੂ ਜੀ ਦੇ ਪ੍ਰਗਟ ਕੀਤੇ ਹੋਏ ਖ਼ਾਲਸਾ ਜੀ ਨੇ ਲੋਕਾਈ ਦੇ ਮਨਾਂ ਵਿਚ ਚੜ੍ਹਦੀ-

ਕਲਾ, ਸੂਰਬੀਰਤਾ ਨੂੰ ਤਰਤੀਬ ਦੇਣ ਲਈ ਕਈ ਖ਼ਾਲਸੇ ਬੋਲੇ ਪ੍ਰਚਲਿਤ ਕੀਤੇ, ਜਿਨ੍ਹਾਂ ਨੂੰ ਕਈ ਨਿਹੰਗ ਸਿੰਘ ਅੱਜ ਤੱਕ ਵਰਤਦੇ ਹਨ ਜਿਨ੍ਹਾਂ ਵਿੱਚੋਂ ਸਿੱਖਾਂ ਦੀ ਚੜ੍ਹਦੀ-ਕਲਾ ਦੇ ਦਰਸ਼ਨ ਹੁੰਦੇ ਹਨ। ਦਸਮੇਸ਼ ਜੀ ਨੇ ਡਿੱਗਿਆਂ-ਢੱਠਿਆਂ ਹੋਇਆਂ ਨੂੰ, ਸ਼ੂਦਰਾਂ ਤੋਂ ਸ਼ੇਰ ਬਣਾਉਣ ਦਾ ਆਤਮਿਕ ਤੌਰ 'ਤੇ ਅਮਲੀ ਵਿਹਾਰਕ ਤੌਰ 'ਤੇ ਚਮਤਕਾਰ ਕਰ ਦਿਖਾਇਆ ਜੋ ਕਿ ਕੋਈ ਹੋਰ ਧਾਰਮਿਕ ਰਹਿਬਰ ਨਹੀਂ ਕਰ ਸਕਿਆ।

ਹੋਲਾ ਮਹੱਲਾ ਅਜੋਕੇ ਸਮੇਂ ਵੀ ਤਿੰਨ ਦਿਨ ਚਲਦਾ ਹੈ। ਇਸ ਸਮੇਂ ਵੀ ਇਹ ਨਕਲੀ ਝੜਪਾਂ, ਸ਼ਸਤ੍ਰਾਂ ਦੀ ਪ੍ਰਦਰਸ਼ਨੀ, ਗਤਕਾ, ਕੀਰਤਨ, ਕਵੀ ਦਰਬਾਰ ਤੇ ਘੋੜ-ਸਵਾਰੀ ਬਿਨਾਂ ਕਾਠੀ ਤੋਂ ਅਤੇ ਦੋ ਤੇਜ ਘੋੜਿਆਂ ਨੂੰ ਦੁੜਾਉਣਾ ਦੋਨਾਂ ਉੱਪਰ ਇਕ ਇਕ ਪੈਰ ਟਿਕਾ ਕੇ ਅਤੇ ਹੋਰ ਬਹੁਤ ਮਰਦਾਊ ਕਰਤਵ ਦਿਖਾਏ ਜਾਂਦੇ ਹਨ। ਗੁਰੂ ਜੀ ਕਾ ਲੰਗਰ ਵੀ ਸਦਾ ਦੀ ਤਰ੍ਹਾਂ ਅਤੁੱਟ ਵਰਤਦਾ ਹੈ। ਹੋਲਾ ਮਹੱਲਾ ਮਨਾਉਣ ਜਾ ਰਹੀਆਂ ਸੰਗਤਾਂ ਲਈ ਰਸਤੇ ਵਿਚ ਆਉਂਦੇ ਪਿੰਡਾਂ ਵੱਲੋਂ ਵੀ ਲੰਗਰ ਲਾਏ ਜਾਂਦੇ ਹਨ। ਨਗਰ ਕੀਰਤਨ ਵੀ ਪੰਜ ਪਿਆਰਿਆਂ ਦੀ ਅਗਵਾਈ ਵਿਚ ਸ੍ਰੀ ਕੇਸਗੜ੍ਹ ਤੋਂ ਆਰੰਭ ਹੋ ਕੇ ਹੋਰ ਗੁਰਦੁਆਰਿਆਂ ਵਿਖੇ ਵੀ ਹਾਜ਼ਰੀ ਭਰਦਾ ਹੈ। ਨੀਲੇ ਬਸਤਰ ਪਹਿਨੇ ਹੋਏ ਬਹੁਤ ਸਾਰੇ ਨਿਹੰਗ ਸਿੰਘ ਘੋੜਿਆਂ ਤੇ ਹਾਥੀਆਂ ਉੱਪਰ ਤੇ ਪੈਦਲ ਵੀ ਆਪਣੇ ਸ਼ਸਤ੍ਰਾਂ ਦੇ ਜੌਹਰ ਦਿਖਾਉਂਦੇ ਨੇ ਤੇ ਉਨ੍ਹਾਂ ਦਾ ਸ਼ਸਤ੍ਰਾਂ ਨਾਲ ਪਿਆਰ ਬਹੁਤ ਦੇਖਣ ਵਿਚ ਆਉਂਦਾ ਹੈ। ਨਿਹੰਗ ਸਿੰਘ ਬਹੁਤ ਪੁਰਾਤਨ ਸਮੇਂ ਤੋਂ ਹੀ ਆਪਣੀ ਅਜ਼ਾਦ ਹੋਂਦ ਵਿਚ ਵਿਚਰਦੇ ਹਨ ਪਰ ਖ਼ਾਸ ਤੌਰ 'ਤੇ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਤੋਂ ਖ਼ਾਸ ਕਰਕੇ, ਕਿਉਂਕਿ ਉਸ ਸਮੇਂ ਅਕਾਲ ਤਖ਼ਤ ਦੇ ਰਖਵਾਲੇ ਅਕਾਲੀ ਫੂਲਾ ਸਿੰਘ ਜੀ ਨਿਹੰਗ ਸਨ। ਨਿਹੰਗ ਸਿੰਘਾਂ ਦੇ ਦੋ ਦਲ ਬੁੱਢਾ ਦਲ ਤੇ ਤਰਨਾ ਦਲ ਹਨ। ਹੋਲੇ ਮਹੱਲੇ ਸਮੇਂ ਹਜ਼ਾਰਾਂ ਦੀ ਗਿਣਤੀ ਵਿਚ ਨਿਹੰਗ ਸਿੰਘ ਸ਼ਾਮਲ ਹੁੰਦੇ ਹਨ ਤੇ ਕਈ ਸੁੱਕਾ ਰੰਗ ਮਲ ਲੈਂਦੇ ਹਨ। ਬਹੁਤ ਵੱਡੇ ਉੱਚੇ ਦੁਮਾਲੇ ਤੇ ਬਹੁਤ ਹੀ ਵੱਡੀਆਂ ਦਸਤਾਰਾਂ ਸਜਾਉਂਦੇ ਹਨ। ਦਸਤਾਰਾਂ ਉੱਪਰ ਚੱਕਰ ਖੰਡੇ ਆਦਿ ਹੋਰ ਸ਼ਸਤ੍ਰ ਤੇ ਚਿੰਨ੍ਹ ਤੇ ਮਾਲਾ ਆਦਿ ਲਗਾਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਕੱਚੇ ਰੰਗ (ਕਸੁੰਭਾ) ਤੋਂ ਪ੍ਰਹੇਜ਼ ਤੇ ਨਾਮ ਦਾ ਮਜੀਠਾ ਰੰਗ ਚੜ੍ਹਾਉਣ ਦੀ ਪ੍ਰੇਰਨਾ ਮਿਲਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਸੰਤਾਂ, ਸੰਗਤਾਂ ਦੀ ਸੇਵਾ ਕਰਨੀ ਹੀ ਹੋਲੀ ਮਨਾਉਣੀ ਅੰਕਿਤ ਹੈ। ਇਸੇ ਤਰ੍ਹਾਂ ਹੀ ਨਾਮ ਰੰਗ ਦੀ ਲਾਲੀ ਚੜ੍ਹੀ ਹੈ। ਫ਼ੁਰਮਾਨ ਹੈ :

ਹੋਲੀ ਕੀਨੀ ਸੰਤ ਸੇਵ॥
ਰੰਗੁ ਲਾਗਾ ਅਤਿ ਲਾਲ ਦੇਵ॥ (ਅੰਗ ੧੧੮੦)

ਇਸੇ ਤਰ੍ਹਾਂ ਹੀ ਕਈ ਸ਼ਬਦਾਂ ਵਿਚ ਨਾਮ ਧਿਆਉਣਾ ਹੀ ਪ੍ਰਭੂ ਜੀ, ਗੁਰੂ ਸਾਹਿਬ ਜੀ ਤੇ ਸੰਤਾਂ ਦੀ ਸੇਵਾ ਕਰਨੀ ਦਰਸਾਇਆ ਗਿਆ ਹੈ, ਇੱਥੇ ਅੰਕਿਤ ਨਹੀਂ ਕੀਤੇ ਜਾ

ਰਹੇ।

ਭਾਈ ਨੰਦ ਲਾਲ (ਸਿੰਘ) ਜੀ ਨੇ ਸਤਿਗੁਰੂ ਜੀ ਦੀ ਬਹੁਤ ਨੇੜਤਾ ਮਾਣੀ ਹੈ। ਉਨ੍ਹਾਂ ਆਪ ਹੋਲੀ, ਹੋਲੇ ਮਹੱਲੇ ਦੇ ਸਮਾਗਮ ਸਤਿਗੁਰੂ ਜੀ ਦੀ ਚਰਨ ਸ਼ਰਨ ਵਿਚ ਮਾਣੇ ਤੇ ਸਤਿਗੁਰੂ ਜੀ ਦੇ ਸਨਮਾਨ ਵਿਚ, ਉਨ੍ਹਾਂ ਦੀ ਬਖ਼ਸ਼ਿਸ਼ ਉੱਪਰ, ਦਇਆ ਉੱਪਰ ਗਜ਼ਲਾਂ ਉਚਾਰੀਆਂ, ਜਿਨ੍ਹਾਂ ਵਿਚ ਗਜ਼ਲ ਨੰਬਰ 32 ਦੇ ਕੁਝ ਸ਼ੇਅਰ ਦਰਜ਼ ਕੀਤੇ ਜਾ ਰਹੇ ਹਨ :

ਗ਼ਜ਼ਲ-੩੨

ਗੁਲੇ ਹੋਲੀ ਬ ਬਾਗ਼ੇ ਦਹਰ ਬੂ ਕਰਦ।
ਲਬੇ ਚੂੰ ਗ਼ੁੰਚਹ ਰਾ ਫ਼ਰਖ਼ੰਦਹ ਖ਼ੂ ਕਰਦ॥ ੧॥

ਭਾਈ ਨੰਦ ਲਾਲ ਜੀ ਬਿਆਨ ਕਰਦੇ ਹਨ ਕਿ ਹੋਲੀ ਦੇ ਫੁੱਲ ਜਗਤ ਬਾਗ਼ ਨੂੰ ਸੁਗੰਧਤ ਕਰ ਦਿੱਤਾ। ਬੁੱਲਾਂ ਵਰਗੇ ਗੁੰਚੇ ਨੂੰ ਖਿੜਾਉ ਨੇ ਖ਼ੂਬਸੂਰਤ ਕਰ ਦਿੱਤਾ।

ਗੁਲਾਬੋ ਅੰਬਰੋ ਮੁਸ਼ਕੋ ਅਬੀਰੋ।
ਚੂੰ ਬਾਰਾਂ ਬਾਰਸ਼ੇ ਅਜ਼ ਸੂ ਬਸੂ ਕਰਦ॥ ੨॥

ਗੁਲਾਬ ਅੰਬਰ ਕਸਤੂਰੀ ਦਿਸ਼ਾ ਬ ਦਿਸ਼ਾ ਹਰ ਪਾਸਿਉਂ ਮੀਂਹ ਦੀ ਤਰ੍ਹਾਂ ਵਰਸਣ ਲੱਗ ਪਏ।

ਜ਼ਹੇ ਪਿਚਕਾਰੀਏ ਪੁਰ ਜ਼ਅਫ਼ਰਾਨੀ।
ਕਿ ਹਰ ਬੇ ਰੰਗ ਰਾ ਖ਼ੁਸ਼ ਰੰਗੋ ਬੂ ਕਰਦ॥ 3॥

ਵਾਹ ਵਾਹ ਕੇਸਰ ਦੀ ਭਰੀ ਹੋਈ ਪਿਚਕਾਰੀ, ਜਿਸ ਨੇ ਹਰ ਇਕ ਰੰਗ ਹੀਣੀ ਚੀਜ਼ ਨੂੰ ਭਲਾ ਰੰਗ ਤੇ ਖ਼ੁਸ਼ਬੂ ਦੇ ਦਿੱਤੀ ਹੈ।

ਗੁਲਾਲ ਅਫ਼ਸਾਨੀ ਅਜ਼ ਦਸਤੇ ਮੁਬਾਰਕ।
ਜ਼ਮੀਨੋ ਆਸਮਾਂ ਰਾ ਸੁਰਖ਼ ਰੂ ਕਰਦ॥ 4॥

ਸਤਿਗੁਰੂ ਜੀ ਨੇ ਆਪਣੇ ਪਵਿੱਤਰ ਹੱਥਾਂ ਨਾਲ ਗੁਲਾਬ ਉਡਾ ਕੇ ਜ਼ਮੀਨ 'ਤੇ ਅਸਮਾਨ ਨੂੰ ਲਾਲ ਚੇਹਰੇ ਨਾਲ ਸੁਰਖ਼ਰੂ ਕਰ ਦਿੱਤਾ।

ਦੋ ਆਲਮ ਗਸ਼ਤ ਰੰਗੀਂ ਅਜ਼ ਤਫ਼ੈਲਸ਼।
ਚੁ ਸ਼ਾਹਮ ਜਾਮਾ ਰੰਗੀਂ ਦਰ ਗੁਲੂ ਕਰਦ॥ 5॥

ਦੋਵੇਂ ਆਲਮ (ਲੋਕ ਪ੍ਰਲੋਕ) ਉਸ ਦੇ ਵਸੀਲੇ ਨਾਲ ਰੰਗੀਲੇ ਹੋ ਗਏ ਹਨ ਜਦੋਂ ਤੋਂ ਮੇਰੇ ਸਤਿਗੁਰੂ ਜੀ ਨੇ ਆਪਣੇ ਗਲ ਵਿਚ ਰੰਗੀਨ ਪੁਸ਼ਾਕਾ ਗਲ ਵਿਚ ਪਾਇਆ ਹੈ।

ਕੇਸਰ ਗੁਲਾਬ ਤੇ ਕਸਤੂਰੀ ਦੀਆਂ ਖ਼ੁਸ਼ਬੂਆਂ ਉਡਾਉਣੀਆਂ ਹੋਲਿਆਂ ਮਹੱਲਿਆਂ ਤੇ ਸ਼ਸਤ੍ਰ ਵਿੱਦਿਆ ਦ੍ਰਿਸ਼ਯ ਬੜੇ ਹੀ ਮਨ-ਮੋਹਣੇ ਖਿੱਚ ਪਾਉਣ ਵਾਲੇ ਹਨ। ਹੋਲੀ, ਹੋਲਾ

ਮਹੱਲਾ ਐਨ ਬਹਾਰ ਦੇ ਆਰੰਭ ਤੇ ਮਨਾਏ ਜਾਂਦੇ ਨੇ। ਭਾਈ ਨੰਦ ਲਾਲ ਜੀ ਨੇ ਅੱਗੇ ਫ਼ੁਰਮਾਉਂਦੇ ਹਨ ਕਿ ਜਿਸ ਕਿਸੇ ਨੇ ਉਸ ਦਾ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਪਵਿੱਤਰ ਦੀਦਾਰ ਕੀਤਾ ਹੈ ਉਨ੍ਹਾਂ ਜੀਵਨ ਦੇ ਲਾਭ ਨੂੰ, ਫਲ ਨੂੰ ਸਫਲਤਾ ਨਾਲ ਪ੍ਰਾਪਤ ਕਰ ਲਿਆ ਹੈ।

ਚੇਤ ਵਿਸਾਖ ਬਸੰਤ ਰੁੱਤ ਵਿਖੇ ਕੁਝ ਹੋਰ ਤਿਉਹਾਰ ਮਨਾਏ ਜਾਂਦੇ ਹਨ। ਜਿਵੇਂ ਕਿ ਜੁਗਾਦੀ, ਜੋ ਕਿ ਕਰਨਾਟਕ, ਮਹਾਰਾਸ਼ਟਰ, ਤਿਲੰਗਾਨਾ ਤੇ ਆਂਧਰਾ ਪ੍ਰਦੇਸ਼ ਵਿਚ ਖ਼ਾਸ ਤੌਰ 'ਤੇ, ਜੋ ਕਿ ਨਵੇਂ ਸਾਲ ਦੀ ਸ਼ੁਰੂਆਤ ਦੀ ਤਰ੍ਹਾਂ ਹੀ ਹੈ। ਇਸ ਦੇ ਕੁਝ ਹੋਰ ਨਾਮ ਵੀ ਹਨ। ਹੋਲੀ, ਰਾਮ ਨੌਂਵੀ, ਬੀਹੂ, ਹਨੂੰਮਾਨ ਜਯੰਤੀ, ਈਸਟਰ ਤੇ ਸਿਧ ਬਾਬਾ ਬਾਲਕ ਨਾਥ ਜੀ ਦਾ ਚੇਤ ਚਾਲਾ ਖ਼ਾਸ ਤੌਰ 'ਤੇ ਹਨ। ਵੈਸਾਖੀ ਤਾਂ ਖ਼ਾਸ ਹੈ, ਜਿਸ ਦਾ ਕੁਝ ਪਿਛੋਕੜ ਇੱਥੇ ਲਿਖਿਆ ਜਾਂਦਾ ਹੈ। ਵਿਸਾਖੀ ਤੀਜੇ ਪਾਤਿਸ਼ਾਹ ਜੀ ਦੇ ਵੇਲੇ ਤੋਂ ਹੀ ਸਿੱਖਾਂ ਵਿਚ ਮਨਾਈ ਜਾਂਦੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਉਪ੍ਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਿਲ ਵਿਚ ਇਕ ਪੱਕਾ ਫ਼ੈਸਲਾ ਕਰ ਲਿਆ ਕਿ ਇਕ ਐਸੀ ਜਥੇਬੰਦੀ ਕਾਇਮ ਕੀਤੀ ਜਾਵੇ ਜੋ ਲਿਤਾੜੇ ਹੋਏ ਤੇ ਮੁਰਦਾ ਹੋਏ ਦਿਲਾਂ ਵਿਚ ਇਕ ਨਵਾਂ ਉਤਸ਼ਾਹ ਤੇ ਚੜ੍ਹਦੀ-ਕਲਾ ਦੀ ਭਾਵਨਾ ਦੇ ਜਜ਼ਬੇ ਨੂੰ ਪ੍ਰਫੁਲਤ ਕਰੇ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਇਸ ਕਾਰਜ ਲਈ 24 ਸਾਲ ਹੋਰ ਲਗਾਏ ਤਾਂ ਕਿ ਜੋ ਖ਼ਾਲਸਾ ਪ੍ਰਗਟ ਕਰਨਾ ਹੈ। ਉਸ ਦੀ ਮਜ਼ਬੂਤੀ ਲਈ ਹੋਰ ਬਾਣੀ ਉਚਾਰਨ ਦੀ ਲੋੜ ਹੈ ਤੇ ਜੰਗੀ ਤਜ਼ਰਬੇ ਦੀ ਵੀ ਲੋੜ ਹੈ। ਸਿੱਖ ਨੂੰ ਸੰਤ ਬਣਨ ਲਈ ਨਿਤਨੇਮ ਮਰਿਆਦਾ ਦੀ ਲੋੜ ਸੀ ਤੇ ਸਿੱਖ ਨੂੰ ਸਿਪਾਹੀ ਬਣਾਉਣ ਲਈ ਅਨੁਸ਼ਾਸਨ, ਜ਼ਬਤ ਤੇ ਯੁੱਧ ਸਿਖਿਆਵਾਂ ਦੀ ਲੋੜ ਸੀ ਤੇ ਸਿੱਖ ਸੰਤ ਸਿਪਾਹੀ ਲਈ ਵਰਦੀ, ਨਿਯਮਾਵਲੀ, ਬੰਧੇਜ ਤੇ ਰਹਿਤ ਦੀ ਖ਼ਾਸ ਜ਼ਰੂਰਤ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਤ ਲੋਕ ਵਿਖੇ ਆਪਣੇ ਆਉਣ ਦਾ ਮਕਸਦ ਬਚਿਤ੍ਰ ਨਾਟਕ ਵਿਚ ਬਿਆਨ ਕੀਤਾ ਹੈ :

ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨ ਮੰ॥
ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥ ੪੩॥

ਖ਼ਾਲਸਾ ਸਾਜਣਾ ਐਸਾ ਕ੍ਰਾਂਤੀਕਾਰੀ ਕਾਰਜ ਸੀ ਜਿਸ ਨਾਲ ਸਭ ਲੋਕਾਈ ਨੂੰ ਬਰਾਬਰਤਾ ਹਾਸਲ ਹੋਈ, ਗੁਰੂ ਸਾਹਿਬ ਜੀ ਦੀ ਬਖ਼ਸ਼ਿਸ਼ ਨਾਲ ਜਾਤ-ਪਾਤ, ਅਮੀਰ-ਗਰੀਬ, ਮਰਦ-ਔਰਤ ਸਭ ਨੂੰ ਸਾਰੀ ਸੰਗਤ ਨੂੰ ਬਿਨਾਂ ਕਿਸੇ ਵਿਤਕਰੇ ਦੇ ਸਤਿਗੁਰੂ ਜੀ ਨੇ ਖ਼ਾਲਸਾ ਬਣਾਉਣ ਦੀਆਂ ਰਹਿਮਤਾਂ ਵਰਤਾਈਆਂ। ਭਾਈ ਗੁਰਦਾਸ ਜੀ ਆਪਣੀ ਉਚਾਰੀ ਵਾਰ ਵਿਚ ਅੰਕਿਤ ਕਰਦੇ ਹਨ :

ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ॥

ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਵੇਂ ਇਹ ਕੌਤਕ ਵਰਤਾਇਆ ਸਭ ਜਾਣਦੇ ਹਨ। ਇੱਥੇ ਬਹੁਤ ਹੀ ਸੰਖੇਪ ਵਿਚ ਇਹ ਲਿਖਿਆ ਜਾਵੇਗਾ ਜੀ। ਸਤਿਗੁਰੂ ਜੀ ਨੇ 1699 ਦੀ ਵਿਸਾਖੀ ਨੂੰ ਸਭ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਨੂੰ ਉਚੇਚੇ ਸੱਦੇ ਭੇਜੇ। ਇਤਿਹਾਸ ਵਿਚ ਤਕਰੀਬਨ 80 ਹਜ਼ਾਰ ਸੰਗਤਾਂ ਦਾ ਇਕੱਠ ਲਿਖਿਆ ਮਿਲਦਾ ਹੈ ਜੋ ਕਿ ਸਮੇਂ ਦੇ ਆਵਾਜਾਈ ਤੇ ਸਵਾਰੀ ਦੇ ਸਾਧਨਾਂ ਨੂੰ ਵਿਚਾਰੀਏ ਤਾਂ ਇਹ ਇਕ ਬਹੁਤ ਵੱਡੀ ਇਕੱਤ੍ਰਤਾ ਹੈ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੰਗੀ ਕਿਰਪਾਨ ਹੱਥ ਫੜ ਕੇ ਸਭ ਤੋਂ ਉੱਚੇ ਅਸਥਾਨ 'ਤੇ ਖੜ੍ਹੇ ਹੋ ਕੇ ਮੰਗ ਕੀਤੀ ਕਿ ਮੈਨੂੰ ਇਕ ਸਿਰ ਦੀ ਲੋੜ ਹੈ। ਸਾਰੀ ਸੰਗਤ ਵਿਚ ਹੈਰਾਨੀਜਨਕ ਸੰਨਾਟਾ ਛਾ ਗਿਆ। ਇੱਥੇ ਇਹ ਸਮਝਣ ਦੀ ਲੋੜ ਹੈ ਕਿ ਪਹਿਲਾਂ ਗੁਰੂ ਸਾਹਿਬ ਜੀ ਨੇ ਨੌਵੇਂ ਸਰੂਪ ਵਿਚ ਆਪ ਹੱਕ, ਸੱਚ ਤੇ ਇਨਸਾਫ਼ ਲਈ ਸੀਸ ਭੇਟ ਕੀਤਾ, ਬਾਅਦ ਵਿਚ ਦਸਵੇਂ ਸਤਿਗੁਰੂ ਜੀ ਨੇ ਸਿੱਖਾਂ ਤੋਂ ਸੀਸ ਮੰਗੇ ਹਨ। ਲਾਹੌਰ ਦੇ ਦਇਆ ਰਾਮ ਜੀ ਨੇ ਆਪਣਾ ਸੀਸ ਭੇਟ ਕੀਤਾ। ਤੰਬੂ ਦੇ ਵਿਚ ਲਿਜਾ ਕੇ ਜਦੋਂ ਬਾਹਰ ਆਏ ਤਾਂ ਕ੍ਰਿਪਾਨ ਖ਼ੂਨ ਨਾਲ ਲਿਬੜੀ ਹੋਈ ਸੀ। ਇਸ ਤਰ੍ਹਾਂ ਚਾਰ ਵਾਰੀ ਫਿਰ ਮੰਗ ਦੁਹਰਾਈ ਗਈ ਤਾਂ ਭਾਈ ਧਰਮ ਚੰਦ ਜੀ ਦਿੱਲੀ ਤੋਂ, ਮੋਹਕਮ ਚੰਦ ਜੀ ਦਵਾਰਕਾ ਗੁਜਰਾਤ ਤੋਂ, ਹਿੰਮਤ ਰਾਏ ਜੀ ਜਗਨ ਨਾਥ ਪੁਰੀ ਉੜੀਸਾ ਤੇ ਸਾਹਿਬ ਚੰਦ ਜੀ ਬਿਦਰ ਕਰਨਾਟਕ ਤੋਂ, ਆਇਆਂ ਨੇ ਵਾਰੀ ਵਾਰੀ ਆਪਣੇ ਸਿਰ ਹਾਜ਼ਰ ਕੀਤੇ।

ਗੁਰੂ ਸਾਹਿਬ ਜੀ ਨੇ ਉੱਚੇ ਥਾਂ ਤੋਂ ਪੁਕਾਰਿਆ ਸੀ ਜੋ ਸਭ ਨੂੰ ਦਿਸਦਾ ਸੀ ਤੇ ਕੋਈ ਇਹ ਨਹੀਂ ਸੀ ਆਖ ਸਕਦਾ ਕਿ ਮੈਂ ਦੇਖਿਆ ਨਹੀਂ ਜਾਂ ਮੈਨੂੰ ਪਤਾ ਨਹੀਂ ਲੱਗਾ। ਗੁਰੂ ਸਾਹਿਬ ਜੀ ਨੇ ਇਹ ਨਹੀਂ ਸੀ ਆਖਿਆ ਕਿ ਮੈਨੂੰ ਮਰਦ ਜਾਂ ਔਰਤ ਦਾ ਸਿਰ ਚਾਹੀਦਾ ਹੈ। ਇਹ ਪੰਜੇ ਵਡਭਾਗੇ ਵੱਖਰੇ-ਵੱਖਰੇ ਇਲਾਕਿਆਂ ਤੋਂ ਵੱਖਰੇ ਕੰਮ ਕਾਰੋਬਾਰ ਕਰਨ ਵਾਲੇ ਪੰਜ ਧਰਮੀ ਕ੍ਰਿਆ ਰਸਮ ਉਪ੍ਰੰਤ ਪੰਜ ਪਿਆਰੇ ਕਹਿਲਾਏ ਤੇ ਜਾਣੇ ਗਏ।

ਸਤਿਗੁਰੂ ਜੀ ਨੇ ਇਨ੍ਹਾਂ ਪੰਜਾਂ ਨੂੰ ਸੁਰਜੀਤ ਕਰਕੇ ਪੰਜ ਬਾਣੀਆਂ ਪੜ੍ਹ ਕੇ ਅੰਮ੍ਰਿਤ ਤਿਆਰ ਕੀਤਾ ਤੇ ਅੰਮ੍ਰਿਤ ਦੇ ਪੰਜ ਪੰਜ ਚੂਲੇ ਸੀਸ, ਨੇਤਰਾਂ ਤੇ ਮੁਖ ਵਿਚ ਪਾਏ ਬੋਲਣ ਨੂੰ ਆਖਿਆ—ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥ ਪੰਜ ਰਹਿਤਾਂ, ਨਿਤਨੇਮ ਤੇ ਚਾਰ ਕੁਰਹਿਤਾਂ ਤੋਂ ਬਚਣ ਦੀ ਹਦਾਇਤ ਕਰ ਕੇ ਹੱਕ-ਸੱਚ ਦਾ ਪਹਿਰੇਦਾਰ ਬਣਾ ਦਿੱਤਾ। ਮੌਤ ਦਾ ਭੈ ਤਾਂ ਸੀਸ ਹਾਜ਼ਰ ਕਰਨ ਸਮੇਂ ਹੀ ਖ਼ਤਮ ਹੋ ਗਿਆ ਸੀ। ਸਤਿਗੁਰੂ ਜੀ ਨੇ ਖ਼ਾਲਸੇ ਦੀ ਮਹਿਮਾ ਵਿਚ ਬਾਣੀ ਉਚਾਰਨ ਕੀਤੀ ਤੇ ਖ਼ਾਲਸੇ ਨੂੰ ਆਪਣਾ ਖ਼ਾਸ ਰੂਪ ਆਖਿਆ। ਅਕਾਲ ਪੁਰਖ ਦੀ ਫ਼ੌਜ ਦਾ ਖਿਤਾਬ ਬਖ਼ਸ਼ਿਆ ਤੇ ਅਕਾਲ ਪੁਰਖ ਦੇ ਖ਼ਾਸ ਗੁਣ ਨਿਰਭੈਤਾ ਤੇ ਨਿਰਵੈਰਤਾ ਨੇ ਖ਼ਾਲਸੇ ਨੂੰ ਅਮਰ ਕਰ ਦਿੱਤਾ। ਖ਼ਾਲਸੇ ਨੂੰ ਅਨੁਸ਼ਾਸਨ ਪ੍ਰਦਾਨ ਕੀਤਾ ਜੋ ਕਿ ਸੰਤ ਸਿਪਾਹੀ ਲਈ ਨਿਤਨੇਮ, ਸ਼ਸਤ੍ਰ ਵਰਦੀ ਰਹਿਤਾਂ ਤੇ ਕਕਾਰ ਬਖ਼ਸ਼ਿਸ਼

ਕੀਤੇ। ਇਸ ਵਿਧਾਨ ਅਨੁਸਾਰ ਇਕ ਐਸਾ ਭਾਈਚਾਰਾ ਕਾਇਮ ਕਰ ਦਿੱਤਾ ਕਿ ਜਿਸ ਦੇ ਬਰਾਬਰ ਦੀ ਮਿਸਾਲ ਦੁਨੀਆਂ ਵਿਚ ਹੈ ਹੀ ਨਹੀਂ। ਇੱਥੇ ਹੀ ਬਸ ਨਹੀਂ ਪੰਜਾਂ ਨੂੰ (ਰਹਿਤਵਾਨ) ਗੁਰੂ ਜੋਤਿ ਦੀ ਜੁਗਤਿ ਵਰਤਾਉਣ ਦਾ ਅਧਿਕਾਰ ਵੀ ਬਖ਼ਸ਼ ਦਿੱਤਾ। ਜਿੱਥੇ ਆਤਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸਰੀਰ ਗੁਰੂ ਪੰਥ ਵਿਚ, ਪੰਜ ਰਹਿਤਵਾਨ ਤਿਆਰ-ਬ-ਤਿਆਰ ਸਿੰਘਾਂ ਵਿਖੇ ਵਰਤੇਗਾ। ਬਾਅਦ ਵਿਚ ਸਤਿਗੁਰੂ ਜੀ ਨੇ ਆਪ ਪੰਜਾਂ ਤੋਂ ਅੰਮ੍ਰਿਤ ਬੇਨਤੀ ਕਰਕੇ ਪ੍ਰਾਪਤ ਕੀਤਾ ਤੇ ਹੁਕਮ ਲਾਗੂ ਕਰ ਦਿੱਤਾ ਕਿ ਸੰਗਤਾਂ ਅੰਮ੍ਰਿਤ ਪੰਜਾਂ ਤੋਂ ਲੈਣ, ਇਸ ਤਰ੍ਹਾਂ ਖ਼ਾਲਸਾ ਸਰਬਦੇਸ਼ੀ ਹੋਇਆ। ਮਰਦਾਂ ਨੂੰ ਸਿੰਘ (ਸ਼ੇਰ) ਤੇ ਬੀਬੀਆਂ ਨੂੰ ਕੌਰ (ਸ਼ਹਿਜ਼ਾਦੀ) ਖਿਤਾਬ ਬਖ਼ਸ਼ੇ। ਖ਼ਾਲਸੇ ਨੂੰ ਆਪਣਾ ਨਾਦੀ ਪੁੱਤਰ ਆਖ ਕੇ ਸਤਿਗੁਰੂ ਜੀ ਨੇ ਪਵਿੱਤਰ ਆਤਮਾ, ਕੁਆਰਾ ਡੋਲਾ ਮਾਤਾ ਸਾਹਿਬ ਕੌਰ ਜੀ ਦੀ ਝੋਲੀ ਵਿਚ ਪਾਇਆ, ਕਿਉਂਕਿ ਖ਼ਾਲਸਾ ਨਾਦੀ ਪੁੱਤਰ ਹੈ ਤੇ ਬਿੰਦੀ ਪੁੱਤਰ ਨਹੀਂ। ਇਸ ਲਈ ਇਸ ਦੀ ਮਾਤਾ ਵੀ ਪਵਿੱਤਰ ਸਰੀਰ ਤੇ ਰੂਹ ਵਾਲੀ ਹੈ ਤੇ ਕੇਸਗੜ੍ਹ ਜਨਮ ਅਸਥਾਨ ਹੈ ਜਿੱਥੇ ਇਹ ਖ਼ਾਲਸਾ ਪ੍ਰਗਟ ਹੋਇਆ। ਇਹ ਪਹਿਲੀ ਵਾਰੀ ਮਨੁੱਖੀ ਇਤਿਹਾਸ ਵਿਚ ਹੋਇਆ ਕਿ ਕੋਈ ਕੌਮ ਆਪਣਾ ਪ੍ਰਗਟ ਦਿਵਸ (ਜਨਮ ਦਿਹਾੜਾ) ਮਨਾਵੇ, ਜਿਵੇਂ ਕਿ ਸਿੱਖ ਪਹਿਲੀ ਵੈਸਾਖ ਨੂੰ ਮਨਾਉਂਦੇ ਹਨ।

ਸਤਿਗੁਰੂ ਜੀ ਨੇ ਖ਼ਾਲਸੇ ਨੂੰ ਹੁਕਮ ਕਰ ਦਿੱਤਾ ਕਿ ਹੱਕ-ਸੱਚ, ਇਨਸਾਫ਼, ਇਨਸਾਨੀਅਤ ਲਈ ਕੁਰਬਾਨੀ ਵੀ ਕਰਨੀ ਪਵੇ ਤਾਂ ਪਿੱਛੇ ਨਹੀਂ ਹਟਣਾ ਤੇ ਗੁਰੂ ਤੇ ਅਕਾਲ-ਪੁਰਖ 'ਤੇ ਭਰੋਸਾ ਰੱਖ ਕੇ ਇਹੋ ਬਰ ਮੰਗਣਾ ਹੈ :

ਦੇਹਿ ਸ਼ਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋ ਜਬ ਜਾਇ ਲਰੋ ਨਿਸਚੈ ਕਰਿ ਅਪੁਨੀ ਜੀਤ ਕਰੋਂ॥

(ਪਾ: ੧੦)

ਗੁਰੂ-ਚੇਲਾ ਦੀ ਅਭੇਦਤਾ ਤਾਂ ਪਹਿਲੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਹੀ ਆਰੰਭ ਕਰ ਦਿੱਤੀ ਸੀ ਜੋ ਦਸਵੇਂ ਗੁਰੂ ਜੀ ਨੇ ਵੀ ਇਸ ਨੂੰ ਅਸਲੀ ਤੇ ਅਮਲੀ ਰੂਪ ਦੇ ਕੇ ਵਾਸਤਵਿਕ ਰੂਪ ਵਿਚ ਖ਼ਾਲਸੇ ਨੂੰ ਸ਼ਬਦ ਗੁਰੂ ਦੀ ਤਰ੍ਹਾਂ ਜੁਗੋ ਜੁੱਗ ਅਟੱਲ ਦੀ ਪਦਵੀ 'ਤੇ ਕਾਇਮ-ਦਾਇਮ ਕਰ ਦਿੱਤਾ। ਖ਼ਾਲਸਾ ਹੋਣ ਲਈ ਪਹਿਲਾਂ ਸਿੰਘ ਬਣਨਾ ਜ਼ਰੂਰੀ ਕਰ ਦਿੱਤਾ ਤੇ ਖ਼ਾਲਸੇ ਨੂੰ ਸਦਾ ਗੁਰੂ ਦੇ ਸ਼ਬਦ ਦੇ ਗਿਆਨ ਦੀ ਹਜ਼ੂਰੀ ਕਰ ਦਿੱਤਾ ਤੇ ਖ਼ਾਲਸੇ ਨੇ ਸਦਾ ਗੁਰੂ ਦੇ ਸ਼ਬਦ ਦੇ ਗਿਆਨ ਦੀ ਹਜ਼ੂਰੀ ਵਿਚ ਜੀਊਣਾ ਹੈ ਤੇ ਖ਼ਾਲਸੇ ਨੂੰ ਸਮਝ ਬਖ਼ਸ਼ ਦਿੱਤੀ ਕਿ ਖ਼ਾਲਸੇ ਦਾ ਗੁਰੂ ਕੋਈ ਸਰੀਰ ਨਹੀਂ ਹੋ ਸਕਦਾ ਬਲਕਿ ਸ਼ਬਦ ਹੀ ਗੁਰੂ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੂਲ-ਮੰਤਰ ਤੇ ਗੁਰ ਮੰਤਰ ਬਖ਼ਸ਼ ਕੇ ਆਖਿਆ ਕਿ ਅੱਜ ਤੋਂ ਤੁਹਾਡੀ ਪਹਿਲਾਂ ਦੀ ਜਾਤ ਤੇ ਗੋਤ ਖ਼ਤਮ ਹੋ ਗਈ ਹੈ, ਤੁਸੀਂ ਸਭ ਗੁਰਭਾਈ ਹੋ। ਗੁਰੂ ਸਾਹਿਬ ਜੀ ਨੇ ਸੀਸ ਲੈ ਕੇ ਅਮਰ ਜੀਵਨ ਤੇ ਮੌਤ ਦਾ ਭੇਦ ਸਮਝਾਇਆ ਕਿ

ਖ਼ਾਲਸੇ ਨੇ ਅਣਖ ਨਾਲ ਜੀਊਣਾ ਹੈ। ਬਾਣੀ ਵਿਚ ਵੀ ਫ਼ੁਰਮਾਨ ਹੈ :

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥
ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥

(ਅੰਗ ੧੪੨)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਸਾਜਣਾ ਤੇ ਸਭ ਨੂੰ ਇੱਕੋ ਬਾਟੇ ਵਿਚੋਂ ਅੰਮ੍ਰਿਤ ਛਕਾਉਣਾ, ਐਸਾ ਕ੍ਰਾਂਤੀਕਾਰੀ ਕੰਮ ਸੀ ਜਿਸ ਨੂੰ ਬ੍ਰਾਹਮਣ ਮੁਖੀ ਸਮਾਜ ਨੇ ਪ੍ਰਵਾਨ ਨਾ ਕੀਤਾ। ਉਨ੍ਹਾਂ ਆਖਿਆ ਕਿ ਉੱਚੀ ਕੁਲ, ਉੱਚੇ ਅਹੁਦੇ ਹੁੰਦਿਆਂ ਕਿਵੇਂ ਸ਼ੂਦਰਾਂ ਨੂੰ ਬਰਾਬਰੀ ਦੇ ਦੇਈਏ ਇਹ ਤਾਂ ਸਾਡੀ ਸਦੀਆਂ ਤੋਂ ਚਲੀ ਆ ਰਹੀ ਪ੍ਰੰਪਰਾ ਹੈ। ਜ਼ਿਆਦਾ ਪਹਾੜੀ ਰਾਜਿਆਂ ਨੇ ਵੀ ਗੁਰੂ ਸਾਹਿਬ ਨੂੰ ਆਪਣਾ ਦੁਸ਼ਮਣ ਸਮਝਿਆ ਤੇ ਬਾਦਸ਼ਾਹ ਨੂੰ ਲਿਖਿਆ ਕਿ ਇਹ ਤੁਹਾਡਾ ਤੇ ਸਾਡਾ ਦੋਵਾਂ ਦਾ ਦੁਸ਼ਮਣ ਹੈ। ਹਾਲਾਂਕਿ ਪਹਿਲੇ ਹੋਏ ਜੰਗਾਂ ਵਿਚ ਫ਼ਤਹਿ ਪਾ ਕੇ ਵੀ ਗੁਰੂ ਸਾਹਿਬ ਨੇ ਕਿਸੇ ਦੀ ਕੋਈ ਜ਼ਮੀਨ ਥੋੜ੍ਹੀ ਜਿੰਨੀ ਵੀ ਨਹੀਂ ਸੀ ਦੱਬੀ। ਸਤਿਗੁਰੂ ਜੀ ਉਨ੍ਹਾਂ ਰਾਜਿਆਂ ਨੂੰ ਵੀ ਮੁਗਲਾਂ ਦੀ ਗੁਲਾਮੀ ਤੋਂ ਮੁਕਤ ਕਰਵਾਉਣਾ ਚਾਹੁੰਦੇ ਸਨ। ਗੁਰੂ ਸਾਹਿਬ ਜੀ ਨੇ ਫ਼ੁਰਮਾਇਆ ਕਿ ਉੱਚੀ ਜਾਤ ਵਿਚ ਜਨਮ ਲੈਣ ਕਰਕੇ ਕੋਈ ਉੱਚਾ ਨਹੀਂ ਹੋ ਜਾਂਦਾ, ਸੁਭਾਵਿਕ ਗੁਣਾਂ ਕਰਕੇ ਸਭ ਮਨੁੱਖਾਂ ਨੂੰ ਤਰੱਕੀ ਕਰਨ ਦਾ ਹੱਕ ਹੈ। ਸਤਿਗੁਰੂ ਜੀ ਨੇ ਆਖਿਆ ਕਿ ਪਾਪ ਦੇ ਵਿਰੁੱਧ ਲੜਨਾ ਨੇਕੀ ਹੈ ਪਰ ਕਿਸੇ ਪਾਪੀ ਜਾਂ ਦੁਸ਼ਟ ਨਾਲ ਨਫ਼ਰਤ ਨਹੀਂ ਕੀਤੀ, ਸਗੋਂ ਉਨ੍ਹਾਂ ਦੇ ਦੁਸ਼ਟਪੁਣੇ ਤੇ ਪਾਪ ਨੂੰ ਨਫ਼ਰਤ ਕੀਤੀ ਹੈ। ਸਤਿਗੁਰੂ ਜੀ ਨੇ ਖ਼ਾਲਸੇ ਨੂੰ ਸਿਧਾ ਅਕਾਲ ਪੁਰਖ ਨਾਲ ਜੋੜ ਦਿੱਤਾ। ਇਹ ਨਹੀਂ ਆਖਿਆ ਕਿ ਇਹ ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਹੈ ਬਲਕਿ ਖ਼ਾਲਸੇ ਨੂੰ ਅਕਾਲ ਪੁਰਖ ਦੀ ਫ਼ੌਜ ਫ਼ੁਰਮਾਇਆ ਤੇ ਆਪਣੇ ਸਾਰੇ ਗੁਣ ਖ਼ਾਲਸੇ ਨੂੰ ਬਖ਼ਸ਼ ਦਿੱਤੇ। ਸੋ ਖ਼ਾਲਸਾ-ਗੁਰੂ ਸਾਹਿਬ-ਅਕਾਲ ਪੁਰਖ ਇੱਕੋ ਰੂਪ ਹੋ ਨਿਬੜੇ, ਕਿਉਂਕਿ ਉਹੋ ਸਾਰੇ ਗੁਣ ਜੋ ਅਕਾਲ ਪੁਰਖ ਦੇ ਵਿਚ ਹਨ ਉਹ ਹੀ ਅਮਲੀ ਰੂਪ ਵਿਚ ਖ਼ਾਲਸੇ ਦੇ ਵਿਚ ਦੇਖਣ ਨੂੰ ਮਿਲਦੇ ਹਨ ਜਿਵੇਂ ਭੁੱਖੇ ਨੂੰ ਲੰਗਰ ਵਰਤਾਉਣਾ ਭਾਵੇਂ ਉਹ ਦੁਸ਼ਮਣ ਹੋਵੇ, ਨਿਹੱਥੇ ਤੇ ਔਰਤ 'ਤੇ ਵਾਰ ਨਹੀਂ ਕਰਨਾ, ਸ਼ਰਨ ਆਏ ਨੂੰ ਮੁਆਫ਼ ਕਰ ਦੇਣਾ, ਸਭ ਵਿਚ ਇਕੋ ਜੋਤਿ ਨੂੰ ਦੇਖਣਾ, ਦਇਆ ਧਾਰਨੀ। ਇਹ ਬਾਦਸ਼ਾਹ ਦਰਵੇਸ਼ ਗੁਰੂ ਸਾਹਿਬ ਦੇ ਤੇ ਅਕਾਲ ਪੁਰਖ ਦੇ ਗੁਣ ਹਨ।

ਪਰ ਇਹ ਗੁਣ ਜੋ ਲੋਕਾਈ ਨੂੰ ਵੰਡ ਕੇ, ਪਾੜ ਕੇ ਆਪਣਾ ਹਕੂਮਤੀ ਭਾਵ ਰਸੂਖ ਜਾਂ ਵਡੱਪਣ ਕਾਇਮ ਰੱਖਣ ਦੀ ਲਾਲਸਾ ਵਾਲਿਆਂ ਨੂੰ ਕਿੱਥੇ ਚੰਗੇ ਲੱਗਣੇ ਸੀ ਜੋ ਨਿਤ ਨਵੇਂ ਮਨਸੂਬੇ ਤੇ ਹਥਕੰਡੇ ਉਨ੍ਹਾਂ ਨੇ ਵਰਤੇ ਤੇ ਅੱਜ ਵੀ ਹਕੂਮਤਾਂ ਵਰਤ ਰਹੀਆਂ ਹਨ, ਕਿਉਂਕਿ ਹਕੂਮਤਾਂ ਨੂੰ ਇਹ ਗੁਣ ਚੁੱਭਦੇ ਹਨ ਕਿਉਂਕਿ ਉਨ੍ਹਾਂ ਨੂੰ ਆਪਣੀਆਂ ਕੁਰਸੀਆਂ

ਕਾਇਮ ਰੱਖਣ ਦਾ ਫ਼ਿਕਰ ਰਹਿੰਦਾ ਹੈ।

ਸਤਿਗੁਰੂ ਜੀ ਨੇ ਸਭ ਨੂੰ ਸੰਬੋਧਨ ਕਰਦਿਆਂ ਫ਼ੁਰਮਾਇਆ ਕਿ ਤੁਸੀਂ ਸਾਰੇ ਇੱਕੋ ਰਾਹ 'ਤੇ ਚੱਲੋ ਤੇ ਇੱਕੋ ਹੀ ਧਰਮ ਅਪਣਾਓ। ਵੱਖਰੀਆਂ-ਵੱਖਰੀਆਂ ਜਾਤਾਂ ਦੇ ਵਖਰੇਵੇਂ ਖ਼ਤਮ ਕਰ ਦਿਓ। ਆਪਣੇ ਆਪ ਨੂੰ ਇਕ ਦੂਜੇ ਤੋਂ ਵੱਡਾ ਨਾ ਸਮਝੋ ਤੇ ਜਾਤਾਂ ਦਾ ਫ਼ਰਕ ਮੁੱਢ ਤੋਂ ਹੀ ਖ਼ਤਮ ਕਰ ਦਿਓ।

ਸਤਿਗੁਰੂ ਜੀ ਦੇ ਦੂਜਿਆਂ ਧਰਮਾਂ ਤੇ ਫਿਰਕਿਆਂ ਤੋਂ ਨਿਆਰੇ ਰੱਖਣ ਲਈ ਸਿੱਖਾਂ ਨੂੰ ਕੁਝ ਖ਼ਾਸ ਨਿਯਮ ਤੇ ਹੁਕਮ ਦਿੱਤੇ ਤਾਂ ਕਿ ਇਹ ਇਕ ਮਹਾਨ ਖ਼ਾਲਸਾ ਜਥੇਬੰਦੀ ਵਿਚ ਪਰੋਏ ਜਾ ਸਕਣ। ਸਿੱਖਾਂ ਨੂੰ ਅੰਮ੍ਰਿਤ ਵੇਲੇ ਪੰਜ ਬਾਣੀਆਂ ਜਪੁ ਜੀ, ਜਾਪੁ, ਸਵੈਯੇ, ਚੌਪਈ ਤੇ ਅਨੰਦ ਸਾਹਿਬ ਦਾ ਪਾਠ ਕਰਨਾ, ਸ਼ਾਮ ਵੇਲੇ ਰਹਿਰਾਸ ਤੇ ਸੌਣ ਵੇਲੇ ਸੋਹਿਲੇ ਦੇ ਪਾਠ ਕਰਨ ਦੀ ਮਰਿਆਦਾ ਬੰਨ੍ਹੀ। ਪੰਜ ਕਕਾਰਾਂ ਦੀ ਰਹਿਤ ਦ੍ਰਿੜ੍ਹ ਕਰਵਾਈ - ਕੇਸ, ਕੰਘਾ, ਕੜਾ, ਕ੍ਰਿਪਾਨ ਤੇ ਕਛਹਿਰਾ ਪਹਿਨਣ ਦਾ ਹੁਕਮ ਦਿੱਤਾ। ਗੁਰੂ ਜੀ ਨੇ ਫ਼ੁਰਮਾਇਆ ਕਿ ਸਿੱਖੀ ਰਹਿਤ ਨਾਲ, ਸ਼ਬਦ ਦੇ ਜਾਪ ਕਰਨ ਦੇ ਨਾਲ ਬਦੀ, ਪਾਪ, ਬੁਰਾਈ ਤੇ ਦੁਸ਼ਟ ਵਿਕਾਰ ਜੀਵ ਨੂੰ ਛੱਡ ਜਾਂਦੇ ਹਨ ਇਹ ਸ਼ਬਦ ਨਾਲ ਜੁੜਨ ਦੀ ਵਡਿਆਈ ਹੈ।

ਚਾਰ ਕੁਰਹਿਤਾਂ ਤੋਂ ਬਚਣ ਦਾ ਫ਼ੁਰਮਾਨ ਕੀਤਾ ਕੇਸਾਂ ਦੀ ਬੇਅਦਬੀ ਨਹੀਂ ਕਰਨੀ, ਪਰ-ਇਸਤਰੀ, ਪਰ-ਪੁਰਸ਼ ਦਾ ਤਨਗਾਮੀ ਨਹੀਂ ਹੋਣਾ, ਕੁੱਠਾ ਨਹੀਂ ਖਾਣਾ ਤੇ ਤਮਾਕੂ ਨਹੀਂ ਵਰਤਣਾ। ਵਾਹਿਗੁਰੂ ਜੀ 'ਤੇ ਪੂਰਨ ਭਰੋਸਾ ਰੱਖਣਾ ਤੇ ਹੋਰ ਕਿਸੇ ਦੇਵੀ ਦੇਵਤੇ ਨੂੰ ਨਹੀਂ ਚਿਤਵਣਾ। ਇਤਿਹਾਸ ਵਿਚ ਲਿਖਿਆ ਮਿਲਦਾ ਹੈ ਕਿ ਪਹਿਲੇ ਦਿਨ ਹੀ 20,000 ਤੋਂ ਵੱਧ ਸਿੱਖਾਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤੇ ਇਹ ਸੰਤ ਸਿਪਾਹੀਆਂ ਦੀ ਖ਼ਾਲਸਾ ਕੌਮ ਬਣੀ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਿੱਖ ਕਕਾਰ ਪਹਿਲਾਂ ਹੀ ਪਹਿਨਦੇ ਸਨ ਪਰ ਗੁਰੂ ਸਾਹਿਬ ਜੀ ਨੇ ਫ਼ੁਰਮਾਨ ਕਰਕੇ ਇਹ ਲਾਜ਼ਮੀ ਮੁਕਰਰ ਕਰ ਦਿੱਤੇ ਤੇ ਆਪ ਅੰਮ੍ਰਿਤ ਪੰਜਾਂ ਤੋਂ ਲੈ ਕੇ ਨਵੇਂ ਸਿਰਿਉਂ ਇਹ ਸਿੱਖੀ ਦੀ ਮਰਿਆਦਾ ਕਾਇਮ ਕਰ ਦਿੱਤੀ। ਇਹ ਕਕਾਰ ਇੰਜ ਸਮਝ ਲਵੋ ਜਿਵੇਂ ਸੁਹਾਗਣ ਆਪਣੀ ਮਾਂਗ ਵਿਚ ਸੰਧੂਰ ਸਜਾਉਂਦੀ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਇਸ ਦਾ ਸੁਹਾਗ ਕਾਇਮ ਹੈ। ਇਵੇਂ ਹੀ ਕਕਾਰਾਂ ਨਾਲ ਸਜੇ ਹੋਏ ਪ੍ਰਾਣੀ ਤੋਂ ਪਤਾ ਚਲ ਜਾਂਦਾ ਹੈ ਕਿ ਇਹ ਗੁਰੂ ਸਾਹਿਬ ਜੀ ਦਾ ਸਿੱਖ ਹੈ। ਉਸ ਸਿੱਖ ਦੀ ਵੀ ਭਾਵਨਾ ਇਸੇ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਕਿ :

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥
ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥ ੧ ॥ **(ਅੰਗ ੩੯੪)**

ਸਿੱਖ ਨੂੰ ਵੀ ਜੀਵਨ ਵਿਚ ਸੰਭਲ ਕੇ ਹਰੇਕ ਤਰ੍ਹਾਂ ਇਮਾਨਦਾਰੀ ਨਾਲ ਚਲਣਾ ਬਣਦਾ ਹੈ ਕਿਉਂਕਿ ਪ੍ਰਤੀਕ ਰੂਪ ਵਿਚ ਉਹ ਗੁਰੂ ਸਾਹਿਬ ਜੀ ਦਾ ਪ੍ਰਤਿਨਿਧ ਹੈ। ਪੁਰਾਣੇ

ਸਮੇਂ ਗੁਰੂ ਸਾਹਿਬ ਜੀ ਦੇ ਸਿੱਖਾਂ ਦੇ ਜੀਵਨ ਬਹੁਤ ਉੱਚੇ ਤੇ ਆਦਰਸ਼ਨਿਕ ਹੁੰਦੇ ਸਨ, ਹੁਣ ਵੀ ਹੈਨ ਪਰ ਵਿਰਲੇ ਹਨ। ਇਕ ਕਮਜ਼ੋਰੀ ਦਾ ਕਾਰਨ ਸਾਡੀਆਂ ਸਿੱਖਾਂ ਦੀਆਂ ਮੁੱਖ ਸੰਸਥਾਵਾਂ ਨੂੰ ਆਪਣੇ ਅੰਦਰੂਨੀ ਢਾਂਚੇ ਤੇ ਆਪਣੇ ਨਿੱਜੀ ਜੀਵਨ ਵੱਲ ਦੇਖ ਕੇ ਪੜਚੋਲ ਕਰਨ ਦੀ ਲੋੜ ਹੈ। ਸਤਿਗੁਰੂ ਜੀ ਦਾ ਵਿਧਾਨ ਸਲੈਕਸ਼ਨ ਹੈ ਨਾ ਕਿ ਇਲੈਕਸ਼ਨ। ਸਤਿਗੁਰੂ ਜੀ ਨੇ ਆਪ ਪਰਖ ਕਰਕੇ, ਛਾਂਟ ਕੇ ਆਪੇ ਪ੍ਰਤਿਨਿਧ ਚੁਣੇ ਹਨ ਨਾ ਕਿ ਸੰਗਤਾਂ ਦੇ ਹੱਥ ਖੜ੍ਹੇ ਕਰਵਾ ਕੇ ਜਾਂ ਵੋਟਾਂ ਪੁਆ ਕੇ। ਇਹ ਜੋ ਮੈਂਬਰ ਬਣਨ ਲਈ, ਪ੍ਰਧਾਨ ਬਣਨ ਲਈ ਚੋਣ-ਮੁਹਿੰਮ ਉਤੇ ਚੜ੍ਹਦੇ ਹਨ, ਭੱਜ-ਦੌੜ ਕਰਕੇ ਪ੍ਰਚਾਰ ਕਰਦੇ ਹਨ ਵੋਟਾਂ ਲਈ ਇਹ ਤਾਂ ਗੁਰੂ ਸਾਹਿਬ ਤੇ ਸਿੱਖਾਂ ਦੇ ਇਤਿਹਾਸ ਵਿਚ ਸਿਧਾਂਤ ਹੈ ਹੀ ਨਹੀਂ। ਗੁਰੂ ਸਾਹਿਬ ਜੀ ਨੇ ਪੰਜ ਪਿਆਰੇ ਸਿਰ ਦੇਣ ਵਾਲਿਆਂ ਨੂੰ ਆਖਿਆ। ਕੀ ਨਵਾਬ ਕਪੂਰ ਸਿੰਘ ਜੀ ਨੂੰ ਨਵਾਬੀ ਹੱਥ ਖੜੇ ਕਰਵਾ ਕੇ ਜਾਂ ਵੋਟਾਂ ਪੁਆ ਕੇ ਦਿੱਤੀ ਗਈ—ਬਿਲਕੁਲ ਨਹੀਂ ਉਨ੍ਹਾਂ ਦੀ ਸੇਵਾ ਦੇਖ ਕੇ ਬਖ਼ਸ਼ਿਸ਼ ਹੋਈ। ਇਸ ਰੀਤੀ ਦੇ ਇਸ ਇਕ ਕਾਰਣ ਕਰਕੇ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ ਹੈ। ਇਸ ਰੀਤੀ ਨੂੰ ਬਦਲਣ ਦੀ ਸਖਤ ਤੇ ਤੁਰੰਤ, ਝਟਪਟ ਜ਼ਰੂਰਤ ਹੈ। ਸਿੱਖਾਂ ਨੂੰ ਵੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਸਿੱਖ ਰਹਿਤ ਬਾਰੇ ਇਸ ਗਉੜੀ ਰਾਗ ਦੇ ਬਚਨਾਂ ਨੂੰ ਵਿਚਾਰਨ ਦੀ ਜ਼ਰੂਰਤ ਹੈ। ਫ਼ੁਰਮਾਨ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥

(ਅੰਗ ੩੦੫)

ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਇਸ ਜਗਤ ਵਿਖੇ ਪਧਾਰੇ ਤਾਂ ਉਨ੍ਹਾਂ ਨੇ ਐਲਾਨ ਕਰ ਦਿੱਤਾ ਕਿ ਧਾਰਮਿਕ ਮਨੁੱਖ ਦੋ ਪਾਸੜ ਨਹੀਂ ਹੋ ਸਕਦੇ ਤੇ ਆਖਣਾ ਕਿ ਇਹ ਗੱਲ ਸਾਡੇ ਨਾਲ ਸਬੰਧਤ ਨਹੀਂ, ਇਹ ਸਾਡਾ ਇਲਾਕਾ ਰਾਜ ਨਹੀਂ ਹੈ ਪ੍ਰਵਾਨ ਨਹੀਂ। ਗੁਰੂ ਸਾਹਿਬਾਨ ਨੇ ਮਨੁੱਖੀ ਹੱਕਾਂ ਮਨੁੱਖੀ ਮਾਨ-ਸਨਮਾਨ ਨੂੰ ਸਰਬ-ਵਿਆਪਕਤਾ ਨਾਲ ਜੋੜਿਆ ਕਿ ਸਿੱਖ ਨੇ ਹਿੰਮਤੀ ਹੋਣਾ ਹੈ ਤੇ ਮਰਜ਼ੀ ਨਾਲ ਦਲੇਰੀ ਨਾਲ, ਖੁਦਮੁਖਤਿਆਰੀ ਤੇ ਉਤਸ਼ਾਹ ਸਹਿਤ ਤੇ ਗੁਲਾਮੀ ਰਹਿਤ ਵਾਸਤਵਿਕ ਜੀਵਨ ਜੀਣਾ ਹੈ।

ਸਿਖੀ ਸਿਖਿਆ ਗੁਰ ਵੀਚਾਰਿ॥ ਨਦਰੀ ਕਰਮਿ ਲਘਾਏ ਪਾਰਿ॥

(ਅੰਗ ੪੬੫)

ਸਮਾਜ ਵਿਚ ਵਿਚਰਦਿਆਂ ਹੋਇਆਂ ਸਿੱਖੀ ਦੀ ਰਹਿਣੀ ਬਹਿਣੀ ਤੇ ਵਿਚਾਰਧਾਰਾ ਤੇ ਪਹਿਰਾ ਦੇਣਾ ਹੈ। ਇਸੇ ਕਰਕੇ ਸਿੱਖ ਅਰਦਾਸ ਵਿਚ ਘੱਟ ਤੋਂ ਘੱਟ ਦੋ ਵੇਲੇ ਸਿੱਖੀ ਦਾਨ ਕੇਸ ਦਾਨ, ਰਹਿਤ ਦਾਨ ਤੇ ਅੰਮ੍ਰਿਤਸਰ ਦੇ ਇਸ਼ਨਾਨ ਦੀ ਬੇਨਤੀ ਕਰਦਾ ਹੈ ਕਿ ਭਾਵ ਮੈਨੂੰ ਗੁਰੂ ਸਾਹਿਬ ਦੀ ਬਖ਼ਸ਼ਿਸ਼ ਮਿਲੇ।

ਵਿਸਾਖੀ ਦੀ ਸਾਖੀ ਸੰਕੋਚ ਕੇ ਬਸੰਤ ਰੁੱਤ ਦੇ ਫਲ ਤੇ ਸਬਜੀਆਂ ਦੀ ਗੱਲ ਕਰਦੇ ਹਾਂ। ਇਸ ਬਸੰਤ ਰੁੱਤ ਵਿਚ ਬੰਦ ਗੋਭੀ, ਮੇਥੀ, ਮੂਲੀਆਂ, ਗਾਜਰਾਂ, ਗੰਢੇ, ਸ਼ਿਮਲਾ ਮਿਰਚਾਂ, ਬਰੋਕਲੀ ਤੇ ਪਾਲਕ ਤੇ ਫਲਾਂ ਵਿਚ ਆਮ ਤੌਰ 'ਤੇ ਖਰਬੂਜੇ, ਅੰਗੂਰ, ਅਮਰੂਦ ਤੇ ਅਨਾਨਾਸ ਆਮ ਤੌਰ 'ਤੇ ਬਹੁਤ ਮਾਤਰਾ ਵਿਚ ਮਿਲਦੇ ਹਨ। ਪਰ ਵੱਖਰੇ-ਵੱਖਰੇ ਇਲਾਕਿਆਂ ਦਾ ਕਾਫੀ ਫ਼ਰਕ ਆਪਸ ਵਿਚ ਹੋ ਜਾਂਦਾ ਹੈ ਜਿਵੇਂ ਬਾਬਾ ਸ਼ੇਖ਼ ਫ਼ਰੀਦ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਚੇਤ ਦੇ ਮਹੀਨੇ ਜੰਗਲ ਵਿਚ ਅੱਗ ਲੱਗ ਜਾਂਦੀ ਹੈ ਫ਼ੁਰਮਾਨ ਹੈ :

ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥ (ਅੰਗ ੪੮੮)

ਇਸੇ ਤਰ੍ਹਾਂ ਕ੍ਰਿਸਾਨ ਵੀ ਸੋਚਦੇ ਹਨ ਕਿ ਫਸਲ ਸਾਭਾਂਗੇ, ਕਰਜ਼ਾ ਘਟੇਗਾ ਤੇ ਦਲਿੱਦਰ ਨਿਕਲੇਗਾ, ਖ਼ੁਸ਼ਹਾਲੀ ਹੋਵੇਗੀ। ਸਤਿਗੁਰੂ ਜੀ ਵੀ ਜੀਵ ਨੂੰ ਪ੍ਰੇਰਨਾ ਦਿੰਦੇ ਹਨ ਕਿ ਹੇ ਪ੍ਰਾਣੀ ! ਪ੍ਰਭੂ ਦੇ ਗੁਣ ਗਾਉਣ ਨਾਲ ਹੀ ਜੀਵਨ ਸਫਲ ਹੋਵੇਗਾ। ਫ਼ੁਰਮਾਨ ਹੈ :

ਹਰਿ ਕੀਰਤਿ ਰੁਤਿ ਆਈ ਹਰਿ ਨਾਮੁ ਵਡਾਈ
ਹਰਿ ਹਰਿ ਨਾਮੁ ਖੇਤੁ ਜਮਾਇਆ॥
ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ ਸਭੁ ਲਾਹਾ ਮੂਲੁ ਗਵਾਇਆ ॥

(ਅੰਗ ੪੪੬)

ਹੁਣ ਵਿਗਿਆਨਕ ਤੌਰ 'ਤੇ ਬਸੰਤ ਰੁੱਤ ਨੂੰ ਕਿਉਂ ਸਭ ਤੋਂ ਵਧੀਆ ਸਮਝਿਆ ਜਾਂਦਾ ਹੈ ਤੇ ਬਾਕੀ ਸੰਸਾਰ ਵਿਚ ਇਸ ਨੂੰ ਕਿਸ ਤਰ੍ਹਾਂ ਮਨਾਉਂਦੇ ਹਨ ਵਿਚਾਰਿਆ ਜਾਵੇਗਾ। ਬਸੰਤ ਰੁੱਤ ਵਿਚ ਤਾਪਮਾਨ ਦਰਮਿਆਨਾ ਤੇ ਵਧੀਆ ਹੁੰਦਾ ਹੈ। ਸਰਦੀ ਉਪ੍ਰੰਤ ਤੇ ਗਰਮੀ ਤੋਂ ਪਹਿਲਾਂ ਇਸ ਬਸੰਤ ਰੁੱਤ ਨੂੰ ਸੁਖਦਾਈ, ਆਰਾਮਦਾਇਕ ਤੇ ਸ਼ਾਂਤੀਪੂਰਨ ਮੰਨਿਆ ਜਾਂਦਾ ਹੈ। ਸੂਰਜ ਦੀ ਧੁੱਪ ਤੇ ਰੌਸ਼ਨੀ ਜ਼ਿਆਦਾ ਮਿਲਦੀ ਹੈ, ਕਿਉਂਕਿ ਦਿਨ ਵੱਡੇ ਹੋਣੇ ਸ਼ੁਰੂ ਹੋ ਜਾਂਦੇ ਹਨ, ਜਿਸ ਕਰਕੇ ਕੰਮ ਕਰਨ ਲਈ ਤੇ ਹੋਰ ਗਤੀਵਿਧੀਆਂ ਤੇ ਜੀਵਨ ਦਾ ਅਨੰਦ ਮਾਨਣ ਲਈ ਜ਼ਿਆਦਾ ਸਮਾਂ ਮਿਲ ਜਾਂਦਾ ਹੈ। ਇਕ ਯੂਨੀਵਰਸਿਟੀ ਵਿਚ ਹੋਈ ਖੋਜ ਦਾ ਨਤੀਜਾ ਇਹ ਨਿਕਲਿਆ ਕਿ ਜਿਤਨਾ ਜ਼ਿਆਦਾ ਦੇਰ ਤੱਕ ਸੂਰਜ ਦਿਨੇ ਚੜ੍ਹਿਆ ਰਹਿੰਦਾ ਹੈ ਉਤਨਾ ਹੀ ਘੱਟ ਲੋਗ ਮਾਨਸਿਕ ਪੀੜਾ ਦਾ ਅਸਰ ਕਬੂਲਦੇ ਹਨ। ਇਸ ਦਾ ਇਕ ਹੋਰ ਵੀ ਕਾਰਨ ਹੈ ਕਿਉਂਕਿ ਪੰਛੀਆਂ ਦੀ ਚਹਿ-ਚਹਾਵਟ ਤੇ ਮੌਜੂਦਗੀ ਵੀ ਮਨ 'ਤੇ ਅੱਛਾ ਪ੍ਰਭਾਵ ਪਾਉਂਦੀ ਹੈ।

ਬਹੁਤ ਸਾਰੇ ਜੀਵ ਜੰਤੂ ਤੇ ਪਸ਼ੂਆਂ ਦੇ ਬੱਚੇ ਇਸ ਰੁੱਤ ਵਿਚ ਪੈਦਾ ਹੁੰਦੇ ਹਨ। ਖਰਗੋਸ਼, ਬੱਤਖਾਂ ਤੇ ਕਾਟੋ ਆਦਿ ਦੇ ਬਹੁਤ ਦਿਲਕਸ਼, ਸੁੰਦਰ ਤੇ ਚੁਸਤ ਛੋਟੇ-ਛੋਟੇ ਬੱਚੇ ਮਨ ਨੂੰ ਮੋਹ ਲੈਂਦੇ ਹਨ ਤੇ ਉਨ੍ਹਾਂ ਦੀਆਂ ਛੋਟੀਆਂ ਛੋਟੀਆਂ ਗੱਲਾਂ ਤੇ ਸ਼ਰਾਰਤਾਂ ਦੇਖਣ ਨੂੰ ਚੰਗੀਆਂ ਲੱਗਦੀਆਂ ਹਨ। ਇਨ੍ਹਾਂ ਦਾ ਅਸਰ ਇਹ ਹੁੰਦਾ ਹੈ ਕਿ ਵਿਅਕਤੀ ਜ਼ਿਆਦਾ ਕੰਮ ਨਿਪਟਾ ਲੈਂਦੇ ਹਨ। ਜ਼ਿਆਦਾ ਰੌਸ਼ਨੀ ਰਹਿਣ ਨਾਲ ਸਭ ਸੁਰੱਖਿਅਤ ਤੇ ਭੈ-ਰਹਿਤ ਮਹਿਸੂਸ ਕਰਦੇ ਹਨ। ਇਨ੍ਹਾਂ ਦਿਨਾਂ ਵਿਚ ਲੁੱਟ-ਖੋਹ ਦੀਆਂ ਵਾਰਦਾਤਾਂ ਵੀ ਘੱਟ ਜਾਂਦੀਆਂ ਹਨ ਤੇ ਕਈ ਦੇਸ਼ਾਂ ਵਿਚ ਸਮਾਂ ਇਕ ਘੰਟਾ ਅੱਗੇ ਕਰ ਦਿੱਤਾ ਜਾਂਦਾ ਹੈ ਜਿਹੜਾ ਕਿ ਕਈਆਂ ਲਈ ਵਰਦਾਨ ਦੀ ਤਰ੍ਹਾਂ ਹੁੰਦਾ ਹੈ।

ਬਸੰਤ ਰੁੱਤ ਵਿਚ ਜ਼ਿਆਦਾ ਲੋਕ ਘਰੋਂ ਬਾਹਰ ਸੈਰ ਆਦਿ ਲਈ ਜਾਂਦੇ ਹਨ ਜੋ ਕਿ ਸਰਦੀ ਤੇ ਜ਼ਿਆਦਾ ਗਰਮੀ ਦੇ ਮੌਸਮ ਵਿਚ ਸੰਭਵ ਨਹੀਂ ਹੁੰਦਾ। ਮਿਸ਼ੀਗਨ ਯੂਨੀਵਰਸਿਟੀ ਦੀ ਖੋਜ ਅਨੁਸਾਰ ਅੱਧਾ ਘੰਟਾ ਕੁਦਰਤ ਦੇ ਨਜ਼ਾਰਿਆਂ ਨੂੰ ਦੇਖਦਿਆਂ ਹੋਇਆਂ ਸੈਰ ਕਰਨ ਨਾਲ ਸਾਡੇ ਦਿਮਾਗ ਨੂੰ ਆਰਾਮ ਤੇ ਸੁਖ ਮਹਿਸੂਸ ਹੁੰਦਾ ਹੈ ਤੇ ਸਾਡੀ ਤਬੀਅਤ ਖ਼ੁਸ਼ਹਾਲ ਹੁੰਦੀ ਹੈ। ਇਸੇ ਕਾਰਨ ਕਰਕੇ ਸਾਡੀ ਸਿਰਜਣਸ਼ੀਲਤਾ, ਰਚਨਾਤਮਕਤਾ ਤੇ ਉਤਪਾਦਕਤਾ ਵਧਦੀ ਹੈ ਤੇ ਹੋਰ ਜਾਣਕਾਰੀ ਤੇ ਗਿਆਨ ਪ੍ਰਾਪਤੀ ਲਈ ਸਾਡੀ ਸੋਚਣੀ ਪ੍ਰਭਾਵਿਤ ਹੁੰਦੀ ਹੈ।

ਪੌਦਿਆਂ ਦਰੱਖਤਾਂ ਉੱਪਰ ਹਰੇ-ਹਰੇ ਪੱਤੇ ਤੇ ਕਰੂੰਬਲਾਂ ਉਤਪੰਨ ਹੁੰਦੀਆਂ ਹਨ ਜੋ ਕਿ ਬਾਅਦ ਵਿਚ ਗਰਮੀ ਵਿਚ ਸਾਡੇ ਲਈ ਚੰਦੋਆ ਤਾਨਣ ਦਾ ਕੰਮ ਕਰਦੀਆਂ ਹਨ। ਪੌਦੇ ਤੇ ਦਰੱਖ਼ਤ ਕਾਰਬਨ ਡਾਈਆਕਸਾਈਡ ਜੋ ਅਸੀਂ ਮਨੁੱਖ ਛੱਡਦੇ ਹਾਂ ਉਸ ਦਾ ਚੌਥਾ ਹਿੱਸਾ ਉਤਸਰਜਨ, ਪ੍ਰਵਾਹ ਵਾਯੂਮੰਡਲ, ਵਾਤਾਵਰਣ ਵਿੱਚੋਂ ਖਿੱਚ ਕੇ ਖਪਾ ਲੈਂਦੇ ਹਨ ਜੋ ਕਿ ਸਾਡੇ ਆਂਢ-ਗੁਆਂਢ ਚੁਗਿਰਦੇ ਲਈ ਖ਼ਾਸ ਸੇਵਾ ਹੈ। ਬਸੰਤ ਰੁੱਤ ਵਿਚ ਇਹ ਦਰੱਖ਼ਤ ਤਕਰੀਬਨ 100 ਗਿੱਗਾ-ਟਨ ਕਾਰਬਨ ਖਾ ਲੈਂਦੇ ਹਨ।

ਬਸੰਤ ਰੁੱਤ ਵਿਚ ਬਹੁਤ ਸਾਰੀਆਂ ਤਾਜੀਆਂ ਸਬਜੀਆਂ ਮਿਲ ਜਾਂਦੀਆਂ ਹਨ ਤੇ ਕਈ ਫਲ ਵੀ ਜੋ ਕਿ ਸਾਡੀ ਸਿਹਤ ਤੇ ਮਨੋਅਵਸਥਾ ਉੱਪਰ ਅੱਛਾ ਪ੍ਰਭਾਵ ਪਾਉਂਦੇ ਹਨ ਤੇ ਤਾਜੀਆਂ ਸਬਜੀਆਂ ਦੇ ਫਲ ਖਾ ਕੇ ਵਿਅਕਤੀ ਬਹੁਤ ਖ਼ੁਸ਼ੀ ਤੇ ਤਸੱਲੀ ਮਹਿਸੂਸ ਕਰਦੇ ਹਨ। ਬਹੁਤ ਸਾਰੇ ਫੁੱਲ ਖਿੜਦੇ ਹਨ, ਜਿਨ੍ਹਾਂ ਨੂੰ ਦੇਖਣ ਨਾਲ ਹੀ ਮਨੁੱਖ ਖ਼ੁਸ਼ੀ ਮਹਿਸੂਸ ਕਰਦੇ ਹਨ। ਜੇ ਤੁਸੀਂ ਕਿਸੇ ਨੂੰ ਫੁੱਲ ਭੇਟ ਕਰਦੇ ਹੋ ਤਾਂ ਜ਼ਿਆਦਾਤਰ ਤੁਸੀਂ ਸੱਚੀ ਮੁਸਕਰਾਹਟ ਦੇਖ ਸਕਦੇ ਹੋ ਤੇ ਉਸ ਵਿਅਕਤੀ ਦਾ ਮਿਜ਼ਾਜ, ਤਬੀਅਤ ਵੀ ਵਧੀਆ ਹੋ ਜਾਂਦੀ ਹੈ।

ਭੱਟ ਭਲ ਜੀ ਦਾ ਸਵਈਆ ਬਿਆਨਦਾ ਹੈ ਕਿ ਬੱਦਲਾਂ ਦੀਆਂ ਕਣੀਆਂ, ਬਸੰਤ ਰੁੱਤ ਦੇ ਫੁੱਲ, ਧਰਤੀ ਦੀ ਬਨਾਸਪਤੀ, ਸੂਰਜ ਚੰਦ੍ਰਮਾ ਦੀਆਂ ਕਿਰਣਾਂ, ਸਮੁੰਦਰ ਦਾ ਪੇਟ, ਗੰਗਾ ਦੀਆਂ ਲਹਿਰਾਂ ਤੇ ਸ਼ਿਵ ਜੀ ਦੀ ਅਡੋਲ ਸਮਾਧੀ ਦੀ ਗਿਣਤੀ ਨਹੀਂ ਹੋ

ਸਕਦੀ, ਪਰ ਜੇ ਕੋਈ ਇਨ੍ਹਾਂ ਸਭ ਦੀ ਗਿਣਤੀ ਕਰ ਵੀ ਲਵੇ, ਪਰ ਹੇ ਗੁਰੂ ਅਮਰਦਾਸ ਜੀ ! ਤੁਹਾਡੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ। ਤੇਰੇ ਜਿਹਾ ਤੂੰ ਹੀ ਹੈਂ ਆਖੀਏ ਤਾਂ ਗੱਲ ਫਬਦੀ ਹੈ। ਫ਼ੁਰਮਾਨ ਹੈ :

ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ ॥
ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ॥
ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਯ ਉਨਹ ਜੁੋ ਗਾਵੈ ॥
ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥ ੧ ॥ ੨੨ ॥

(ਅੰਗ ੧੩੯੬)

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ 72 ਸਾਲ ਦੀ ਉਮਰ ਵਿਚ ਗੁਰ ਸ਼ਰਨ ਵਿਚ ਗਏ ਤੇ 12 ਸਾਲ ਬਿਨਾ ਨਾਗਾ ਦਰਿਆ ਬਿਆਸ ਵਿਚੋਂ ਗਾਗਰ ਭਰ ਕੇ ਜਲ ਲਿਆਂਦਾ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਇਸ਼ਨਾਨ ਕਰਨ ਦੇ ਲਈ। ਮਹਾਨ ਜੀਵਨ ਹੈ ਗੁਰੂ ਅਮਰਦਾਸ ਸਾਹਿਬ ਜੀ ਦਾ ਜੋ ਇੱਥੇ ਦਰਜ ਨਹੀਂ ਕੀਤਾ ਜਾ ਰਿਹਾ।

ਮੌਸਮ ਸੁਹਾਵਣਾ ਹੋਣ ਕਰਕੇ ਤੁਸੀਂ ਕਸਰਤ, ਵਰਜ਼ਿਸ਼ ਘਰ ਤੋਂ ਬਾਹਰ ਕਰ ਸਕਦੇ ਹੋ, ਭਾਵੇਂ ਉਹ ਤੁਰਨ ਜਾਂ ਦੌੜਨ ਤੱਕ ਹੀ ਸੀਮਤ ਹੋਵੇ, ਉਸ ਦਾ ਬਹੁਤ ਲਾਭ ਹੁੰਦਾ ਹੈ। ਤਾਜ਼ੀ ਹਵਾ ਵਿਚ ਕਸਰਤ ਕਰਨ ਨਾਲ ਸਰੀਰ ਤੇ ਮਨ ਉੱਪਰ ਨਿਸ਼ਚਾਤਮਕ ਅਸਰ ਹੁੰਦਾ ਹੈ ਤੇ ਮਾਨਸਿਕ ਖਿਚਾਉ ਘੱਟਦਾ ਹੈ ਤੇ ਇਸ ਕਸਰਤ ਨੂੰ ਲਗਾਤਾਰ ਰੱਖਣ ਨੂੰ ਜੀਅ ਕਰਦਾ ਹੈ। ਆਮ ਘਰਾਂ ਦੇ ਖਿੜਕੀਆਂ ਤੇ ਸ਼ੀਸ਼ੇ ਖੋਲ੍ਹਣ ਨਾਲ ਤਾਜੀ ਹਵਾ ਘਰ ਅੰਦਰ ਆਉਂਦੀ ਹੈ ਜੋ ਕਿ ਘਰਾਂ ਦੇ ਵਿੱਚੋਂ ਦੂਸ਼ਿਤ ਮਲੀਨਤਾ ਤੇ ਅਪਵਿੱਤਰੀਕਰਣ ਦੂਰ ਕਰਦੀ ਹੈ। ਸੂਰਜ ਦੀ ਰੋਸ਼ਨੀ ਨਿੱਘ ਤੇ ਧੁੱਪ ਨਾਲ ਸਾਡਾ ਸਰੀਰ ਵਿਟਾਮਨ-ਡੀ ਦਾ ਉਤਪਾਦਨ ਕਰਦਾ ਹੈ ਜੋ ਕਿ ਸਾਡੀਆਂ ਹੱਡੀਆਂ ਨੂੰ ਮਜ਼ਬੂਤ ਰੱਖਣ ਲਈ ਬਹੁਤ ਲੋੜੀਂਦਾ ਹੈ, ਇਸੇ ਇਕ ਕਾਰਨ ਕਰਕੇ ਵੀ ਕਈ ਠੰਢੇ ਦੇਸ਼ਾਂ ਦੇ ਵਸਨੀਕ ਗਰਮ ਦੇਸ਼ਾਂ ਵਿਚ ਛੁੱਟੀਆਂ ਮਨਾਉਣ ਲਈ ਜਾਂਦੇ ਹਨ।

ਬਸੰਤ ਰੁੱਤ ਵਿਚ ਦੁਨੀਆਂ ਦੇ ਵਿਚ ਕਈ ਤਰ੍ਹਾਂ ਦੇ ਮੇਲੇ ਤਿਉਹਾਰ ਮਨਾਏ ਜਾਂਦੇ ਹਨ। ਭਾਰਤ ਵਿਚ ਵੈਸਾਖੀ ਸਮੇਂ ਨਗਰ ਕੀਰਤਨ ਆਯੋਜਿਤ ਕੀਤੇ ਜਾਂਦੇ ਹਨ ਤੇ ਜਿੱਥੇ ਵੀ ਸੰਸਾਰ ਵਿਚ ਸਿੱਖ ਗਿਣਤੀ ਵਿਚ ਰਹਿੰਦੇ ਹਨ ਉਥੇ ਹੀ ਸ਼ਰਧਾ ਪੂਰਬਕ ਅੰਮ੍ਰਿਤ ਸਮਾਗਮ ਰਚਾਏ ਜਾਂਦੇ ਹਨ। ਕੇਸਰੀ ਬਾਣੇ ਤੇ ਕੇਸਰੀ ਚੁੰਨੀਆਂ ਦੀ ਭਰਮਾਰ ਹੁੰਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਰਬੰਸ ਕੁਰਬਾਨੀ ਨੂੰ ਯਾਦ ਕੀਤਾ ਜਾਂਦਾ ਹੈ ਤੇ ਖ਼ਾਲਸਾ ਪੰਥ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਦੀਆਂ ਵਿਹਾਰਕ ਰੂਪ ਵਿਚ ਯੋਜਨਾਵਾਂ ਉਲੀਕੀਆਂ ਜਾਂਦੀਆਂ ਹਨ। ਹੋਲੀ ਤੇ ਹੋਲੇ ਮਹੱਲੇ ਦੀ ਵਿਆਖਿਆ ਪਹਿਲਾਂ ਅੰਕਿਤ ਕੀਤੀ ਜਾ ਚੁੱਕੀ ਹੈ।

Mothers Day

ਬਹੁਤ ਸਾਰੀ ਦੁਨੀਆਂ ਦੇ ਵਿਚ ਮਾਂ ਦਾ ਦਿਨ ਮਨਾਇਆ ਜਾਂਦਾ ਹੈ। ਇੰਗਲੈਂਡ ਵਿਚ ਇਹ ਬਸੰਤ ਦੀ ਰੁੱਤ ਵਿਖੇ ਐਤਵਾਰ ਨੂੰ ਮਨਾਇਆ ਜਾਂਦਾ ਹੈ ਪਰ ਇਸ ਦੀ ਕੋਈ ਪੱਕੀ ਤਾਰੀਖ ਮੁਕਰਰ ਨਹੀਂ ਹੈ। Easter ਤੋਂ ਇਹ ਆਮ ਤੌਰ 'ਤੇ ਤਿੰਨ ਐਤਵਾਰ ਪਹਿਲਾਂ ਆਉਂਦਾ ਹੈ। ਇਸ ਮਦਰਜ਼ ਡੇ ਨੂੰ ਸਾਰੀ ਦੁਨੀਆਂ ਵਿਚ ਤਕਰੀਬਨ ਮਨਾਇਆ ਜਾਂਦਾ ਹੈ ਤੇ ਭਾਰਤ ਵਿਚ ਇਹ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਮਨਾਉਂਦੇ ਹਨ। ਜਿਵੇਂ ਬਹੁਤੇ ਵਿਅਕਤੀ ਆਪਣੀ ਜਨਮ ਦੀ ਮਾਤਾ ਨੂੰ ਫੁੱਲ, ਚਾਕਲੇਟ ਤੇ ਹੋਰ ਸੁਗਾਤਾਂ ਦਿੰਦੇ ਹਨ ਇਵੇਂ ਹੀ ਬਹੁਤ ਸਾਰੇ ਸਿੱਖ ਆਪਣੀ ਧਰਮ ਦੀ ਮਾਤਾ ਸਾਹਿਬ ਕੌਰ ਨੂੰ ਵੀ ਇਸ ਦਿਨ ਯਾਦ ਕਰਦੇ ਹਨ। ਇੱਥੇ ਹੀ ਬਸ ਨਹੀਂ, ਕਈ ਤਾਂ ਸਭ ਸਿੱਖ ਬੀਬੀਆਂ ਮਾਤਾਵਾਂ ਨੂੰ ਇਸ ਦਿਨ ਯਾਦ ਕਰਦੇ ਹਨ, ਜਿਵੇਂ ਕਿ ਮਾਤਾ ਤ੍ਰਿਪਤਾ ਜੀ, ਬੇਬੇ ਨਾਨਕੀ ਜੀ, ਮਾਤਾ ਖੀਵੀ ਜੀ, ਬੀਬੀ ਭਾਨੀ ਜੀ, ਮਾਤਾ ਗੰਗਾ ਜੀ, ਮਾਤਾ ਨਾਨਕੀ ਜੀ, ਮਾਤਾ ਦਮੋਦਰੀ ਜੀ, ਮਾਤਾ ਗੁਜਰੀ ਜੀ, ਮਾਤਾ ਜੀਤੋ ਜੀ ਤੇ ਮਾਤਾ ਸਾਹਿਬ ਕੌਰ ਜੀ ਸਭ ਦੇ ਨਾਮ ਨਹੀਂ ਲਿਖੇ ਗਏ ਖਿਮਾ ਦਾ ਜਾਚਕ ਹਾਂ।

ਖ਼ਾਲਸੇ ਦੀ ਮਾਤਾ ਹੈ—ਮਾਤਾ ਸਾਹਿਬ ਕੌਰ ਜੀ, ਜਿਨ੍ਹਾਂ ਦੀ ਯਾਦ ਵਿਚ ਸ੍ਰੀ ਹਜ਼ੂਰ ਸਾਹਿਬ ਵਿਖੇ, ਜਿੱਥੇ ਮਾਤਾ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਈ ਲੰਗਰ ਤਿਆਰ ਕੀਤਾ ਸੀ, ਬਹੁਤ ਸੁੰਦਰ ਗੁਰਦੁਆਰਾ ਸੁਸ਼ੋਭਿਤ ਹੈ। ਇਸ ਗੁਰਦੁਆਰੇ ਦੀ ਸੇਵਾ ਦਾ ਆਰੰਭ ਸੰਤ ਬਾਬਾ ਮਿੱਤ ਸਿੰਘ ਜੀ ਨਿਹੰਗ ਸਿੰਘ ਦੇ ਉੱਦਮ ਅਤੇ ਤਪਸਿਆ ਨਾਲ ਹੋਇਆ। ਹਜ਼ੂਰ ਸਾਹਿਬ ਮਾਤਾ ਜੀ ਦੇ ਅਸਥਾਨ 'ਤੇ ਲੰਗਰ ਸਭ ਨੂੰ ਮਿਲਦਾ ਹੈ। ਸਿੱਖ ਭਾਵੇਂ ਮਾਤਾ ਨੂੰ ਯਾਦ ਨਾ ਕਰੇ, ਪਰ ਮਾਤਾ ਫ਼ਰਕ ਨਹੀਂ ਰੱਖਦੀ ਜਿਵੇਂ ਕਿ ਫ਼ੁਰਮਾਨ ਹੈ :

ਸੁਤੁ ਅਪਰਾਧ ਕਰਤ ਹੈ ਜੇਤੇ ॥
ਜਨਨੀ ਚੀਤਿ ਨ ਰਾਖਸਿ ਤੇਤੇ ॥ ੧ ॥

(ਅੰਗ ੪੭੮)

ਪੜ੍ਹਣ-ਸੁਣਨ ਵਿਚ ਆਇਆ ਹੈ ਕਿ ਪੁਰਾਤਨ ਸਿੰਘ ਗੁਰੂ ਸਾਹਿਬ ਦੇ ਵੇਲੇ ਤੇ ਬਾਅਦ ਤੱਕ ਮਾਤਾ ਜੀ ਨੂੰ ਮਾਇਆ ਦਿਆ ਕਰਦੇ ਸਨ ਕਿ ਪੁੱਤਰਾਂ ਦੀ ਕਮਾਈ ਤੇ ਮਾਂ ਦਾ ਹੱਕ ਹੁੰਦਾ ਹੈ। ਸਭ ਅੰਮ੍ਰਿਤ ਛਕਣ ਵਾਲੇ ਪ੍ਰਾਣੀ ਉਸ ਸਮੇਂ ਸਵਾ ਰੁਪਈਆ ਮਾਤਾ ਜੀ ਨੂੰ ਭੇਟ ਕਰਿਆ ਕਰਦੇ ਸਨ। ਕਿਤੇ ਭੁਲੇਖਾ ਨਾ ਲੱਗ ਜਾਵੇ, ਅੰਮ੍ਰਿਤ ਦੀ ਕੀਮਤ ਨਹੀਂ, ਭੇਟਾ ਕਿਹਾ ਗਿਆ ਹੈ। ਦੁਨੀਆਂ ਦੀ ਕਿਸੇ ਵੀ ਵਸਤੂ ਨਾਲ ਅੰਮ੍ਰਿਤ ਦੀ ਕੀਮਤ ਨਹੀਂ ਚੁਕਾਈ ਜਾ ਸਕਦੀ। ਇਹ ਦਾਤ ਤਾਂ ਸਿਰ ਦੇ ਕੇ ਹੀ ਮਿਲਦੀ ਹੈ। ਜੇ 1699 ਈ. ਦੇ ਸਵਾ ਰੁਪਈਏ ਦੀ ਅੱਜ ਨਾਲ ਤੁਲਨਾ ਕਰੀਏ ਤਾਂ ਪਤਾ ਲੱਗਦਾ ਹੈ ਕਿ ਪੁਰਾਤਨ ਸਿੰਘ ਕਿੰਨੇ ਅਮੀਰ ਸਨ, ਬਾਣੀ ਕਰ ਕੇ, ਕੁਰਬਾਨੀ ਕਰ ਕੇ ਅਤੇ ਆਪਾ ਨਿਛਾਵਰ ਕਰਨ ਲਈ। ਮੈਂ ਰੇਟ ਆਫ ਇਨਫਲੇਸ਼ਨ ਦੇ ਹਿਸਾਬ ਨਾਲ ਉਸ ਸਮੇਂ ਦੇ ਸਵਾ ਰੁਪਈਏ ਦੀ

ਵੈਲਯੂ ਕੱਢਣ ਦੀ ਕੋਸ਼ਿਸ਼ ਕੀਤੀ ਤਾਂ ਪਤਾ ਚਲਿਆ ਕਿ ਉਸ ਸਮੇਂ ਦਾ ਸਵਾ ਰੁਪਈਏ ਦੀ ਕੀਮਤ ਇਸ ਸਮੇਂ ਦੇ ਦਸ ਹਜ਼ਾਰ ਰੁਪਏ ਤੋਂ ਵੀ ਉੱਪਰ ਹੈ। ਪਰ ਅਸੀਂ ਹਾਲੇ ਵੀ ਸਵਾ ਰੁਪਏ ਦੀ ਅਰਦਾਸ ਕਰਾਉਂਦੇ ਹਾਂ, ਨਹੀਂ ਸੱਚ ਸਵਾ ਪੌਂਡ ਦੀ। ਪਰ ਭਾਈ ਗੁਰਦਾਸ ਜੀ ਲਿਖਦੇ ਹਨ : "ਗੋਬਿੰਦ ਭਾਉ ਭਗਤਿ ਦਾ ਭੁੱਖਾ" ਅਤੇ "ਭਾਵਨੀ ਭਗਤ ਭਾਇ ਕਉਡੀ ਅਗਰ ਭਾਗ ਰਾਖੈ"। ਇਨ੍ਹਾਂ ਉੱਚ ਵਸਤੂਆਂ ਦੀ ਜਗ੍ਹਾ ਮਾਇਆ ਦੀ ਦੌੜ ਹੀ ਸਾਡਾ ਜੀਵਨ ਨਿਸ਼ਾਨਾ ਬਣ ਗਿਆ ਹੈ। ਅਸੀਂ ਭਰਮ ਗਏ ਹਾਂ।

ਮੈਂ ਕੁਝ ਸਮਾਂ ਪਹਿਲਾਂ ਮਦਰਜ਼ ਡੇ 'ਤੇ ਕਵਿਤਾ ਲਿਖੀ ਸੀ ਜੋ ਆਪ ਜੀ ਸਭ ਨਾਲ ਸਾਂਝੀ ਕਰ ਰਿਹਾ ਹਾਂ :-

ਮਾਂ

ਮਾਂ !
ਕਿੰਨਾ ਚੰਗਾ ਤੇਰਾ ਨਾਂ।
ਬੱਚੇ ਦੇ ਲਈ ਰੂਪ ਰੱਬ ਦਾ
ਸਾਰੇ ਕਹਿੰਦੇ ਹਾਂ। ਮਾਂ !.....
ਪੁੱਤਰ ਧੀਆਂ ਦਾਤ ਗੁਰਾਂ ਦੀ
ਫ਼ਰਕ ਨਾ ਤੈਨੂੰ ਦਿੱਸੇ।
ਕ੍ਰਿਪਾ ਹੋਈ ਗੁਰੂ ਨਾਨਕ ਦੀ
ਸੇਵਾ ਆਈ ਹਿੱਸੇ।
ਸੇਵਾ ਕਰਵਾਉਣ ਦੀ ਤੈਨੂੰ
ਸੱਧਰ ਕੋਈ ਨਾ। ਮਾਂ !....
ਪੁੱਤਰ ਭੁੱਲਾਂ ਕਰਦੇ ਲੜਦੇ
ਤੂੰ ਚਿਤਾਰੇ ਨਾ।
ਸੱਪ ਜਿਵੇਂ ਬਾਬੇ ਨੂੰ ਕਰਦੇ
ਤੂੰ ਕਰਦੀ ਪੁੱਤਰਾਂ ਛਾਂ। ਮਾਂ !....
ਮਾਤਾ ਵਰਗਾ ਨਰਮ ਨਾ ਕੋਈ
ਦੁਨੀਆਂ ਉੱਤੇ ਦਿੱਸੇ।
ਚੋਟ ਆਵੇ ਬੱਚੇ ਦੇ ਤਾਈਂ
ਮਾਤਾ ਪਈ ਫਿੱਸੇ।
ਮਾਂ ਆਪਣੀ ਦੀ ਸੇਵਾ ਕਰਕੇ

ਘਾਟਾ ਕੋਈ ਨਾ। ਮਾਂ !....
ਇਕ ਮਾਤਾ ਮੇਰੀ ਜਨਮ ਦੀ ਦਾਤੀ
ਇਕ ਦਾ ਸਾਹਿਬ ਕੌਰ ਨਾਂ।
ਦੋਨਾਂ ਦੇ ਬਲਿਹਾਰੀ ਜਾਵਾਂ
ਦੋਨਾਂ ਦੇ ਪੈਰੀਂ ਪਵਾਂ। ਮਾਂ !....
ਮਾਤਾ ਤੁਰ ਜਾਏ ਦੁਨੀਆਂ ਉੱਤੋਂ
ਨੇਰ੍ਹਾ ਜੱਗ 'ਤੇ ਛਾ ਜਾਵੇ।
ਸੇਵਾ ਤੇਰੀ ਕਰ ਨਾ ਸਕਿਆ
ਝੋਰਾ ਪਲ ਪਲ ਖਾਵੇ।
ਮਾਤਾ ਦਾ ਪਿਆਰ ਹੈ ਮਿਲਦਾ
ਸੱਜਣਾ ਕਿਸਮਤ ਨਾ।
ਮਾਂ ! ਕਿੰਨਾ ਚੰਗਾ ਤੇਰਾ ਨਾਂ !....

ਬਹੁਤ ਸਾਰੇ ਪਿਆਰ ਵਾਲੇ ਸਿੱਖ ਇਸ ਦਿਨ ਮਾਤਾ ਜੀ ਦੇ ਲਈ, ਪ੍ਰਤੀ ਫੁੱਲ ਵਗੈਰਾ ਗੁਰਦੁਆਰੇ ਸਾਹਿਬ ਭੇਟ ਕਰਦੇ ਨੇ ਤੇ ਅਰਦਾਸ ਕਰਦੇ ਹਨ ਕਿ ਮਾਤਾ ਜੀ ! ਬਾਪੂ ਜੀ ਕੋਲ ਸਿਫਾਰਸ਼ ਕਰ ਦੇਣੀ ਕਿ ਬਖ਼ਸ਼ ਦੇਣ, ਜੀਵਨ ਵਿਚ ਵਿਚਰਦਿਆਂ ਭੁੱਲਾਂ ਤਾਂ ਹੋ ਹੀ ਜਾਂਦੀਆਂ ਹਨ ਤੇ ਉਨ੍ਹਾਂ ਨੂੰ ਭਰੋਸਾ ਵੀ ਹੁੰਦਾ ਹੈ।

ਥਾਈਲੈਂਡ Thailand ਵਿਚ ਚਿਆਂਗ ਮੈਅ Chiang Mai ਵਿਖੇ 13-15 ਅਪ੍ਰੈਲ ਨੂੰ ਸੌਂਗਕਰਾਨ Songkran ਦਾ ਤਿਉਹਾਰ ਮਨਾਇਆ ਜਾਂਦਾ ਹੈ ਜੋ ਕਿ ਥਾਇਲੈਂਡ ਵਿਖੇ ਨਵੇਂ ਸਾਲ ਨੂੰ ਜੀ ਆਇਆਂ ਆਖਣ ਦਾ ਮੌਕਾ ਹੈ ਜਿਸ ਵਿਚ ਬਹੁਤ ਠੰਢੇ ਪਾਣੀ ਨੂੰ ਇਕ ਦੂਜੇ ਉੱਪਰ ਸਿੱਟਦੇ ਉਛਾਲਦੇ ਹਨ ਜਿਸ ਵਿਚ ਆਮ ਲੰਘਣ ਵਾਲਿਆਂ ਉਪਰ ਵੀ ਸਿੱਟਿਆ ਜਾਂਦ ਹੈ। ਪਾਣੀ ਦੇ ਫੁਹਾਰਿਆਂ ਵਾਲੀ ਜਗ੍ਹਾ 'ਤੇ ਪਾਣੀ ਦੇ ਛਿੱਟੇ ਮਾਰ ਕੇ ਦੂਜਿਆਂ ਨੂੰ ਭਿਓਣਾ ਮਕਸਦ ਹੁੰਦਾ ਹੈ ਹੋਲੀ ਦੀ ਤਰ੍ਹਾਂ, ਪਰ ਰੰਗ ਤੋਂ ਬਿਨਾਂ ਠੰਢੇ ਪਾਣੀ ਨਾਲ।

ਸਾਰੇ ਜਪਾਨ Japan ਵਿਚ Cherry Blossom Festival ਮਨਾਇਆ ਜਾਂਦਾ ਹੈ। ਇਸ ਸਮੇਂ ਗਲਾਸ ਦੇ ਰੁੱਖ ਖਿੜਦੇ ਤੇ ਪ੍ਰਫੁੱਲਤ ਹੁੰਦੇ ਹਨ ਜੋ ਕਿ ਮਾਰਚ ਦੇ ਅਖੀਰ ਅਪ੍ਰੈਲ ਦੇ ਸ਼ੁਰੂ ਵਿਚ ਮਨਾਇਆ ਜਾਂਦਾ ਹੈ। ਅਤੀ ਸੁੰਦਰ ਫੁੱਲ ਬਸੰਤ ਰੁੱਤ ਸਮੇਂ ਖਿੜਦੇ ਹਨ ਤੇ ਘਰ ਤੋਂ ਬਾਹਰ ਖ਼ਾਸ ਤੌਰ 'ਤੇ ਸਕੂਰਾ ਦਰੱਖਤ ਹੇਠਾਂ ਪਿਕਨਿਕ, ਪ੍ਰੀਤੀ-ਭੋਜ ਤੇ ਦਾਅਵਤਾਂ ਟੋਲੀਆਂ ਵਿਚ ਆਯੋਜਿਤ ਕੀਤੀਆਂ ਜਾਂਦੀਆਂ ਇਹ ਇਕ ਪੁਰਾਤਨ ਰੀਤ ਰਨਾਮੀ ਦਾ ਹਿੱਸਾ ਹੈ।

ਸਵਿਟਜਰਲੈਂਡ Switzerland ਦੇਸ਼ ਵਿਚ ਯੂਰਿਚ Zurich ਵਿਖੇ 19 ਅਪ੍ਰੈਲ ਨੂੰ Sechselauten ਦਾ ਤਿਉਹਾਰ ਮਨਾਇਆ ਜਾਂਦਾ ਹੈ ਜਿਸ ਦਾ ਪਿਛੋਕੜ 16 ਸਦੀ ਤੋਂ

ਮਿਲਦਾ ਹੈ ਜੋ ਕਿ ਸਰਦੀ ਦਾ ਮੌਸਮ ਖ਼ਤਮ ਹੋਣ ਤੇ ਖ਼ੁਸ਼ੀ ਜ਼ਾਹਰ ਕੀਤੀ ਜਾਂਦੀ ਹੈ। ਸਨੋਮੈਨ Snowman ਦਾ ਪੁਤਲਾ ਸਾੜਿਆ ਜਾਂਦਾ ਹੈ ਜਿਸ ਨੂੰ ਪੁਰਾਣੇ ਕੱਪੜਿਆਂ ਤੇ ਆਤਸ਼ਬਾਜੀ ਤੇ ਪਟਾਕਿਆਂ ਨਾਲ ਭਰਿਆ ਜਾਂਦਾ ਹੈ ਤੇ ਇਸ ਤਰ੍ਹਾਂ ਸਮਝਿਆ ਜਾਂਦਾ ਹੈ ਕਿ ਜਿਤਨੀ ਜਲਦੀ ਇਹ ਜਲੇਗਾ ਉਤਨਾ ਹੀ ਵਧੀਆ ਤੇ ਗਰਮ ਮੌਸਮ ਹੋਵੇਗਾ। ਇਹ ਮੇਲਾ ਦੋ ਦਿਨ ਚਲਦਾ ਹੈ ਤੇ ਜਲੂਸ ਤੇ ਪਰੇਡਾਂ ਦਾ ਵਿਖਾਵਾ ਕੀਤਾ ਜਾਂਦਾ ਹੈ ਤੇ ਮਖੌਲੀਆਪਣ ਤੇ ਹਾਸਰਸ ਭਰਪੂਰ ਭਾਸ਼ਨ ਦਿੱਤੇ ਜਾਂਦੇ ਹਨ।

ਦੇਸ਼ ਗੁਆਟਾਮਾਲਾ Guatemala ਦੇ ਸ਼ਹਿਰ ਐਂਟੀਗੁਆ Antigua ਵਿਖੇ 27 ਮਾਰਚ ਤੋਂ 5 ਅਪ੍ਰੈਲ ਦੇ ਸਮੇਂ ਜੋ ਆਮ ਤੌਰ 'ਤੇ ਈਸਟਰ ਹਫਤਾ ਹੁੰਦਾ ਹੈ ਵਿਖੇ ਸੀਮਾਨਾ ਸੈਂਟਾ Semana Santa ਦਾ ਤਿਉਹਾਰ ਬਹੁਤ ਸ਼ਾਨੋ ਸ਼ੌਕਤ, ਠਾਠ-ਬਾਠ ਨਾਲ ਮਨਾਇਆ ਜਾਂਦਾ ਹੈ। ਬਹੁਤ ਮਿਹਨਤ ਕਰਕੇ ਪਰੇਡਾਂ ਗਲੀਆਂ ਵਿਚ ਦੀ ਲੰਘਦੀਆਂ ਹਨ। ਲੱਕੜੀ ਦੇ (ਫਲੋਟ) ਸਫਰੀ ਚਲਦੇ ਫਿਰਦੇ ਰੰਗ ਮੰਚ ਹੱਥਾਂ ਨਾਲ ਖਿੱਚੇ ਜਾਂਦੇ ਹਨ। ਹੱਥਾਂ ਨਾਲ ਫੁੱਲਾਂ ਦੀ ਕਾਰਪੈਟ ਗਲੀਚਾ ਬਣਾਉਂਦੇ ਹਨ ਜਿਸ ਦੇ ਉੱਪਰ ਦੀ ਇਹ ਚਲਦੇ ਫਿਰਦੇ ਰੰਗ ਮੰਚ ਲੰਘਦੇ ਹਨ।

ਅਮਰੀਕਾ America ਦੇ ਮਿਸ਼ੀਗਨ Michigan ਦੇ ਛੋਟੇ ਜਿਹੇ ਸ਼ਹਿਰ ਹੋਲੈਂਡ Holland ਵਿਖੇ ਬਸੰਤ ਰੁੱਤ ਟਿਊਲਪ ਟਾਈਮ Tulip Time ਜਿੱਥੇ ਕਿ 60 ਲੱਖ ਟਿਊਲਪ (ਗੁਲ-ਲਾਲਾ) ਖਿੜਦੇ ਹਨ ਤੇ ਆਪਣੀ ਕਿਸਮ ਦਾ ਸਭ ਤੋਂ ਵੱਡਾ ਟਿਊਲਪ ਤਿਉਹਾਰ ਹੈ ਜੋ ਕਿ 1-9 ਮਈ ਨੂੰ ਮਨਾਇਆ ਜਾਂਦਾ ਹੈ ਤੇ ਤਕਰੀਬਨ 10 ਲੱਖ ਸੈਲਾਨੀ ਬਸੰਤ ਰੁੱਤ ਦੀ ਸ਼ੁਰੂਆਤ ਦੇਖਣ ਲਈ ਇੱਥੇ ਪਹੁੰਚਦੇ ਹਨ।

ਪੋਲੈਂਡ Poland ਦੀ ਰਾਜਧਾਨੀ ਵਾਰਸਾ Warsaw ਵਿਖੇ ਮਰਜੰਨਾ Marzanna ਵੀ ਧਾਰਮਿਕ ਤਿਉਹਾਰ ਦੀ ਤਰ੍ਹਾਂ ਮਨਾਇਆ ਜਾਂਦਾ ਹੈ ਜੋ ਕਿ ਸਰਦੀ ਦੇ ਕ੍ਰੋਧ ਨੂੰ ਪਾਣੀ ਦੀ ਸ਼ਕਤੀ ਨਾਲ ਠੰਢਾ ਕਰਦੇ ਹਨ। ਘਾਹ ਫੂਸ, ਪਰਾਲੀ ਤੇ ਤੀਲਿਆਂ ਦੀ ਗੁੱਡੀ ਦੀ ਪੁਤਲੀ ਬਣਾਈ ਜਾਂਦੀ ਹੈ ਜਿਸ ਨੂੰ ਮਰਜੰਨਾ ਆਖਦੇ ਹਨ। ਇਹ ਸਲਾਵਿਕ ਦੀ ਸਰਦੀ ਦੀ, ਪਲੇਗ ਤੇ ਮੌਤ ਦੀ ਦੇਵੀ ਮੰਨੀ ਜਾਂਦੀ ਹੈ। ਇਸ ਪੁਤਲੀ ਨੂੰ 21 ਮਾਰਚ ਨੂੰ ਨਾਟਕੀ ਢੰਗ ਨਾਲ ਗਲੀਆਂ ਵਿਚ ਦੀ ਲੰਘਾ ਕੇ ਪ੍ਰਦਰਸ਼ਨ ਕਰਕੇ ਦਰਿਆ ਦੇ ਵਿਚ ਡੋਬ ਦਿੱਤਾ ਜਾਂਦਾ ਹੈ ਤੇ ਸਰਦੀ ਦਾ ਅੰਤ ਮੰਨਿਆ ਜਾਂਦਾ ਹੈ ਤੇ ਬਸੰਤ ਰੁੱਤ ਦਾ ਆਗਮਨ।

ਬੋਸਨੀਆ Bosnia ਵਿਖੇ ਵੀ 21 ਮਾਰਚ ਨੂੰ ਤਿਉਹਾਰ ਮਨਾਉਂਦੇ ਹਨ ਬਸੰਤ ਰੁੱਤ ਦੀ ਆਮਦ ਵਿਚ, ਤੇ ਇਸ ਨੂੰ Cimburijada ਆਖਦੇ ਹਨ। ਬੋਸਨੀਆ ਦੀ ਵੱਡੀ ਪਾਰਕ ਜੋ ਦਰਿਆ ਕਿਨਾਰੇ ਹੈ ਲੋਗ ਇਕੱਠੇ ਹੋ ਕੇ ਆਂਡਿਆਂ ਦੀ ਭੁਰਜੀ, ਆਮਲੇਟ Scrambled Eggs ਬਹੁਤ ਵੱਡੀ ਗਿਣਤੀ ਵਿਚ ਬਣਾਉਂਦੇ ਹਨ ਤੇ ਮੁਫਤ ਵਿਚ ਵਰਤਾਉਂਦੇ ਹਨ। ਆਂਡਿਆਂ ਨੂੰ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਦਾ ਪ੍ਰਤੀਕ ਮੰਨਦੇ ਹਨ

ਤੇ ਨਵੇਂ ਮੌਸਮ ਨੂੰ ਇਸ ਤਰ੍ਹਾਂ ਆਂਡੇ ਖਾ ਕੇ ਵਰਤਾ ਕੇ ਜੀ ਆਇਆਂ ਆਖਿਆ ਜਾਂਦਾ ਹੈ। ਇਹ ਤਿਉਹਾਰ ਬਹੁਤ ਪ੍ਰਸਿੱਧ ਤੇ ਲੋਕਪ੍ਰਿਯ ਹੈ ਜਿਸ ਨੂੰ ਦੇਖਣ ਲਈ ਬਹੁਤ ਲੋਕ ਵਿਦੇਸ਼ਾਂ ਤੋਂ ਵੀ ਜਾਂਦੇ ਹਨ।

ਸਪੇਨ Spain ਦੇ ਸ਼ਹਿਰ ਵੈਲੈਂਸੀਆ Valencia ਵਿਖੇ ਫਾਲਾਸ Fallas ਤਿਉਹਾਰ ਹਫਤੇ ਭਰ ਲਈ ਮਨਾਇਆ ਜਾਂਦਾ ਹੈ ਜੋ ਕਿ 1-19 ਮਾਰਚ ਦੇ ਦਰਮਿਆਨ ਹੁੰਦਾ ਹੈ ਜੋ ਕਿ ਬਸੰਤ ਰੁੱਤ ਦੇ ਆਗਮਨ ਵਿਚ ਸੰਤ ਜੋਸਫ਼ Saint Joseph ਦੀ ਯਾਦ ਵਿਚ ਵੱਖਰੀ ਕਿਸਮ ਦਾ ਮੇਲਾ ਲੱਗਦਾ ਹੈ ਜੋ ਕਿ ਬਹੁਤ ਉੱਚੀ, ਸ਼ੋਰ ਸ਼ਰਾਬਾ, ਧੂੰਏ ਨਾਲ ਭਰਪੂਰ ਤੇ ਭੜਕੀਲਾ ਹੁੰਦਾ ਹੈ। ਇਹ ਵਿਸੂਵੀ Equinox ਤੇ ਅਯਨਾਂਤ Solstice ਨੂੰ ਵਸਤੂਆਂ, ਚੀਜ਼ਾਂ ਨੂੰ ਜਲਾ ਕੇ ਮਨਾਉਂਦੇ ਹਨ। ਪੁਰਾਣੀਆਂ ਫਾਲਤੂ ਚੀਜ਼ਾਂ, ਗੁੱਡੀਆਂ ਤੇ ਕਠਪੁਤਲੀਆਂ ਤੇ ਹੋਰ ਜੋ ਕਿ ਅਸ਼ਲੀਲ ਗੰਦੇ ਚਿਤਰ ਤੇ ਵਿਅੰਗਾਤਮਕ ਝਾਕੀਆਂ ਵੀ ਸਾੜੀਆਂ ਜਾਂਦੀਆ ਹਨ। ਹਲਵਾ ਕੱਦੂ ਪੇਠੇ ਦੇ ਪੂੜੇ ਲੋਕ ਖਾਂਦੇ ਨੇ ਤੇ ਗਰਮ-ਗਰਮ ਚਾਕਲੇਟ ਨਾਲ ਪੀਂਦੇ ਹਨ।

ਮੈਕਸੀਕੋ Mexico ਵਿਖੇ ਮੈਕਸੀਕਨ ਕਾਰਨੀਵਲ Mexican Carnival ਜੋ ਕਿ ਇਹ ਸਭਿਆਚਾਰਕ ਤੇ ਵਿਰਾਸਤੀ ਮੇਲਾ, ਜਸ਼ਨ ਤਟਵਰਤੀ ਸ਼ਹਿਰਾਂ ਵਿਖੇ ਮਨਾਇਆ ਜਾਂਦਾ ਹੇ। ਸਜਾਵਟੀ ਜਲੂਸ ਜੋ ਸੰਗੀਤ ਤੇ ਹਾਸੇ ਨਾਲ ਭਰਪੂਰ ਹੁੰਦੇ ਹਨ। ਖਾਣਾ ਪੀਣਾ ਤੇ ਨੱਚਣਾ ਹਫਤਾ ਭਰ ਚਲਦਾ ਰਹਿੰਦਾ ਹੈ ਜੋ ਕਿ ਦੇਖਣ ਵਾਲਿਆਂ 'ਤੇ ਜਾਦੂਗਰੀ ਪ੍ਰਭਾਵ ਛੱਡ ਜਾਂਦਾ ਹੈ। ਇਹ ਵੀ ਬਸੰਤ ਦੇ ਆਗਮਨ ਵਿਚ ਮਨਾਇਆ ਜਾਂਦਾ ਹੈ।

ਹੋਰ ਵੀ ਦੁਨੀਆਂ ਦੇ ਹਿੱਸਿਆਂ ਵਿਚ ਐਸੇ ਤਿਉਹਾਰ ਤੇ ਮੇਲੇ ਮਨਾਏ ਜਾਂਦੇ ਹੋਣਗੇ, ਇੱਥੇ ਇਹ ਕੁਝ ਕੀ ਹੀ ਦਰਜ ਕੀਤੇ ਗਏ ਹਨ। ਇਸੇ ਨਾਲ ਹੀ ਬਸੰਤ ਰੁੱਤ ਦੇ ਵੀਚਾਰ ਨੂੰ ਸੰਕੋਚਿਆ ਜਾਂਦਾ ਹੈ।

ਇਕ ਉਰਦੂ ਦਾ ਸ਼ਾਇਰ ਆਖਦਾ ਹੈ :

ਯੇਹ ਦੁਨੀਆਂ ਕੇ ਮੇਲੇ ਕਭੀ ਕਮ ਨਾ ਹੋਂਗੇ।
ਅਫਸੋਸ ਹਮ ਨਾ ਹੋਂਗੇ।

✧

ਗ੍ਰੀਖਮ ਰੁੱਤ (ਗਰਮੀ)

ਮਹੀਨੇ - ਜੇਠ ਹਾੜ

ਗ੍ਰੀਖਮ ਗਰਮੀ ਦੀ ਰੁੱਤ ਬਸੰਤ ਤੋਂ ਬਾਅਦ ਤੇ ਵਰਖਾ ਰੁੱਤ ਤੋਂ ਪਹਿਲਾਂ ਆਉਂਦੀ ਹੈ। ਪਹਿਲਾਂ ਦੋ ਸਲੋਕਾਂ ਤੇ ਛੰਤ ਦੀ ਵੀਚਾਰ ਕੀਤੀ ਜਾਵੇਗੀ ਜੋ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦਾ ਸਾਨੂੰ ਇਸ ਰੁੱਤ ਪ੍ਰਥਾਇ ਉਪਦੇਸ਼ ਹੈ। ਫਿਰ ਆਮ, ਸਾਧਾਰਣ, ਸਮਾਜਿਕ ਵਿਆਪਕਤਾ ਤੇ ਸੰਸਾਰ ਵਿਚ ਇਸ ਨੂੰ ਕਿਵੇਂ ਦੇਖਿਆ ਜਾਣਿਆ ਜਾਂਦਾ ਹੈ ਤੇ ਇਹ ਗਰਮੀ ਦੀ ਰੁੱਤ ਮਨੁੱਖਤਾ, ਪਸ਼ੂ, ਪੰਛੀਆਂ ਤੇ ਖੇਤੀਬਾੜੀ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ। ਇਸ ਰੁੱਤ ਵਿਚ ਆਉਂਦੇ ਤਿਉਹਾਰਾਂ ਨੂੰ ਵਾਚਣ ਦਾ ਯਤਨ ਕੀਤਾ ਜਾਵੇਗਾ। ਸਤਿਗੁਰੂ ਜੀ ਫ਼ੁਰਮਾਉਂਦੇ ਹਨ :

ਸਲੋਕ ॥

ਸਾਧਸੰਗਤਿ ਬਿਨੁ ਭ੍ਰਮਿ ਮੁਈ ਕਰਤੀ ਕਰਮ ਅਨੇਕ ॥ ਕੋਮਲ ਬੰਧਨ ਬਾਧੀਆ ਨਾਨਕ ਕਰਮਹਿ ਲੇਖ ॥ ੧ ॥ ਜੋ ਭਾਣੇ ਸੇ ਮੇਲਿਆ ਵਿਛੋੜੇ ਭੀ ਆਪਿ ॥ ਨਾਨਕ ਪ੍ਰਭ ਸਰਣਾਗਤੀ ਜਾ ਕਾ ਵਡ ਪਰਤਾਪੁ ॥ ੨ ॥ ਛੰਤੁ ॥ ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ ॥ ਪ੍ਰੇਮ ਬਿਛੋਹੁ ਦੁਹਾਗਣੀ ਦ੍ਰਿਸਟਿ ਨ ਕਰੀ ਰਾਮ ਜੀਉ ॥ ਨਹ ਦ੍ਰਿਸਟਿ ਆਵੈ ਮਰਤ ਹਾਵੈ ਮਹਾ ਗਾਰਬਿ ਮੁਠੀਆ ॥ ਜਲ ਬਾਝੁ ਮਛੁਲੀ ਤੜਫੜਾਵੈ ਸੰਗਿ ਮਾਇਆ ਰੁਠੀਆ ॥ ਕਰਿ ਪਾਪ ਜੋਨੀ ਭੈ ਭੀਤ ਹੋਈ ਦੇਇ ਸਾਸਨ ਜਾਮ ਜੀਉ ॥ ਬਿਨਵੰਤਿ ਨਾਨਕ ਓਟ ਤੇਰੀ ਰਾਖੁ ਪੂਰਨ ਕਾਮ ਜੀਉ ॥ ੩ ॥ (ਅੰਗ ੯੨੭)

ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਸਾਧਸੰਗਤ ਤੋਂ ਬਿਨਾਂ ਭਟਕ ਕੇ ਦੁਬਿਧਾ ਵਿਚ ਜੀਵ-ਆਤਮਾ ਬਹੁਤ ਸਾਰੇ ਕੰਮ ਕਰਦੀ ਆਤਮਿਕ ਮੌਤੇ ਮਰ ਗਈ। ਪੂਰਬਲੇ ਸੰਸਕਾਰਾਂ ਅਨੁਸਾਰ ਮਾਇਆ ਦੇ ਸੂਖਮ ਤੇ ਰਹੱਸਮਈ ਬੰਧਨਾਂ ਵਿਚ ਬੱਝੀ ਰਹੀ। ਮਾਇਆ ਦਾ ਛਲਾਵਾ ਦਿਲਕਸ਼ ਮਹਿਸੂਸ ਹੁੰਦਾ ਹੈ ਤੇ ਬੰਧਨ ਵਿਚ ਜਕੜ ਲੈਂਦਾ ਹੈ। ਮਾਇਆ ਤਾਂ ਐਸੇ ਮੋਹਣੇ ਰੂਪ ਦਿਖਾ ਕੇ ਬਿਨਾਂ ਦੰਦਾਂ ਤੋਂ ਹੀ ਜੱਗ ਨੂੰ ਖਾ ਜਾਂਦੀ ਹੈ। ਫ਼ੁਰਮਾਨ ਹੈ :

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥
ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥

(ਅੰਗ ੬੪੩)

ਗੁਰਬਾਣੀ ਵਿਚ ਸਾਧਸੰਗਤ ਵਿਚ ਜਾਣ ਦੇ ਬਹੁਤ ਮਹਾਤਮ ਦਰਸਾਏ ਗਏ ਹਨ। ਜਿੱਥੇ ਸਾਧਸੰਗਤ ਤੋਂ ਗੈਰ-ਹਾਜ਼ਰ ਰਹਿ ਕੇ ਭਰਮਾਂ ਵਿਚ ਆਤਮਿਕ ਮੌਤ ਹੈ ਉਥੇ ਸਾਧਸੰਗਤ ਵਿਚ ਜਾ ਕੇ ਪ੍ਰਭੂ ਜੀ ਨੂੰ ਧਿਆ ਕੇ ਮੂਏ ਵੀ ਜੀਉ ਉਠਦੇ ਹਨ ਤੇ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ਗੁਰਬਾਣੀ ਵਿਚ ਫ਼ੁਰਮਾਨ ਹੈ ਹਨ :

ਜੇ ਲੋੜਹਿ ਸਦਾ ਸੁਖੁ ਭਾਈ ॥ ਸਾਧੂ ਸੰਗਤਿ ਗੁਰਹਿ ਬਤਾਈ ॥
ਊਹਾ ਜਪੀਐ ਕੇਵਲ ਨਾਮ ॥ ਸਾਧੂ ਸੰਗਤਿ ਪਾਰਗਰਾਮ ॥ ੩ ॥

(ਅੰਗ ੧੧੮੨)

ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ
ਸਿਮਰਨੋ ਨਾਮੁ ਗੋਬਿੰਦ ਕਾ ਸਦਾ ਲੀਜੈ ॥
ਮਿਟਹਿ ਕਮਾਣੇ ਪਾਪ ਚਿਰਾਣੇ
ਸਾਧਸੰਗਤਿ ਮਿਲਿ ਮੁਆ ਜੀਜੈ ॥ ੧ ॥ ਰਹਾਉ ॥ (ਅੰਗ ੬੮੩)

ਜੇਠ ਦੇ ਮਹੀਨੇ ਵਿਚ ਵੀ ਉਪਦੇਸ਼ ਹੈ ਕਿ ਗੁਰੂ ਜੀ ਦਾ ਪੱਲਾ ਪਕੜਨ ਨਾਲ ਕੋਈ ਹੋਰ ਨਹੀਂ ਬੰਨ ਸਕਦਾ, ਫ਼ੁਰਮਾਨ ਹੈ :

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥
ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥ (ਅੰਗ ੧੩੪)

ਜੋ ਜੀਵ ਪ੍ਰਭੂ ਜੀ ਦੇ ਭਾਣੇ ਵਿਚ ਆ ਜਾਂਦੇ ਹਨ ਉਹ ਪ੍ਰਭੂ ਜੀ ਨੂੰ ਭਾਅ ਜਾਂਦੇ ਹਨ ਅਤੇ ਪ੍ਰਭੂ ਜੀ ਕਿਰਪਾ ਕਰਕੇ ਉਨ੍ਹਾਂ ਨੂੰ ਮੇਲ ਲੈਂਦੇ ਹਨ, ਜੋ ਜੀਵ ਭਾਣੇ ਵਿਚ ਪ੍ਰਸੰਨ ਨਹੀਂ ਰਹਿੰਦੇ, ਉਨ੍ਹਾਂ ਨੂੰ ਆਪ ਹੀ ਪ੍ਰਭੂ ਵਿਛੋੜ ਦਿੰਦਾ ਹੈ। ਸਤਿਗੁਰੂ ਜੀ ਪ੍ਰੇਰਨਾ ਕਰਦੇ ਹਨ ਕਿ ਉਸ ਪ੍ਰਭੂ ਦੀ ਸ਼ਰਨ ਵਿਚ ਹੀ ਪਨਾਹ ਲੈਣੀ ਬਣਦੀ ਹੈ। ਉਸ ਪ੍ਰਭੂ ਦਾ ਬਹੁਤ ਤੇਜ ਪ੍ਰਤਾਪ ਹੈ। ਗੁਰਬਾਣੀ ਵਿਚ ਫ਼ੁਰਮਾਨ ਹਨ ਕਿ ਅਸਲ ਵਿਚ ਸਿੱਖ ਉਹ ਹੈ ਜੋ ਗੁਰੂ ਦੇ ਭਾਣੇ ਵਿਚ ਆ ਜਾਵੇ, ਨਹੀਂ ਤਾਂ ਵਿਛੜ ਕੇ ਸੁਖ ਨਹੀਂ ਸਗੋਂ ਸਜ਼ਾਵਾਂ ਮਿਲਦੀਆਂ ਹਨ। ਫ਼ੁਰਮਾਨ ਹਨ:

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥
ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ ॥ ੧ ॥

(ਅੰਗ ੬੦੧)

ਮਾਝ ਰਾਗ ਵਿਚ ਦਿਨ ਰੈਣਿ ਬਾਣੀ ਵਿਚ ਵੀ ਫ਼ੁਰਮਾਨ ਹੈ :

ਜੋ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨਿ ਭੈਣ॥ (ਅੰਗ ੧੩੬)
ਦੂਜੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥ (ਅੰਗ ੧੩੪)

ਇਹ ਜੋ ਗਰਮੀ ਰੁੱਤ ਬਾਰੇ ਉਪਦੇਸ਼ ਹੈ ਸੋ ਬਾਰਹ ਮਾਹਾ ਦੇ ਦੋ ਮਹੀਨਿਆਂ ਜੇਠ ਤੇ

ਹਾੜ ਦੇ ਉਪਦੇਸ਼ ਨਾਲ ਮੇਲ ਖਾਂਦਾ ਹੈ। ਪ੍ਰਭੂ ਦੇ ਮਿਲਾਪ ਲਈ ਜੇਠ ਮਹੀਨੇ ਦੇ ਉਪਦੇਸ਼ ਵਿਚ ਹੈ ਕਿ ਪ੍ਰਭੂ ਦਾ ਜਸ ਗਾਉਣ ਨਾਲ ਪ੍ਰਭੂ ਨੂੰ ਜੀਵ-ਆਤਮਾ ਅੱਛੀ ਲੱਗਦੀ ਹੈ, ਪਰ ਇਹ ਸਭ ਪ੍ਰਭੂ ਜੀ ਦੇ ਵਸ ਹੈ, ਕਿਉਂਕਿ ਉਹ ਆਪ ਸਾਰੇ ਕਾਰਣਾਂ ਦਾ ਕਰਣ ਰੂਪ ਹੈ :

ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥
ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥ (ਅੰਗ ੧੩੪)

ਅੱਗੇ ਛੰਤ ਵਿਚ ਸਤਿਗੁਰੂ ਜੀ ਉਪਦੇਸ਼ ਬਖ਼ਸ਼ਦੇ ਹਨ ਕਿ ਗਰਮੀ ਦੀ ਰੁੱਤ ਬਹੁਤ ਔਖੀ ਤੇ ਕਰੜੀ ਹੁੰਦੀ ਹੈ, ਕਿਉਂਕਿ ਜੇਠ ਹਾੜ ਵਿਚ ਧਰਤੀ ਭੱਠੀ ਦੀ ਤਰ੍ਹਾਂ ਤਪਦੀ ਹੈ। ਬਹੁਤ ਗਰਮੀ ਤੇ ਧੁੱਪ ਪੈਂਦੀ ਹੈ। ਸਾਰੇ ਜੀਵ ਜੰਤੂ ਬਹੁਤ ਦੁਖੀ ਤੇ ਔਖੇ ਹੁੰਦੇ ਹਨ। ਦਸਮ ਗ੍ਰੰਥ ਵਿਚ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫ਼ੁਰਮਾਉਂਦੇ ਹਨ :

ਜੇਠ ਮਹਾ ਬਲਵੰਤ ਭਯੋ ਅਤਿ ਬਿਆਕੁਲ ਜੀਜ ਮਹਾ ਰਿਤ ਪਾਈ॥

ਸਤਿਗੁਰੂ ਜੀ ਤਾਂ ਫ਼ੁਰਮਾਉਂਦੇ ਹਨ ਕਿ ਧਰਤੀ ਵੀ ਬਹੁਤ ਦੁੱਖ ਮਹਿਸੂਸ ਕਰਦੀ ਹੈ ਜਦੋਂ ਸੂਰਜ ਅੱਗ ਵਰਸਾਉਂਦਾ ਹੈ। ਫ਼ੁਰਮਾਨ ਹਨ :

ਆਸਾੜੁ ਭਲਾ ਸੂਰਜੁ ਗਗਨਿ ਤਪੈ ॥
ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ॥
ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ ॥ (ਅੰਗ ੧੧੦੮)
ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ॥
ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ॥ (ਅੰਗ ੧੧੦੮)

ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਧਰਤੀ ਦੀ ਨਮੀ, ਸਿੱਲ ਸੁੱਕ ਜਾਂਦੀ ਹੈ ਪਰ ਫਿਰ ਵੀ ਸੂਰਜ ਦਾ ਰੱਥ ਚਲੀ ਜਾਂਦਾ ਹੈ ਥੱਕਦਾ ਨਹੀਂ।

ਸੂਰਜ ਬਾਰੇ ਜ਼ਿਆਦਾ ਜਾਣਕਾਰੀ ਲਈ ਵੇਖੋ ਮੇਰੀ ਪੁਸਤਕ 'ਸਤ ਵਾਰ'।

ਉਹ ਅਭਾਗੀ ਜੀਵ-ਇਸਤਰੀ ਜਿਸ ਵੱਲ ਪਤੀ ਨਿਗਾਹ ਨਹੀਂ ਕਰਦਾ, ਨਹੀਂ ਦੇਖਦਾ, ਮਾਲਕ ਦੀ ਪਿਆਰ ਭਰੀ ਤੱਕਣੀ, ਨਿਗਾਹ ਤੋਂ ਖ਼ਾਲੀ ਹਉਕੇ ਲੈ ਕੇ ਦੁਖੀ ਹੁੰਦੀ ਹੈ, ਜਿਵੇਂ ਕਿ ਮੱਛੀ ਪਾਣੀ ਦੀ ਅਣਹੋਂਦ ਤੋਂ, ਪਰ ਇਹ ਆਪਣੇ ਹੰਕਾਰ ਕਰਕੇ ਲੁੱਟੀ ਗਈ। ਸਤਿਗੁਰੂ ਜੀ ਇਕ ਸ਼ਬਦ ਵਿਚ ਮੱਛੀ ਦੇ ਦੁੱਖ ਨੂੰ ਮਹਿਸੂਸ ਕਰਕੇ ਬਿਆਨਦੇ ਹਨ ਕਿ ਮਛੇਰੇ ਦੇ ਜਾਲ ਵਿਚ ਫਸ ਕੇ ਪਾਣੀ ਤੋਂ ਵਿਛੜ ਕੇ ਮੱਛੀ ਦੀਆਂ ਅੱਖਾਂ ਹੰਝੂਆਂ ਨਾਲ ਭਰ ਆਈਆਂ। ਫ਼ੁਰਮਾਨ ਹੈ :

ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕਿ ਪਾਇਆ ॥
ਸੰਸਾਰੁ ਮਾਇਆ ਮੋਹੁ ਮੀਠਾ ਅੰਤਿ ਭਰਮੁ ਚੁਕਾਇਆ ॥ (ਅੰਗ ੪੩੯)

ਸੰਸਾਰੀ ਜੀਵਾਂ ਨੂੰ ਮਾਇਆ ਦਾ ਪਿਆਰ ਬਹੁਤ ਮਿੱਠਾ ਲੱਗਦਾ ਹੈ ਪਰ ਅੰਤਮ ਸਮੇਂ ਇਹ ਭਰਮ ਵੀ ਦੂਰ ਹੋ ਜਾਂਦਾ ਹੈ। ਇਸੇ ਤਰ੍ਹਾਂ ਹੀ ਜੀਵ-ਇਸਤ੍ਰੀ ਆਪਣੇ ਕੀਤੇ ਹੋਏ ਪਾਪਾਂ ਕਰਕੇ ਘਬਰਾਉਂਦੀ ਤੇ ਸਹਿਮਦੀ ਹੈ ਕਿ ਜਮ ਸਜ਼ਾ ਦੇਣਗੇ। ਗੁਰੂ ਸਾਹਿਬ ਜੀ ਬੇਨਤੀ ਕਰਨ ਦੀ ਜਾਚ ਦੱਸਦੇ ਹਨ ਕਿ ਹੇ ਪ੍ਰਭੂ ਜੀ ! ਤੁਸੀਂ ਸਾਰੇ ਕਾਰਜਾਂ ਨੂੰ ਸਫਲ ਕਰਨ ਵਾਲੇ ਤੇ ਸਾਰੀਆਂ ਕਾਮਨਾਵਾਂ ਪੂਰਨ ਕਰਨ ਵਾਲੇ ਹੋ, ਮੈਂ ਆਪ ਜੀ ਦੀ ਸ਼ਰਨ ਵਿਚ ਹਾਂ ਜੀ ! ਮੇਰੀ ਰੱਖਿਆ ਕਰੋ ਜੀ। ਫ਼ੁਰਮਾਨ ਹਨ :

ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ॥ (ਅੰਗ ੮੦੯)
ਸਰਨਿ ਪਰੇ ਕੀ ਰਾਖੁ ਦਇਆਲਾ॥ (ਅੰਗ ੨੬੦)
ਸਰਣਿ ਪਰੇ ਕੀ ਰਾਖਹੁ ਸਰਮਾ॥ (ਅੰਗ ੧੨)
ਸਰਣਿ ਪਰੇ ਕੀ ਰਾਖਤਾ ਨਾਹੀ ਸਹਸਾਇਆ॥ (ਅੰਗ ੮੧੨)

ਤੁਖਾਰੀ ਬਾਰਹ ਮਾਹਾ ਦੇ ਜੇਠ ਤੇ ਹਾੜ ਮਹੀਨੇ ਦੇ ਉਪਦੇਸ਼ ਵਿਚ ਸਭ ਤੋਂ ਪਹਿਲਾਂ ਸਤਿਗੁਰੂ ਜੀ ਜੇਠ ਤੇ ਹਾੜ ਦੇ ਮਹੀਨੇ ਨੂੰ ਭਲਾ, ਚੰਗਾ ਆਖਦੇ ਹਨ, ਕਿਉਂਕਿ ਜੋ ਜੀਵ-ਇਸਤ੍ਰੀਆਂ ਉਸ ਦੇ ਪਿਆਰ ਸਤਿਕਾਰ ਵਿਚ ਉਸ ਦੇ ਨਾਮ ਨਾਲ ਜੁੜ ਜਾਂਦੀਆਂ ਹਨ ਉਨ੍ਹਾਂ ਨੂੰ ਤਪਸ਼ ਨਹੀਂ ਮਹਿਸੂਸ ਹੁੰਦੀ, ਕਿਉਂਕਿ ਫ਼ੁਰਮਾਨ ਹੈ :

ਕਲਿ ਤਾਤੀ ਠਾਂਢਾ ਹਰਿ ਨਾਉ॥
ਸਿਮਰਿ ਸਿਮਰਿ ਸਦਾ ਸੁਖ ਪਾਉ॥ (ਅੰਗ ੨੮੮)

ਗੁਰੂ ਸਾਹਿਬ ਜੀ ਦੇ ਦਰਸਾਏ ਹੋਏ ਮਾਰਗ 'ਤੇ ਚਲਣ ਨਾਲ ਜੀਵ ਨੂੰ ਸ਼ਾਂਤੀ ਤੇ ਠੰਢਕ ਮਹਿਸੂਸ ਹੁੰਦੀ ਹੈ ਤੇ ਗੁਰੂ ਸਾਹਿਬ ਜੀ ਦੇ ਦੀਦਾਰ ਕਰਨ ਨਾਲ ਅਨੰਦ ਅਵਸਥਾ ਵਾਪਰ ਜਾਂਦੀ ਹੈ। ਫ਼ੁਰਮਾਨ ਹੈ :

ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ ਗੁਰ ਦਰਸਨੁ ਦੇਖਿ ਨਿਹਾਲੀ॥
(ਅੰਗ ੯੬੪)

ਮਾਝ ਰਾਗ ਦੇ ਜੇਠ ਤੇ ਹਾੜ ਦੇ ਮਹੀਨਿਆਂ ਵਿਚ ਵੀ ਉਪਦੇਸ਼ ਹੈ ਕਿ ਜੋ ਜੀਵ ਸਾਧਸੰਗਤ ਕਰਦੇ ਹਨ ਤੇ ਪ੍ਰਭੂ ਦੇ ਚਰਣ ਆਪਣੇ ਮਨ ਵਿਚ ਵਸਾਉਂਦੇ ਹਨ ਉਨ੍ਹਾਂ ਨੂੰ ਗਰਮੀ ਦੀ ਰੁੱਤ ਦੇ ਜੇਠ ਤੇ ਹਾੜ ਦੇ ਮਹੀਨੇ ਵੀ ਸੁਹਾਵਣੇ ਜਾਪਦੇ ਹਨ :

ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥
(ਅੰਗ ੧੩੪)

ਗ੍ਰੀਖਮ (ਗਰਮੀ) ਰੁੱਤ : ਆਮ, ਸਾਧਾਰਣ, ਸਮਾਜਿਕ ਤੇ ਵਿਆਪਕਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਇਸ ਰੁੱਤ ਪ੍ਰਤੀ ਉਪਦੇਸ਼।

ਗਰਮੀ ਦੀ ਰੁੱਤ ਬਸੰਤ ਰੁੱਤ ਤੋਂ ਬਾਅਦ ਤੇ ਵਰਖਾ ਰੁੱਤ ਤੋਂ ਪਹਿਲਾਂ ਆਉਂਦੀ ਹੈ।

ਦਿਨ ਨਿੱਘੇ ਹੋਣ ਤੋਂ ਉਪ੍ਰੰਤ ਗਰਮ ਹੋਣ ਲੱਗ ਪੈਂਦੇ ਹਨ ਤੇ ਨਾਲ ਹੀ ਦਿਨ ਵੱਡੇ ਹੋਣੇ ਸ਼ੁਰੂ ਹੋ ਜਾਂਦੇ ਹਨ ਤੇ ਰਾਤਾਂ ਛੋਟੀਆਂ। ਦਿਨ ਉਜਲੇ ਤੇ ਸਾਫ਼ ਹੋ ਜਾਂਦੇ ਹਨ। ਆਮ ਵਿਅਕਤੀਆਂ ਨੂੰ ਮੋਟੇ ਕੱਪੜੇ ਪਾਉਣ ਦੀ ਜ਼ਰੂਰਤ ਨਹੀਂ ਪੈਂਦੀ ਤੇ ਸ਼ਾਮ ਨੂੰ ਦੇਰ ਤੱਕ ਸੈਰ ਕਰਨ ਲਈ ਜਾਇਆ ਜਾ ਸਕਦਾ ਹੈ ਤੇ ਸਭ ਕੋਲ ਖੁੱਲ੍ਹਾ ਸਮਾਂ ਹੁੰਦਾ ਹੈ, ਕਿਉਂਕਿ ਘਰ ਤੋਂ ਬਾਹਰ ਕਾਫੀ ਸਮਾਂ ਰਿਹਾ ਜਾ ਸਕਦਾ ਹੈ। ਗਰਮੀ ਪ੍ਰਫੁੱਲਤਾ ਪ੍ਰਦਾਨ ਕਰਦੀ ਹੈ। ਬਹੁਤ ਵੰਨ-ਸੁਵੰਨੇ ਫੁੱਲ ਖਿੜਦੇ ਹਨ, ਦਰੱਖ਼ਤ ਤੇ ਬੂਟੇ ਫਲਾਂ ਨਾਲ ਲੱਦ ਜਾਂਦੇ ਹਨ। ਗਰਮੀ ਦੇ ਮੌਸਮ ਵਿਚ ਜ਼ਿਆਦਾਤਰ ਪਸ਼ੂ ਪੰਛੀ ਸੰਤਾਨ ਉਪਜਾਉਂਦੇ ਹਨ, ਕਿਉਂਕਿ ਖਾਣ ਲਈ ਭੋਜਨ ਬਹੁਤਾਤ ਵਿਚ ਹੁੰਦਾ ਹੈ।

ਸੂਰਜ ਦੀ ਰੋਸ਼ਨੀ ਤੇ ਧੁੱਪ ਮਨੁੱਖਾਂ ਪਸ਼ੂ ਪੰਛੀ ਤੇ ਦਰੱਖ਼ਤਾਂ, ਪੌਦਿਆਂ ਨੂੰ ਸ਼ਕਤੀ ਪ੍ਰਦਾਨ ਕਰਦੀ ਹੈ ਤੇ ਜ਼ਿਆਦਾਤਰ ਇਸ ਸ਼ਕਤੀ ਨੂੰ ਸੰਚਿਤ ਕੀਤਾ ਜਾਂਦਾ ਹੈ। ਗਰਮੀ ਵਿਚ ਤਾਪਮਾਨ ਵਧ ਜਾਂਦਾ ਹੈ ਤੇ ਇਹ ਨਿਰਭਰ ਕਰਦਾ ਹੈ ਕਿ ਤੁਸੀਂ ਦੁਨੀਆਂ ਦੇ ਕਿਸ ਹਿੱਸੇ, ਦੇਸ਼ ਵਿਚ ਰਹਿੰਦੇ ਹੋ ਕਿਉਂਕਿ ਕਈ ਥਾਂਵਾਂ 'ਤੇ ਗਰਮੀ ਸੁਖਦਾਈ ਹੈ, ਪਰ ਕਈ ਥਾਂਵਾਂ 'ਤੇ ਦੇਸ਼ ਬਹੁਤ ਗਰਮ ਹੋ ਜਾਂਦੇ ਹਨ। ਇਸ ਰੁੱਤ ਦੌਰਾਨ ਤੇ ਗਰਮੀ ਕਈ ਪ੍ਰੇਸ਼ਾਨੀਆਂ ਨੂੰ ਵੀ ਉਤਪੰਨ ਹੋ ਜਾਂਦੀਆਂ ਹਨ। ਜਿੱਥੇ ਗਰਮੀ ਲੂ ਵਗਣ ਲਾ ਦਿੰਦੀ ਹੈ। ਉਥੇ ਕਈ ਥਾਂਵਾਂ ਉੱਪਰ ਤੂਫਾਨ, ਝੱਖੜ, ਹਨੇਰੀਆਂ ਵੀ ਤਰਥਲੀ ਮਚਾ ਦਿੰਦੀਆਂ ਹਨ। ਸੂਰਜ ਗਰਮੀ ਨਾਲ ਸੜਕ ਉੱਪਰ ਪਾਈ ਲੁੱਕ ਨੂੰ ਵੀ ਪਿਘਲਾ ਦਿੰਦਾ ਹੈ। ਇਹ ਤਾਂ ਪ੍ਰਭੂ ਜੀ ਦੀ ਕ੍ਰਿਪਾ ਹੈ ਕਿ ਸੂਰਜ ਧਰਤੀ ਤੋਂ ਬਹੁਤ ਦੂਰੀ ਤੇ ਹੈ ਜੇ ਨੇੜੇ ਹੁੰਦਾ ਤਾਂ ਧਰਤੀ ਉੱਪਰ ਜੀਵਨ ਦਾ ਹੋਣਾ ਅਸੰਭਵ ਹੋ ਜਾਂਦਾ। ਸਾਇੰਸ, ਤਕਨਾਲੋਜੀ, ਸ਼ਿਲਪ-ਵਿਗਿਆਨ ਨੇ ਬਹੁਤ ਤਰੱਕੀ ਕੀਤੀ ਹੈ ਤੇ ਸੂਰਜ ਦੀ ਸ਼ਕਤੀ (Solar Power Energy) ਤੋਂ ਧੁੱਪ ਤੋਂ ਬਿਜਲੀ ਬਣਾ ਲਈ ਹੈ ਜਿਸ ਨਾਲ ਬਹੁਤ ਕਾਰਜ ਹੁੰਦੇ ਹਨ।

ਸੂਰਜੀ ਸ਼ਕਤੀ ਨੂੰ ਪੁਲਾੜੀ ਜਹਾਜ਼, ਪੁਲਾੜੀ ਰਾਕੇਟ ਤੇ ਅੰਤਰਿਕਸ਼-ਯਾਨ ਨੂੰ ਮਚਾਉਣ ਲਈ ਤੇ ਬਾਲਣ (Fuel) ਲਈ ਵਰਤਿਆ ਜਾਂਦਾ ਹੈ। ਪੁਲਾੜ ਵਿਚ ਜਾ ਕੇ ਵੀ ਇਹ ਸੂਰਜੀ ਸ਼ਕਤੀ ਨਾਲ ਬਹੁਤ ਲੰਬੇ ਸਮੇਂ ਲਈ ਚਲਦੇ ਰਹਿੰਦੇ ਹਨ ਤੇ ਸੂਰਜੀ ਸ਼ਕਤੀ ਤੋਂ ਬਿਨਾਂ ਤਾਂ ਪੁਲਾੜੀ ਜਹਾਜ਼ਾਂ ਦਾ ਚਲਣਾ ਸੰਭਵ ਹੀ ਨਹੀਂ ਜਾਪਦਾ, ਭਲਾ ਕਿਤਨਾ ਕੁ ਬਾਲਣ (Fuel) ਸਪੇਸ ਏਜੰਸੀਆਂ ਰਾਕੇਟ ਜਾਂ ਜਹਾਜ਼ ਨਾਲ ਭੇਜ ਸਕਦੀਆਂ ਹਨ। ਆਖਰ ਤਾਂ ਖ਼ਤਮ ਹੋ ਜਾਵੇਗਾ। ਸੂਰਜ ਦੀ ਧੁੱਪ ਤੋਂ (Photovoltaic Power PV) ਬਣਦੀ ਹੈ ਜੋ ਕਿ ਬਹੁਤ ਸਸਤੀ ਹੈ ਤੇ ਇਸ ਨੂੰ ਬਰਕਰਾਰ ਰੱਖਣਾ ਵੀ ਅਸਾਨ ਤੇ ਸਸਤਾ ਹੈ।

ਹੁਣ ਸੂਰਜ ਬਾਰੇ ਕੁਝ ਗੱਲਾਂ ਵਿਚਾਰਾਂਗੇ :

ਸੂਰਜ ਸਾਰੀ ਸੂਰਜ ਪ੍ਰਣਾਲੀ ਦੇ ਵਿਚਕਾਰ ਹੈ। ਇਸ ਨੂੰ ਤਕਰੀਬਨ 46 ਖਰਬ ਸਾਲ ਪਹਿਲਾਂ ਹੋਂਦ ਵਿਚ ਆਇਆ ਸਾਈਂਟਿਸਟ ਮੰਨਦੇ ਹਨ ਤੇ ਕਹਿੰਦੇ ਨੇ ਤਕਰੀਬਨ ਇਤਨੀ

ਕੁ ਇਸ ਦੀ ਹੋਰ ਉਮਰ ਹੋਵੇਗੀ। ਧਰਤੀ 'ਤੇ ਜੀਵਨ ਲਈ ਸੂਰਜ ਖ਼ਾਸ ਤੌਰ 'ਤੇ ਤਾਕਤ, ਬਲ, ਸ਼ਕਤੀ ਦਾ ਸੋਮਾ ਤੇ ਸਰੋਤ ਹੈ। ਤਕਰੀਬਨ ਤਿੰਨ ਹਿੱਸੇ ਸੂਰਜ ਤੇ ਹਾਈਡਰੋਜਨ ਦਾ ਭੰਡਾਰ ਹੈ ਤੇ ਬਾਕੀ ਜ਼ਿਆਦਾ ਤੌਰ 'ਤੇ ਹੀਲੀਅਮ (Helium) ਤੇ ਥੋੜ੍ਹੀ ਮਾਤਰਾ ਵਿਚ ਆਕਸੀਜਨ, ਕਾਰਬਨ, ਨੀਊਨ ਤੇ ਲੋਹਾ ਹਨ। ਇਹ ਮੰਨਿਆ ਜਾਂਦਾ ਹੇ ਕਿ ਹਾਈਡਰੋਜਨ ਨੂੰ ਪਲੀਤਾ ਲੱਗਣ ਵਾਂਗੂੰ ਕਿਰਿਆ ਵਰਤਦੀ ਹੈ ਤੇ ਉਹ ਪਿਘਲ ਕੇ ਰਲਗਡ ਹੋ ਕੇ ਹੀਲੀਅਮ ਦਾ ਰੂਪ ਧਾਰਨ ਕਰਦੀ ਹੈ। ਜੋ ਸ਼ਕਤੀ ਇਸ ਪ੍ਰਕ੍ਰਿਆ ਨਾਲ ਉਪਜਦੀ ਹੈ ਉਸ ਚਮਕਦੇ, ਲਿਸ਼ਕਦੇ ਸੂਰਜ ਦੀ ਦਿਸਦੀ ਹੱਦ ਤੱਕ ਖਿੱਲਰ ਤੇ ਫੈਲ ਜਾਂਦੀ ਹੈ ਤੇ ਉਸ ਤੋਂ ਬਾਅਦ ਅਕਾਸ਼, ਪੁਲਾੜ ਵਿਖੇ ਫੈਲ ਜਾਂਦੀ ਹੈ ਤੇ ਗਰਮੀ ਤੇ ਰੋਸ਼ਨੀ ਪ੍ਰਦਾਨ ਕਰਦੀ ਹੈ। ਸੂਰਜ ਦੇ ਧੁਰ-ਅੰਦਰ ਕੇਂਦਰਲੇ ਹਿੱਸੇ ਵਿਚ 15,000,000 ਡਿਗਰੀ ਸੈਲਸੀਅਸ ਤੋਂ ਵੀ ਤਾਪਮਾਨ ਵਧ ਜਾਂਦਾ ਹੈ। ਸੂਰਜ ਸਾਡੀ ਧਰਤੀ ਤੋਂ 149,600,000 ਕਿਲੋਮੀਟਰ ਦੂਰੀ 'ਤੇ ਹੈ।

ਸੂਰਜ ਬਹੁਤ ਵੱਡਾ ਹੈ। ਇਸ ਦਾ ਵਿਆਸ (Diameter) 1,392,000 ਕਿਲੋਮੀਟਰ ਹੈ ਜੋ ਸਾਡੀ ਧਰਤੀ ਤੋਂ ਤਕਰੀਬਨ 110 ਗੁਣਾਂ ਵੱਧ ਹੈ। ਸੂਰਜ ਦਾ ਆਕਾਰ ਸਾਡੀ ਧਰਤੀ ਤੋਂ 13 ਲੱਖ ਗੁਣਾ ਵੱਧ ਹੈ ਤੇ ਭਾਰ ਧਰਤੀ ਤੋਂ ਤਿੰਨ ਲੱਖ ਤੀਹ ਹਜ਼ਾਰ ਗੁਣਾ ਵੱਧ ਹੈ। ਸੂਰਜ ਸਾਡੀ ਸਾਰੀ ਸੂਰਜੀ ਪ੍ਰਣਾਲੀ ਸੰਗਠਨ ਦਾ 100 ਵਿਚੋਂ 99 ਪਰਸੈਂਟ ਹੈ ਤੇ ਬਾਕੀ ਸਭ ਇਕ ਪਰਸੈਂਟ ਹੈ। ਕਿਉਂਕਿ ਸੂਰਜ ਇਤਨਾ ਵੱਡਾ ਤੇ ਸ਼ਕਤੀਸ਼ਾਲੀ ਹੈ ਤੇ ਇਹ ਆਪਣੀ ਗੁਰੂਤਾ-ਖਿੱਚ ਦਾ ਸਭ 'ਤੇ ਪ੍ਰਭਾਵ ਪਾਉਂਦਾ ਹੈ। ਇਸੇ ਗੁਰੂਤਾ-ਆਕਰਸ਼ਣ ਕਰਕੇ ਸਾਡੀ ਧਰਤੀ ਸੂਰਜ ਦੁਆਲੇ ਘੁੰਮਦੀ ਹੈ। ਸੂਰਜ ਚੜ੍ਹਿਆ ਹੋਇਆ ਹੀ ਰਹਿੰਦਾ ਹੈ। ਧਰਤੀ ਘੁੰਮਣ ਕਰਕੇ ਲੱਗਦ ਹੈ ਸੂਰਜ ਅਸਤ ਹੋ ਗਿਆ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਸੂਰਜ ਸਵੇਰੇ ਚੜ੍ਹਨ ਤੋਂ ਅਸਤ ਹੋਣ ਤਕ 180 ਡਿਗਰੀ ਅੱਧਾ ਮੁਕਾ ਕੇ, ਬਾਕੀ ਰਾਤ ਨੂੰ ਅੰਧੇਰੇ ਵਿਚ 180 ਡਿਗਰੀ ਦਾ ਚੱਕਰ ਕੱਟ ਕੇ ਫਿਰ ਅਗਲੀ ਸਵੇਰ ਨੂੰ ਪੂਰਬ ਵਲੋਂ ਚੜ੍ਹਦਾ ਹੈ। ਪਰ ਐਸਾ ਨਹੀਂ ਹੈ। ਇਹ ਗੱਲ ਹੈ ਧਰਤੀ ਕਿਸ ਦਿਸ਼ਾ ਤੇ ਸੂਰਜ ਦੁਆਲੇ ਘੁੰਮਦੀ ਮੋੜ ਕੱਟਦੀ ਹੈ ਤਾਂ ਹੀ ਰਾਤ ਹੁੰਦੀ ਹੈ। ਪ੍ਰਮੇਸ਼ਰ ਦੀ ਅਸਚਰਜ ਲੀਲ੍ਹਾ ਹੈ ਕਿ ਵਿਸ਼ਰਾਮ ਲਈ ਦਿਨ ਤੋਂ ਬਾਅਦ ਰਾਤ ਬਣਾਈ ਹੈ। ਫ਼ੁਰਮਾਨ ਹੈ :

ਜਿਨਿ ਦਿਨੁ ਕਰਿ ਕੈ ਕੀਤੀ ਰਾਤਿ॥ (ਅੰਗ ੯)

ਦਿਨ ਤੇ ਰਾਤ ਜੀਵਾਂ ਵਾਸਤੇ ਦੋਵੇਂ ਖਿਡਾਵੀ ਤੇ ਖਿਡਾਵਾ ਹਨ ਤੇ ਇਨ੍ਹਾਂ ਦੇ ਪ੍ਰਭਾਵ ਹੇਠ ਜਗਤ ਖੇਡ ਰਿਹਾ ਹੈ। ਅਸਲ ਵਿਚ ਇਸ ਸਾਰੀ ਖੇਡ ਵਿਚ ਉਹ ਆਪ ਹੀ ਵਰਤ ਰਿਹਾ ਹੈ।

ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥ (ਅੰਗ ੮)

ਬਹੁਤੇ ਲੋਕ ਇਹ ਹੀ ਸਮਝਦੇ ਹਨ ਕਿ ਸੂਰਜ ਪੂਰਬ ਵੱਲੋਂ ਚੜ੍ਹ ਕੇ ਤੇ ਪੱਛਮ ਵਿਚ ਅਸਤ ਹੋ ਗਿਆ। ਪਰ ਸੂਰਜ ਦੀ ਦਿਗ ਮੰਡਲ ਵਿਚ ਉੱਤਰੀ ਤੇ ਦੱਖਣੀ ਗਤੀਵਿਧੀ ਵੀ

ਹੈ। ਭਾਰਤ ਵਿਚ 21 ਜੂਨ (ਲੰਬਾ ਦਿਨ) ਨੂੰ (ਗਰਮੀਆਂ) ਵਿਚ ਸੂਰਜ ਉੱਤਰ-ਪੂਰਬ ਵੱਲੋਂ ਚੜ੍ਹਦਾ ਹੈ ਤੇ 6 ਮਹੀਨੇ ਬਾਅਦ ਦਸੰਬਰ 21 (ਛੋਟਾ ਦਿਨ) ਨੂੰ ਸੂਰਜ ਦੱਖਣ-ਪੂਰਬ ਵੱਲੋਂ ਚੜ੍ਹਦਾ ਹੈ। ਇਸੇ ਤਰ੍ਹਾਂ 6 ਮਹੀਨੇ ਤੱਕ ਫਿਰ ਵਾਪਸੀ ਚੱਕਰ ਲਾਉਂਦਾ ਹੈ। ਇਸੇ ਕਾਰਣ ਹੀ ਦਿਨ ਵੱਡੇ ਤੇ ਛੋਟੇ ਹੁੰਦੇ ਨੇ। 21 ਜੂਨ ਤੇ 21 ਦਸੰਬਰ ਤੋਂ ਤਿੰਨ ਕੁ ਹਫਤਿਆਂ ਤੱਕ ਘੱਟ ਹੀ ਹਰਕਤ ਵਿਚ ਆਉਂਦਾ ਹੈ ਤੇ ਲੱਗਦਾ ਹੈ ਕਿ ਸੂਰਜ ਉਥੇ ਹੀ ਟਿਕ ਰਿਹਾ ਹੈ, ਪਰ ਬਾਅਦ ਵਿਚ ਫਿਰ ਚੱਲ ਪੈਂਦਾ ਹੈ। ਇਵੇਂ ਜਾਪਦਾ ਹੈ ਕਿ ਇਸ ਨੂੰ ਵਾਪਸ ਮੁੜਨ ਲਈ ਤਿੰਨ ਕੁ ਹਫਤੇ ਦਾ ਸਮਾਂ ਲੱਗਦਾ ਹੈ। ਇਸੇ ਸਮੇਂ ਨੂੰ ਦੱਖਣੀਆਨਾ ਤੇ ਉਤਰੀਆਨਾ ਵੀ ਆਖਦੇ ਹਨ।

ਸੂਰਜ ਦੇ ਪੂਰਬ ਤੋਂ ਪੱਛਮ ਰੋਜ਼ਾਨਾ ਸੂਰਜੀ ਗ੍ਰਹਿ ਪਾਥ ਤੇ ਨਾਲ-ਨਾਲ ਚੰਦਰਮਾ ਤੇ ਬਾਕੀ ਗ੍ਰਹਿ ਵੀ ਸੂਰਜ ਦੇ ਨਾਲ-ਨਾਲ ਪੂਰਬ ਤੋਂ ਪੱਛਮ ਵੱਲ ਨੂੰ ਜਾਂਦੇ ਹਨ ਦੇ ਕਦੀ ਵੀ ਸੂਰਜ ਤੋਂ ਪੰਜ ਡਿਗਰੀ ਤੋਂ ਜ਼ਿਆਦਾ ਦੂਰ ਨਹੀਂ ਹੁੰਦੇ ਦੋਨੋਂ ਪਾਸਿਆਂ ਤੋਂ। ਪਰ ਉਨ੍ਹਾਂ ਦੇ ਅਸਤ ਹੋਣ ਦਾ ਸਮਾਂ ਸੂਰਜ ਤੋਂ ਭਿੰਨ ਹੈ। ਚੰਦਰਮਾ ਤੇ ਬਾਕੀ ਦੇ ਗ੍ਰਹਿਾਂ ਦਾ ਚੜ੍ਹਨ ਤੇ ਅਸਤ ਹੋਣ ਦਾ ਸਮਾਂ ਬਹੁਤ ਹੀ ਵੱਖਰਾ-ਵੱਖਰਾ ਹੈ। ਇਹ ਉਦਾਹਰਣ ਦੇ ਤੌਰ 'ਤੇ ਸਵੇਰੇ 10 ਵਜੇ ਤੋਂ ਰਾਤ 10 ਵਜੇ ਜਾਂ ਦੁਪਹਿਰ ਦੇ 3 ਵਜੇ ਤੋਂ ਸਵੇਰ ਦੇ 3 ਵਜੇ ਤੱਕ ਦਾ ਫ਼ਰਕ ਵੀ ਹੋ ਸਕਦਾ ਹੈ। ਇਹ ਸਭ ਇਕ ਬਹੁਤ ਵਿਰਾਟ ਘੜੀਨੁਮਾ ਯੰਤਰ ਦੀ ਤਰ੍ਹਾਂ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਰਾਮਕਲੀ ਰਾਗ ਵਿਚ ਫ਼ੁਰਮਾਉਂਦੇ ਹਨ ਕਿ ਦਿਨ ਤੇ ਪ੍ਰਕਾਸ਼ ਵਿਚ ਰਾਤ ਦਾ ਹਨੇਰਾ ਲੀਨ ਹੋ ਜਾਂਦਾ ਹੈ ਤੇ ਰਾਤ ਦੇ ਅੰਧਕਾਰ ਵਿਚ ਸੂਰਜ ਦਾ ਚਾਨਣਾ ਮੁੱਕ ਜਾਂਦਾ ਹੈ। ਇਹੀ ਹੀ ਹਾਲਤ ਹੈ ਗਰਮੀ ਦੀ ਤੇ ਠੰਢ ਦੀ। ਕਦੇ ਗਰਮੀ ਹੈ ਤੇ ਕਦੇ ਠੰਢ। ਇਹ ਸਭ ਪ੍ਰਮਾਤਮਾ ਦੀ ਸਾਜੀ ਹੋਈ ਕੁਦਰਤ ਦੀ ਖੇਡ ਹੈ ਤੇ ਉਹ ਪ੍ਰਮਾਤਮਾ ਕਿਤਨਾ ਕੁ ਵੱਡਾ ਹੈ ਉਸ ਅਕਾਲ ਪੁਰਖ ਤੋਂ ਬਿਨਾਂ ਕੋਈ ਨਹੀਂ ਜਾਣਦਾ, ਪਰ ਇਹ ਸੋਝੀ ਵੀ ਗੁਰੂ ਤੋਂ ਬਿਨਾਂ ਨਹੀਂ ਪ੍ਰਾਪਤ ਹੁੰਦੀ।

ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ॥
ਤਾ ਕੀ ਗਤਿ ਮਿਤਿ ਅਵਰੁ ਨ ਜਾਣੈ ਗੁਰ ਬਿਨੁ ਸਮਝ ਨ ਹੋਈ ॥ ੨ ॥

(ਅੰਗ ੮੭੯)

ਸਾਇੰਸਦਾਨ ਸੂਰਜ ਦੇ ਅਕਾਰ ਦੀ ਗੱਲ ਇਸ ਤਰ੍ਹਾਂ ਉਦਾਹਰਣ ਦਿੰਦੇ ਹਨ ਕਿ ਮਾਨੋ ਸੂਰਜ ਸਾਡੇ ਘਰ ਦੀ Front door (ਬਾਹਰਲਾ ਦਰਵਾਜ਼ਾ) ਹੈ ਤਾਂ ਸਾਡੀ ਧਰਤੀ ਉਸ ਦੇ ਮੁਕਾਬਲੇ ਵਿਚ ਇਕ ਸਿੱਕਾ (Coin) ਹੈ, ਚੰਦਰਮਾ ਹਰੇ ਮਟਰ ਦੇ ਦਾਣੇ ਦੀ ਤਰ੍ਹਾਂ ਹੈ। ਪਰ ਇਹ ਵੀ ਅਕਾਲ ਪੁਰਖ ਦੀ ਖੇਡ ਹੈ ਕਿ ਕਈ ਦੇਸ਼ਾਂ ਵਿਚ ਸੂਰਜ ਗਰਮੀਆਂ ਵਿਚ ਬਹੁਤ ਲੰਮਾ ਸਮਾਂ ਅਸਤ ਨਹੀਂ ਹੁੰਦਾ। ਤਕਰੀਬਨ 20 ਘੰਟੇ ਤੋਂ ਵੀ ਜ਼ਿਆਦਾ ਤੇ ਸਰਦੀਆਂ ਵਿਚ ਨਾ-ਮਾਤਰ ਹੀ ਚੜ੍ਹਦਾ ਹੈ। ਇਸ ਲਈ ਕਈ ਦੇਸ਼ਾਂ ਵਿਚ ਕਿਹਾ ਜਾਂਦਾ ਹੈ

ਕਿ ਉਥੇ 6 ਮਹੀਨੇ ਦਿਨ ਤੇ 6 ਮਹੀਨੇ ਰਾਤ ਰਹਿੰਦੀ ਹੈ। ਇਨ੍ਹਾਂ ਦੇਸ਼ਾਂ ਦੇ ਕੁਝ ਹਿੱਸਿਆਂ ਨੌਰਵੇ, ਸਵੀਡਨ, ਆਈਸਲੈਂਡ, ਫਿਨਲੈਂਡ, ਰੂਸ, ਕਨੇਡਾ, ਅਲਾਸਕਾ ਬਹੁਤ ਲੰਬਾ ਸਮਾਂ ਤੇ ਬਹੁਤ ਘੱਟ ਸਮਾਂ ਸੂਰਜ ਚੜ੍ਹਨਾ ਲਾਗੂ ਹੁੰਦਾ ਹੈ, ਕਿਉਂਕਿ ਇਹ ਆਰਕਟਿਕ ਸਰਕਲ (Arctic Circle) ਉੱਤਰੀ ਜਾਂ ਅੰਟਾਰਕਟਿਕ ਸਰਕਲ (Antarctic Circle) ਦੱਖਣੀ ਦੇ ਨੇੜੇ ਹੋਣ ਕਰਕੇ ਐਸਾ ਹੁੰਦਾ ਹੈ ਆਰਕਟਿਕ ਸਰਕਲ ਵਿਖੇ 12 ਜੂਨ ਤੋਂ ਲੈ ਕੇ 1 ਜੁਲਾਈ ਤੱਕ ਅੱਧੀ ਰਾਤ ਵੇਲੇ ਵੀ ਸੂਰਜ ਦਿਖਾਈ ਦਿੰਦਾ ਹੈ। ਇਸ (Midnight Sun) ਵੀ ਕਿਹਾ ਜਾਂਦਾ ਹੈ। ਫਿਨਲੈਂਡ ਦੇਸ਼ ਦੇ ਇਕ ਚੁਥਾਈ ਹਿੱਸੇ ਵਿਚ ਆਰਕਟਿਕ ਸਰਕਲ ਦੇ ਉੱਤਰੀ ਹਿੱਸੇ ਵਿਚ ਸੂਰਜ ਲਗਾਤਾਰ 60 ਦਿਨ ਤੱਕ ਨਹੀਂ ਛਿਪਦਾ ਤੇ ਇਸੇ ਤਰ੍ਹਾਂ ਸਵਾਲਬਾਰਤ, ਨੌਰਵੇ ਵਿਖੇ 19 ਅਪ੍ਰੈਲ ਤੋਂ 23 ਅਗਸਤ ਤਕ ਸੂਰਜ ਨਹੀਂ ਛਿਪਦਾ। ਇਹ ਸਭ ਧਰਤੀ ਦੇ ਘੁੰਮਣ ਦੇ ਹਿਸਾਬ ਨਾਲ ਦਿਸ਼ਾ ਅਨੁਸਾਰ ਹੈ।

ਇਹ ਸੂਰਜ ਦਾ ਬਹੁਤ ਲੰਬਾ ਸਮਾਂ ਨਾ ਚੜ੍ਹਨਾ ਜਾਂ ਛਿਪਣਾ ਕਈ ਵਿਅਕਤੀਆਂ ਦੀ ਸਿਹਤ 'ਤੇ ਬਹੁਤ ਚੰਗਾ ਅਸਰ ਨਹੀਂ ਪਾਉਂਦਾ। ਕਈ ਤਰ੍ਹਾਂ ਦੇ ਰੋਗੀਆਂ ਲਈ ਇਸ ਤਰ੍ਹਾਂ ਦੀਆਂ ਥਾਵਾਂ 'ਤੇ ਰਹਿਣਾ ਮੁਸ਼ਕਲ ਹੋ ਜਾਂਦਾ ਹੈ। ਆਮ ਤੌਰ 'ਤੇ ਬਹੁਤੇ ਸੂਰਜ ਦੀ ਰੋਸ਼ਨੀ ਨੂੰ ਪਰਦਿਆਂ ਨਾਲ ਬੰਦ ਕਰਨ ਦਾ ਯਤਨ ਕਰਦੇ ਸੌਂ ਜਾਂਦੇ ਹਨ। ਕਈ ਸੂਰਜ ਦੀ ਰੋਸ਼ਨੀ ਤੇ ਗਰਮੀ ਦਾ ਨਿੱਘ ਮਾਨਣ ਲਈ ਤਰਸ ਜਾਂਦੇ ਹਨ ਸਰਦੀਆਂ ਵਿਚ। ਧਾਰਮਿਕ ਤੌਰ 'ਤੇ ਵੀ ਕਈਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਵੇਂ ਮੁਸਲਮਾਨਾਂ ਨੂੰ ਰੋਜ਼ਿਆਂ ਤੇ ਨਮਾਜ਼ ਦੇ ਵਕਤ ਜੋ ਸੂਰਜ ਅਨੁਸਾਰ ਹੁੰਦੇ ਹਨ। ਪਰ ਉਹ ਫਿਰ ਮੱਕੇ ਜਾਂ ਹੋਰ ਕਿਸੇ ਦੇਸ਼ ਦੇ ਨਿਯਮਬੱਧ ਅਸੂਲਾਂ ਅਨੁਸਾਰ ਇਹ ਸਮਾਂ ਮੁਕਰਰ ਕਰਦੇ ਹਨ। ਇੰਗਲੈਂਡ ਤੇ ਆਸਟ੍ਰੇਲੀਆ ਦਾ ਸਮੇਂ ਦਾ ਫ਼ਰਕ 12 ਘੰਟੇ ਹੈ ਜਿਸ ਵੇਲੇ ਇੰਗਲੈਂਡ ਵਿਚ ਸਵੇਰ ਦੇ 10 ਵਜਦੇ ਨੇ, ਆਸਟ੍ਰੇਲੀਆ ਵਿਚ ਰਾਤ ਦੇ 10 ਵਜੇ ਹੁੰਦੇ ਨੇ। ਇੰਗਲੈਂਡ ਵਿਚ ਸਰਦੀ ਦੀ ਰੁੱਤ ਚੱਲ ਰਹੀ ਹੁੰਦੀ ਤੇ ਆਸਟ੍ਰੇਲੀਆ ਵਿਚ ਗਰਮੀ ਦੀ ਰੁੱਤ।

ਅਜੋਕਾ ਸਾਰਾ ਕੈਲੰਡਰ ਦਾ ਹਿਸਾਬ ਸੂਰਜ ਅਨੁਸਾਰ ਹੈ ਤੇ ਪੁਰਾਤਨ ਦੇਵ ਰਿਸ਼ੀਆਂ ਨੇ ਸੂਰਜ ਨੂੰ ਵਿਚਕਾਰ ਰੱਖ ਕੇ 360 ਅੰਸ਼ 12 ਹਿੱਸਿਆਂ ਵਿਚ ਵੰਡ ਕੇ 12 ਰਾਸ਼ੀਆਂ ਬਣਾਈਆਂ, ਜਿਨ੍ਹਾਂ ਅਸੀਂ—ਮੇਖ, ਬ੍ਰਿਖ, ਮਿਥੁਨ, ਕਰਕ, ਸਿੰਘ, ਕੰਨਿਆ, ਤੁਲਾ, ਬ੍ਰਿਸਚਕ, ਧਨ, ਮਕਰ, ਕੁੰਭ ਤੇ ਮੀਨ ਦੇ ਨਾਵਾਂ ਨਾਲ ਜਾਣਦੇ ਹਾਂ। ਸਾਰੇ ਬ੍ਰਹਿਮੰਡ ਨੂੰ 360 ਅੰਸ਼ਾਂ ਵਿਚ 12 ਰਾਸ਼ੀਆਂ ਨਾਲ ਤਕਸੀਮ ਕਰਕੇ ਇਕ ਰਾਸ਼ੀ 30 ਅੰਸ਼ਾਂ ਦੀ ਹੈ ਤੇ ਸੂਰਜ ਇਕ ਰਾਸ਼ੀ ਨੂੰ ਪਾਰ ਕਰਨ ਲਈ ਤਕਰੀਬਨ 30 ਦਿਨ ਤੇ ਕੁਝ ਮਿੰਟ ਦਾ ਸਮਾਂ ਲਾਉਂਦਾ ਹੈ ਤੇ ਇਨ੍ਹਾਂ ਸੰਪੂਰਨ ਰਾਸ਼ੀਆਂ ਨੂੰ ਪਾਰ ਕਰਨ ਲਈ 365 ਦਿਨ ਤੇ 6 ਘੰਟੇ ਦਾ ਸਮਾਂ ਲੱਗਦਾ ਹੈ। ਜਿਹੜੇ 6 ਘੰਟੇ ਵਧਦੇ ਹਨ ਉਹ ਹਰ 4 ਸਾਲ ਬਾਅਦ ਫਰਵਰੀ ਦਾ ਮਹੀਨਾ 29 ਦਿਨਾਂ ਦਾ ਰੱਖ ਕੇ ਉਸ ਨੂੰ ਲੀਪ ਯੀਅਰ Leap Year ਆਖ ਕੇ ਫਰਵਰੀ ਦਾ ਇਕ ਦਿਨ ਵਧਾ ਕੇ

ਸਾਡੀ ਧਰਤੀ ਆਪਣੀ ਗੀੜ-ਰੇਖਾ Axis ਦੁਆਲੇ ਚੱਕਰ ਸੁਲਝਾਇਆ ਜਾਂਦਾ ਹੈ। ਸਾਡੀ ਧਰਤੀ ਆਪਣੀ ਗੀੜ-ਰੇਖਾ Axis ਦੁਆਲੇ ਚੱਕਰ ਲਗਾਉਂਦੀ ਹੈ ਲਗਾਉਣ ਲਈ ਤਕਰੀਬਨ 24 ਘੰਟੇ (23 ਘੰਟੇ 56 ਮਿੰਟ 4 ਸੈਕਿੰਡ) ਲਗਾਉਂਦੀ ਹੈ ਘੁੰਮਣ ਲਈ। ਜਦੋਂ ਵੀ ਸੂਰਜ ਇਕ ਰਾਸ਼ੀ ਨੂੰ ਪਾਰ ਕਰਕੇ ਦੂਸਰੀ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਸ ਤਬਦੀਲੀ ਨੂੰ ਸੰਕਰਾਂਤੀ ਆਖਦੇ ਹਨ ਜਾਂ ਪੰਜਾਬੀ ਵਿਚ ਜਿਸ ਨੂੰ ਅਸੀਂ ਸੰਗਰਾਂਦ ਆਖਦੇ ਹਾਂ ਤੇ ਉਸ ਮਹੀਨੇ ਦਾ ਮਾਝ ਰਾਗ ਦੀ ਬਾਰਹ ਮਾਹਾ ਬਾਣੀ ਵਿਚੋਂ ਸਤਿਗੁਰਾਂ ਦਾ ਉਪਦੇਸ਼ ਸੁਣਾਇਆ ਜਾਂਦਾ ਹੈ, ਜਿਸ ਨੂੰ ਮਹੀਨੇ ਦਾ ਫਲਾਦੇਸ਼ ਵੀ ਆਖਦੇ ਹਨ।

ਗਰਮੀ ਇਸ ਕਰਕੇ ਵਾਪਰਦੀ ਹੈ ਜਦੋਂ ਸਾਡੀ ਧਰਤੀ ਦਾ ਉਲਾਰ ਸੂਰਜ ਵੱਲ ਨੂੰ ਹੁੰਦਾ ਹੈ, ਜਿਵੇਂ ਜੇ ਉਤਰੀ ਅਰਧਗੋਲੇ Northern Hemisphere ਵਿਖੇ ਗਰਮੀ ਦੀ ਰੁੱਤ ਹੈ ਤਾਂ ਦੱਖਣੀ ਅਰਧਗੋਲੇ Southern Hemisphere ਵਿਖੇ ਸਰਦੀ ਦਾ ਮੌਸਮ, ਸਰਦੀ ਦੀ ਰੁੱਤ ਵਾਪਰਦੀ ਹੈ ਜੋ ਕਿ ਸੂਰਜ ਤੋਂ ਪਰ੍ਹੇ ਵੱਲ ਨੂੰ ਹੁੰਦਾ ਹੈ ਪਰ ਇਹ ਸਭ ਕੁਝ ਪ੍ਰਭੂ ਜੀ ਦੇ ਹੁਕਮ ਵਿਚ ਹੀ ਵਾਪਰਦਾ ਹੈ। ਰੋਜ਼ ਨਿਤਨੇਮ ਨਾਲ ਸੋਹਿਲੇ ਦੀ ਬਾਣੀ ਵਿਚ ਪੜ੍ਹਦੇ ਹਾਂ।

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਭਇਆ ॥
ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥ (ਅੰਗ ੩੫੭)

ਹੋਰ ਇਕ ਸ਼ਬਦ ਵਿਚ ਫ਼ੁਰਮਾਨ ਹੈ ਕਿ ਪਾਣੀ, ਧਰਤੀ, ਅਕਾਸ਼ ਵਿਖੇ ਸਭ ਕੁਛ ਮਾਲਕ ਦੇ ਹੁਕਮ ਵਿਚ ਵਰਤਦਾ ਹੈ।

ਜਲਿ ਥਲਿ ਮਹੀਅਲਿ ਰਵਿਆ ਸੋਇ ॥
ਨਾਨਕ ਸਭੁ ਕਿਛੁ ਪ੍ਰਭ ਤੇ ਹੋਇ ॥ (ਅੰਗ ੧੧੪੯)

ਕਈ ਦੇਸ਼ਾਂ ਵਿਚ ਗਰਮੀ ਜ਼ਿਆਦੀ ਪੈਂਦੀ ਹੈ ਕਈਆਂ ਵਿਚ ਘੱਟ। ਭਾਰਤ ਵਿਚ ਕਾਫ਼ੀ ਗਰਮੀ ਦਾ ਵਾਤਾਵਰਣ ਹੋ ਜਾਂਦਾ ਹੈ। ਇਸ ਦਾ ਇਕ ਖ਼ਾਸ ਕਾਰਣ ਇਹ ਵੀ ਮੰਨਦੇ ਹਨ ਕਿ ਹਿਮਾਲਾ ਪਰਬਤ ਉਂਚਾ ਹੋਣ ਕਰਕੇ ਜੋ ਠੰਢੀਆਂ ਹਵਾਵਾਂ ਆਉਂਦੀਆਂ ਹਨ ਉਨ੍ਹਾਂ ਨੂੰ ਰੋਕ ਲੈਂਦਾ ਹੈ ਤੇ ਭਾਰਤ ਦੇ ਜ਼ਿਆਦਾ ਹਿੱਸਿਆਂ ਵਿਚ ਨਹੀਂ ਪਹੁੰਚਣ ਦਿੰਦਾ। ਇਸੇ ਕਾਰਣ ਗਰਮੀ ਜ਼ਿਆਦਾ ਹੁੰਦੀ ਹੈ ਤੇ ਸਰਦੀਆਂ ਵਿਚ ਵੀ ਬਹੁਤ ਜ਼ਿਆਦਾ ਸਰਦੀ ਨਹੀਂ ਹੁੰਦੀ। ਜਿਵੇਂ ਕਦੀ ਬਹੁਤ ਗਰਮੀ ਹੋ ਜਾਂਦੀ ਹੈ ਤੇ ਸਰਦੀਆਂ ਨੂੰ ਠੰਡ ਇਹ ਸਭ ਪ੍ਰਭੂ ਜੀ ਦੇ ਹੁਕਮ ਵਿਚ ਹੀ ਹੈ। ਫ਼ੁਰਮਾਨ ਹੈ :

ਰੇ ਪ੍ਰਾਣੀ ਉਸਨ ਸੀਤ ਕਰਤਾ ਕਰੈ ਘਾਮ ਤੇ ਕਾਢੈ ॥
ਕੀਰੀ ਤੇ ਹਸਤੀ ਕਰੈ ਟੂਟਾ ਲੇ ਗਾਢੈ ॥ ੨ ॥ (ਅੰਗ ੮੧੯)

ਭਾਵ ਪ੍ਰਮਾਤਮਾ ਤੋਂ ਹੀ ਗਰਮੀ ਤੇ ਠੰਢ ਵਰਤਦੀ ਹੈ, ਪ੍ਰਭੂ ਜੀ ਆਪ ਹੀ ਸਾਨੂੰ ਵਿਕਾਰਾਂ ਦੀ ਗਰਮੀ ਤੋਂ ਨਾਮ ਦੀ ਸੀਤਲ ਠੰਢ ਨਾਲ ਬਚਾਉਂਦਾ ਹੈ। ਕੀੜੀ ਵਰਗੇ ਛੋਟੇ

ਜੀਵ ਨੂੰ ਹਾਥੀ ਵਰਗੀ ਵਡਿਆਈ ਬਖ਼ਸ਼ ਦਿੰਦਾ ਹੈ ਤੇ ਖੁੰਝਿਆਂ ਹੋਇਆਂ ਨੂੰ ਆਪਣੇ ਚਰਨਾਂ ਨਾਲ ਜੋੜ ਲੈਂਦਾ ਹੈ। ਇਸੇ ਤਰ੍ਹਾਂ ਹੀ ਬੇਨਤੀਆਂ ਦੇ ਸ਼ਬਦ ਹਨ ਕਿ ਹੇ ਪ੍ਰਭੂ ! ਮੈਂ ਜਲ ਰਿਹਾ ਹਾਂ, ਜੋਦੜੀ ਕਰਦੇ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ। ਆਪ ਜੀ ਦਾ ਦਾਸ ਹਾਂ, ਹੱਥ ਦੇ ਕੇ ਬਚਾਅ ਲਵੋ ਤੇ ਆਪਣਾ ਬਣਾ ਲਵੋ ਜੀ। ਫ਼ੁਰਮਾਨ ਹੈ :

ਤ੍ਰਾਹਿ ਤ੍ਰਾਹਿ ਕਰਿ ਸਰਨੀ ਆਏ ਜਲਤਉ ਕਿਰਪਾ ਕੀਜੈ ॥
ਕਰੁ ਗਹਿ ਲੇਹੁ ਦਾਸ ਅਪੁਨੇ ਕਉ ਨਾਨਕ ਅਪੁਨੋ ਕੀਜੈ ॥ (ਅੰਗ ੧੨੬੯)

ਸਾਰੇ ਵਿਗਿਆਨਕ, ਬੁੱਧੀਜੀਵੀ ਤੇ ਵਿਚਾਰਵਾਨ ਇਸ ਗੱਲ ਨਾਲ ਸਹਿਮਤੀ ਵਿਚ ਹਨ ਕਿ ਸਾਡੀ ਧਰਤੀ ਉੱਪਰ ਵਾਤਾਵਰਣ ਵਿਚ ਬਹੁਤ ਤੇਜ਼ੀ ਨਾਲ ਤਬਦੀਲੀ ਆ ਰਹੀ ਹੈ। ਪਿਛਲੀਆਂ ਦੋ ਸਦੀਆਂ ਵਿਚ ਤਾਪਮਾਨ ਬਹੁਤ ਵਧਿਆ ਹੈ ਜਿਸ ਨਾਲ ਬਹੁਤ ਚਿੰਤਾਜਨਕ ਦਸ਼ਾ ਬਣ ਰਹੀ ਹੈ ਤੇ ਭਵਿੱਖ ਵਿਚ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਹੁਤ ਕਠਿਨਾਈਆਂ ਦਾ ਸਾਮ੍ਹਣਾ ਕਰਨਾ ਪੈ ਸਕਦਾ ਹੈ। ਇਸ ਨੂੰ Global Warming ਜਾਂ Climate Change ਕਲਾਈਮੇਟ ਚੇਂਜ ਆਖਿਆ ਜਾਂਦਾ ਹੈ। ਦੁਨੀਆਂ ਦੀਆਂ ਗੌਰਮਿੰਟਾਂ ਇਨ੍ਹਾਂ ਬਾਰੇ ਕਈ ਸੰਮੇਲਨ (ਕਾਨਫਰੰਸਾਂ) ਕੀਤੇ ਗਏ ਹਨ ਤੇ ਇਹ ਵੀ ਮਿਥਿਆ ਗਿਆ ਹੈ ਕਿਹੜਾ ਦੇਸ਼ ਕਿਤਨੀ ਇਨ੍ਹਾਂ ਗੈਸਾਂ ਵਿਚ ਕਟੌਤੀ ਕਰੇਗਾ, ਪਰ ਕਈ ਦੇਸ਼ ਆਪਣੇ ਕੀਤੇ ਹੋਏ ਸਮਝੌਤੇ ਉੱਪਰ ਪੂਰੇ ਨਹੀਂ ਉਤਰ ਰਹੇ।

ਪਰਖਾਂ ਕਰਕੇ ਇਹ ਸਾਬਤ ਹੋ ਚੁਕਾ ਹੈ ਕਿ ਹੁਣ ਬਰਫ ਦੇ ਗਲੇਸ਼ੀਅਰ, ਬਰਫ ਦੇ ਤੋਦੇ ਬਹੁਤ ਰਫਤਾਰ ਨਾਲ ਖੁਰ ਰਹੇ ਹਨ ਜਿਸ ਨਾਲ ਸਮੁੰਦਰ ਦਾ ਤਲ ਉੱਪਰ ਨੂੰ ਵੱਧ ਰਿਹਾ ਹੈ ਤੇ ਆਉਣ ਵਾਲੇ 70–100 ਸਾਲਾਂ ਤਕ ਨੀਵੇਂ ਇਲਾਕੇ ਪਾਣੀ ਦੇ ਹੇਠਾਂ ਆ ਸਕਦੇ ਹਨ। ਜੰਗਲ ਕੱਟਣ ਤੇ ਸਾੜਨ ਨਾਲ ਵੀ ਬਹੁਤ ਨੁਕਸਾਨ ਹੋ ਰਿਹਾ ਹੈ ਪਰ ਖੁਦਗਰਜ਼ੀ ਕਰਕੇ ਕਈ ਲੋਕ ਤੇ ਦੇਸ਼ ਇਸ ਨੂੰ ਤਰੱਕੀ ਦੱਸ ਕੇ ਸੱਚੇ ਬਣਨ ਦਾ ਨਾਟਕ ਕਰਦੇ ਹਨ। ਮਹਾਂਪੁਰਸ਼ ਤੇ ਸਿਆਣੇ ਲੋਕ ਰੁੱਖ ਲਗਾਉਣ ਦੀ ਪ੍ਰੇਰਨਾ ਕਰ ਰਹੇ ਹਨ। ਹਰੇਕ ਮਨੁੱਖ ਨੂੰ ਇਸ ਬਾਰੇ ਜ਼ਰੂਰ ਸੋਚਣਾ ਬਣਦਾ ਹੈ। ਕਾਰਬਨ ਡਾਇਕਸਾਈਡ ਤੇ ਧੂੰਏਂ ਨੂੰ ਘਟਾਉਣ ਨਾਲ (ਜੋ ਕਿ ਗੱਡੀਆਂ, ਮੋਟਰਾਂ, ਹਵਾਈ ਜਹਾਜ਼ ਦੇ ਸਫ਼ਰ ਨਾਲ ਬਹੁਤ ਵੱਧ ਜਾਂਦਾ ਹੈ) ਕੁਝ ਰਾਹਤ ਮਿਲ ਸਕਦੀ ਹੈ ਤੇ ਰੁੱਖ ਲਗਾਉਣ ਤੇ ਮਾਸ ਨਾ ਖਾਣ ਨਾਲ ਵੀ ਫ਼ਾਇਦਾ ਹੁੰਦਾ ਹੈ। ਇਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨੀ ਤੇ ਇਸ ਕਾਰਜ ਵਿਚ ਮਦਦ ਕਰਨੀ ਸਭ ਦਾ ਫ਼ਰਜ਼ ਬਣਦਾ ਹੈ।

ਸਾਡੀ ਧਰਤੀ 'ਤੇ ਗਰਮੀ ਦਾ ਸਭ ਤੋਂ ਵੱਧ ਤਾਪਮਾਨ 54.4 C ਡੈੱਥ ਵੈਲੀ ਨੈਸ਼ਨਲ ਪਾਰਕ ਕੈਲੀਫੋਰਨੀਆ ਅਮਰੀਕਾ ਵਿਖੇ 17 ਅਗਸਤ 2020 ਨੂੰ ਰੀਕਾਰਡ ਕੀਤਾ ਗਿਆ ਤੇ ਆਉਣ ਵਾਲੇ ਸਮੇਂ ਵਿਚ ਇਸ ਤੋਂ ਵੀ ਵੱਧ ਤਾਪਮਾਨ ਪੁੱਜਣ ਦੇ ਆਸਾਰ ਦਿਖਾਈ ਦੇ ਰਹੇ ਹਨ। ਇਸ ਤੋਂ ਪਹਿਲਾਂ ਵੀ ਇਸੇ ਜਗ੍ਹਾ 'ਤੇ 54^0 C ਤਾਪਮਾਨ ਜੋ ਕਿ 129.2 F ਬਣਦਾ ਹੈ

2013 ਵਿਚ ਰੀਕਾਰਡ ਕੀਤਾ ਗਿਆ ਸੀ। ਖਤਰਨਾਕ ਗਰਮੀ ਦੱਖਣੀ ਤੇ ਪੱਛਮੀ ਅਮਰੀਕਾ ਦੇ ਹਿੱਸਿਆਂ ਵਿਚ ਅਨੁਮਾਨ ਕਰਦੇ ਹਨ ਤੇ ਐਸਾ ਵੀ ਸੋਚਦੇ ਹਨ ਕਿ ਇਤਨੇ ਤਾਪਮਾਨ ਮਨੁੱਖਾਂ ਲਈ ਬਹੁਤ ਗਰਮ ਤੇ ਖਤਰੇ ਵਾਲੇ ਸਾਬਤ ਹੋ ਸਕਦੇ ਹਨ। ਪਿਛਲਾ ਦਹਾਕਾ ਸਭ ਪੁਰਾਤਨ ਰੀਕਾਰਡਾਂ ਤੋਂ ਵੱਧ ਗਰਮੀ ਵਾਲਾ ਬੀਤਿਆ ਹੈ। ਕਈ ਵਾਰੀ ਜ਼ਿਆਦਾ ਗਰਮੀ ਹੋਣ ਕਰਕੇ ਕਈ ਵਿਅਕਤੀਆਂ ਦੀ ਮੌਤ ਵੀ ਹੋ ਜਾਂਦੀ ਹੈ।

ਜਿਸ ਸਮੇਂ ਜ਼ਿਆਦਾ ਗਰਮੀ ਪੈਂਦੀ ਹੈ ਤਾਂ ਮਨੁੱਖ ਤੇ ਪਸ਼ੂ ਪੰਛੀ ਸਭ ਜੀਵ-ਜੰਤੂ ਛਾਂ ਵਾਲੀ ਜਗ੍ਹਾ ਤੇ ਪੀਣ ਨੂੰ ਪਾਣੀ ਭਾਲਦੇ ਹਨ। ਪੁਰਾਣੇ ਸਮੇਂ ਵਿਚ ਸਹੂਲਤ ਲਈ ਖੂਹ ਪੁਟਾਉਂਦੇ ਸਨ ਜੋ ਕਿ ਪੀਣ ਲਈ ਤੇ ਇਸ਼ਨਾਨ ਕਰਨ ਲਈ ਪਾਣੀ ਦਾ ਸੌਖ ਹੋ ਜਾਵੇ, ਹਾਲੇ ਵੀ ਕਿਤੇ ਕਿਤੇ ਟਿੰਡਾਂ ਵਾਲੇ ਖੂਹ ਦਿਖਾਈ ਪੈ ਜਾਂਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਤੋਂ ਤਕਰੀਬਨ 7 ਕਿਲੋਮੀਟਰ ਪੱਛਮ ਵੱਲ ਨੂੰ ਇਸ ਇਲਾਕੇ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨ ਲਈ ਬਹੁਤ ਮਜ਼ਬੂਤ ਖੂਹ ਬਣਵਾਇਆ, ਜਿਸ ਵਿਚ ਟਿੰਡਾਂ ਵਾਲੇ 6 ਹਰਟ ਸਨ। ਇਸੇ ਕਰਕੇ ਇਹ ਅਸਥਾਨ ਛੇਹਰਟਾ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋ ਗਿਆ ਹੈ। ਇੱਥੇ ਨਜ਼ਦੀਕ ਹੀ ਗੁਰੂ ਦੀ ਵਡਾਲੀ ਨਗਰ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਅਸਥਾਨ ਹੈ।

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਵੀ ਬਾਉਲੀ ਦਾ ਨਿਰਮਾਣ ਕਰਵਾਇਆ ਸੀ ਗੋਇੰਦਵਾਲ ਵਿਖੇ, ਤੇ ਹੋਰ ਗੁਰੂ ਸਾਹਿਬਾਂ ਨੇ ਗੁਰਦੁਆਰਿਆਂ ਦੇ ਨਾਲ-ਨਾਲ ਸਰੋਵਰ ਬਣਵਾਏ। ਪਹਿਲੇ ਸਮਿਆਂ ਵਿਚ ਛੂਤ-ਛਾਤ ਤੇ ਭਿੱਟ ਜਾਣ ਦਾ ਬਹੁਤ ਬੋਲ-ਬਾਲਾ ਸੀ। ਗੁਰੂ ਸਾਹਿਬਾਂ ਨੇ ਸਭ ਨੂੰ ਬਰਾਬਰਤਾ ਦੇਣ ਲਈ ਇਹ ਖੂਹ, ਬਾਉਲੀ ਤੇ ਸਰੋਵਰ ਆਦਿ ਕਾਇਮ ਕੀਤੇ। ਕਿਉਂਕਿ ਸਤਿਗੁਰੂ ਜੀ ਨੇ ਦੇਖ ਲਿਆ ਸੀ ਕਿ ਪਾਣੀ ਦਾ ਇਖਤਿਆਰ ਕੰਟਰੋਲ ਵਲੀ ਕੰਧਾਰੀ ਵਰਗੇ ਹੱਥ ਵਿਚ ਹੋਵੇ ਤਾਂ ਪਾਣੀ ਦੇਣ ਲਈ ਵੀ ਫ਼ਰਕ ਕਰੇਗਾ। ਸਮੇਂ ਅਨੁਸਾਰ ਬਾਅਦ ਵਿਚ ਨਲਕੇ ਲੱਗ ਗਏ ਘਰਾਂ ਵਿਚ, ਤੇ ਖੇਤਾਂ ਵਿਚ ਟਿਊਬਵੈਲ ਹੁਣ ਸਮਰਸੀਬਲ ਆਦਿ ਲਗਾਏ ਜਾਂਦੇ ਹਨ। ਦੇਸ਼ਾਂ ਵਿਚ, ਸੂਬਿਆਂ ਵਿਚ ਦਰਿਆਵਾਂ ਦੇ ਪਾਣੀਆਂ ਦੇ ਝਗੜੇ ਆਮ ਉਤਪੰਨ ਹੋ ਜਾਂਦੇ ਹਨ। ਸਿਆਣੇ ਵਿਚਾਰਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਭਵਿੱਖ ਵਿਚ ਉਹ ਦੇਸ਼ ਜ਼ਿਆਦਾ ਖੁਸ਼ਹਾਲ ਹੋਣਗੇ, ਜਿੱਥੇ ਪਾਣੀ ਦੀ ਖੁੱਲ੍ਹੀ ਪ੍ਰਾਪਤੀ ਹੋਵੇਗੀ।

ਬਹੁਤ ਸਾਰੇ ਗੁਰ ਅਸਥਾਨਾਂ 'ਤੇ ਵੀ ਖ਼ਾਸ ਤੌਰ 'ਤੇ ਜਲ ਛਕਾਇਆ ਜਾਂਦਾ ਹੈ। ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਤੇ ਦਰਬਾਰ ਸਾਹਿਬ ਅੰਮ੍ਰਿਤਸਰ ਖ਼ਾਸ ਹਨ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਯਾਦ ਕਰਕੇ ਛਬੀਲਾਂ ਲਗਾਈਆਂ ਜਾਂਦੀਆਂ ਹਨ ਮਿੱਠੇ ਪਾਣੀ ਤੇ ਸੋਢੇ ਆਦਿ ਦੀਆਂ। ਗਰਮੀ ਦੇ ਮੌਸਮ ਵਿਚ ਗੈਰ-ਅਲਕੋਹਲ, ਸੌਫਟ ਡਰਿੰਕਸ ਤੇ ਆਈਸਕਰੀਮਾਂ, ਕੁਲਫੀਆਂ ਆਦਿ ਕਾਫੀ ਵਿਕਦੀਆਂ ਹਨ। ਇਸੇ ਤਰ੍ਹਾਂ ਹੀ ਗਰਮੀ ਘਟਾਉਣ ਤੇ ਦੂਰ ਕਰਨ ਲਈ ਏਅਰ ਕੰਡੀਸ਼ਨ, ਪੱਖੇ,

ਕੂਲਰ ਆਦਿ ਵੀ ਗਰਮੀ ਦੀ ਸਖਤੀ ਤੋਂ ਬਚਣ ਲਈ ਬੱਚਿਆਂ ਦੇ ਸਕੂਲ ਵੀ ਸਵਖਤੇ ਸ਼ੁਰੂ ਹੋ ਕੇ ਸਵਖਤੇ ਬੰਦ ਹੋ ਜਾਂਦੇ ਹਨ ਤਾਂ ਕਿ ਵਿਦਿਆਰਥੀ ਤੇ ਅਧਿਆਪਕ ਵੀ ਗਰਮੀ ਤੋਂ ਰਾਹਤ ਪ੍ਰਾਪਤ ਕਰ ਸਕਣ। ਭਗਤ ਕਬੀਰ ਜੀ ਵੀ ਮਿਸ਼ਰੀ ਦੇ ਸ਼ਰਬਤ ਦੀ ਗਵਾਹੀ ਭਰਦੇ ਹਨ ਕਿ ਜੋ ਪੀਵੇਗਾ ਉਹੀ ਸਵਾਦ ਜਾਣੇਗਾ। ਫ਼ੁਰਮਾਨ ਹੈ :

ਅਲਉਤੀ ਕਾ ਜੈਸੇ ਭਇਆ ਬਰੇਡਾ ਜਿਨਿ ਪੀਆ ਤਿਨਿ ਜਾਨਿਆ॥

(ਅੰਗ ੩੩੩)

ਜਲ ਬਾਰੇ ਬਹੁਤ ਇਤਿਹਾਸ ਵਿਚ ਬਹੁਤ ਸਾਖੀਆਂ ਹਨ ਜੋ ਇੱਥੇ ਨਹੀਂ ਲਿਖੀਆਂ ਜਾ ਰਹੀਆਂ। ਪੁਰਾਤਨ ਸਮੇਂ ਜਦੋਂ ਹਾਲੇ ਬਿਜਲੀ ਨਹੀਂ ਸੀ ਆਈ ਤਾਂ ਸੰਗਤ ਨੂੰ ਪੱਖਾ ਕਰਨ ਦੀ ਸੇਵਾ ਕੀਤੀ ਜਾਂਦੀ ਸੀ ਜੋ ਕਿ ਵੱਡੇ ਸਾਈਜ ਦੇ ਆਪ ਬਣਾਏ ਪੱਖੇ ਹੁੰਦੇ ਸਨ ਤੇ ਬਾਅਦ ਵਿਚ ਛੋਟੀਆਂ ਪੱਖੀਆਂ ਆਦਿ ਬਣੀਆਂ। ਹੁਣ ਤਾਂ ਬਿਜਲੀ ਦੇ ਪੱਖੇ ਤੇ ਹਰ ਤਰ੍ਹਾਂ ਦੇ ਕੂਲਰ ਤੇ ਏਅਰ ਕੰਡੀਸ਼ਨ ਸਿਸਟਮ ਵਰਤੋਂ ਵਿਚ ਆ ਗਏ ਹਨ। ਗੁਰੂ ਸਾਹਿਬ ਜੀ ਤੇ ਭਾਈ ਗੁਰਦਾਸ ਜੀ ਪੱਖਾ ਫੇਰਨ ਤੇ ਪਾਣੀ ਛਕਾਉਣ ਦੀ ਸੇਵਾ ਬਾਰੇ ਉਚਾਰਦੇ ਹਨ। ਫ਼ੁਰਮਾਨ ਹਨ :

ਪਾਣੀ ਪਖਾ ਕਰਉ ਤਜਿ ਅਭਿਮਾਨੁ॥ (ਅੰਗ ੩੯੧)

ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ॥ (ਅੰਗ ੭੪੯)

ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥ (ਅੰਗ ੭੫੭)

ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ॥ (ਅੰਗ ੮੧੧)

ਪਖੇ ਦੀ ਤਾਗੀਦ ਪਗ ਮਲਿ ਧੋਵਣਾ॥ (ਭਾ: ਗੁਰਦਾਸ ਜੀ, ਪਉੜੀ ੧੮, ਵਾਰ ੩)

ਮੈਂ ਛੋਟੇ ਹੁੰਦਿਆਂ ਆਪ ਦੇਖਿਆ ਹੈ ਕਿ ਸਕੂਲ ਵਿਚ ਸਿਰਫ ਹੈੱਡਮਾਸਟਰ ਦੇ ਕਮਰੇ ਵਿਚ ਪੱਖਾ ਕੀਤਾ ਜਾਂਦਾ ਸੀ। ਉਹ ਇਸ ਤਰ੍ਹਾਂ ਸੀ ਕਿ ਕਮਰੇ ਦੀ ਛੱਤ ਨਾਲ ਇਕ ਛੱਜ ਵਾਂਗੂੰ ਵੱਡਾ ਗੱਤਾ ਜਿਹਾ ਉੱਪਰ ਕੱਪੜਾ ਚੜ੍ਹਾ ਕੇ ਟੰਗ ਦਿੱਤਾ ਜਾਂਦਾ ਸੀ ਤੇ ਉਸ ਨੂੰ ਲੰਬੀ ਸਾਰੀ ਰੱਸੀ ਬੰਨ੍ਹ ਦਿੱਤੀ ਜਾਂਦੀ ਸੀ ਤੇ ਬਾਹਰ ਚਪੜਾਸੀ ਉਸ ਰੱਸੀ ਨੂੰ ਖਿੱਚਦਾ ਤੇ ਢਿੱਲੀ ਛੱਡਦਾ ਸੀ ਜਿਸ ਨਾਲ ਅੰਦਰ ਸੋਹਣੀ ਹਵਾ ਆਉਂਦੀ ਸੀ ਤੇ ਗਰਮੀ ਵਿਚ ਸ਼ਾਹਾਨਾ ਠਾਠ ਵਾਂਗੂੰ ਜਾਪਦਾ ਸੀ। ਬਾਦਸ਼ਾਹਾਂ ਤੇ ਗੁਰੂ ਸਾਹਿਬਾਨਾਂ ਨਜ਼ਦੀਕ ਵੀ ਪੱਖਾ ਤੇ ਚੌਰ ਦੀ ਸੇਵਾ ਕੀਤੀ ਜਾਂਦੀ ਹੈ। ਚੌਰ ਦੀ ਸੇਵਾ ਕਰਨੀ ਬਾਦਸ਼ਾਹੀ ਪਾਤਿਸ਼ਾਹੀ ਦਾ ਪ੍ਰਤੀਕ ਹੈ। ਇਸੇ ਤਰ੍ਹਾਂ ਹੀ ਸ੍ਰੀ ਦਰਬਾਰ ਸਾਹਿਬ ਵਿਖੇ ਸੰਗਤਾਂ ਤੇ ਸੇਵਾਦਾਰ ਫੁੱਲਾਂ ਦੀ ਵਰਖਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਕਰਦੇ ਹਨ ਤੇ ਪਾਲਕੀ ਨੂੰ ਖੱਬੇ ਮੋਢਿਆਂ ਉੱਪਰ ਉਠਾ ਕੇ ਲੈ ਜਾਇਆ ਜਾਂਦਾ ਹੈ ਤੇ ਸੇਵਾ ਕਰਨ ਵਾਲੇ ਆਪ ਨੂੰ ਵਡਭਾਗੇ ਸਮਝਦੇ ਹਨ। ਇੱਥੇ ਇਹ ਲਿਖਣਾ ਵੀ ਬਹੁਤ ਜ਼ਰੂਰੀ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਬਹੁਤ ਵਰ੍ਹੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਇਸ਼ਨਾਨ ਲਈ ਬਿਆਸ ਦਰਿਆ ਤੋਂ ਗਾਗਰ ਵਿਚ ਪਾਣੀ ਢੋਇਆ ਸੀ।

ਗਰਮੀ ਦੇ ਵਿਚ ਕੀ ਮਨੁੱਖ ਕੀ ਪਸ਼ੂ-ਪੰਛੀ, ਜੀਵ-ਜੰਤੂ ਸਭ ਛਾਂ ਵਾਲੇ ਦਰੱਖ਼ਤਾਂ ਨੂੰ ਭਾਲਦੇ ਹਨ ਤਾਂ ਕਿ ਤਪਦੇ ਹੋਏ ਸੂਰਜ ਦੀ ਧੁੱਪ ਤੋਂ ਕੁਝ ਰਾਹਤ ਮਿਲ ਸਕੇ। ਕਈ ਵਾਰੀ ਥੋੜ੍ਹੇ ਪਾਣੀ ਲਈ ਪਸ਼ੂ ਵੀ ਆਪਸ ਵਿਚ ਲੜਦੇ ਦੇਖੇ ਗਏ ਹਨ। ਇਕ ਸੰਤ ਆਪਣੇ ਕੋਲ ਹਮੇਸ਼ਾ ਰੰਬੀ ਰੱਖਦੇ ਸਨ ਤਾਂ ਜਿੱਥੇ ਸੰਭਵ ਹੋਵੇ, ਜੀਵ-ਜੰਤ ਪਸ਼ੂਆਂ ਲਈ ਰੰਬੀ ਨਾਲ ਖੋਦ ਕਰਕੇ ਕੁਝ ਪਾਣੀ ਪ੍ਰਾਪਤ ਹੋ ਸਕੇ। ਪੁਰਾਣੇ ਸਮੇਂ ਤੋਂ ਹੀ ਸੜਕਾਂ ਦੇ ਦੋਨਾਂ ਪਾਸਿਆਂ ਉੱਪਰ ਦਰੱਖ਼ਤ ਲਾਉਣ ਦਾ ਰੁਝਾਨ ਰਿਹਾ ਹੈ। ਦੁਪਹਿਰ ਵੇਲੇ ਕਈ ਮਨੁੱਖ ਤੇ ਬਹੁਤ ਸਾਰੇ ਪਸ਼ੂ-ਪੰਛੀ ਆਰਾਮ ਕਰਦੇ ਹਨ। ਅੰਬ ਦੇ ਦਰੱਖ਼ਤ ਦੀ ਠੰਢੀ ਸੁਹਾਵਣੀ ਛਾਂ ਬਾਰੇ ਗੁਰਬਾਣੀ ਵਿਚ ਫ਼ੁਰਮਾਨ ਹੈ :

ਜਿਨ੍ਹੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ॥ (ਅੰਗ ੭੬੨)

ਪਰ ਦਰੱਖ਼ਤ ਦੀ ਛਾਂ ਤਾਂ ਸਦਾ ਨਹੀਂ ਟਿਕੀ ਰਹਿੰਦੀ, ਇਸੇ ਤਰ੍ਹਾਂ ਹੇ ਪ੍ਰਾਣੀ ! ਤੇਰੀ ਦੇਹੀ ਵੀ ਇਸੇ ਤਰ੍ਹਾਂ ਹੀ ਹੈ ਇਕ ਛਿਨ ਵਿਚ ਖ਼ਤਮ ਹੋ ਜਾਵੇਗੀ। ਫ਼ੁਰਮਾਨ ਹੈ :

ਜੈਸੇ ਤਰਵਰ ਕੀ ਤੁਛ ਛਾਇਆ ਖਿਨ ਮਹਿ ਬਿਨਸਿ ਜਾਇ ਦੇਹ ਭੀਤਿ॥

(ਅੰਗ ੧੨੯੫)

ਕਦੀ ਕਦਾਈਂ ਪ੍ਰਭੂ ਜੀ ਆਪ ਹੀ ਆਪਣੀ ਮਾਇਆ ਨੂੰ ਫੇਰ ਲੈਂਦੇ ਹਨ ਤੇ ਕੁਦਰਤੀ ਤੌਰ 'ਤੇ ਸੁਭਾਵਿਕ ਤੇ ਨਿਯਮਿਤ ਤਰੀਕੇ ਤੋਂ ਉਲਟ ਹੋ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਬਚਪਨ ਦੇ ਕੌਤਕਾਂ ਵਿਚ ਬਾਬਾ ਜੀ ਦੇ ਲੇਟੇ ਹੋਣ ਤੇ ਧੁੱਪ ਚਿਹਰੇ ਉੱਪਰ ਆ ਜਾਣ ਵੇਲੇ ਫਨੀਅਰ ਸੱਪ ਆਪਣੇ ਫੰਨ ਨਾਲ ਚੇਹਰੇ 'ਤੇ ਛਾਂ ਕਰਦਾ ਹੈ ਜੋ ਰਾਇ ਬੁਲਾਰ ਜੀ ਦੇਖ ਲੈਂਦੇ ਹਨ। ਇਸ ਤਰ੍ਹਾਂ ਹੀ ਇਕ ਸਮੇਂ ਜਿਸ ਦਰੱਖ਼ਤ ਹੇਠਾਂ ਬਾਬਾ ਜੀ ਵਿਸ਼ਰਾਮ ਕਰ ਰਹੇ ਹੁੰਦੇ ਹਨ ਉਹ ਬਾਕੀ ਹੋਰ ਰੁੱਖਾਂ ਦੀ ਤਰ੍ਹਾਂ ਆਪਣੀ ਛਾਂ ਉਥੇ ਹੀ ਟਿਕਾਈ ਰੱਖਦਾ ਹੈ। ਇਸੇ ਤਰ੍ਹਾਂ ਹੀ ਭਗਤ ਪ੍ਰਹਿਲਾਦ ਜੀ ਲਈ ਮਾਇਆ ਉਲਟਾਣ ਦਾ ਫ਼ੁਰਮਾਨ ਹੈ :

ਦੁਸਟ ਸਭਾ ਮਿਲਿ ਮੰਤਰ ਉਪਾਇਆ ਕਰਸਹ ਅਉਧ ਘਨੇਰੀ ॥
ਗਿਰਿ ਤਰ ਜਲ ਜੁਆਲਾ ਭੈ ਰਾਖਿਓ ਰਾਜਾ ਰਾਮਿ ਮਾਇਆ ਫੇਰੀ ॥ ੩ ॥

(ਅੰਗ ੧੧੬੫)

ਹੇ ਪ੍ਰਭੂ ਜੀ ! ਜੇ ਕੋਈ ਆਪ ਜੀ ਦਾ ਪਿਆਰਾ ਮਿਲ ਜਾਵੇ ਤਾਂ ਮੈਂ ਆਪਣੇ ਕੇਸਾਂ ਦਾ ਪੱਖਾ ਬਣਾ ਕੇ ਉਸ ਨੂੰ ਝੱਲਾਂ ਤੇ ਚਰਨਾਂ ਦੀ ਧੂੜੀ ਮੱਥੇ 'ਤੇ ਲਾਵਾਂ। ਫ਼ੁਰਮਾਨ ਹੈ :

ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥
ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥ ੧ ॥ ਰਹਾਉ ॥

(ਅੰਗ ੭੪੮)

ਅਸਲੀ ਸ਼ਾਂਤ ਪ੍ਰਭੂ ਦੇ ਪਿਆਰਿਆਂ ਨੂੰ ਹੀ ਦੱਸਿਆ ਗਿਆ ਹੈ। ਫ਼ੁਰਮਾਨ ਹੈ :

ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ ॥
ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ ॥ (ਅੰਗ ੧੩੫੭)

ਇਸੇ ਤਰ੍ਹਾਂ ਹੀ ਪ੍ਰਭੂ ਜੀ ਦੇ ਨਾਮ ਨੂੰ ਸੀਤਲ ਆਖਿਆ ਗਿਆ ਹੈ ਜੋ ਕਿ ਮਨ ਦੀ ਤਪਸ਼ ਨੂੰ ਮਿਟਾਉਂਦਾ ਹੈ। ਫ਼ੁਰਮਾਨ ਹੈ :

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥ ੨ ॥ (ਅੰਗ ੭੦੯)

ਪਰ ਮਨੁੱਖ ਬਾਰ-ਬਾਰ ਪ੍ਰਭੂ ਜੀ ਬਖ਼ਸ਼ਿਸ਼ਾਂ ਨੂੰ ਭੁਲਾ ਦਿੰਦਾ ਹੈ ਮਾਇਆ ਦੇ ਪ੍ਰਭਾਵ ਹੇਠ। ਸਤਿਗੁਰੂ ਜੀ ਯਾਦ ਦਿਲਾਉਂਦੇ ਹਨ, ਫ਼ੁਰਮਾਨ ਹੈ :

ਖਾਕ ਨੂਰ ਕਰਦੰ ਆਲਮ ਦੁਨੀਆਇ ॥
ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ ॥ ੧ ॥ (ਅੰਗ ੭੨੩)

ਮਨੁੱਖ ਸੋਚਦਾ ਹੈ ਕਿ ਮੈਂ ਤਾਂ ਪਾਣੀ ਖ਼ਰੀਦ ਸਕਦਾਂ ਗਰਮੀ ਵਿਚ, ਪਰ ਪੰਛੀਆਂ ਕੋਲ ਤਾਂ ਪੈਸੇ ਨਹੀਂ ਹਨ, ਉਹ ਤਾਂ :

ਪਰੰਦਏ ਨ ਗਿਰਾਹ ਜਰ ॥ ਦਰਖਤ ਆਬ ਆਸ ਕਰ ॥
ਦਿਹੰਦ ਸੁਈ ॥ ਏਕ ਤੁਈ ਏਕ ਤੁਈ ॥ ੬ ॥ (ਅੰਗ ੧੪੪)

ਫ਼ੁਰਮਾਨ ਹੈ ਕਿ ਹੇ ਪ੍ਰਾਣੀ ! ਗੁਰੂ ਦਾਤਾਂ ਦੇਣ ਵਾਲਾ ਤਿੰਨਾਂ ਲੋਕਾਂ ਦਾ ਪ੍ਰਕਾਸ਼ ਰੂਪ ਹੈ ਤੇ ਉਸ ਦਾ ਘਰ ਬਰਫ ਵਾਂਗੂੰ ਠੰਢਾ ਹੈ। ਤਿੰਨ ਲੋਕ ਪਾਤਾਲ, ਧਰਤੀ ਤੇ ਆਕਾਸ਼ ਜਾਂ ਭੂਤਕਾਲ ਵਰਤਮਾਨ ਤੇ ਭਵਿੱਖ ਜਾਂ ਰਜੋ, ਤਮੋ, ਸਤੋ ਜਾਂ ਜਾਗਰਤ ਸੁਪਨ ਸਖੋਪਤ ਵੀ ਆਖੇ ਜਾ ਸਕਦੇ ਹਨ। ਫ਼ੁਰਮਾਨ ਹੈ :

ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ ॥
ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ ॥ ੧ ॥ (ਅੰਗ ੧੩੭)

ਪ੍ਰਭੂ ਜੀ ਦੇ ਦਰਸਾਏ ਮਾਰਗ 'ਤੇ ਚਲਣ ਨਾਲ ਮਨ ਸ਼ਾਂਤ ਤੇ ਠੰਢਾ ਰਹਿੰਦਾ ਹੈ। ਫ਼ੁਰਮਾਨ ਹੈ :

ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ ਨਾਮੁ ਜਪੰਦੜੀ ਲਾਲੀ ॥
ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ ਗੁਰ ਦਰਸਨੁ ਦੇਖਿ ਨਿਹਾਲੀ ॥ ੧ ॥

(ਅੰਗ ੯੬੪)

ਕੁਝ ਪੰਛੀ ਸੂਰਜ ਨੂੰ ਪਸੰਦ ਨਹੀਂ ਕਰਦੇ ਤੇ ਦਿਨ ਵੇਲੇ ਸੁੱਤੇ ਰਹਿੰਦੇ ਹਨ, ਜਿਵੇਂ ਕਿ ਉੱਲੂ ਤੇ ਚਾਮਚੜਿਕਾਂ ਆਦਿ ਸਿਰਫ਼ ਸੂਰਜ ਛੁਪਣ ਤੋਂ ਬਾਅਦ ਰਾਹ ਨੂੰ ਹਰਕਤ ਵਿਚ ਆਉਂਦੇ ਨੇ। ਇਸੇ ਤਰ੍ਹਾਂ ਹੀ ਕਈ ਚੋਰ ਤੇ ਡਾਕੂ ਵਗੈਰਾ ਵੀ ਰਾਤ ਦੇ ਹਨੇਰੇ ਵਿਚ

ਹੀ ਆਪਣੇ ਗਲਤ ਕਰਮ ਕਰਦੇ ਹਨ। ਪਰ ਇਸ ਤੋਂ ਉਲਟ ਪੰਛੀ ਚਕਵਾ ਚਕਵੀ ਜੋ ਹਨੇਰੇ ਵਿਚ ਵਿਛੜ ਜਾਂਦੇ ਹਨ ਪਰ ਸੁਬ੍ਹਾ ਹੋਣ ਤੇ ਮਿਲ ਪੈਂਦੇ ਹਨ। ਗੁਰਬਾਣੀ ਵਿਚ ਵੀ ਫ਼ੁਰਮਾਨ ਹੈ :

ਕਬੀਰ ਚਕਈ ਜਉ ਨਿਸਿ ਬੀਛੁਰੈ ਆਇ ਮਿਲੈ ਪਰਭਾਤਿ ॥
ਜੋ ਨਰ ਬਿਛੁਰੇ ਰਾਮ ਸਿਉ ਨਾ ਦਿਨ ਮਿਲੇ ਨ ਰਾਤਿ ॥ ੧੨੫ ॥

(ਅੰਗ ੧੩੭੧)

ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ॥ (ਭਾਈ ਗੁਰਦਾਸ ਜੀ)
ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨ ਸਰੋਵਰ ਹੰਸੁਲਾ॥ (ਅੰਗ ੬੯੩)

ਭਗਤ ਨਾਮਦੇਵ ਜੀ ਉਚਾਰਦੇ ਨੇ ਕਿ ਜਿਸ ਤਰ੍ਹਾਂ ਚਕਵੀ ਨੂੰ ਸੂਰਜ ਨਾਲ ਲਗਾਉ ਹੈ ਮੈਨੂੰ ਪ੍ਰਮਾਤਮਾ ਨਾਲ ਲਗਾਉ ਹੈ।

ਕਮਲ ਫੁੱਲ ਦੀ ਵੀ ਸੂਰਜ ਨਾਲ ਪ੍ਰੀਤ ਹੈ ਤੇ ਸੂਰਜ ਚੜ੍ਹਨ ਤੇ ਸੁਬ੍ਹਾ ਹੋਣ ਤੇ ਖਿੜਦਾ ਹੈ। ਬਸੰਤ ਤੇ ਗਰਮੀਆਂ ਵਿਚ ਵਧਦਾ ਫੁੱਲਦਾ ਹੈ ਤੇ ਸਰਦੀਆਂ ਵਿਚ ਨਹੀਂ ਖਿੜਦਾ ਤੇ ਇਸ ਦੀਆਂ ਜੜ੍ਹਾਂ ਪਾਣੀ ਥੱਲੇ ਸੌਂ ਜਾਂਦੀਆਂ ਹਨ। ਇਸ ਕਮਲ ਫੁੱਲ ਦੀ ਵੀ ਧਾਰਮਿਕ ਪ੍ਰਥਾ ਬਹੁਤ ਉੱਚੀ ਹੈ, ਕਿਉਂਕਿ ਇਹ ਚਿੱਕੜ ਵਿਚ ਪਾਣੀ ਵਿਚ ਰਹਿੰਦਾ ਵੀ ਗੰਦਗੀ ਤੋਂ ਨਿਰਲੇਪ ਰਹਿੰਦਾ ਹੈ। ਹਿੰਦੂ ਤੇ ਬੁੱਧ ਧਰਮ ਵੀ ਕਮਲ ਫੁੱਲ ਨੂੰ ਉੱਚਾ ਸੁੱਚਾ ਮੰਨ ਕੇ ਇਸ ਦੀ ਮਹਾਨਤਾ ਮੰਨਦੇ ਹਨ। ਲਕਸ਼ਮੀ ਦੇਵੀ ਦੇ ਵੀ ਕਮਲ ਫੁੱਲ ਦੇ ਉੱਪਰ ਚਿਤਰ ਮਿਲਦੇ ਹਨ। ਗੁਰਬਾਣੀ ਵਿਚ ਵੀ ਕਿਤੇ-ਕਿਤੇ ਗੁਰੂ ਚਰਨਾਂ ਨੂੰ ਤਸ਼ਬੀਹ ਦੇਣ ਲਈ ਕਮਲ ਫੁੱਲ ਦੀ ਉਦਾਹਰਣ ਦਿੱਤੀ ਗਈ ਹੈ। ਸੂਰਜਮੁੱਖੀ ਫੁੱਲ ਵੀ ਸੂਰਜ ਦੀ ਦਿਸ਼ਾ ਵਿਚ ਮੁੜਦਾ ਰਹਿੰਦਾ ਹੈ। ਬਿਹਾਗੜਾ ਰਾਗ ਵਿਚ ਫ਼ੁਰਮਾਨ ਹੈ ਜੋ ਕਮਲ ਫੁੱਲ ਦੀ ਜਲ ਤੋਂ ਬਿਨਾਂ ਉਦਾਸੀ ਤੇ ਕੁਮਲਾਉਣ ਦੀ ਗਵਾਹੀ ਭਰਦਾ ਹੈ। ਫ਼ੁਰਮਾਨ ਹੈ :

ਹਉ ਹਰਿ ਬਾਝੁ ਉਡੀਣੀਆ ਮੇਰੀ ਜਿੰਦੁੜੀਏ
ਜਿਉ ਜਲ ਬਿਨੁ ਕਮਲ ਉਦਾਸੇ ਰਾਮ ॥ (ਅੰਗ ੫੩੮)

ਸੂਰਜ ਦੀ ਰੋਸ਼ਨੀ ਨਾਲ ਜਿਵੇਂ ਖੇਤੀ ਤੇ ਫਲ ਪੱਕਦੇ ਹਨ, ਫੁੱਲ ਖਿੜਦੇ ਹਨ ਇਸੇ ਤਰ੍ਹਾਂ ਸੂਰਜ ਦੀ ਰੋਸ਼ਨੀ ਤੋਂ ਸਾਨੂੰ ਮਨੁੱਖਾਂ ਨੂੰ ਵਿਟਾਮੀਨ-ਡੀ ਮਿਲਦਾ ਹੈ, ਜੋ ਕਿ ਸਾਡੇ ਲਈ ਜ਼ਰੂਰੀ ਹੈ। ਕਈ ਬਹੁਤ ਠੰਢੇ ਦੇਸ਼ਾਂ ਵਾਲੇ ਗਰਮ ਦੇਸ਼ਾਂ ਵਿਚ ਸੈਰ-ਸਪਾਟਾ ਹੋਲੀ ਡੇ ਕਰਨ ਜਾਂਦੇ ਹਨ ਤੇ ਕਈ Sunbed ਸਨਬੈੱਡ ਵੀ ਵਰਤਦੇ ਹਨ।

ਸੂਰਜਮੁੱਖੀ ਫੁੱਲ ਵੀ ਸੂਰਜ ਨੂੰ ਬਹੁਤ ਪਿਆਰ ਕਰਦਾ ਹੈ, ਦੇਖ ਕੇ ਖਿੜਦਾ ਤੇ ਵਧਦਾ ਹੈ, ਪਰ ਗੁਰਬਾਣੀ ਵਿਚ ਕਮਲ ਦੇ ਫੁੱਲ ਦੀ ਸੂਰਜ ਨਾਲ ਪ੍ਰੀਤ ਦਰਸਾਈ ਗਈ ਹੈ। ਫ਼ੁਰਮਾਨ ਹੈ :

ਪ੍ਰੀਤਮ ਪ੍ਰੀਤਿ ਲਗੀ ਪ੍ਰਭ ਕੇਰੀ ਜਿਵ ਸੂਰਜੁ ਕਮਲੁ ਨਿਹਾਰੇ॥ (ਅੰਗ ੬੯੩)

ਗਰਮੀ ਬਾਰੇ ਕੁਝ ਅਗਨੀਆਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਰਨਣ ਹੈ, ਜਿਵੇਂ ਕਿ ਜਠਰ ਅਗਨੀ ਜੋ ਪੇਟ ਵਿਚ ਹੁੰਦੀ ਹੈ, ਦਾਵਾ ਅਗਨ ਜੰਗਲ ਦੇ ਵਿਚ ਬਾਂਸਾਂ ਦੇ ਟਕਰਾਉਣ ਨਾਲ ਜ਼ਿਆਦਾ ਤੌਰ 'ਤੇ ਲੱਗਦੀ ਹੈ ਜੰਗਲ ਦੀ ਅੱਗ। ਸੋਗ ਨੂੰ ਵੀ ਅਗਨੀ ਆਖਿਆ ਹੈ। ਸਤਿਗੁਰੂ ਜੀ ਦਾ ਵਿਸਮਾਦ ਦਾ ਬਚਨ ਉਚਾਰਦੇ ਹਨ ਕਿ ਕਰੋੜਾਂ ਤਰ੍ਹਾਂ ਦੀਆਂ ਹਵਾਵਾਂ, ਜਲ ਤੇ ਅਗਨੀਆਂ ਹਨ। ਆਪਣੀ ਬੁੱਧੀ ਨਾਲ ਸੋਚ ਕੇ ਨਮਸਕਾਰ ਕਰਨੀ ਹੀ ਬਣਦੀ ਹੈ। ਸਮਰੱਥ ਸਤਿਗੁਰੂ ਜੀ ਫ਼ੁਰਮਾਉਂਦੇ ਹਨ :

ਕਈ ਕੋਟਿ ਪਵਣ ਪਾਣੀ ਬੈਸੰਤਰ ॥ ਕੋਈ ਕੋਟਿ ਦੇਸ ਭੂ ਮੰਡਲ ॥

(ਅੰਗ ੨੭੫)

ਇਕ ਵਿਦਵਾਨ ਪੰਡਿਤ ਨੂੰ ਸਤਿਗੁਰੂ ਉਪਦੇਸ਼ ਦਿੰਦੇ ਫ਼ੁਰਮਾਉਂਦੇ ਹਨ ਕਿ ਸਭ ਪੌਦੇ ਜੋ ਖਿੜਦੇ ਹਨ, ਉਨ੍ਹਾਂ ਵਿਚ ਅਗਨੀ ਹੈ ਤੇ ਪ੍ਰਭੂ ਜੀ ਨੇ ਸਮੁੰਦਰ ਨੂੰ ਪੰਡ ਦੀ ਤਰ੍ਹਾਂ ਬੰਨ੍ਹਿਆ ਹੋਇਆ ਹੈ। ਸੂਰਜ ਤੇ ਚੰਦਰਮਾ ਇੱਕੋ ਘਰ ਆਕਾਸ਼ ਵਿਚ ਰਹਿੰਦੇ ਹਨ ਕੀ ਤੂੰ ਇਹ ਜਾਣਦਾ ਹੈਂ? ਫ਼ੁਰਮਾਨ ਹੈ :

ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ ॥
ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ ॥

(ਅੰਗ ੧੧੭੧)

ਹੁਣ ਦੁਨੀਆਂ ਵਿਚ ਗਰਮੀ ਦੀ ਰੁੱਤ ਨੂੰ ਮਨਾਏ ਜਾਂਦੇ ਮੇਲਿਆਂ ਤਿਉਹਾਰਾਂ ਦਾ ਵਿਚਾਰ ਕਰਦੇ ਹਾਂ :

"White Nights of Summer" st. Petersburg, Russia

ਗਰਮੀ ਦੀ ਰੁੱਤ ਵਿਚ ਮਈ ਤੋਂ ਜੁਲਾਈ ਮਹੀਨੇ ਤੱਕ ਰੂਸ ਦੇ ਸੇਂਟ ਪੀਟਰਜ਼ਬਰਗ ਦੀਆਂ ਗਲੀਆਂ ਵਿਚ ਰੋਮਾਂਟਿਕ ਕਲਪਨਾ-ਪ੍ਰਧਾਨ ਰੌਣਕਮਈ ਜਸ਼ਨ ਮਨਾਇਆ ਜਾਂਦਾ ਹੈ। ਸਥਾਨਿਕ ਵਿਅਕਤੀ ਤੇ ਸੈਲਾਨੀ 'ਚਿੱਟੀਆਂ ਰਾਤਾਂ' ਦਾ ਰੰਗੀਲਾ ਤਿਉਹਾਰ ਮਨਾਉਂਦੇ ਹਨ ਜਿਸ ਸਮੇਂ ਸੂਰਜ ਘੱਟ ਹੀ ਛਿਪਦਾ ਹੈ। ਖ਼ਾਸ ਸੰਗੀਤਕ ਸਮਾਗਮ ਨਿਰਤ-ਨਾਟ ਤੇ ਗੀਤ-ਨਾਟਕ ਆਯੋਜਿਤ ਕੀਤੇ ਜਾਂਦੇ ਹਨ। ਬਾਰ ਤੇ ਰੈਸਤੋਰਾਂ ਬਹੁਤ ਸਵੇਰ ਤੱਕ ਖੁੱਲ੍ਹੇ ਰਹਿੰਦੇ ਹਨ। ਖ਼ਾਸ ਤੌਰ 'ਤੇ ਨੇਵਾ ਦਰਿਆ ਉੱਪਰ ਖੁੱਲ੍ਹਦਾ ਪੁੱਲ, ਲਾਗੋਡਾ ਝੀਲ ਤੇ ਸਮਰ ਗਾਰਡਨ ਵਿਚ ਬਾਗਬਾਨੀ ਦੇ ਧਰਤ-ਦ੍ਰਿਸ਼ ਦੇਖਣ ਵਾਲੇ ਹੁੰਦੇ ਹਨ। 22 ਜੂਨ ਨੂੰ ਨੇਵਾ ਦਰਿਆ ਵਿਖੇ ਸਮੁੰਦਰੀ ਬੇੜਿਆਂ ਨਾਲ ਨਕਲੀ ਡਾਕਾ ਮਾਰਨ ਦਾ ਜੰਗ Mock Pirate Battle ਰਚਿਆ ਜਾਂਦਾ ਹੈ। ਸਕਾਰਲਟ ਸੇਲਜ਼ ਵਿਖੇ ਤਕਰੀਬਨ 10 ਲੱਖ ਲੋਕਾਂ ਦਾ ਇਕੱਠ ਹੋ ਜਾਂਦਾ ਹੈ ਜੋ ਕਿ ਰੂਸ ਵਿਚ ਸਾਲਾਨਾ ਤੌਰ 'ਤੇ ਮਨਾਇਆ ਜਾਂਦਾ ਹੈ।

Wianki Festival - Krakow Poland

ਵਿਆਨਕੀ ਗਰਮੀ ਦੀ ਰੁੱਤ ਦਾ ਹਰਮਨ ਪਿਆਰਾ ਤੇ ਜਗਭਾਉਂਦਾ ਮੇਲਾ ਹੈ ਜੋ ਕਿ ਸਾਰੇ ਹੀ ਪੋਲੈਂਡ ਵਿਖੇ ਮਨਾਇਆ ਜਾਂਦਾ ਹੈ। ਇਸ ਦਾ ਪਿਛੋਕੜ ਗੈਰ ਯਹੂਦੀ, ਦੈਵੀ ਸ਼ਕਤੀਆਂ ਦੀ ਪੂਜਾ ਹੈ ਜੋ ਕਿ ਜ਼ਰਖੇਜੀ ਤੇ ਉਪਜਾਇਕਤਾ ਨਾਲ ਸਬੰਧਤ ਹੈ। ਵਿਆਨਕੀ ਦਾ ਮਤਲਬ ਚੱਕਰ ਫੁੱਲ-ਮਾਲਾ ਹੈ ਜੋ ਕਿ ਭਵਿੱਖ ਵਿਚ ਅੱਛੀ ਕਿਸਮਤ-ਚੰਗੇ ਭਾਗ ਤੇ ਜ਼ਰਖੇਜੀ ਦਾ ਪ੍ਰਤੀਕ ਹੈ। ਰਵਾਇਤ ਅਨੁਸਾਰ ਨੌਜਵਾਨ ਲੜਕੀਆਂ ਚੱਕਰੀ ਫੁੱਲ ਮਾਲਾ ਬਣਾਉਂਦੀਆਂ, ਗੁੰਦਦੀਆਂ ਹਨ ਜਿਨ੍ਹਾਂ ਵਿਚ ਜੜ੍ਹੀ-ਬੂਟੀਆਂ ਵੀ ਲਾਈਆਂ ਲਗਾਈਆਂ ਜਾਂਦੀਆਂ ਹਨ। ਪਹਿਲਾਂ ਇਨ੍ਹਾਂ ਨੂੰ ਆਪ ਸਿਰ ਉੱਪਰ ਆਦਿ ਪਹਿਨਦੀਆਂ ਹਨ ਉਪ੍ਰੰਤ ਦਰਿਆ ਵਿਚ ਰੋੜ ਦਿੰਦੀਆਂ ਹਨ। ਨੌਜਵਾਨ ਲੜਕੇ ਕਿਸ਼ਤੀਆਂ ਵਿਚ ਓਹਲੇ ਲੁਕੇ ਹੋਏ ਹੁੰਦੇ ਹਨ ਜੋ ਕਿ ਆਪਣੀਆਂ ਪ੍ਰੇਮਣਾਂ ਦੀਆਂ ਇਹ ਚੱਕਰ ਫੁੱਲ-ਮਾਲਾ ਪਕੜਨ ਦੀ ਪੂਰੀ ਕੋਸ਼ਿਸ਼ ਕਰਦੇ ਹਨ, ਜਦੋਂ ਕਿ ਇਹ ਪਾਣੀ ਵਿਚ ਰੁੜੀਆਂ ਜਾਂਦੀਆਂ ਹਨ। ਭਾਵੇਂ ਇਹ ਸਾਰੇ ਪੋਲੈਂਡ ਵਿਚ ਮਨਾਇਆ ਜਾਣ ਵਾਲਾ ਤਿਉਹਾਰ ਹੈ ਪਰ ਇਸ ਦਾ ਆਰੰਭ ਕਰਾਕਾਉ Krakow ਤੋਂ ਮੰਨਿਆ ਜਾਂਦਾ ਹੈ। ਇਹ ਸਭ ਤੋਂ ਵੱਡਾ ਤੇ ਮਸ਼ਹੂਰ ਵਿਆਨਕੀ ਜ਼ਿਆਦਾਤਰ ਵਿਸਤੁਲਾ ਦਰਿਆ Vistula ਦੇ ਕਿਨਾਰੇ ਨਾਲ-ਨਾਲ ਮਨਾਇਆ ਜਾਂਦਾ ਹੈ। ਇਸ ਮੇਲੇ ਵਿਚ ਤਰਦੇ ਫੁੱਲ-ਮਾਲਾ ਚੱਕਰ, ਸੰਗੀਤ ਸਮਾਰੋਹ, ਉਤਸਵੀ ਧੂਣੀਆਂ, ਅਤਿਸ਼ਬਾਜ਼ੀ, ਰਵਾਇਤੀ ਖਾਣੇ ਤੇ ਵੋਦਕਾ ਪੀਣਾ ਮਸ਼ਹੂਰ ਹਨ।

"The Night of Fire"
Festival of Sant Joan-Barcelona-Spain

ਸਪੇਨ ਐਸਾ ਦੇਸ਼ ਹੈ ਜਿੱਥੇ ਕਿ ਜਸ਼ਨ ਮਨਾਉਣ ਲਈ ਕੋਈ ਚੰਗਾ ਬਹਾਨਾ ਲੱਭਿਆ, ਟੋਲਿਆ ਜਾਂਦਾ ਹੈ। ਐਸਾ ਹੀ ਸੰਤ ਜੋਨ ਜੋ ਗਰਮੀ ਦੀ ਰੁੱਤੇ ਸਭ ਤੋਂ ਵੱਡੇ ਦਿਨ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਸੂਰਜ ਸਭ ਤੋਂ ਉੱਚੇ ਮੁਕਾਮ 'ਤੇ ਪਹੁੰਚਦਾ ਹੈ ਤੇ ਇੱਥੇ ਇਸ ਨੂੰ ਉਪਜਾਇਕਤਾ, ਦੌਲਤ ਤੇ ਸ਼ਕਤੀ ਦੀ ਪ੍ਰਤਿਨਿਧਤਾ ਦਾ ਸੰਕੇਤਕ ਤੇ ਪ੍ਰਤੀਕ ਮੰਨਿਆ ਜਾਂਦਾ ਹੈ। ਸਾਰੇ ਸ਼ਹਿਰ ਵਿਚ ਧੂਣੀਆਂ ਲਾਈਆਂ ਜਾਂਦੀਆਂ ਤੇ ਆਤਿਸ਼ਬਾਜ਼ੀ ਕੀਤੀ ਜਾਂਦੀ ਹੈ।

ਸੰਤ ਜੋਨ ਦੇ ਤਿੰਨ ਪ੍ਰਤੀਕ ਮੰਨੇ ਜਾਂਦੇ ਹਨ :-

ਪਾਣੀ - ਇਸ ਨੂੰ ਇਲਾਜ ਕਰਨਾ, ਤੰਦਰੁਸਤੀ ਤੇ ਪਾਪਾਂ ਨੂੰ ਧੋਣ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਹਜ਼ਾਰਾਂ ਦੀ ਗਿਣਤੀ ਵਿਚ ਸਥਾਨਕ ਵਸਨੀਕ ਦੇਸ਼ ਸ਼ਾਮ ਨੂੰ ਭੂਮੱਧ ਸਾਗਰ ਵਿਚ ਚੁੱਭੀ ਲਗਾਉਂਦੇ ਹਨ।

ਜੜ੍ਹੀ ਬੂਟੀਆਂ - ਇਹ ਇਲਾਜ, ਦਵਾ ਦਾਰੂ ਤੇ ਅਰੋਗਤਾ ਦੀਆਂ ਪ੍ਰਤੀਨਿਧ

ਮੰਨੀਆਂ ਜਾਂਦੀਆਂ ਹਨ। Thyme ਅਜਵਾਇਣ, Rosemary ਇਕ ਕਿਸਮ ਦੀ ਸੁਗੰਧ ਵਾਲੀ ਬੂਟੀ ਤੇ Verbena ਇਕ ਪ੍ਰਕਾਰ ਦਾ ਫੁੱਲਦਾਰ ਪੌਦਾ, ਗੰਧਬੇਨ। ਇਹ ਤਿੰਨੇ ਹੀ ਰਵਾਇਤੀ ਤੌਰ 'ਤੇ ਸੰਤ ਜੋਨ ਦੀ ਰਾਤ ਨੂੰ ਖਾਧੀਆਂ ਜਾਂਦੀਆਂ ਹਨ। ਇਹ ਵਿਸ਼ਵਾਸ ਹੈ ਕਿ ਇਹ ਕਾਮ-ਉਤੇਜਕ (ਦਵਾਈ) ਵਿਸ਼ੇਸ਼ਤਾ, ਖ਼ਾਸ ਗੁਣ ਦੀ ਤਾਸੀਰ ਰੱਖਦੀਆਂ ਹਨ।

ਅਗਨੀ - ਅੱਗ ਨੂੰ ਪਵਿੱਤਰਤਾ ਤੇ ਜ਼ਰਖੇਜੀ ਉਪਜਾਇਕਤਾ ਭਰਪੂਰ ਪ੍ਰਤੀਕ ਮੰਨਦੇ ਹਨ। ਐਸਾ ਵੀ ਮੰਨਦੇ ਹਨ ਕਿ ਅੱਗ ਤੁਹਾਡੇ ਪਾਪ ਸਾੜ ਦੇਵੇਗੀ ਤੇ ਨਾਲ ਹੀ ਤੁਹਾਡੀ ਮਾੜੀ ਕਿਸਮਤ ਜਾਂ ਹਾਲਾਤ ਨੂੰ ਵੀ ਸਾਫ ਕਰ ਦੇਵੇਗੀ। ਇਸੇ ਕਰਕੇ ਬੋਨਫਾਇਰਜ਼ ਧੂਣੀਆਂ ਤੇ ਆਤਿਸ਼ਬਾਜ਼ੀ ਕਰਨ ਦੀ ਰੀਤ ਤੇ ਬਾਰਸਲੋਨਾ ਸ਼ਹਿਰ ਜਗਮਗਾ ਉਠਦਾ ਹੈ।

Aomori Nebuta Matsuri Festival, Japan

ਇਹ ਜਪਾਨ ਦਾ ਗਰਮੀ ਦੀ ਰੁੱਤ ਦਾ ਤਿਉਹਾਰ ਹੈ ਜੋ 2 ਤੋਂ 7 ਅਗਸਤ ਤੱਕ ਮਨਾਇਆ ਜਾਂਦਾ ਹੈ। ਇਸ ਦੀ ਸ਼ਾਨ ਲਿਸ਼ਕ ਤੇ ਰੌਸ਼ਨੀ ਦਾ ਪ੍ਰਗਟਾਵਾ ਸੰਗੀਤ ਸਹਿਤ ਦੇਖਣ ਲਈ ਤਕਰੀਬਨ 35 ਲੱਖ ਲੋਗ ਪਹੁੰਚਦੇ ਹਨ। ਰਵਾਇਤਾਂ ਅਨੁਸਾਰ Nebuta ਨੀਬੂਤਾ ਦਾ ਮਤਲਬ ਹੈ "ਨੀਂਦ ਵਿਚ ਊਂਘਦਾ ਹੋਇਆ"। ਪੁਰਾਤਨ ਸਮੇਂ ਤੋਂ ਆਮੋਰੀ ਹਲਕੇ ਦੇ ਲੋਕਾਂ ਨੇ ਬਹੁਤ ਗਰਮੀ ਨਾਲ ਛਾਈ ਹੋਈ ਸੁਸਤੀ ਨੂੰ ਦੂਰ ਕਰਨ ਲਈ ਇਸ ਮੇਲੇ ਦਾ ਆਰੰਭ ਕੀਤਾ ਸੀ। ਮੇਲੇ ਦੇ ਲਈ ਬਹੁਤ ਮਿਹਨਤ ਨਾਲ ਸਫਰੀ (ਚਲਦਾ ਫਿਰਦਾ, ਠਿੱਲਣਯੋਗ) ਅਤਿ ਸਜਾਵਟੀ ਰੰਗ ਮੰਚ ਤਿਆਰ ਕੀਤੇ ਜਾਂਦੇ ਹਨ ਜੋ ਲੱਕੜ ਤੇ ਕਾਗਜ਼ ਦੇ ਹੁੰਦੇ ਹਨ। ਇਹ ਅੰਦਰਲੇ ਪਾਸਿਉਂ ਬਹੁਤ ਠਾਠ-ਬਾਠ ਨਾਲ ਪ੍ਰਕਾਸ਼ਮਾਨ ਕਰਕੇ ਦਿਲ-ਖਿੱਚਵੇਂ ਤਰੀਕੇ ਨਾਲ ਰੁਸ਼ਨਾਏ ਜਾਂਦੇ ਹਨ ਤੇ ਸ਼ਹਿਰ ਦੇ ਵਿਚ ਜਲੂਸ ਦੀ ਸ਼ਕਲ ਵਿਚ ਪ੍ਰਦਰਸ਼ਨ ਕੀਤੇ ਜਾਂਦੇ ਹਨ ਤੇ ਨਾਲ ਹੀ ਜੋਟੀਦਾਰ, ਸਾਥੀ ਢੋਲ, ਬੰਸਰੀ ਤੇ ਹੱਥਾਂ ਨਾਲ ਛੈਣੇਂ, ਕੈਂਸੀਆਂ ਵਜਾਉਂਦੇ ਹਨ। ਇਹ ਮੇਲਾ ਮੁਫਤ ਹੁੰਦਾ ਹੈ ਪਰ ਜੇ ਦੇਖਣ ਵਾਲਿਆਂ ਨੇ ਨਾਚ ਵਗੈਰਾ ਵਿਚ ਸ਼ਾਮਲ ਹੋਣਾ ਹੋਵੇ ਤਾਂ ਰੀਤੀ ਅਨੁਸਾਰ ਪੁਸ਼ਾਕ, ਪਹਿਰਾਵਾ ਪਹਿਨਣਾ ਪੈਂਦਾ ਹੈ। ਜਪਾਨ ਦੇ ਸਭਿਆਚਾਰ ਮੇਲੇ ਵਿਚ ਸ਼ਾਮਲ ਹੋ ਕੇ ਲੀਨ ਹੋਣ ਦਾ ਇਕ ਵਧੀਆ ਮੌਕਾ ਹੁੰਦਾ ਹੈ।

ਭਾਰਤ ਵਿਚ ਗ੍ਰੀਖਮ ਰੁੱਤ (ਗਰਮੀ) ਦੇ ਸਮਾਗਮ, ਮੇਲੇ ਤੇ ਜੋੜ ਮੇਲੇ -

ਛੋਟਾ ਘਲੂੱਘਾਰਾ ਕਾਹਨੂੰਵਾਲ, ਸਾਕਾ ਨੀਲਾ ਤਾਰਾ, ਬਰਸੀ ਮਹਾਰਾਜਾ ਰਣਜੀਤ ਸਿੰਘ ਤੇ ਗਰਮੀ ਦੀ ਰੁੱਤੇ ਹੀ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਸ਼ੁਰੂ ਹੁੰਦੀ ਹੈ। ਸਾਜਨਾ ਦਿਵਸ ਸ੍ਰੀ ਅਕਾਲ ਤਖਤ, ਮੀਰੀ ਪੀਰੀ ਦਿਵਸ, ਵਿਆਹ ਪੁਰਬ ਸ੍ਰੀ ਗੁਰੂ ਅਰਜਨ ਦੇਵ ਜੀ ਮੌ ਸਾਹਿਬ ਤੇ ਨਾਲ ਹੀ ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰ. ਬੰਦਾ

ਸਿੰਘ ਬਹਾਦਰ ਜੀ ਦੀ ਸ਼ਹੀਦੀ ਵੀ ਇਸੇ ਰੁੱਤੇ ਹੋਈ ਸੀ।

ਪੰਜਾਬ ਵਿਖੇ ਛੋਟੇ-ਛੋਟੇ ਬਹੁਤ ਸਾਰੇ ਮੇਲੇ ਮਨਾਏ ਜਾਂਦੇ ਹਨ ਜੋ ਇੱਥੇ ਦਰਜ਼ ਨਹੀਂ ਕੀਤੇ ਜਾ ਰਹੇ। ਭਦਰ ਕਾਲੀ ਦਾ ਮੇਲਾ, ਤਾਮਿਲਨਾਡੂ ਵਿਖੇ ਊਟੀ ਫੁੱਲਾਂ ਦਾ ਮੇਲਾ ਤੇ ਯਰਕੋਡ ਮੇਲਾ, ਹਿਮਾਚਲ ਪ੍ਰਦੇਸ਼ ਸ਼ਿਮਲੇ ਵਿਖੇ ਫੁੱਲਾਂ ਦਾ ਮੇਲਾ 2-7 ਜੂਨ ਨੂੰ ਮਨਾਇਆ ਜਾਂਦਾ ਹੈ। ਸਿੱਕਮ ਵਿਖੇ ਗਰਮੀ ਦਾ ਮੇਲਾ ਜੂਨ ਵਿਚ ਹੁੰਦਾ ਹੈ ਤੇ ਲੱਦਾਖ ਵਿਖੇ ਹੈਮੀਸ ਮੇਲਾ ਜੂਨ ਵਿਚ ਖ਼ਾਸ ਹਨ।

★

ਬਰਸ ਰੁੱਤ (ਵਰਖਾ)

ਮਹੀਨੇ - ਸਾਵਣ-ਭਾਦੋਂ

ਸਲੋਕ ॥

ਸਰਧਾ ਲਾਗੀ ਸੰਗਿ ਪ੍ਰੀਤਮੈ ਇਕੁ ਤਿਲੁ ਰਹਣੁ ਨ ਜਾਇ॥ ਮਨ ਤਨ ਅੰਤਰਿ ਰਵਿ ਰਹੇ ਨਾਨਕ ਸਹਜਿ ਸੁਭਾਇ ॥ ੧ ॥ ਕਰੁ ਗਹਿ ਲੀਨੀ ਸਾਜਨਹਿ ਜਨਮ ਜਨਮ ਕੇ ਮੀਤ ॥ ਚਰਨਹ ਦਾਸੀ ਕਰਿ ਲਈ ਨਾਨਕ ਪ੍ਰਭ ਹਿਤ ਚੀਤ ॥ ੨ ॥ ਛੰਤੁ ॥ ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ ॥ ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ ॥ ਪ੍ਰਭੁ ਪੂਰਿ ਰਹਿਆ ਸਰਬ ਠਾਈ ਹਰਿ ਨਾਮ ਨਵ ਨਿਧਿ ਗ੍ਰਿਹ ਭਰੇ ॥ ਸਿਮਰਿ ਸੁਆਮੀ ਅੰਤਰਜਾਮੀ ਕੁਲ ਸਮੂਹਾ ਸਭਿ ਤਰੇ ॥ ਪ੍ਰਿਅ ਰੰਗਿ ਜਾਗੇ ਨਹ ਛਿਦ੍ਰ ਲਾਗੇ ਕ੍ਰਿਪਾਲੁ ਸਦ ਬਖਸਿੰਦੁ ਜੀਉ ॥ ਬਿਨਵੰਤਿ ਨਾਨਕ ਹਰਿ ਕੰਤੁ ਪਾਇਆ ਸਦਾ ਮਨਿ ਭਾਵੰਦੁ ਜੀਉ ॥ ੪ ॥ (ਅੰਗ ੯੨੮)

ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਜਦੋਂ ਪ੍ਰੀਤਮ ਨਾਲ ਆਸਥਾ, ਸਨੇਹ ਤੇ ਵਿਸ਼ਵਾਸ ਬਣ ਆਉਂਦਾ ਹੈ ਤਾਂ ਉਸ ਤੋਂ ਬਿਨਾਂ ਇਕ ਤਿਲ ਜਿੰਨਾ ਸਮਾਂ ਵੀ ਰਹਿਣਾ ਔਖਾ ਹੋ ਜਾਂਦਾ ਹੈ। ਉਹ ਪਿਆਰਾ ਮਨ ਤੇ ਸਰੀਰ ਵਿਖੇ ਸੁਖਾਲੇ ਹੀ ਰਚਿਆ ਰਹਿੰਦਾ ਹੈ ਪਰ ਪ੍ਰਭੂ ਨਾਲ ਪਿਆਰ ਕਿਵੇਂ ਬਣੇ, ਭਾਈ ਗੁਰਦਾਸ ਜੀ ਬਿਆਨਦੇ ਹਨ :

ਗੋਬਿੰਦ ਭਾਉ ਭਗਤਿ ਦਾ ਭੁਖਾ॥ (ਪਉੜੀ ੭ਵੀਂ)

ਜਦੋਂ ਪ੍ਰਭੂ ਨਾਲ ਪ੍ਰੀਤ ਬਣ ਆਵੇ ਤਾਂ ਜਾਚਿਕ ਆਖਦਾ ਤੇ ਮਹਿਸੂਸ ਕਰਦਾ ਹੈ ਕਿ:

ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ॥ (ਅੰਗ ੨੧)
ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ॥ (ਅੰਗ ੩੫)
ਇਕੁ ਤਿਲੁ ਪਿਆਰਾ ਵਿਸਰੈ ਦੁਖੁ ਲਾਗੈ ਸੁਖੁ ਜਾਇ॥ (ਅੰਗ ੫੯)
ਇਕੁ ਤਿਲੁ ਪ੍ਰਭੂ ਨ ਵੀਸਰੈ ਜਿਨਿ ਸਭੁ ਕਿਛੁ ਦੀਨਾ ਰਾਮ॥ (ਅੰਗ ੮੪੮)

ਪਿਛਲੇ ਜਨਮਾਂ ਦੇ ਚਲੇ ਆ ਰਹੇ ਪਿਆਰ ਤੇ ਸਾਂਝ ਕਰਕੇ ਪ੍ਰੀਤਮ ਪ੍ਰਭੂ ਨੇ ਹੱਥ

ਪਕੜ ਕੇ ਜੀਵ ਇਸਤਰੀ ਨੂੰ ਆਪਣਾ ਹਾਰਦਿਕ ਪਿਆਰ ਦੇ ਕੇ ਆਪਣੇ ਚਰਨਾਂ ਦੀ ਗੋਲੀ ਬਣਾ ਲਿਆ। ਸਾਸ ਸਾਸ ਜਪਦਿਆਂ ਜੀਵ-ਆਤਮਾ ਦੀ ਸੇਵਾ ਨੂੰ ਫਲ ਲੱਗਾ, ਬਹੁਤ ਸਾਰੇ ਸ਼ਬਦਾਂ ਵਿਚ ਪਿਛਲੇ ਜਨਮਾਂ ਦੇ ਪ੍ਰੇਮ ਦੀ ਗੱਲ ਕੀਤੀ ਗਈ ਹੈ :

ਉਰਿ ਲਾਗਹੁ ਸੁਆਮੀ ਪ੍ਰਭ ਮੇਰੇ ਪੂਰਬ ਪ੍ਰੀਤਿ ਗੋਬਿੰਦ ਬੀਚਾਰਹੁ ॥

(ਅੰਗ ੮੦੯)

ਪੂਰਬ ਜਨਮ ਹਮ ਤੁਮ੍ਹਰੇ ਸੇਵਕ ਅਬ ਤਉ ਮਿਟਿਆ ਨ ਜਾਈ ॥

(ਅੰਗ ੯੬੯)

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥ (ਅੰਗ ੬੯੪)

ਹੁਣ ਛੰਤ ਵਿਚ ਸਤਿਗੁਰ ਜੀ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ ਕਿ ਵਰਖਾ ਰੁੱਤ ਦੇ ਸਾਵਣ ਤੇ ਭਾਦੋਂ ਦੇ ਮਹੀਨੇ ਬਹੁਤ ਸੁਖਦਾਈ ਹੁੰਦੇ ਹਨ ਤੇ ਮੌਜਾਂ ਬਣੀਆਂ ਰਹਿੰਦੀਆਂ ਹਨ। ਨੀਵੇਂ ਬੱਦਲ ਝੁਕ-ਝੁਕ ਕੇ ਵਰ੍ਹਦੇ ਹਨ ਤੇ ਸਭ ਥਾਵਾਂ ਸੁਗੰਧੀ ਭਰੇ ਜਲ ਨਾਲ ਭਰਪੂਰ ਹੋ ਜਾਂਦੀਆਂ ਹਨ। ਪ੍ਰਭੂ ਸਭ ਥਾਂਵਾਂ 'ਤੇ ਪਰੀਪੂਰਨ ਹੈ ਤੇ ਜੀਵ-ਇਸਤਰੀ ਦਾ ਘਰ ਭਾਵ ਅੰਤਸ਼ਕਰਨ ਨਾਮ ਦੇ ਅਧੀਨ ਨੌਂ ਨਿੱਧੀਆਂ ਨਾਲ ਭਰ ਗਿਆ ਹੈ। ਨਾਮ ਸਿਮਰਨ ਦੀ ਬਰਕਤ ਨਾਲ ਸਭ ਦਿਲਾਂ ਦੀ ਜਾਨਣ ਵਾਲਾ ਪ੍ਰਭੂ ਸਾਰੀਆਂ ਕੁਲਾਂ ਨੂੰ ਵੀ ਬਖ਼ਸ਼ ਕੇ ਮੁਕਤ ਕਰ ਦਿੰਦਾ ਹੈ। ਜਿਹੜੇ ਜਗਿਆਸੂ ਪ੍ਰੀਤਮ ਦੇ ਪਿਆਰ ਵਿਚ ਜਾਗ ਜਾਂਦੇ ਹਨ ਤੇ ਮਾਇਆ ਦੇ ਹੱਲਿਆਂ ਤੋਂ ਸੁਚੇਤ ਹੋ ਜਾਂਦੇ ਹਨ। ਉਨ੍ਹਾਂ ਨੂੰ ਕੋਈ ਦੋਸ਼ ਤੇ ਦਾਗ ਨਹੀਂ ਲੱਗਦਾ, ਕਿਉਂਕਿ ਉਹ ਕ੍ਰਿਪਾਲੂ ਪ੍ਰਭੂ ਜੀ ਵੱਲੋਂ ਬਖ਼ਸ਼ੇ ਜਾਂਦੇ ਹਨ। ਹਮੇਸ਼ਾ ਹੀ ਮਨ ਨੂੰ ਭਾਉਣ ਵਾਲਾ ਪ੍ਰਭੂ ਮਿਲ ਜਾਂਦਾ ਹੈ, ਪ੍ਰਾਪਤ ਹੋ ਜਾਂਦਾ ਹੈ। ਤੁਖਾਰੀ ਰਾਗ ਤੇ ਮਾਝ ਰਾਗ ਦੇ ਬਾਰਹ ਮਾਹਾ ਦੇ ਸਾਵਣ ਤੇ ਭਾਦੋਂ ਮਹੀਨੇ ਦੇ ਉਪਦੇਸ਼ ਵਰਖਾ ਰੁੱਤ ਦੇ ਉਪਦੇਸ਼ ਨਾਲ ਮੇਲ ਖਾਂਦੇ ਹਨ। ਜਿਵੇਂ : **ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ ॥** ਮਹੀਨਿਆਂ ਵਿਚ ਉਪਦੇਸ਼ ਹਨ :

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰ ॥ (ਅੰਗ ੧੩੪)
ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥ (ਅੰਗ ੧੧੦੮)
ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ ॥
ਨਾਨਕ ਸੁਖਿ ਸਵਨੁ ਸੋਹਾਗਣੀ ਜਿਨ੍ ਸਹ ਨਾਲਿ ਪਿਆਰੁ ॥ ੨ ॥

(ਅੰਗ ੧੨੮੦)

ਸਾਵਣਿ ਸਰਸੀ ਕਾਮਣੀ ਗੁਰ ਸਬਦੀ ਵੀਚਾਰਿ ॥
ਨਾਨਕ ਸਦਾ ਸੁਹਾਗਣੀ ਗੁਰ ਕੈ ਹੇਤਿ ਅਪਾਰਿ ॥ ੧ ॥ (ਅੰਗ ੧੨੮੫)

ਪਰ ਇਹ ਵਰਖਾ ਉਸ ਦੇ ਹੁਕਮ ਵਿਚ ਹੀ ਵਰ੍ਹਦੀ ਹੈ ਕਿਉਂਕਿ ਫ਼ੁਰਮਾਨ ਹੈ ਕਿ

ਇਨ੍ਹਾਂ ਬੱਦਲਾਂ ਦੇ ਆਪਣੇ ਵਸ ਕੁਝ ਨਹੀਂ ਹੈ, ਸਗੋਂ ਉਸ ਮਾਲਕ ਦਾ ਹੁਕਮ ਹੁੰਦਾ ਹੈ ਤਾਂ:

ਬਰਸੁ ਸਰਸੁ ਆਗਿਆ ॥ ਹੋਹਿ ਆਨੰਦ ਸਗਲ ਭਾਗ ॥ (ਅੰਗ ੧੨੭੨)
ਕਿਆ ਉਠਿ ਉਠਿ ਦੇਖਹੁ ਬਪੁੜੇਂ ਇਸੁ ਮੇਘੈ ਹਥਿ ਕਿਛੁ ਨਾਹਿ ॥
ਜਿਨਿ ਏਹੁ ਮੇਘੁ ਪਠਾਇਆ ਤਿਸੁ ਰਾਖਹੁ ਮਨ ਮਾਂਹਿ ॥ (ਅੰਗ ੧੨੮੦)

ਸਰਬ ਲੋਹ ਗ੍ਰੰਥ ਵਿਚ ਅੰਕਿਤ ਹੈ ਕਿ ਧਰਤੀ ਪ੍ਰਭੂ ਜੀ ਦੇ ਡਰ ਵਿਚ ਹੀ ਅੰਨ ਪੈਦਾ ਕਰਦੀ ਹੈ ਤੇ ਪ੍ਰਭੂ ਜੀ ਦੇ ਡਰ ਵਿਚ ਹੀ ਬੱਦਲ ਮੀਂਹ ਵਰਸਾਉਂਦੇ ਹਨ। ਫ਼ੁਰਮਾਨ ਹੈ :

ਭੈ-ਕਰਿ ਧਰਨੀ ਅੰਨ ਉਪਾਵਤਿ ॥ ਭੈ-ਕਰਿ ਮਘਵਾ ਮੀਂਹ ਬਰਸਾਵਤ ॥
ਭੈ-ਕਰਿ ਗਗਨ ਥੰਭ ਰਹਾਵਤਿ ॥ ਭੈ-ਕਰਿ ਮੇਰ ਬਸੁਧਾ ਠਹਿਰਾਵਤਿ ॥

ਗੁਰਬਾਣੀ ਵਿਖੇ ਸਾਵਣ ਬਾਰੇ ਬਹੁਤ ਸਾਰੇ ਫ਼ੁਰਮਾਨ ਹਨ ਸਾਰਿਆਂ ਨੂੰ ਵਿਚਾਰਨਾ ਕਠਿਨ ਹੈ। ਕੁਝ ਕੁ ਦਾ ਵਿਚਾਰ ਕੀਤਾ ਜਾਵੇਗਾ, ਸਰਲ ਹੀ ਹਨ। ਛੰਤ ਦੇ ਭਾਵ ਨੂੰ ਪ੍ਰਗਟ ਕਰਨੇ ਵਾਲੇ ਕੁਝ ਕੁ ਫ਼ੁਰਮਾਨ ਹਨ :

ਸਾਵਣਿ ਵਰਸੁ ਅੰਮ੍ਰਿਤਿ ਜਗੁ ਛਾਇਆ ਜੀਉ ॥
ਮਨੁ ਮੋਰੁ ਕੁਹੁਕਿਅੜਾ ਸਬਦੁ ਮੁਖਿ ਪਾਇਆ ॥
ਹਰਿ ਅੰਮ੍ਰਿਤੁ ਵੁਠੜਾ ਮਿਲਿਆ ਹਰਿ ਰਾਇਆ ਜੀਉ ॥ (ਅੰਗ ੧੭੩)
ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥ (ਅੰਗ ੧੮੨)
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥
ਸਾਬਤੁ ਵਸਤੁ ਓਹੁ ਅਪਨੀ ਲਹੈ ॥ ੧ ॥ (ਅੰਗ ੧੮੨)
ਇਕਿ ਸਚੁ ਵਣੰਜਹਿ ਗੁਰ ਸਬਦਿ ਪਿਆਰੇ ॥
ਆਪਿ ਤਰਹਿ ਸਗਲੇ ਕੁਲ ਤਾਰੇ ॥
ਆਏ ਸੇ ਪਰਵਾਣੁ ਹੋਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥ (ਅੰਗ ੧੧੭)
ਆਪਿ ਤਰੈ ਸਗਲੇ ਕੁਲ ਤਾਰੈ ਹਰਿ ਨਾਮੁ ਮੰਨਿ ਵਸਾਵਣਿਆ ॥

(ਅੰਗ ੧੨੮)

ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਜਦੋਂ ਬਹੁਤ ਗਰਮੀ ਤੋਂ ਉਪ੍ਰੰਤ ਮੀਂਹ ਪੈਂਦਾ ਹੈ ਤਾਂ ਸਾਰੇ ਮਹਿਸੂਸ ਕਰਦੇ ਹਨ ਕਿ ਠੰਡ, ਸੀਤਲਤਾ ਵਰਤ ਗਈ ਹੈ। ਇਸ ਸਮੇਂ ਗੁਰਮੁਖ, ਸੰਗਤਾਂ ਕੀ ਕਰਦੇ ਹਨ। ਫ਼ੁਰਮਾਨ ਹੈ :

ਹੁਕਮੀ ਵਰਸਣ ਲਾਗੇ ਮੇਹਾ ॥ ਸਾਜਨ ਸੰਤ ਮਿਲਿ ਨਾਮੁ ਜਪੇਹਾ ॥

ਸੀਤਲ ਸਾਂਤਿ ਸਹਜ ਸੁਖੁ ਪਾਇਆ ਠਾਢਿ ਪਾਈ ਪ੍ਰਭਿ ਆਪੇ ਜੀਉ ॥ ੧ ॥

(ਅੰਗ ੧੦੪)

ਮੀਂਹ ਪੈਣ ਨਾਲ ਹੀ ਕਸ਼ਟ, ਦੁੱਖ ਦੂਰ ਹੋ ਜਾਂਦੇ ਹਨ ਤੇ ਜੀਵ-ਜੰਤ ਸਭ ਸੁਖ ਮਹਿਸੂਸ ਕਰਦੇ ਹਨ। ਫ਼ੁਰਮਾਨ ਹੈ :

ਮੀਹੁ ਪਇਆ ਪਰਮੇਸਰਿ ਪਾਇਆ ॥
ਜੀਅ ਜੰਤ ਸਭਿ ਸੁਖੀ ਵਸਾਇਆ ॥
ਗਇਆ ਕਲੇਸੁ ਭਇਆ ਸੁਖੁ ਸਾਚਾ
ਹਰਿ ਹਰਿ ਨਾਮੁ ਸਮਾਲੀ ਜੀਉ ॥ ੧ ॥ (ਅੰਗ ੧੦੫)

ਬਹੁਤੀ ਵਾਰ ਮੀਂਹ ਪੈਣ ਤੋਂ ਪਹਿਲਾਂ ਜਾਂ ਦੌਰਾਨ ਬੱਦਲ ਗਰਜਦੇ ਹਨ ਤੇ ਗੁਰਬਾਣੀ ਵਿਚ ਫ਼ੁਰਮਾਨ ਹੈ ਕਿ ਪ੍ਰਭੂ ਜੀ ਤੁਸੀਂ ਹੀ ਬੱਦਲਾਂ ਵਿਚ ਸਾਕਾਰ ਰੂਪ ਹੋ ਕੇ ਗਰਜ ਰਹੇ ਹੋ। ਫ਼ੁਰਮਾਨ ਹੈ :

ਘਨ ਗਰਜਤ ਗੋਬਿੰਦ ਰੂਪ ॥ ਗੁਨ ਗਾਵਤ ਸੁਖ ਚੈਨ ॥ (ਅੰਗ ੧੨੭੨)

ਤੇ ਪ੍ਰਭੂ ਦੇ ਗੁਣ ਗਾਉਣ ਨਾਲ ਅਨੰਦ, ਸੁਖ ਤੇ ਸਹਿਜ ਪ੍ਰਾਪਤ ਹੁੰਦਾ ਹੈ। ਉਠਦੇ ਬੱਦਲਾਂ ਨੂੰ ਦੇਖ ਕੇ ਮੋਰ ਤੇ ਪਪੀਹੇ ਬਹੁਤ ਖ਼ੁਸ਼ ਹੁੰਦੇ ਹਨ। ਗੁਰਬਾਣੀ ਵਿਖੇ ਬਾਬੀਹੇ ਨੂੰ ਵਿਲਕਦਿਆਂ ਹੋਇਆਂ ਦਰਸਾਇਆ ਗਿਆ ਹੈ ਜਿਵੇਂ ਕਿ ਕੋਈ ਮਰ ਰਿਹਾ ਹੋਵੇ ਤੇ ਬੇਨਤੀ ਕਰੇ। ਫ਼ੁਰਮਾਨ ਹੈ :

ਬਾਬੀਹਾ ਬੇਨਤੀ ਕਰੇ ਕਰਿ ਕਿਰਪਾ ਦੇਹੁ ਜੀਅ ਦਾਨ ॥
ਜਲ ਬਿਨੁ ਪਿਆਸ ਨ ਊਤਰੈ ਛੁਟਕਿ ਜਾਂਹਿ ਮੇਰੇ ਪ੍ਰਾਨ ॥ (ਅੰਗ ੧੨੮੪)

ਪਰ ਸਭ ਕੰਮਾਂ ਦੀ ਪੂਰਤੀ ਤੇ ਕਾਮਯਾਬੀ ਲਈ ਖ਼ਾਸ ਰੁੱਤ ਹੁੰਦੀ ਹੈ ਜਿਵੇਂ ਸਤਿਗੁਰੂ ਜੀ ਬਾਬੀਹੇ ਦੇ ਪ੍ਰਥਾਇ ਬਾਣੀ ਉਚਾਰ ਕੇ ਸਾਨੂੰ ਸੋਝੀ ਬਖ਼ਸ਼ ਰਹੇ ਹਨ। ਫ਼ੁਰਮਾਨ ਹੈ :

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥
ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥ (ਅੰਗ ੧੨੮੫)

ਬਾਬੀਹਾ ਸਵਾਂਤੀ ਬੂੰਦ ਲਈ ਤਰਸਦਾ ਹੈ ਜੋ ਕਿ ਖ਼ਾਸ ਨਛੱਤਰ ਸਮੇਂ ਵਰਸਦੀ ਹੈ, ਇਵੇਂ ਸੁਨਣ ਵਿਚ ਆਇਆ ਹੈ ਕਿ ਬਾਬੀਹੇ (ਪਪੀਹੇ) ਦੇ ਗਲੇ ਵਿਚ ਸੁਰਾਖ ਹੁੰਦਾ ਹੈ ਤੇ ਪਾਣੀ ਬਾਹਰ ਵਗ ਜਾਂਦਾ ਹੈ ਤੇ ਪਿਆਸ ਨਹੀਂ ਬੁਝਦੀ ਤੇ ਸਵਾਂਤੀ ਬੂੰਦ ਨਾਲ ਤ੍ਰਿਪਤ ਹੋ ਜਾਂਦਾ ਹੈ ਤੇ ਫਿਰ ਬਹੁਤ ਸਮਾਂ ਨਹੀਂ ਬੋਲਦਾ। ਗੁਰਬਾਣੀ ਵਿਚ ਵੀ ਐਸੇ ਕਈ ਫ਼ੁਰਮਾਨ ਹਨ, ਜਿਨ੍ਹਾਂ ਵਿਚ ਜੀਵ ਨੂੰ ਬਾਬੀਹੇ ਵਾਂਗੂੰ ਬਿਲਲਾਉਂਦਾ ਦਰਸਾਇਆ ਗਿਆ ਹੈ। ਮੋਰ ਜਿੱਥੇ ਉੱਚੀ ਉੱਚੀ ਕੈਔ ਕੈਔ ਕਰਕੇ ਬੋਲਦੇ ਹਨ ਉਥੇ ਪੂਛ ਦੇ ਪਿੱਛੇ ਵੀ ਬਹੁਤ ਨਿਮਨ ਆਵਾਜ਼ ਕਰਦੇ ਹਨ ਜਿਸ ਨੂੰ Infrasound ਇਨਫਰਾਸਾਊਂਡ ਆਖਦੇ ਹਨ ਜੋ

ਕਿ ਮਨੁੱਖਾਂ ਨੂੰ ਘੱਟ ਸੁਣਦੀ ਹੈ ਪਰ ਮੋਰਾਂ ਮੋਰਨੀਆਂ ਨੂੰ ਇਹ ਲੋ ਪਿੱਚ Low pitch ਅਵਾਜ਼ ਆਸਾਨੀ ਨਾਲ ਸੁਣ ਜਾਂਦੀ ਹੈ, ਕਿਉਂਕਿ ਮੋਰਾਂ ਦੇ ਕੰਨਾਂ ਦੀ ਬਣਤਰ ਹੀ ਐਸੀ ਹੈ। ਮੋਰ ਮੋਰਨੀਆਂ ਸੱਪਾਂ ਨੂੰ ਖਾ ਕੇ ਸਾਡਾ ਭਲਾ ਕਰਦੇ ਹਨ। ਪਰ ਇਨ੍ਹਾਂ ਦੀ ਗਿਣਤੀ ਵੀ ਬਹੁਤ ਘੱਟ ਗਈ ਹੈ ਤੇ ਹੋਰ ਘੱਟ ਰਹੀ ਹੈ। ਇਨ੍ਹਾਂ ਦੇ ਖੰਭ ਕਰਕੇ ਵੀ ਕਈ ਇਨ੍ਹਾਂ ਨੂੰ ਮਾਰਦੇ ਜਾਂ ਪਕੜਦੇ ਹਨ। ਇਨ੍ਹਾਂ ਦੇ ਖੰਭਾਂ ਦਾ ਹਿੱਸਾ ਕਈ ਦੇਸੀ ਦਵਾਈਆਂ ਵਿਚ ਵੈਦ ਵਰਤਦੇ ਹਨ। ਕੁਝ ਫ਼ੁਰਮਾਨ ਹਨ :

ਬਾਬੀਹੇ ਤਨਿ ਮਨਿ ਸੁਖੁ ਹੋਇ ਜਾਂ ਤਤੁ ਬੂੰਦ ਮੁਹਿ ਪਾਇ ॥ (ਅੰਗ ੧੪੨੦)
ਹਰਿ ਹਰਿ ਬੂੰਦ ਭਏ ਹਰਿ ਸੁਆਮੀ ਹਮ ਚਾਤ੍ਰਿਕ ਬਿਲਲ ਬਿਲਲਾਤੀ ॥
ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ ਮੁਖਿ ਦੇਵਹੁ ਹਰਿ ਨਿਮਖਾਤੀ ॥ ੧ ॥

(ਅੰਗ ੬੬੮)

ਬੱਦਲਾਂ ਤੇ ਮੀਂਹ ਨੂੰ ਦੇਖ ਕੇ ਮੋਰ ਪੈਲਾਂ ਪਾਉਂਦੇ ਤੇ ਨੱਚਦੇ ਹਨ। ਫ਼ੁਰਮਾਨ ਹੈ :

ਮੇਘ ਸਮੇ ਮੋਰ ਨਿਰਤਕਾਰ ॥ (ਅੰਗ ੧੧੮੦)
ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ ॥ (ਭਾਈ ਗੁਰਦਾਸ ਜੀ)
ਚਾਤ੍ਰਿਕ ਮੋਰ ਬੋਲਤ ਦਿਨ ਰਾਤੀ ਸੁਨਿ ਘਨਿਹਰ ਕੀ ਘੋਰ ॥ (ਅੰਗ ੧੨੬੫)
ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥ (ਅੰਗ ੫੫੭)

ਕਈ ਵਾਰ ਮੀਂਹ ਪੈਣ ਸਮੇਂ ਅਸਮਾਨੀ ਬਿਜਲੀ ਵੀ ਲਿਸ਼ਕਦੀ, ਚਮਕਦੀ ਹੈ। ਬਾਬਾ ਫ਼ਰੀਦ ਜੀ ਵੀ ਆਖਦੇ ਹਨ ਕਿ ਸਾਵਣ ਵਿਚ ਬਿਜਲੀਆਂ ਲਿਸ਼ਕਦੀਆਂ ਹਨ : ਬਾਬਾ ਫ਼ਰੀਦ ਜੀ ਦੇ ਦੋ ਸਲੋਕ ਬਰਸਾਤ ਦੇ ਬਾਬਤ ਹਨ ਕਿ ਜਿੱਥੇ ਸੱਚੀ ਮੁਹੱਬਤ ਹੋਵੇ, ਉਥੇ ਫਿਰ ਬਾਰਿਸ਼ ਰੁਕਾਵਟ ਨਹੀਂ ਬਣਦੀ। ਫ਼ੁਰਮਾਨ ਹਨ :

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥ ੨੪ ॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥ ੨੫ ॥ (ਅੰਗ ੧੩੭੯)

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਵੀ ਸੂਹੀ ਰਾਗ ਦੀ ਅਸਟਪਦੀ ਵਿਚ ਗੁਰੂ ਤੇ ਸਿੱਖ ਦੀ ਪਰੀਤ ਦਾ ਵਰਨਣ ਕਰਦੇ ਹਨ। ਫ਼ੁਰਮਾਨ ਹੈ :

ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥ ੧੩ ॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥ ੧੪ ॥
ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥ ੧੫ ॥
ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ ॥ ੧੬ ॥

(ਅੰਗ ੭੫੭)

ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ :

ਸਾਵਣ ਵਣ ਹਰੀਆਵਲੇ ਵੁਠੇ ਸੁੱਕੇ ਅੱਕ ਜਵਾਹਾ॥
ਤ੍ਰਿਪਤਿ ਬਬੀਹੇ ਸ੍ਵਾਂਤਿ ਬੂੰਦ ਸਿੱਪ ਅੰਦਰ ਮੋਤੀ ਓਮਾਹਾ॥

(ਪਉੜੀ ੪, ਵਾਰ ੧੭ਵੀਂ)

ਗੁਰਬਾਣੀ ਵਿਚ ਦੋਵੇਂ ਪੱਖ ਮਿਲਦੇ ਹਨ—ਇਕ ਵਿਜੋਗਣ ਜਿਸ ਦਾ ਪਤੀ ਪ੍ਰਦੇਸ ਗਿਆ ਹੋਇਆ ਹੈ ਤੇ ਉਹ ਲਿਸ਼ਕਦੀ ਬਿਜਲੀ ਤੋਂ ਡਰਦੀ ਹੈ ਤੇ ਡੱਡੂਆਂ ਦੀ ਗੜੈਂ-ਗੜੈਂ ਤੇ ਮੱਛਰ ਤੇ ਸੱਪਾਂ ਦੇ ਡੰਗਾਂ ਤੋਂ ਘਬਰਾਉਂਦੀ ਹੈ। ਦੂਜੇ ਪਾਸੇ ਜਿਸ ਦਾ ਪਤੀ ਘਰ ਹੈ ਉਹ ਖ਼ੁਸ਼ੀ ਵਿਚ ਭਾਵੇਂ ਜਿਤਨਾ ਮਰਜ਼ੀ ਮੀਂਹ ਵਰਸੀ ਜਾਵੇ। ਫ਼ੁਰਮਾਨ ਹਨ :

ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ॥ (ਅੰਗ ੧੧੦੮)
ਦਹ ਦਿਸ ਛਤ੍ਰ ਮੇਘ ਘਟਾ ਘਟ ਦਾਮਨਿ ਚਮਕਿ ਡਰਾਇਓ ॥
ਸੇਜ ਇਕੇਲੀ ਨੀਦ ਨਹੁ ਨੈਨਹ ਪਿਰੁ ਪਰਦੇਸਿ ਸਿਧਾਇਓ ॥ ੧ ॥

(ਅੰਗ ੬੨੪)

ਨਾਨਕ ਬਿਜੁਲੀਆ ਚਮਕੰਨਿ ਘੁਰਨ੍ਹਿ ਘਟਾ ਅਤਿ ਕਾਲੀਆ ॥
ਬਰਸਨਿ ਮੇਘ ਅਪਾਰ ਨਾਨਕ ਸੰਗਮਿ ਪਿਰੀ ਸੁਹੰਦੀਆ ॥ ੨ ॥

(ਅੰਗ ੧੧੦੨)

ਬਰਸੁ ਘਨਾ ਮੇਰਾ ਪਿਰੁ ਘਰਿ ਆਇਆ ॥
ਬਲਿ ਜਾਵਾਂ ਗੁਰ ਅਪਨੇ ਪ੍ਰੀਤਮ
ਜਿਨਿ ਹਰਿ ਪ੍ਰਭੁ ਆਣਿ ਮਿਲਾਇਆ ॥ ੧ ॥ ਰਹਾਉ ॥ (ਅੰਗ ੧੨੫੫)
ਬਰਸੈ ਮੇਘੁ ਸਖੀ ਘਰਿ ਪਾਹੁਨ ਆਏ॥ (ਅੰਗ ੧੨੬੬)

ਭਾਈ ਨੰਦ ਲਾਲ (ਸਿੰਘ) ਜੀ ਵੀ ਪ੍ਰੇਮ ਵਿਜੋਗ ਦੀ ਦਸ਼ਾ ਗ਼ਜ਼ਲ ਨੰਬਰ 59 ਵਿਚ ਬਿਆਨਦੇ ਹਨ :

ਬਰਾਦੇ ਦੀਦਨੈ ਤੋ ਦੀਦਹ ਅਮ ਸ਼ੁਦ ਚਸ਼ਮ ਐ ਕੌਸਰ॥
ਬਿਆ ਜਾਨਾਂ ਕਿ ਕੁਰਬਾਨੇ ਤੁ ਜਾਨੇ ਦਰਦ ਮੰਦੇ ਮਨ॥

ਅਰਥ ਕੁਝ ਇਸ ਤਰ੍ਹਾਂ ਹੈ ਕਿ ਤੁਹਾਡੇ ਦਰਸ਼ਨ ਵਾਸਤੇ ਮੇਰੀਆਂ ਅੱਖਾਂ ਕੌਸਰ ਦਾ ਚਸ਼ਮਾ, ਸਵਰਗੀ ਤਲਾਬ ਬਣੀਆਂ ਹੋਈਆਂ ਹਨ। ਆਓ, ਪਿਆਰੇ ਮਿੱਤ੍ਰ ! ਦਰਸ਼ਨ ਦੇਹ, ਸਾਡੀ ਦਰਦ ਭਰੀ ਮਸਤਾਨੀ ਜਿੰਦ ਤੈਥੋਂ ਕੁਰਬਾਨ ਹੈ। ਗੁਰਬਾਣੀ ਵਿਚ ਵੀ ਫ਼ੁਰਮਾਇਆ ਹੈ :

ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ
ਮੈ ਨੀਰੁ ਵਹੇ ਵਹਿ ਚਲੈ ਜੀਉ॥

(ਅੰਗ ੯੪)

ਭਾਦਰੋਂ ਦੇ ਮਹੀਨੇ ਵਿਚ ਟੋਏ ਤਲਾਬ ਤੇ ਛੱਪੜ ਆਦਿ ਸਾਰੇ ਪਾਣੀ ਨਾਲ ਭਰੇ ਹੋਏ ਦਿਖਾਈ ਦਿੰਦੇ ਹਨ। ਉਹ ਜੀਵ-ਇਸਤਰੀ ਜੋ ਆਪਣੇ ਜੋਬਨ ਦੇ ਅਹੰਕਾਰ ਕਰਕੇ ਦੁਬਿਧਾ ਵਿਚ ਪੈ ਗਈ ਹੈ। ਉਸ ਨੂੰ ਇਹ ਸਭ ਕੁਝ ਵਿਅਰਥ ਜਾਪਦਾ ਹੈ, ਕਿਉਂਕਿ ਉਸ ਦਾ ਮਾਲਕ ਤੋਂ ਵਿਛੋੜਾ ਪਿਆ ਹੋਇਆ ਹੈ। ਅਹੰਕਾਰ ਕਰਕੇ ਹੀ ਵਿਅਕਤੀ ਮੌਤ ਭੁਲਾ ਦਿੰਦਾ ਹੈ। ਭਗਤ ਰਵਿਦਾਸ ਸਾਹਿਬ ਜੀ ਬਸੰਤ ਰਾਗ ਵਿਚ ਦਰਸਾਉਂਦੇ ਹਨ ਕਿ ਭਾਦਰੋਂ ਵਿਚ ਉੱਗੀ ਹੋਈ ਵੱਡੀ ਖੁੰਬ ਦੀ ਤਾਂ ਕੁਝ ਮਨਿਆਦ ਆਖੀ ਜਾ ਸਕਦੀ ਹੈ ਕਿ ਕੋਈ ਤੋੜ ਕੇ ਸਬਜੀ ਬਣਾ ਲਵੇਗਾ ਜਾਂ ਵੈਸੇ ਹੀ ਕੁਝ ਸਮਾਂ ਕਾਇਮ ਰਹਿ ਸਕਦੀ ਹੈ, ਪਰ ਇਸ ਕਾਂਇਆ ਦਾ ਤਾਂ ਕੋਈ ਭਰੋਸਾ ਨਹੀਂ ਹੈ। ਫ਼ੁਰਮਾਨ ਹੈ :

ਤੂ ਕਾਂਇ ਗਰਬਹਿ ਬਾਵਲੀ॥
ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ॥ (ਅੰਗ ੧੧੯੬)

ਭਗਤ ਸ੍ਰੀ ਨਾਮਦੇਵ ਜੀ ਪ੍ਰਭੂ ਨਾਲ ਮੇਲ ਦੀ ਅਵਸਥਾ ਦਾ ਜ਼ਿਕਰ ਇਕ ਸ਼ਬਦ ਵਿਚ ਕਰਦੇ ਹਨ ਕਿ ਬਿਨਾਂ ਸਾਵਣ ਦੇ ਬੱਦਲ ਗਰਜਦੇ ਹਨ ਤੇ ਪ੍ਰਭੂ ਦੇ ਅੰਮ੍ਰਿਤ ਦੀ ਵਰਖਾ ਹੋ ਰਹੀ ਹੈ। ਫ਼ੁਰਮਾਨ ਹੈ :

ਅਣਮੜਿਆ ਮੰਦਲੁ ਬਾਜੈ ॥ ਬਿਨੁ ਸਾਵਣ ਘਨਹਰੁ ਗਾਜੈ ॥
ਬਾਦਲ ਬਿਨੁ ਬਰਖਾ ਹੋਈ ॥ ਜਉ ਤਤੁ ਬਿਚਾਰੈ ਕੋਈ ॥ ੧ ॥ (ਅੰਗ ੬੫੭)

ਬਰਸ ਰੁੱਤ (ਵਰਖਾ) : ਆਮ ਸਾਧਾਰਣ, ਸਮਾਜਿਕ ਤੇ ਵਿਆਪਕਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਇਸ ਰੁੱਤ ਪ੍ਰਤੀ ਉਪਦੇਸ਼ :

ਵਰਖਾ ਰੁੱਤ ਗਰਮੀ ਦੀ ਰੁੱਤ ਤੋਂ ਬਾਅਦ ਤੇ ਸਰਦ ਰੁੱਤ ਤੋਂ ਪਹਿਲਾਂ ਆਉਂਦੀ ਹੈ। ਮੌਸਮ ਵਿਚ ਤਬਦੀਲੀ ਆਉਣੀ ਸ਼ੁਰੂ ਹੋ ਜਾਂਦੀ ਹੈ। ਸਭ ਤੋਂ ਪਹਿਲਾਂ ਵਿਚਾਰਨ ਦੀ ਕੋਸ਼ਿਸ਼ ਕਰਾਂਗੇ ਕਿ ਬੱਦਲ ਕਿਵੇਂ ਬਣਦੇ ਹਨ ਤੇ ਕੀ ਸਾਰੇ ਬੱਦਲ ਵਰ੍ਹਦੇ ਹਨ? ਕੀ ਅਸੀਂ ਬੱਦਲਾਂ ਨੂੰ ਛੂਹ ਸਕਦੇ ਹਾਂ? ਵਰਖਾ ਕਿਵੇਂ ਤੇ ਕਿਉਂ ਹੁੰਦੀ ਹੈ? ਕੀ ਅਸੀਂ ਸੱਤ ਰੰਗੀ ਪੀਂਘ ਰੇਨਬੋ Rainbow ਨੂੰ ਪਕੜ ਸਕਦੇ ਹਾਂ? ਬੱਦਲ ਕਿਵੇਂ ਗਰਜਦੇ ਹਨ? ਬਿਜਲੀ ਕਿਵੇਂ ਚਮਕਦੀ ਹੈ? ਗੜੇ ਕਿਉਂ ਪੈਂਦੇ ਹਨ?

ਸਾਡੇ ਆਲੇ-ਦੁਆਲੇ ਵਾਯੂਮੰਡਲ ਵਿਚ ਅਦਿੱਖ, ਅਦ੍ਰਿਸ਼ਟ ਪਾਣੀ ਹੁੰਦਾ ਹੈ। ਇਹ ਵਾਯੂ-ਨਮੀ, ਬੁਖਾਰਾਤ ਸੂਰਜ ਦੀ ਗਰਮੀ ਨਾਲ ਹਵਾੜ ਨਿਕਲਣ ਦੀ ਤਰ੍ਹਾਂ ਉੱਪਰ ਨੂੰ ਉਠਦੀ ਹੈ। ਬੱਦਲ ਬਹੁਤ ਛੋਟੇ-ਛੋਟੇ ਤੁਪਕਿਆਂ ਜਾਂ ਬਰਫਾਨੀ ਬਲੌਰੀ ਪਾਰਦਰਸ਼ਕ ਪਦਾਰਥ ਤੇ ਧੂੜ ਦੇ ਜ਼ਰੇ ਹਨ ਜੋ ਕਿ ਲੱਖਾਂ ਕਰੋੜਾਂ ਇਕੱਠੇ ਹੋ ਕੇ ਬੱਦਲਾਂ ਦਾ ਰੂਪ

ਧਾਰਨ ਕਰਦੇ ਹਨ ਤੇ ਹਵਾ ਵਿਚ ਤਰਦੇ ਦਿਖਾਈ ਦਿੰਦੇ ਹਨ। ਜਿਵੇਂ ਬਾਹਰ ਗਿੱਲੇ ਕੱਪੜੇ ਸੁੱਕਣੇ ਪਾਏ ਜਾਂਦੇ ਹਨ, ਹਵਾ ਤੇ ਸੂਰਜ ਦੀ ਗਰਮੀ ਉਨ੍ਹਾਂ ਨੂੰ ਸੁਕਾ ਦਿੰਦੀ ਹੈ ਪਰ ਉਹ ਗਿੱਲ, ਸਿੱਲ, ਨਮੀ ਉੱਪਰ ਨੂੰ ਉਠ ਜਾਂਦੀ ਹੈ। ਕਈ ਵਾਰੀ ਅਸੀਂ ਧੁੰਦ ਵਿਚ ਤੁਰਦੇ ਹਾਂ ਤਾਂ ਸਾਨੂੰ ਸਿੱਲ ਜਿਹੀ ਮਹਿਸੂਸ ਹੁੰਦੀ ਹੈ ਤੇ ਥੋੜ੍ਹੇ-ਥੋੜ੍ਹੇ ਸਾਡੇ ਹੱਥ ਤੇ ਚਿਹਰਾ ਵੀ ਗਿੱਲਾ ਜਿਹਾ ਮਹਿਸੂਸ ਕਰਦਾ ਹੈ, ਇਹ ਅਸੀਂ ਬੱਦਲ ਦੇ ਵਿਚ ਦੀ ਲੰਘੇ ਹਾਂ ਧੁੰਦ ਇਕ ਬੱਦਲ ਹੀ ਹੈ ਜੋ ਬਹੁਤ ਨੀਵਾਂ ਆ ਗਿਆ ਕਿ ਧਰਤੀ ਨੂੰ ਛੂਹ ਗਿਆ।

ਸਾਇੰਸਦਾਨਾਂ ਨੇ ਬੱਦਲਾਂ ਨੂੰ ਕਈ ਤਰ੍ਹਾਂ ਦੇ ਨਾਮ ਦਿੱਤੇ ਹਨ, ਉਨ੍ਹਾਂ ਦੀ ਉਚਾਈ ਦੇ ਹਿਸਾਬ ਨਾਲ ਸਾਰੇ ਬੱਦਲ ਵਰਖਾ ਨਹੀਂ ਕਰਦੇ। ਉੱਪਰ ਉਠੀ ਇਹ ਗਰਮ ਹਵਾ ਵਿਚ ਇਹ ਪਾਣੀ ਸੰਘਣਾ ਗਾੜ੍ਹਾ ਹੋ ਜਾਂਦਾ ਤੇ ਕਈ ਵਾਰੀ ਜੰਮ ਜਾਂਦਾ ਹੈ ਤੇ ਇਹ ਨਿੱਘੀ ਹਵਾ ਬਹੁਤ ਸਾਰਾ ਪਾਣੀ (ਬੱਦਲ) ਤਰਦੇ ਰੱਖਦੀ ਹੈ। ਗਰਮ ਹਵਾਵਾਂ ਆਪਣੇ ਵਿਚ ਜ਼ਿਆਦਾ ਪਾਣੀ ਰੱਖ ਤੇ ਸੰਭਾਲ ਸਕਦੀਆਂ ਹਨ। ਜਦੋਂ ਇਹ ਗਰਮ ਹਵਾਵਾਂ ਠੰਢੀਆਂ ਹੋ ਜਾਂਦੀਆਂ ਹਨ ਜਾਂ ਠੰਢੀਆਂ ਹਵਾਵਾਂ ਨਾਲ ਟਕਰਾ ਜਾਂਦੀਆਂ ਹਨ ਤਾਂ ਬਹੁਤ ਜਲਦੀ ਉਹ ਗਾੜ੍ਹਾ ਜੰਮਿਆ ਹੋਇਆ ਪਾਣੀ ਤਰਲ ਰੂਪ ਧਾਰ ਕੇ ਮੀਂਹ ਜਾਂ ਬਰਫ ਦੇ ਰੂਪ ਵਿਚ ਵਰ੍ਹਦਾ ਹੈ, ਕਿਉਂਕਿ ਬੱਦਲਾਂ ਵਿਚ ਪਾਣੀ ਦਾ ਭਾਰ ਹੁੰਦਾ ਹੈ ਤੇ ਧਰਤੀ ਆਪਣੀ ਆਕਰਸ਼ਣ ਸ਼ਕਤੀ ਨਾਲ ਸਹਿਜੇ-ਸਹਿਜੇ ਕ੍ਰਮਵਾਰ ਹੇਠਾਂ ਨੂੰ ਖਿੱਚਦੀ ਹੈ ਤੇ ਬੱਦਲ ਹੇਠਾਂ ਨੂੰ ਆਉਂਦੇ ਹਨ। ਜਦੋਂ ਥੱਲੇ ਡਿੱਗਦੇ ਗਰਮ ਹਵਾ ਦੀ ਪਰਤ, ਤਹਿ ਨਾਲ ਟਕਰਾਉਂਦੇ ਹਨ ਤਾਂ ਇਸ ਸਬੱਬ, ਕਾਰਣ ਕਰਕੇ ਨਮੀ ਦੂਰ ਕਰਕੇ ਤਰਲ ਤੋਂ ਵਾਸ਼ਪ ਵਿਚ ਤਬਦੀਲ ਕਰ ਦਿੰਦਾ ਹੈ ਭਾਵ ਗੈਸ ਬਣ ਕੇ ਫਿਰ ਉੱਪਰ ਚੜ੍ਹ ਜਾਂਦੀ ਹੈ। ਸੋ ਇਸੇ ਕਰਕੇ ਸਾਰੇ ਬੱਦਲ ਵਰਖਾ ਨਹੀਂ ਕਰਦੇ।

ਮੌਨਸੂਨ ਦੀ ਵਰਖਾ ਵੀ ਉੱਪਰ ਲਿਖੇ ਕਾਇਦੇ ਅਨੁਸਾਰ ਹੀ ਹੁੰਦੀ ਹੈ ਪਰ ਉਹ ਹਵਾਵਾਂ ਧਰਤੀ ਤੇ ਸਮੁੰਦਰ, ਸਾਗਰ ਨਾਲ ਸਬੰਧਤ ਵਿਚਰਦੀਆਂ ਹਨ ਤੇ ਲਗਾਤਾਰ ਬਹੁਤ ਮੀਂਹ ਵਰਸਾ ਜਾਂਦੀਆਂ ਹਨ। ਮੌਨਸੂਨ ਸਮੇਂ ਵਰਖਾ ਰੁੱਤ ਵਿਚ ਹਵਾਵਾਂ ਪਿਛਾਂਹ ਨੂੰ ਤੇਜੀ ਨਾਲ ਚਲਦੀਆਂ ਹੋਈਆਂ, ਕਾਹਲੀ ਨਾਲ ਵਾਯੂਮੰਡਲ ਵਿਖੇ ਬੇਡੌਲ ਗਰਮੀ ਜੋ ਧਰਤੀ ਤੇ ਸਮੁੰਦਰ ਦੁਆਲੇ ਚੱਕਰ ਲਗਾਉਂਦੀਆਂ ਹਨ। ਇਹ ਮੌਨਸੂਨ ਜ਼ਿਆਦਾਤਰ ਪੱਛਮੀ ਅਫਰੀਕਾ, ਏਸ਼ੀਆ-ਆਸਟ੍ਰੇਲੀਆ, ਉਤਰੀ ਤੇ ਦੱਖਣੀ ਅਮਰੀਕਾ ਨੂੰ ਪ੍ਰਭਾਵਿਤ ਕਰਦੀਆਂ ਹਨ। ਭਾਰਤ ਵਿਚ ਵੀ ਬੰਗਾਲ ਦੀ ਖਾੜੀ ਤੇ ਅਰਬ ਸਮੁੰਦਰ ਤੋਂ ਮੌਸਮੀ ਹਵਾਵਾਂ ਦੱਖਣ-ਪੱਛਮ ਨੂੰ ਭਾਰੀ ਵਰਖਾ ਲਿਆਉਂਦੀਆਂ ਹਨ। ਬਹੁਤ ਵਿਸਥਾਰ ਕੀਤਾ ਜਾ ਸਕਦਾ ਹੈ ਪਰ ਇੱਥੇ ਹੀ ਸੰਕੋਚ ਕੀਤਾ ਜਾਂਦਾ ਹੈ।

ਸੱਤ ਰੰਗੀ ਪੀਂਘ ਰੇਨਬੋ Rainbow ਨੂੰ ਅਸੀਂ ਪਕੜ ਨਹੀਂ ਸਕਦੇ, ਕਿਉਂਕਿ ਇਹ ਜਿਸਮਾਨੀ, ਸਰੀਰਕ ਪਦਾਰਥਿਕ ਵਸਤੂ ਨਹੀਂ ਹੈ। ਰੇਨਬੋ ਸੂਰਜ ਦਾ ਤੋੜਿਆ ਮੋੜਿਆ

ਵਿਰੂਪ ਅਕਸ, ਪ੍ਰਤਿਰੂਪ ਹੈ। ਸੂਰਜ ਦੇ ਪ੍ਰਕਾਸ਼ ਨੂੰ ਮੀਂਹ ਦੇ ਤੁਪਕੇ ਐਸੇ ਤਰੀਕੇ ਨਾਲ ਮੋੜਦੇ, ਬਿਖੇਰਦੇ ਤੇ ਖਿਲਾਰਦੇ ਹਨ ਕਿ ਸੂਰਜ ਦਾ ਅਕਸ ਤੇ ਪਰਛਾਈ ਸਾਡੀਆਂ ਅੱਖਾਂ ਨੂੰ ਰੇਨਬੋ ਦੀ ਤਰ੍ਹਾਂ ਦਿਖਾਈ ਦਿੰਦੀ ਹੈ ਐਸਾ ਮੌਸਮ ਤੇ ਵਾਯੂਮੰਡਲ ਵਿਗਿਆਨੀ ਆਖਦੇ ਹਨ।

ਬੱਦਲਾਂ ਦੀ ਗਰਜ ਤੇ ਬਿਜਲੀ ਦਾ ਕੜਾਕਾ ਉਸ ਵੇਲੇ ਵਿਕਸਿਤ ਹੁੰਦਾ ਹੈ ਜਦੋਂ ਵਾਯੂਮੰਡਲ ਦਾ ਸੰਤੁਲਨ, ਤਵਾਜਨ ਠੀਕ ਨਾ ਹੋਵੇ, ਜਦੋਂ ਕਾਫੀ ਠੰਢੀ ਹਵਾ ਦੇ ਹੇਠਾਂ ਨਿੱਘੀ ਜਾਂ ਗਰਮ ਹਵਾ ਹੋਵੇ। ਜਦੋਂ ਗਰਮ ਹਵਾ ਉੱਪਰ ਨੂੰ ਉਠਦੀ ਹੈ ਤਾਂ ਪਾਣੀ ਦੇ ਬਹੁਤ ਛੋਟੇ ਛੋਟੇ ਤੁਪਕਿਆਂ ਨੂੰ ਗਾੜ੍ਹਾ ਕਰਦੀ ਹੈ ਤੇ ਛੋਟੀਆਂ-ਛੋਟੀਆਂ ਇਹ ਬੂੰਦਾਂ ਜੰਮ ਕੇ ਬਰਫਾਨੀ ਬਲੌਰ ਬਣ ਜਾਂਦੇ ਨੇ ਤੇ ਜਦੋਂ ਹਵਾ ਇਸ ਬੱਦਲ ਵਿਚ ਘੁੰਮਦੀ ਹੈ ਤਾਂ ਇਨ੍ਹਾਂ ਬਰਫਾਨੀ ਬਲੌਰਾਂ ਦੀ ਸਤਹ, ਉਪਰਲੀ ਪਰਤ ਵਿਖੇ ਵੀ ਪਾਣੀ ਜੰਮ ਜਾਂਦਾ ਹੈ ਤੇ ਇਹ ਭਾਰੀ ਹੋਣ ਕਰਕੇ ਉੱਪਰ ਨਹੀਂ ਚੜ੍ਹ ਪਾਉਂਦੇ ਤੇ ਗੜਿਆਂ (Hail) ਦੀ ਗੜਿਆਂ ਦੀ ਸ਼ਕਲ ਵਿਚ ਹੇਠਾਂ ਡਿੱਗਦੇ ਹਨ।

ਜਦੋਂ ਇਹ ਗੜੇ ਬੱਦਲ ਵਿਚ ਉੱਪਰ ਚੜ੍ਹਨ ਦੀ ਕੋਸ਼ਿਸ਼ ਕਰਦੇ ਹਨ ਤਾਂ ਛੋਟੇ ਗੜਿਆਂ ਨਾਲ ਰਗੜਨ ਕਰਕੇ ਨੈਗੇਟਿਵ ਸ਼ਕਤੀ ਉਤਪੰਨ ਹੁੰਦੀ ਹੈ ਤੇ ਬੱਦਲ ਦੇ ਥੱਲੇ ਵਾਲੇ ਹਿੱਸੇ ਵਿਚ ਨੈਗੇਟਿਵ ਤੇ ਉੱਪਰ ਵਾਲੇ ਪਾਸੇ ਵਿਖੇ ਪੌਜ਼ਿਟਵ, ਧਨਾਤਮਕ ਬਿਜਲੀ ਹੁੰਦੀ ਹੈ। ਨੈਗੇਟਿਵ ਸ਼ਕਤੀ ਨੂੰ ਧਰਤੀ, ਹੋਰ ਬੱਦਲ ਤੇ ਬਾਹਰਮੁਖੀ ਵਸਤੂਆਂ ਖਿੱਚ ਪਾਉਂਦੀਆਂ ਹਨ, ਜਦੋਂ ਖਿੱਚ ਜ਼ਿਆਦਾ ਮਜ਼ਬੂਤ ਹੋ ਜਾਂਦੀ ਹੈ ਤਾਂ ਨੈਗੇਟਿਵ ਤੇ ਪੌਜ਼ਿਟਵ ਮਿਲ ਕੇ ਬਿਜਲੀ-ਵਿਸਰਜਨ ਧੜਾਕਾ ਹੁੰਦਾ ਹੈ ਤੇ ਨੈਗੇਟਿਵ ਤੇ ਪੌਜ਼ਿਟਵ ਦੇ ਫਰਕ ਦਾ ਸੰਤੁਲਨ ਬਣਾਈ ਰੱਖਣ ਲਈ ਬਿਜਲੀ ਚਮਕਦੀ ਹੈ। ਬਿਜਲੀ ਦਾ ਬਹੁਤ ਤੇਜ ਰਫਤਾਰ ਨਾਲ ਫੈਲਾਉ, ਵਿਸਤਾਰ ਹਵਾ ਨੂੰ ਅਤਿ ਗਰਮ ਕਰ ਦਿੰਦਾ ਹੈ ਤੇ ਇਸੇ ਕਰਕੇ ਬਿਜਲੀ ਲਿਸ਼ਕਣ ਦੇ ਨਾਲ-ਨਾਲ ਬੱਦਲਾਂ ਦੀ ਗਰਜ, ਗੜਗੜਾਹਟ ਤੇ ਖਟਖਟਾਹਟ ਸੁਣਦੀ ਹੈ। ਭਾਵੇਂ ਇਹ ਬਿਜਲੀ ਲਿਸ਼ਕਣ ਤੇ ਗੱਜਣ ਦੀ ਕ੍ਰਿਆ ਇਕੋ ਸਮੇਂ ਹੁੰਦੀ ਹੈ ਪਰ ਰੌਸ਼ਨੀ ਦੀ ਰਫਤਾਰ ਅਵਾਜ਼ ਨਾਲੋਂ ਤੇਜ਼ ਹੋਣ ਕਰਕੇ ਪਹਿਲਾਂ ਬਿਜਲੀ ਲਿਸ਼ਕਦੀ ਪ੍ਰਤੀਤ ਹੁੰਦੀ ਹੈ ਤੇ ਬਾਅਦ ਵਿਚ ਬੱਦਲਾਂ ਦੀ ਗਰਜਣਾ। ਬਹੁਤੀ ਵਾਰੀ ਇਹ ਬਿਜਲੀ ਨੁਕਸਾਨ ਨਹੀਂ ਕਰਦੀ, ਪਰ ਸ਼ਕਤੀ ਬਹੁਤ ਹੋਣ ਕਰਕੇ ਕਈ ਵਾਰੀ ਕਈ ਮਾਲੀ ਤੇ ਜਾਨੀ ਨੁਕਸਾਨ ਵੀ ਕਰ ਜਾਂਦੀ ਹੈ। ਬਹੁਤ ਵਿਸਥਾਰ ਕੀਤਾ ਜਾ ਸਕਦਾ ਹੈ ਪਰ ਇਸ ਨੂੰ ਇੱਥੇ ਹੀ ਸੰਕੋਚਿਆ ਜਾਂਦਾ ਹੈ।

ਬਰਸਾਤ ਦੀ ਰੁੱਤ ਵਿਚ ਬੱਦਲ ਬਹੁਤ ਨੀਵੇਂ ਹੋ ਕੇ ਵਰ੍ਹਦੇ ਹਨ ਤੇ ਸਭ ਪਾਸੇ ਜਲ ਹੀ ਜਲ ਦਿਖਾਈ ਦਿੰਦਾ ਹੈ। ਜਿੱਥੇ ਇਹ ਗਰਮੀ ਤੋਂ ਉਪ੍ਰੰਤ ਠੰਢਕ ਵਰਤਾਉਂਦਾ ਹੈ ਉਸ ਦੇ ਨਾਲ ਨਾਲ ਹੀ ਵਰਖਾ ਕਰਕੇ ਕਈ ਮੁਸ਼ਕਲਾਂ ਵੀ ਉਤਪੰਨ ਹੋ ਜਾਂਦੀਆਂ ਹਨ।

ਜਿੱਥੇ ਵਰਖਾ ਦੇ ਬਹੁਤ ਫਾਇਦੇ ਹਨ ਉਥੇ ਹੀ ਕਈਆਂ ਨੂੰ ਕੁਝ ਦੁੱਖ ਵੀ ਆ ਜਾਂਦੇ ਹਨ। ਗੁਰਬਾਣੀ ਵਿਚ ਵੀ ਫ਼ੁਰਮਾਨ ਹੈ :

ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ ॥
ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ ॥ ੧ ॥
ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ ॥
ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ ॥ ੨ ॥ (ਅੰਗ ੧੨੭੯)

ਗੁਰਬਾਣੀ ਅਨੁਸਾਰ ਜਿਨ੍ਹਾਂ ਚਾਰ ਧਿਰਾਂ ਨੂੰ ਪ੍ਰਸੰਨਤਾ ਤੇ ਚਾਉ ਹੁੰਦਾ ਹੈ ਉਹ ਹਨ—ਸੱਪ, ਹਿਰਨ, ਮੱਛੀਆਂ ਤੇ ਰਸਾਂ ਦੇ ਚਾਹਵਾਨ, ਜਿਨ੍ਹਾਂ ਕੋਲ ਉਹ ਰਸਾਂ ਨੂੰ ਮਾਨਣ ਲਈ ਘਰ ਵਿਚ ਧਨ ਹੋਵੇ। ਸੱਪ ਗਰਮੀ ਦੀ ਤਪਸ਼ ਤੇ ਆਪਣੀ ਜ਼ਹਿਰ ਦੀ ਤਪਸ਼ ਤੋਂ ਬਰਸਾਤ ਨਾਲ ਰਾਹਤ ਮਹਿਸੂਸ ਕਰਦਾ ਹੈ। ਹਿਰਨਾਂ ਨੂੰ ਗਰਮੀ ਧੁੱਪ ਵਿਚ ਘਾਹ ਚਰਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ ਤੇ ਘਾਹ ਵੀ ਸੁੱਕ ਗਿਆ ਹੁੰਦਾ ਹੈ ਤੇ ਬਰਸਾਤ ਖ਼ੁਸ਼ੀ ਲਿਆਉਂਦੀ ਹੈ ਤੇ ਮੱਛੀਆਂ ਨੂੰ ਖ਼ੁਸ਼ੀ ਹੁੰਦੀ ਹੈ ਕਿ ਪਾਣੀ ਜੋ ਉਸ ਦੀ ਜ਼ਿੰਦਗੀ ਹੈ ਉਸ ਵਿਚ ਵਾਧਾ ਹੋਣ ਕਰਕੇ ਪਾਣੀ ਦੇ ਜਲਦੀ ਖ਼ਤਮ ਹੋਣ ਦਾ, ਸੁੱਕਣ ਦਾ ਤੌਖਲਾ ਮਿਟ ਜਾਂਦਾ ਹੈ। ਧਨਵਾਨ ਰੰਗੀਲੇ ਮਨੁੱਖਾਂ ਨੂੰ ਵੀ ਬਰਸਾਤ ਵਿਚ ਖ਼ੁਸ਼ੀ ਹੁੰਦੀ ਹੈ ਕਿ ਘਰੇ ਹੀ ਇਹ ਰਸ, ਅਨੰਦ ਮਾਣਾਂਗੇ।

ਜੋ ਚਾਰ ਧਿਰਾਂ ਨੂੰ ਦੁੱਖ ਤੇ ਮੁਸ਼ਕਲ ਮਹਿਸੂਸ ਹੁੰਦੀ ਹੈ ਉਨ੍ਹਾਂ ਵਿਚ ਬੱਲਦਾਂ ਨੂੰ, ਕਿਉਂਕਿ ਮੀਂਹ ਪਿਆਂ ਇਹੀ ਹਲੀਂ ਜੋਏ ਜਾਂਦੇ ਹਨ। ਗਰੀਬਾਂ ਨੂੰ ਦਿਹਾੜੀਦਾਰ ਮਜ਼ਦੂਰਾਂ ਨੂੰ, ਕਿਉਂਕਿ ਉਨ੍ਹਾਂ ਦੀ ਮਿਹਨਤ ਮਜ਼ੂਰੀ ਵਿਚ ਰੋਕ ਪੈ ਜਾਂਦੀ ਹੈ। ਰਾਹੀਆਂ ਨੂੰ ਮੁਸ਼ਕਲਾਂ ਆਉਂਦੀਆਂ ਹੈ ਜੋ ਆਪਣੇ ਸਫ਼ਰ ਵਿਚ ਜਾ ਰਹੇ ਹੋਵਣ ਤੇ ਨੌਕਰਾਂ ਨੂੰ ਵੀ ਪਰੇਸ਼ਾਨੀ ਹੁੰਦੀ ਹੈ, ਕਿਉਂਕਿ ਉਨ੍ਹਾਂ ਨੂੰ ਤਾਂ ਕੰਮ ਕਰਨਾ ਹੀ ਪੈਣਾ ਹੈ ਭਾਵੇਂ ਉਹ ਚਾਹੁਣ ਜਾਂ ਨਾ, ਜਿਵੇਂ ਅਖਾਣ ਹੈ : **ਨੌਕਰ ਕੀ ਤੇ ਨਖਰਾ ਕੀ !**

ਅੰਗਰੇਜ਼ੀ ਵਿਚ ਇਕ ਕਹਾਵਤ ਹੈ ਕਿ : Save for a rainy day ਮਤਲਬ ਕਿ ਐਸੇ ਦਿਨ ਜਾਂ ਦਿਨਾਂ ਲਈ ਕੁਝ ਬੱਚਤ ਕਰੋ, ਜਦੋਂ ਕਿ ਤੁਸੀਂ ਕੰਮ ਨਾ ਕਰ ਸਕੋ, ਭਾਵੇਂ ਕਾਰਣ ਕੋਈ ਵੀ ਹੋਵੇ ਜਾਂ ਕੋਈ ਅਚਾਨਕ ਖਰਚਾ ਆਣ ਪਵੇ। ਲੱਗਦਾ ਹੈ ਕਿ ਪੈਨਸ਼ਨ ਦੀ ਸ਼ੁਰੂਆਤ ਵੀ ਇਸੇ ਕਾਰਣ ਕਰਕੇ ਕੀਤੀ ਗਈ ਤਾਂ ਕਿ ਵਿਅਕਤੀ ਨੌਕਰੀ ਤੋਂ ਸੇਵਾਮੁਕਤ ਹੋਣ ਪਿੱਛੋਂ ਮਿਲਦੀ ਰਹਿਣ ਵਾਲੀ ਰਕਮ ਨਾਲ ਬੁਢਾਪੇ ਵਿਚ ਵਿਅਕਤੀ ਆਪਣਾ ਨਿਰਬਾਹ ਕਰ ਸਕਣ। ਬਹੁਤ ਸਾਰੇ ਦੇਸ਼ਾਂ ਵਿਚ ਵਿਅਕਤੀਆਂ ਨੂੰ ਆਪਣੀ ਤਨਖਾਹ, ਵੇਤਨ ਵਿੱਚੋਂ ਹਿੱਸਾ ਪਾਉਣਾ, ਯੋਗਦਾਨ ਦੇਣਾ ਲਾਜ਼ਮੀ ਕਰਾਰ ਹੈ ਤਾਂ ਕਿ ਉਹ ਵਿਅਕਤੀ ਦੇਸ਼ ਉੱਪਰ ਭਾਰ ਬੋਝ ਨਾ ਬਣਨ। ਬਹੁਤ ਸਾਰੇ ਸਰਕਾਰੀ ਤੇ ਗੈਰ ਸਰਕਾਰੀ ਅਦਾਰੇ ਵੀ ਆਪਣੇ ਵਰਕਰਾਂ ਦੀ ਪੈਨਸ਼ਨ ਲਈ ਆਪਣਾ ਹਿੱਸਾ ਪਾਉਂਦੇ ਹਨ।

ਕਈ ਵਾਰੀ ਲੋਕ-ਗੀਤਾਂ ਤੇ ਫਿਲਮ ਦੇ ਗੀਤਾਂ ਵਿਚ ਵੀ ਕਈ ਸ਼ਾਇਰ, ਕਵੀ ਬਹੁਤ ਵਧੀਆ ਭਾਵ ਪ੍ਰਗਟ ਕਰਨ ਵਿਚ ਸਫਲ ਹੋ ਜਾਂਦੇ ਹਨ। ਕੁਝ ਕੁ ਉਦਾਹਰਣਾਂ ਇਵੇਂ ਹਨ:

ਪੜੇ ਵਰਖਾ ਫੁਹਾਰ ਕਰੇ ਜੀਅਰਾ ਪੁਕਾਰ।
ਦੁਖ ਜਾਨੇ ਨਾ ਹਮਾਰ ਵੈਰਨ ਰੁਤ ਬਰਸਾਤ ਕੀ।

(ਗੀਤਕਾਰ : ਸਾਹਿਰ ਲੁਧਿਆਣਵੀ, ਸੰਗੀਤ : ਰੋਸ਼ਨ,
ਗਾਇਕ : ਲਤਾ ਮੰਗੇਸ਼ਕਰ, ਫਿਲਮ ਦੂਜ ਕਾ ਚਾਂਦ 1964)

ਜ਼ਿੰਦਗੀ ਭਰ ਨਹੀਂ ਭੂਲੇਗੀ ਵੋਹ ਬਰਸਾਤ ਕੀ ਰਾਤ।

(ਗੀਤਕਾਰ : ਸਾਹਿਰ ਲੁਧਿਆਣਵੀ : ਸੰਗੀਤ : ਰੋਸ਼ਨ,
ਗਾਇਕ : ਮੁਹੰਮਦ ਰਫੀ/ਲਤਾ ਮੰਗੇਸ਼ਕਰ, ਫਿਲਮ ਬਰਸਾਤ ਕੀ ਰਾਤ 1960)

ਕਾਹਨੂੰ ਵੇ ਪਿਪਲਾ ਖੜ ਖੜ ਲਾਈਆਂ
ਵੇਖ ਛਰਾਟੇ ਸੌਣ ਦੇ
ਅਜੇ ਜੁਆਨੀ ਓਦਰੀ ਓਦਰੀ
ਸਜਣਾ ਨੂੰ ਘਰ ਆਉਣ ਦੇ। (ਗੀਤਕਾਰ : ਨੰਦ ਲਾਲ ਨੂਰਪੁਰੀ)
ਸੌਣ ਦਾ ਮਹੀਨਾ ਪੈਂਦੀ ਠੰਡੀ ਜਹੀ ਫੁਹਾਰ ਨੀ।
ਹੋਰ ਗੂੜ੍ਹਾ ਹੋਇਆ ਸਾਡੇ ਨੈਣਾਂ ਦਾ ਖੁਮਾਰ ਨੀ।
ਠਲ੍ਹਿਆ ਨਾ ਜਾਵੇ ਸਾਡੇ ਹਾਸਿਆਂ ਦਾ ਸ਼ੋਰ ਨੀ।
ਮਾਹੀ ਘਰ ਆਇਆ ਰਾਤਾਂ ਹੋਰ ਦੀਆਂ ਹੋਰ ਨੀ।
ਮਾਹੀ ਮੇਰਾ ਚੰਦ ਤੇ ਮੈਂ ਬਣ ਗਈ ਚਕੋਰ ਨੀ।

(ਗੀਤਕਾਰ : ਨੰਦ ਲਾਲ ਨੂਰਪੁਰੀ)

ਮੈਨੂੰ ਯਾਦ ਹੈ ਜਦੋਂ ਛੋਟਾ ਹੁੰਦਾ ਸੀ ਤਾਂ ਬਹੁਤ ਗਰਮੀ ਤੋਂ ਬਾਅਦ ਬੱਚਿਆਂ ਨੇ ਛੋਟੇ ਹੁੰਦੇ ਪਿੰਡ ਵਿਚ ਇਸ ਤਰ੍ਹਾਂ ਗਾਉਣਾ :

ਰੱਬਾ ਰੱਬਾ ਮੀਂਹ ਵਰ੍ਹਾ। ਸਾਡੀ ਕੋਠੀ ਦਾਣੇ ਪਾ।

ਇਸੇ ਤਰ੍ਹਾਂ ਹੀ ਜੇ ਕਿਸੇ ਜਗ੍ਹਾ ਕਾਲ ਪੈ ਜਾਵੇ, ਔੜ ਲੱਗ ਜਾਵੇ ਤਾਂ ਜੇ ਬਾਰਸ਼ ਹੋਣ ਨਾਲ ਨਦੀਆਂ ਨਾਲੇ ਭਰ ਕੇ ਚਲਣ ਲੱਗ ਪੈਣ ਤਾਂ ਕਾਲ ਮੁੱਕ ਜਾਂਦੇ ਹਨ ਤੇ ਮਿੱਠੇ ਬੋਲ ਬੋਲਣ ਨਾਲ ਪਿਆਰ ਦਾ ਰਿਸ਼ਤਾ ਬਣ ਜਾਂਦਾ ਹੈ। ਫ਼ੁਰਮਾਨ ਹੈ :

ਕਾਲਾ ਗੰਢੁ ਨਦੀਆ ਮੀਹ ਝੋਲ ॥ ਗੰਢੁ ਪਰੀਤੀ ਮਿਠੇ ਬੋਲ ॥

(ਅੰਗ ੧੪੩)

ਇਸ ਧਰਤੀ ਉੱਪਰ ਕਈ ਜਗ੍ਹਾ ਹਨ ਜਿੱਥੇ ਕਿ ਬਹੁਤ ਘੱਟ ਵਰਖਾ ਹੁੰਦੀ ਹੈ ਪਰ

ਇੱਥੇ ਦੋ ਕੁ ਨਾਮ ਦਿੱਤੇ ਜਾ ਰਹੇ ਹਨ ਜਿੱਥੇ ਕਈ ਵਾਰ ਦਹਾਕਿਆਂ ਵਿਚ ਮਾਪਣ ਜੋਗ ਵਰਖਾ ਹੁੰਦੀ ਹੀ ਨਹੀਂ। ਇਕ ਤਾਂ ਹੈ ਆਟਾਕਾਮਾ ਰੇਗਿਸਤਾਨ Atacama Desert ਜੋ ਉਤਰ ਚਿਲੀ Chile ਤੇ ਦੱਖਣੀ ਪੀਰੂ Peru ਦੇਸ਼ਾਂ ਵਿਖੇ ਹੈ ਤੇ ਦੂਜੀ ਹੈ ਮਕਮੁਰਡੋ ਦੀਆਂ ਸੁੱਕੀਆਂ ਘਾਟੀਆਂ McMurdo Dry Valleys ਜੋ ਅਟਾਂਰਕਟਿਕਾ ਵਿਖੇ ਹੈ।

ਜਦੋਂ ਮੀਂਹ ਨਾ ਪਵੇ ਤਾਂ ਕਿਸਾਨਾਂ 'ਤੇ ਬਹੁਤ ਔਖਾ ਸਮਾਂ ਆ ਜਾਂਦਾ ਹੈ, ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਪਾਣੀ ਤੋਂ ਬਿਨਾਂ ਖੇਤੀ ਸੁੱਕ ਜਾਵੇਗੀ ਅਤੇ ਪੈਸੇ ਨਹੀਂ ਬਣ ਸਕਣਗੇ। ਫ਼ੁਰਮਾਨ ਹੈ :

ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥ (ਅੰਗ ੧੩੩)

ਕੁਝ ਸਮਾਂ ਪਹਿਲਾਂ ਜਦੋਂ ਕੁਝ ਮਹੀਨੇ ਪੰਜਾਬ ਵਿਚ ਬਾਰਸ਼ ਨਾ ਹੋਈ ਤਾਂ ਕਿਸਾਨਾਂ ਨੇ ਬਹੁਤ ਤਰ੍ਹਾਂ ਦੇ ਤਰਲੇ ਰੱਬ ਅੱਗੇ ਕੀਤੇ, ਖੇਤਾਂ ਵਿਚ ਜਾ ਕੇ ਅਰਦਾਸਾਂ ਕਰਵਾਈਆਂ ਅਤੇ ਪੂਜਾ-ਪਾਠ ਕਰਵਾਇਆ।

ਅਕਾਲੀ ਮੋਰਚਾ ਫਤਹਿ ਹੋਣ ਉਪਰੰਤ ਇੱਕ ਸੌ ਇੱਕ ਅਖੰਡ ਪਾਠਾਂ ਦੇ ਭੋਗ ਸਮੇਂ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੂੰ ਗੰਗਸਰ ਜੈਤੋ ਬੁਲਾਇਆ ਗਿਆ। ਇਕ ਦਿਨ ਸਜੇ ਦੀਵਾਨ ਵਿਚ ਸੰਗਤ ਨੇ ਆਪ ਜੀ ਪਾਸ ਬੇਨਤੀ ਕੀਤੀ ਕਿ ਇਸ ਸਾਲ ਪਾਣੀ ਦੀ ਬਹੁਤ ਤੰਗੀ ਹੋ ਰਹੀ ਹੈ, ਆਪ ਜੀ ਕੁਝ ਕ੍ਰਿਪਾ ਕਰੋ। ਸੰਤ ਜੀ ਨੇ ਉਸ ਸਮੇਂ ਸੰਗਤ ਨੂੰ ਨਾਲ ਪੜ੍ਹਾ ਕੇ ਇਹ ਸ਼ਬਦ ਗਾਇਣ ਕੀਤਾ : **ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ॥** (ਅੰਗ ੧੨੮੫) ਬਹੁਤ ਵਰਖਾ ਹੋਈ।

ਅਫਰੀਕਾ ਦੇ ਕਈ ਦੇਸ਼ਾਂ ਵਿਚ ਜਿੱਥੇ ਵਰਖਾ ਬੜੀ ਘੱਟ ਹੁੰਦੀ ਹੈ, ਉਥੇ ਭੁੱਖਮਰੀ ਆਦਿਕ ਬਹੁਤ ਵੱਧ ਜਾਂਦੀ ਹੈ ਅਤੇ ਨਾਗਰਿਕਾਂ ਦੀ ਹਾਲਤ ਬੜੀ ਤਰਸਯੋਗ ਹੋ ਜਾਂਦੀ ਹੈ। ਪਾਣੀ ਦੀ ਕਦਰ ਉਹ ਹੀ ਜਾਣਦੇ ਹਨ, ਜਿਨ੍ਹਾਂ ਨੂੰ ਜਾਂ ਜਿੱਥੇ ਇਸ ਦੀ ਕਮੀ ਹੈ। ਭਗਤ ਨਾਮਦੇਵ ਜੀ ਵੀ ਐਸਾ ਜ਼ਿਕਰ ਕਰਦੇ ਹਨ :

ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ॥ (ਅੰਗ ੬੯੩)

ਇਸ ਧਰਤੀ ਉੱਪਰ ਸਭ ਤੋਂ ਵਧ ਵਰਖਾ ਹੋਣ ਦੀ ਥਾਂ ਭਾਰਤ ਵਿਖੇ ਹੈ ਜੋ ਕਿ ਮੇਘਾਲਿਆ ਪ੍ਰਾਂਤ ਦੇ ਪੂਰਬੀ ਖਾਸੀ ਪਹਾੜੀਆਂ East Khasi Hills ਜ਼ਿਲ੍ਹੇ ਦੇ ਸ਼ਹਿਰ ਮਾਅਸੀਨਰਾਮ Mawsynram ਹੈ ਜੋ ਕਿ ਸ਼ਲੋਂਗ ਤੋਂ ਤਕਰੀਬਨ 60 ਕੁ ਕਿਲੋਮੀਟਰ ਹੈ। ਗਿਨੀਸ ਬੁਕ ਆਫ ਵਰਲਡ ਰੀਕਾਰਡਜ਼ Guinness Book of World Records ਵਿਚ ਦਰਜ ਹੈ ਕਿ 1985 ਵਿਖੇ ਇੱਥੇ 26,000 ਮਿਲੀਮੀਟਰ (ਇਕ ਹਜ਼ਾਰ ਇੰਚ) ਵਰਖਾ ਹੋਈ। ਇੱਥੇ ਬਹੁਤ ਵਰਖਾ ਹੁੰਦੀ ਰਹਿੰਦੀ ਹੈ। ਇਹ ਤਕਰੀਬਨ 4600 ਫੁਟ ਉਚਾਈ 'ਤੇ ਹੈ। ਕੋਲੰਬੀਆ Colombia ਦੇਸ਼ ਵਿਚ ਵੀ ਦੋ ਜਗ੍ਹਾ ਹਨ ਜਿੱਥੇ ਬਹੁਤ ਵਰਖਾ ਹੁੰਦੀ ਹੈ Lloro ਲਲੋਰੋ ਤੇ ਲੋਪਜ਼-ਡੀ ਮਿਕੇ Lopez de Micay ਇੱਥੇ ਵੀ ਮਾਅਸੀਨਰਾਮ ਵਾਂਗੂੰ

ਤਕਰੀਬਨ ਰੋਜ਼ ਹੀ ਵਰਖਾ ਹੁੰਦੀ ਰਹਿੰਦੀ ਹੈ।

ਜਿਵੇਂ ਮੌਸਮ ਅਨੁਸਾਰ ਰੁੱਤ ਅਨੁਸਾਰ ਮੀਂਹ ਵਰ੍ਹੇ ਤਾਂ ਸਾਧਾਰਣ ਤੌਰ 'ਤੇ ਸਭ ਨੂੰ ਇਸ ਦੀ ਮੁਸ਼ਕਲ ਦਾ ਵੀ ਪਤਾ ਹੀ ਹੁੰਦਾ ਹੈ ਤੇ ਸਭ ਇਸ ਲਈ ਤਿਆਰ ਹੁੰਦੇ ਹਨ ਪਰ ਜੇ ਕਿਤੇ ਕੁਰੁੱਤਾ ਮੀਂਹ ਪੈ ਜਾਵੇ ਤਾਂ ਬਹੁਤ ਨੁਕਸਾਨ ਕਰ ਜਾਂਦਾ ਹੈ। ਭਾਈ ਗੁਰਦਾਸ ਜੀ 33ਵੀਂ ਵਾਰ ਦੀ 10ਵੀਂ ਪਉੜੀ ਵਿਚ ਬਿਆਨਦੇ ਹਨ :

ਜੰਮੀ ਸ਼ਾਖ ਉਜਾੜਦਾ ਗੜਿਆਂ ਸੇਤੀ ਮੀਂਹ ਕੁਰੁੱਤਾ।
ਦੁਖੀਆ ਦੁਸ਼ਟ ਦੁਬਾਜਰਾ ਖੱਟਰ ਬਲਦ ਜਿਵੇਂ ਹਲ ਜੁੱਤਾ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਟੋਡੀ ਰਾਗ ਵਿਚ ਫ਼ੁਰਮਾਉਂਦੇ ਹਨ ਕਿ ਪ੍ਰਭੂ ਦੇ ਭਜਨ ਤੋਂ ਬਿਨ੍ਹਾਂ ਤਾਂ ਮਾਇਆ ਧੋਖਾ ਹੀ ਹੈ ਜਿਵੇਂ ਕੋਈ ਬੱਦਲਾਂ ਦੀ ਛਾਂ ਹੇਠਾਂ ਬੈਠਣਾ ਜਾਂ ਕੱਖਾਂ ਦੀ ਅੱਗ ਤੇ ਹੜ੍ਹ ਦਾ ਪਾਣੀ, ਇਹ ਸਭ ਬਹੁਤ ਹੀ ਜਲਦੀ ਖ਼ਤਮ ਹੋ ਜਾਂਦੇ ਹਨ। ਫ਼ੁਰਮਾਨ ਹੈ:

ਮਾਈ ਮਾਇਆ ਛਲੁ॥
ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ॥
(ਅੰਗ ੭੧੭)

ਵਰਖਾ ਦੀ ਰੁੱਤ ਵਿਖੇ ਰੱਖੜੀ, ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਤੇ ਗਨੇਸ਼ ਚਤੁਰਥੀ ਤਿਉਹਾਰ ਮਨਾਏ ਜਾਂਦੇ ਹਨ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਵੀ ਵਰਖਾ ਰੁੱਤ ਦਾ ਹੈ। ਵਰਖਾ ਰੁੱਤ ਦਾ ਪਾਣੀ ਵੀ ਸਾਨੂੰ ਉਪਦੇਸ਼ ਦਿੰਦਾ ਹੈ ਜਿਵੇਂ ਮੀਂਹ ਦਾ ਪਾਣੀ ਉੱਚੇ ਟਿਬਿਆਂ ਉੱਪਰ ਨਹੀਂ ਟਿਕਦਾ ਤੇ ਨਿਮਾਣ ਵੱਲ ਨੂੰ ਚਲੇ ਜਾਂਦਾ ਹੈ। ਹੇ ਭਾਈ ! ਤੂੰ ਵੀ ਨਿਮਰਤਾ ਧਾਰਨ ਕਰ। ਪਰ ਇਕ ਗੱਲ ਪੱਕੀ ਤਰ੍ਹਾਂ ਸਮਝ ਲਈਏ ਕਿ ਸਭ ਕੁਝ ਪ੍ਰਭੂ ਜੀ ਦੇ ਹੱਥ ਵਿਚ ਹੈ। ਗੁਰਬਾਣੀ ਵਿਚ ਫ਼ੁਰਮਾਨ ਹੈ ਕਿ ਪ੍ਰਭੂ ਜੀ ਦੇ ਹੱਥ ਨਾਲ ਇਸ਼ਾਰਾ ਕਰਨ ਦੇ ਨਾਲ ਹੀ ਵਰਖਾ ਹੁੰਦੀ ਹੈ। ਫ਼ੁਰਮਾਨ ਹੈ :

ਹਰਿ ਦਾਤੈ ਦਾਤਾਰਿ ਹਥੁ ਕਢਿਆ ਮੀਹੁ ਵੁਠਾ ਸੈਸਾਰੇ॥ (ਅੰਗ ੧੩੧੮)

ਹੁਣ ਪਹਿਲਾਂ ਰੱਖੜੀ ਬਾਰੇ ਵਿਚਾਰ ਕੀਤੀ ਜਾਵੇਗੀ : ਕਈ ਇਸ ਨੂੰ ਬਹੁਤ ਪੁਰਾਤਨ ਵਾਰਤਾ ਨਾਲ ਵੀ ਜੋੜਦੇ ਹਨ ਕਿ ਜਦੋਂ ਕਿ ਸ੍ਰੀ ਕ੍ਰਿਸ਼ਨ ਜੀ ਨੇ ਜਦੋਂ ਸ਼ਿਸ਼ੂਪਾਲ ਨੂੰ ਮਾਰਨ ਲਈ ਸੁਦਰਸ਼ਨ ਚੱਕਰ ਉਸ ਵੱਲ ਨੂੰ ਵਗਾਹ ਕੇ ਮਾਰਿਆ ਤਾਂ ਉਨ੍ਹਾਂ ਦੀ ਪਹਿਲੀ ਉਂਗਲੀ 'ਤੇ ਚੋਟ ਆ ਗਈ ਤੇ ਖ਼ੂਨ ਸਿੰਮ ਪਿਆ ਤਾਂ ਦਰੋਪਦੀ ਨੇ ਉਸੇ ਸਮੇਂ ਆਪਣੀ ਸਾੜ੍ਹੀ ਤੋਂ ਕੁਝ ਕੱਪੜਾ ਫਾੜ ਕੇ ਸ੍ਰੀ ਕ੍ਰਿਸ਼ਨ ਜੀ ਦੀ ਉਂਗਲੀ ਹੱਥ ਉੱਪਰ ਬੰਨ੍ਹ ਦਿੱਤਾ। ਸ੍ਰੀ ਕ੍ਰਿਸ਼ਨ ਜੀ ਨੇ ਆਖਿਆ ਕਿ ਮੈਂ ਤੇਰਾ ਰਿਣੀ (ਕਰਜ਼ਦਾਰ) ਹੋ ਗਿਆ ਹਾਂ। ਸ੍ਰੀ ਕ੍ਰਿਸ਼ਨ ਜੀ ਨੇ ਉਸ ਥੋੜ੍ਹੇ ਜਿਹੇ ਕੱਪੜੇ ਦੀ ਲੀਰ ਦਾ ਸਦਕਾ ਬੇਅੰਤ ਕੱਪੜੇ ਬਖ਼ਸ਼ਿਸ਼ ਕਰ ਦਿੱਤੇ। ਸ੍ਰੀ ਕ੍ਰਿਸ਼ਨ ਜੀ ਨੇ ਉਸ ਦੀ ਰੱਖਿਆ ਕੀਤੀ ਜਦੋਂ ਕੌਰਵਾਂ ਦੀ ਸਭਾ ਵਿਚ ਦਰੋਪਦੀ ਨੂੰ ਬਸਤਰ-ਹੀਨ

ਕਰਨ ਦੀ ਕੋਸ਼ਿਸ਼ ਕੀਤੀ।

ਸਿੱਖ ਪਰੰਪਰਾ ਵਿਚ ਵੀ ਇਸ ਨੂੰ ਦੇਖਣ ਦੀ ਕੋਸ਼ਿਸ਼ ਕਰਾਂਗੇ, ਪਰ ਹਰੇਕ ਵਿਅਕਤੀ ਦਾ ਆਪਣਾ ਆਪਣਾ ਦ੍ਰਿਸ਼ਟੀਕੋਨ ਹੁੰਦਾ ਹੈ, ਕਿਸੇ ਤਿਉਹਾਰ ਜਾਂ ਇਤਿਹਾਸਿਕ ਘਟਨਾ ਸਬੰਧੀ, ਇਹ ਮੇਰੇ ਵਿਚਾਰ ਹਨ ਪਰ ਮੈਂ ਕਿਸੇ ਦੇ ਉੱਪਰ ਇਨ੍ਹਾਂ ਨੂੰ ਠੋਸ ਨਹੀਂ ਰਿਹਾ। ਪਰ ਇਸ ਤਿਉਹਾਰ ਨੂੰ ਵੱਡੀ ਪੱਧਰ 'ਤੇ ਲਾਗੂ ਕਰਨ ਤੇ ਮਸ਼ਹੂਰ ਕਰਨ ਲਈ ਰਬਿੰਦਰ ਨਾਥ ਟੈਗੋਰ ਦਾ ਬਹੁਤ ਯੋਗਦਾਨ ਹੈ। ਉਨ੍ਹਾਂ ਨੇ 1905 ਵਿਚ ਜਦੋਂ ਬੰਗਾਲ ਦਾ ਬਟਵਾਰਾ ਹੋਇਆ ਤਾਂ ਉਨ੍ਹਾਂ ਨੇ ਹਿੰਦੂ ਤੇ ਮੁਸਲਿਮ ਔਰਤਾਂ ਨੂੰ ਦੂਜੇ ਭਾਈਚਾਰੇ ਦੇ ਮਰਦਾਂ ਨੂੰ ਰਾਖੀ ਬੰਨ੍ਹ ਕੇ ਭਰਾ ਬਣਾਉਣ ਲਈ ਉਤਸ਼ਾਹਿਤ ਕੀਤਾ।

ਭੈਣ ਭਰਾ ਦਾ ਰਿਸ਼ਤਾ ਸਾਡੇ ਸਮਾਜ ਵਿਚ ਬਹੁਤ ਹੀ ਨਿੱਘਾ ਪਿਆਰਾ, ਨਾ ਟੁੱਟਣ ਵਾਲਾ ਤੇ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਭੈਣਾਂ 'ਤੇ ਜਦੋਂ ਵੀ ਕੋਈ ਮੁਸ਼ਕਲ ਔਕੜ ਆਉਂਦੀ ਹੈ ਤਾਂ ਭਰਾ ਉਸੇ ਵੇਲੇ ਸਹਾਇਤਾ ਕਰਦਾ ਹੈ। ਖ਼ਾਸ ਤਿਉਹਾਰਾਂ ਦੀਵਾਲੀ, ਲੋਹੜੀ, ਵਿਸਾਖੀ ਤੇ ਰੱਖੜੀ ਦੇ ਮੌਕਿਆਂ 'ਤੇ ਭਰਾ ਭੈਣਾਂ ਨੂੰ ਮਿਲਦੇ ਹਨ। ਭਰਾ ਭੈਣਾਂ ਨੂੰ ਸੁਗਾਤਾਂ, ਮਠਿਆਈਆਂ ਭੇਟ ਕਰਦੇ ਹਨ। ਭੈਣਾਂ ਪ੍ਰਮਾਤਮਾ ਅੱਗੇ ਅਰਦਾਸ ਕਰਦੀਆਂ ਹਨ—ਹੇ ਪ੍ਰਭੂ ਜੀ ! ਜਿਸ ਤਰ੍ਹਾਂ ਭਰਾ ਮੇਰੀ ਰੱਖਿਆ ਤੇ ਸਹਾਇਤਾ ਕਰਦਾ ਹੈ ਤੁਸੀਂ ਮੇਰੇ ਭਰਾ ਦੀ ਰੱਖਿਆ ਕਰੋ ਜੀ।

ਹਰਿ ਜੀਉ ਤੂ ਸੁਖ ਸੰਪਤਿ ਰਾਸਿ ॥
ਰਾਖਿ ਲੈਹੁ ਭਾਈ ਮੇਰੇ ਕਉ ਪ੍ਰਭ ਆਗੈ ਅਰਦਾਸਿ ॥ ਰਹਾਉ ॥

(ਅੰਗ ੬੧੯)

ਰਾਖੀ, ਰੱਖੜੀ ਆਮ ਤੌਰ 'ਤੇ ਸੱਜੇ ਗੁੱਟ 'ਤੇ ਬੰਨ੍ਹੀ ਜਾਂਦੀ ਹੈ। ਇਹ ਇਕ ਕਿਸਮ ਦਾ ਵਾਅਦਾ ਜਾਂ ਬੰਧਨ ਹੋ ਜਾਂਦਾ ਹੈ ਕਿ ਰੱਖੜੀ ਬਧਾਉਣ ਵਾਲਾ ਬੰਨ੍ਹਣ ਵਾਲੀ ਦੀ ਰੱਖਿਆ ਲਈ ਵਚਨਬੱਧ ਹੈ। ਪਿਛੋਕੜ ਜਿੰਨਾ ਕੁ ਪੜ੍ਹਨ ਵਿਚ ਅਤੇ ਸਮਝ ਵਿਚ ਆਉਂਦਾ ਹੈ ਕਿ ਮੁਗਲਾਂ ਦੇ ਹਮਲਿਆਂ ਵੇਲੇ ਜਦੋਂ ਹਿੰਦਵਾਣੀਆਂ ਨੂੰ ਮੁਗਲ ਉਠਾ ਕੇ ਲੈ ਜਾਂਦੇ ਸਨ, ਭੈਣਾਂ ਪਹਿਲਾਂ ਹੀ ਭਰਾ ਦੇ ਗੁੱਟ 'ਤੇ ਧਾਗਾ ਬੰਨ੍ਹ ਕੇ ਬਚਨ ਲੈ ਲੈਂਦੀਆਂ ਸਨ ਕਿ ਔਖੇ ਵੇਲੇ ਸਾਡੀ ਰੱਖਿਆ ਕਰਨੀ ਭਾਵੇਂ ਮੌਕੇ 'ਤੇ ਬਹੁਤ ਘੱਟ ਭਰਾ ਮੈਦਾਨ ਵਿਚ ਨਿਤਰਦੇ ਸਨ। ਪਰ ਦਸਵੇਂ ਸਤਿਗੁਰਾਂ ਦਾ ਸਾਜਿਆ ਅੰਮ੍ਰਿਤਧਾਰੀ ਖ਼ਾਲਸਾ ਤਾਂ ਆਪਣੀ ਪਤਨੀ ਤੋਂ ਇਲਾਵਾ ਸਭ ਨੂੰ ਭੈਣਾਂ ਹੀ ਸਮਝਦਾ ਤੇ ਇਤਿਹਾਸ ਵਿਚ ਅੰਕਿਤ ਹੈ ਕਿ ਖ਼ਾਲਸਾ ਆਪਣਾ ਖਾਣਾ ਪੀਣਾ ਛੱਡ ਕੇ ਵੀ ਪਹਿਲਾਂ ਮਜ਼ਲੂਮ ਭੈਣਾਂ ਨੂੰ ਮੁਗਲਾਂ ਦੇ ਪੰਜੇ ਛਿਕੰਜੇ ਵਿਚੋਂ ਛੁਡਵਾ ਕੇ ਘਰ-ਘਰ ਪਹੁੰਚਾਉਂਦਾ ਬਾਅਦ ਵਿਚ ਲੰਗਰ ਛਕਦਾ। ਵਿਆਹ ਦੇ ਸਮੇਂ ਬਰਾਤਾਂ ਜ਼ਿਆਦਾ ਲੈਣ ਦਾ ਰਿਵਾਜ ਵੀ ਉਦੋਂ ਤੋਂ ਜ਼ਿਆਦਾ ਪਕਿਆਈ ਵਿਚ ਆਇਆ ਸੁਰੱਖਿਆ ਦੇ ਮਸਲੇ ਨੂੰ ਧਿਆਨ ਵਿਚ ਰੱਖਦੇ, ਇਹ ਜ਼ਰੂਰੀ

ਸਮਝਿਆ ਜਾਂਦਾ ਸੀ ਕਿ ਜ਼ਿਆਦਾ ਮਰਦਾਂ ਦਾ ਕਾਫਲਾ ਦੇਖ ਕੇ ਮੁਗਲ ਹਮਲਾ ਨਹੀਂ ਕਰਨਗੇ। ਮਾਲ, ਸਮਾਨ ਤੇ ਡੋਲੀ ਦੇ ਬਚਾਓ ਦਾ ਇਹ ਇਕ ਤਰੀਕਾ ਸੀ। ਹਿੰਦੂਆਂ ਦੇ ਰਾਤ ਵੇਲੇ ਵਿਆਹ ਕਰਨੇ ਵੀ ਉਸੇ ਸਮੇਂ ਦੀ ਰੀਤ ਹੀ ਜਾਪਦੀ ਹੈ।

ਰਾਖੀ ਧਾਗੋਂ ਕਾ ਤਿਉਹਾਰ
ਬੰਧਾ ਹੂਆ ਹੈ ਇਸ ਧਾਗੇ ਮੇ ਭਾਈ ਬਹਿਨ ਕਾ ਪਿਆਰ।

(ਗੀਤਕਾਰ : ਰਜਿੰਦਰ ਕ੍ਰਿਸ਼ਨ, ਸੰਗੀਤ : ਰਵੀ
ਗਾਇਕ : ਮੁਹੰਮਦ ਰਫੀ, ਫਿਲਮ : ਰਾਖੀ 1962)

ਕਈ ਅਸਮਝ ਲੋਕ ਪੀਰਾਂ ਫ਼ਕੀਰਾਂ ਤੋਂ ਵੀ ਰੱਖ ਵਗੈਰਾ ਬਣਵਾ ਕੇ ਹੱਥ ਨੂੰ ਗਾਨਾ ਵਗੈਰਾ ਬੰਨ੍ਹਦੇ ਹਨ ਜਾਂ ਤਬੀਤ ਵਗੈਰਾ ਪਾਉਂਦੇ ਹਨ। ਪੰਜਵੇਂ ਪਾਤਸ਼ਾਹ ਸਾਨੂੰ ਭੈਰਉ ਰਾਗ ਵਿਚ ਦਰਸਾਉਂਦੇ ਹਨ ਕਿ ਹੇ ਮਨੁੱਖ ! ਜੇ ਤੂੰ ਮੰਨ ਲਵੇਂ ਕਿ ਸਿਰਫ਼ ਇਕ ਮਾਲਕ ਹੀ ਸਾਡਾ ਰਾਖਾ ਹੈ ਫਿਰ ਤਾਂ ਉਠਦਿਆਂ, ਬੈਠਦਿਆਂ, ਸੁੱਤਿਆਂ, ਜਾਗਦਿਆਂ ਗੁਰਮੰਤਰ ਦ੍ਰਿੜ੍ਹਤਾ ਨਾਲ ਚੇਤੇ ਕਰ, ਤੈਨੂੰ ਕੋਈ ਦੁੱਖ, ਡਰ ਨਹੀਂ ਲੱਗੇਗਾ।

ਊਠਤ ਸੁਖੀਆ ਬੈਠਤ ਸੁਖੀਆ ॥
ਭਉ ਨਹੀ ਲਾਗੈ ਜਾਂ ਐਸੇ ਬੁਝੀਆ ॥ ੧ ॥
ਰਾਖਾ ਏਕੁ ਹਮਾਰਾ ਸੁਆਮੀ ॥
ਸਗਲ ਘਟਾ ਕਾ ਅੰਤਰਜਾਮੀ ॥ ੧ ॥ ਰਹਾਉ ॥
ਸੋਇ ਅਚਿੰਤਾ ਜਾਗਿ ਅਚਿੰਤਾ ॥
ਜਹਾ ਕਹਾਂ ਪ੍ਰਭੁ ਤੂੰ ਵਰਤੰਤਾ ॥ ੨ ॥
ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ ॥
ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥ ੩ ॥ (ਅੰਗ ੧੧੩੬)

ਇਸੇ ਤਰ੍ਹਾਂ ਹੀ ਦਸਵੇਂ ਪਾਤਸ਼ਾਹ ਜੀ ਨੇ ਸਾਨੂੰ ਸੱਜੇ ਹੱਥ ਵਿਚ ਸਰਬਲੋਹ ਦਾ ਕੜਾ ਬਖ਼ਸ਼ਿਆ ਹੈ ਸਾਡੀ ਰੱਖਿਆ ਲਈ। ਜਿਸ ਹਿਰਦੇ ਵਿਚ ਵਾਹਿਗੁਰੂ ਦਾ ਨਾਮ ਤੇ ਹੱਥ ਵਿਚ ਲੋਹੇ ਦਾ ਕੜਾ ਹੋਵੇ ਉਸ 'ਤੇ ਕੋਈ ਭੂਤ ਪ੍ਰੇਤ ਸਿੱਧਾ ਅਸਰ ਨਹੀਂ ਕਰ ਸਕਦਾ। ਇਸੇ ਤਰ੍ਹਾਂ ਹੀ ਬਾਕੀ ਕਕਾਰ ਵੀ ਸਾਡੀ ਰੱਖਿਆ ਲਈ ਹਨ। ਕੇਸ ਪ੍ਰਮਾਤਮਾ ਤੱਕ ਪਹੁੰਚਣ ਲਈ ਏਰੀਅਲ ਕੁਨੈਕਸ਼ਨ ਦਾ ਕੰਮ ਕਰਦੇ ਹਨ। ਕੰਘਾ ਸਫਾਈ ਤੇ ਦਿਮਾਗ ਨੂੰ ਚੁਸਤੀ ਦਾ ਕੰਮ ਕਰਦਾ ਹੈ। ਇਹ ਸਾਇੰਟਿਫਿਕ ਤੌਰ 'ਤੇ ਮੰਨ ਲਿਆ ਗਿਆ ਹੈ ਕਿ ਲਕੜੀ ਦਾ ਕੰਘਾ ਸਿਰ ਵਿਚ ਸਫਾਈ ਲਈ ਉੱਤਮ ਹੈ। ਇਸ ਨਾਲ ਦਿਮਾਗ ਵਿਚ ਬਿਜਲਈ ਤਰੰਗਾਂ ਉਤਪੰਨ ਹੁੰਦੀਆਂ ਹਨ। ਕ੍ਰਿਪਾਨ ਆਪਣੀ ਸੁਰੱਖਿਆ, ਮਜ਼ਲੂਮ ਦੀ ਹਿਫਾਜ਼ਤ, ਬੀਰਤਾ ਦੀ ਲਗਾਤਾਰ ਯਾਦ ਦਿਵਾਉਣ ਲਈ ਹੈ। ਕਛਹਿਰਾ ਜਤ ਰੱਖਣ ਲਈ ਯਾਦ ਦਿਲਾਉਂਦਾ ਹੈ ਤੇ ਨੰਗੇਜ ਕੱਜਦਾ ਹੈ। ਕੜਾ ਗੁਰੂ ਸਾਹਿਬ ਵਲੋਂ ਸਿੱਖ ਨੂੰ ਹੱਥਕੜੀ ਲਾਈ ਹੋਈ ਹੈ ਕਿ

ਹੇ ਸਿੱਖਾ ਤੂੰ ਹੱਥ ਨਾਲ ਕੋਈ ਗ਼ਲਤ ਕੰਮ ਨਹੀਂ ਕਰਨਾ। ਇਨ੍ਹਾਂ ਕਕਾਰਾਂ ਦੇ ਬਾਰੇ ਬਹੁਤ ਵਿਸਥਾਰ ਨਾਲ ਲਿਖਿਆ ਜਾ ਸਕਦਾ ਹੈ ਪਰ ਇੱਥੇ ਹੀ ਸੰਕੋਚ ਕੀਤਾ ਜਾਂਦਾ ਹੈ। ਜ਼ਿਆਦਾ ਜਾਣਕਾਰੀ ਲਈ ਪੜ੍ਹੋ ਮੇਰੀ ਪੁਸਤਕ ਪੰਜ ਕਕਾਰ ਜੋ ਪੰਜਾਬੀ, ਹਿੰਦੀ ਅਤੇ ਅੰਗ੍ਰੇਜ਼ੀ ਵਿਚ ਉਪਲਬਧ ਹੈ, ਤੇ ਆਪ ਜੀ ਨੂੰ ਭੇਜੀ ਵੀ ਜਾ ਸਕਦੀ ਹੈ।

ਰੱਖੜੀ ਰੱਖ+ੜੀ ਅੱਖਰ ਗੁਰਬਾਣੀ ਵਿਚ ਵੀ ਤੇ ਆਮ ਵਰਤੋਂ ਵਿਚ ਵੀ ਜ਼ਿਆਦਾ ਪਿਆਰ ਦੇ ਪ੍ਰਗਟਾਵੇ ਲਈ ਵਰਤਿਆ ਜਾਂਦਾ ਹੈ। ਜਿਵੇਂ ਮਾਤਾ ਬੱਚੇ ਨੂੰ ਬੱਚੜਾ ਤੇ ਮੁਖ ਨੂੰ ਮੁੱਖੜਾ ਪਿਆਰ ਨਾਲ ਪੁਕਾਰਦੀ ਹੈ। ਇਸੇ ਤਰ੍ਹਾਂ ਹੀ ਗੁਰਬਾਣੀ ਵਿਚ ਗੁਰਸਿੱਖ ਨੂੰ ਪਿਆਰ ਨਾਲ ਗੁਰਸਿਖੜਾ ਕਿਹਾ ਗਿਆ ਹੈ।

ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥

(ਅੰਗ ੭੬੩)

ਕੁਝ ਸਮਾਂ ਪਹਿਲਾਂ ਤਾਂ ਬਹੁਤ ਸਾਦੇ ਜਿਹੇ ਧਾਗੇ ਭੈਣਾਂ ਭਰਾਵਾਂ ਦੇ ਬੰਨ੍ਹਦੀਆਂ ਸਨ। ਅੱਜ ਕੱਲ ਤਾਂ ਰੱਖੜੀਆਂ ਰੰਗ ਬਰੰਗੀਆਂ, ਕਾਰਡਾਂ ਸਮੇਤ, ਚੰਦਨ ਸਮੇਤ ਇਕ ਅੱਛਾ ਖਾਸਾ ਵਪਾਰ ਬਣ ਗਿਆ ਹੈ। ਭਰਾ ਭੈਣਾਂ ਨੂੰ ਸੂਟ ਜਾਂ ਪੈਸੇ ਜਾਂ ਦੋਨੋਂ ਤੇ ਅਮੀਰ ਭਰਾ ਭੈਣਾਂ ਨੂੰ ਗਹਿਣੇ ਵਗੈਰਾ ਵੀ ਇਸ ਮੌਕੇ 'ਤੇ ਦੇ ਦਿੰਦੇ ਹਨ। ਰੱਖੜੀ ਤੇ ਮਠਿਆਈਆਂ ਵੀ ਖ਼ੂਬ ਚਲਦੀਆਂ ਹਨ। ਭੈਣਾਂ ਰੱਖੜੀ ਬੰਨ੍ਹ ਕੇ ਭਰਾ ਦਾ ਮੂੰਹ ਮਿੱਠਾ ਕਰਵਾਉਂਦੀਆਂ ਹਨ। ਕਈ ਸੰਤ ਮਹਾਂਪੁਰਖ ਸੰਗਤਾਂ ਨੂੰ, ਬੀਬੀਆਂ ਨੂੰ ਸੂਟ ਵਗੈਰਾ, ਪੈਸੇ ਆਦਿ ਵੰਡਦੇ, ਬਖ਼ਸ਼ਦੇ ਹਨ। ਸੰਤ ਬਾਬਾ ਹਰਬੰਸ ਸਿੰਘ ਜੀ ਡੁਮੇਲੀ ਵਾਲੇ ਇਸ ਤਿਉਹਾਰ ਤੇ ਅਨੇਕਾਂ ਸੂਟ ਬੀਬੀਆਂ ਨੂੰ ਵਰਤਾਉਂਦੇ ਸਨ। ਅਜੋਕੇ ਸਮੇਂ ਵਿਚ ਵੀ ਬਹੁਤ ਸਾਰੇ ਸੰਤ, ਮਹਾਂਪੁਰਖ ਤੇ ਸੰਸਥਾਵਾਂ ਦੇ ਮੁਖੀ ਐਸਾ ਕਰਦੇ ਹਨ। ਇਹ ਐਸਾ ਪਿਆਰ ਭਰਿਆ ਤਿਉਹਾਰ ਹੈ ਕਿ ਐਸੇ ਵੀ ਚਿਤਰ ਮਿਲ ਜਾਂਦੇ ਹਨ ਜਿੱਥੇ ਕਿ ਚਿਤਰਕਾਰ ਨੇ ਬੇਬੇ ਨਾਨਕੀ ਜੀ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਗੁੱਟ 'ਤੇ ਰੱਖੜੀ ਸਜਾਉਦਿਆਂ ਦਿਖਾਇਆ ਹੈ। ਪੁਰਾਤਨ ਸਮਿਆਂ ਵਿਖੇ ਤਾਂ ਭਰਾ ਭੈਣ ਦੇ ਘਰ ਦਾ ਅੰਨ ਵੀ ਨਹੀਂ ਖਾਂਦੇ ਸਨ।

ਜਿਨ੍ਹਾਂ ਭੈਣਾਂ ਦਾ ਭਰਾ ਨਾ ਹੋਵੇ ਉਹ ਬਹੁਤ ਕਮੀ ਤੇ ਘਾਟ ਮਹਿਸੂਸ ਕਰਦੀਆਂ ਹਨ। ਕਈ ਵਾਰੀ ਮੂੰਹ ਬੋਲੇ ਭੈਣ ਭਰਾਵਾਂ ਦੇ ਗਿਸ਼ਤੇ ਬਣ ਜਾਂਦੇ ਹਨ ਤੇ ਪਿਆਰ ਨਾਲ ਨਿਭ ਜਾਂਦੇ ਹਨ। ਇਹ ਇਤਨਾ ਪਿਆਰਾ ਗਿਸ਼ਤਾ ਹੈ ਕਿ ਕਈ ਵਾਰੀ ਜੋ ਭੈਣ ਜਾਂ ਭਰਾ ਮਾਂ ਬਾਪ ਨੂੰ ਗੱਲ ਨਹੀਂ ਕਹਿ ਸਕਦੇ ਉਹ ਭਰਾ ਜਾਂ ਭੈਣ ਨਾਲ ਸਾਂਝੀ ਕਰ ਲੈਂਦੇ ਹਨ। ਵੱਡੀ ਉਮਰ ਦੇ ਭਰਾ ਨੂੰ ਭੈਣ ਆਦਰ ਸਤਿਕਾਰ ਦੇਂਦੀ ਹੈ ਪਿਤਾ ਦੀ ਤਰ੍ਹਾਂ ਜਦਕਿ ਬਹੁਤ ਛੋਟੀ ਉਮਰ ਦੇ ਭਰਾ ਨੂੰ ਬੱਚਿਆਂ ਵਾਂਗ ਪਾਲਦੀ ਵੀ ਹੈ। ਭਰਾ ਵਿਆਹੁਣ ਲਈ ਤੁਰਦਾ ਹੈ ਤਾਂ ਭੈਣਾਂ ਅੰਜੜੀ ਫੜਦੀਆਂ ਹਨ ਤੇ ਖ਼ੁਸ਼ੀ ਨਾਲ ਗੀਤ ਗਾਉਂਦੀਆਂ ਹਨ।

ਦੇਸਾ ਦਾ ਗਾਜਾ ਮੇਰਾ ਬਾਬੁਲ ਦਾ ਪਿਆਰਾ
ਅੰਬੜੀ ਦੇ ਦਿਲ ਦਾ ਸਹਾਰਾ, ਨੀ
ਵੀਰ ਮੇਰਾ ਘੋੜੀ ਚੜ੍ਹਿਆ
ਘੋੜੀ ਚੜ੍ਹਿਆ ਨੀ ਸਹੀਓ, ਘੋੜੀ ਚੜ੍ਹਿਆ।

ਖ਼ੁਸ਼ੀ ਦੇ ਮੌਕਿਆਂ 'ਤੇ ਭੈਣਾਂ ਭਰਾਵਾਂ ਨੂੰ ਯਾਦ ਕੀਤਾ ਜਾਂਦਾ ਹੈ, ਤਾਂ ਮਾਣ ਸਤਿਕਾਰ ਕੀਤਾ ਜਾਂਦਾ ਹੈ। ਭੈਣ ਦੇ ਬੱਚਿਆਂ ਦੇ ਵਿਆਹ ਸਮੇਂ ਭਰਾ ਨਾਨਕੀ-ਛੱਕ ਲੈ ਕੇ ਆਉਂਦੇ ਹਨ। ਚਾਚੇ ਤਾਇਆਂ ਦਾ ਪਿਆਰ ਝੂਠ ਗਿਣਿਆ ਜਾਂਦਾ ਹੈ।

ਛੱਕਾ ਪੂਰਦੇ ਅੰਮਾਂ ਦੇ ਜਾਏ
ਚਾਚੇ ਤਾਏ ਮਤਲਬ ਦੇ

ਐਸਾ ਵੀ ਇਕ ਬਜ਼ੁਰਗ ਤੋਂ ਸੁਣਿਆ ਹੈ ਕਿ ਜਦੋਂ ਸਿੰਘਾਂ ਦਾ ਦਿੱਲੀ 'ਤੇ ਕਬਜ਼ਾ ਹੋ ਗਿਆ ਸੀ ਤੇ ਹੁਕਮਰਾਨ ਜਾਂ ਨਵਾਬ ਦੀ ਬੇਗਮ ਨੇ ਮੁਖੀ ਸਰਦਾਰ ਸਿੰਘਾਂ ਦੇ ਰੱਖੜੀ ਬੰਨ੍ਹ ਦਿੱਤੀ ਤੇ ਸਿੰਘ ਸਰਦਾਰਾਂ ਨੇ ਜਿੱਤੀ ਹੋਈ ਦਿੱਲੀ ਬੇਪ੍ਰਵਾਹੀ ਨਾਲ ਵਾਪਸ ਕਰ ਦਿੱਤੀ ਇਹ ਕਹਿੰਦਿਆਂ ਕਿ ਦਿੱਲੀ, ਬਿੱਲੀ ਦਾ ਕੀ ਐ, ਜਦੋਂ ਮਰਜ਼ੀ ਮਾਰ ਲਵਾਂਗੇ। ਇਹ ਦੁਬਾਰਾ ਫਿਰ ਅੱਜ ਤੱਕ ਨਹੀਂ ਹੋ ਸਕਿਆ।

ਇਹ ਦੁਨਿਆਵੀ ਗਿਸ਼ਤੇ ਤੇ ਗਿਸ਼ਤੇਦਾਰ ਕਈ ਵਾਰੀ ਵਿਛੜ ਜਾਂਦੇ ਹਨ ਗੁਰਬਾਣੀ ਵਿਚ ਇਹ ਅੰਕਿਤ ਹੈ ਕਿ ਪੂਰਬਲੇ ਸੰਜੋਗਾਂ ਕਰਕੇ ਇਹ ਗਿਸ਼ਤੇਦਾਰ ਮਿਲੇ ਹਨ। ਅਖੀਰ ਵੇਲੇ ਕੋਈ ਸਹਾਇਤਾ ਨਹੀਂ ਕਰ ਸਕੇਗਾ ਤਾਂ ਤੇ ਤੂੰ ਉਸ ਅਕਾਲ ਪੁਰਖ ਨਾਲ ਹੀ ਗਿਸ਼ਤਾ ਜੋੜ, ਜਿਸ ਦਾ ਇਹ ਸਭ ਖੇਲ ਰਚਾਇਆ ਹੋਇਆ ਹੈ। ਮਾਝ ਰਾਗ ਦੇ ਇਸ ਸ਼ਬਦ ਵਿਚ ਰਹਾਉ ਦੀ ਟੇਕ ਨਹੀਂ ਹੈ। ਸੋ ਸਾਰੇ ਸ਼ਬਦ ਨੂੰ ਹੀ ਰਹਾਉ ਟੇਕ, ਸਮਝੋ :

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥
ਤੂੰ ਮੇਰਾ ਗਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥ ੧ ॥

(ਅੰਗ ੧੦੩)

ਇਸੇ ਤਰ੍ਹਾਂ ਹੀ ਹੋਰ ਕਈ ਸ਼ਬਦ ਹਨ ਜਿਨ੍ਹਾਂ ਨੂੰ ਅਸੀਂ ਗੱਖਿਆ ਦੇ ਸ਼ਬਦ ਆਖਦੇ ਹਾਂ, ਕਿਸੇ ਮੁਸ਼ਕਲ ਵੇਲੇ, ਦੁੱਖ ਵੇਲੇ ਤੇ ਗਾਤ ਵੇਲੇ ਇਨ੍ਹਾਂ ਸ਼ਬਦਾਂ ਦਾ ਪਾਠ ਕਰਦੇ ਹਾਂ, ਜਿਵੇਂ ਕਿ :

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥
ਚਉਗਿਰਦ ਹਮਾਰੈ ਗਮ ਕਾਰ ਦੁਖੁ ਲਗੈ ਨ ਭਾਈ ॥ ੧ ॥ (ਅੰਗ ੮੧੯)

ਸੀਤਾ ਜੀ ਦੇ ਜ਼ਿੱਦ ਕਰਨ ਤੇ ਜਦੋਂ ਲਛਮਣ ਗਮ ਚੰਦਰ ਜੀ ਨੂੰ ਦੇਖਣ ਜਾਣ ਲੱਗੇ ਤਾਂ ਉਨ੍ਹਾਂ ਨੇ ਇਕ ਲਕੀਰ ਵਾਹ ਦਿੱਤੀ ਦੁਆਲੇ, ਜਿਸ ਨੂੰ ਲਛਮਣ ਰੇਖਾ ਜਾਂ

ਰਾਮਕਾਰ ਵੀ ਕਿਹਾ ਜਾਂਦਾ ਹੈ ਤੇ ਆਦੇਸ਼ ਕੀਤਾ ਕਿ ਤੁਸੀਂ ਇਸ ਰੇਖਾ ਤੋਂ ਬਾਹਰ ਨਾ ਜਾਣਾ। ਰਾਵਣ ਨੇ ਧੋਖੇ ਨਾਲ ਸੀਤਾ ਜੀ ਨੂੰ ਬਾਹਰ ਸੱਦ ਲਿਆ ਤੇ ਸੀਤਾ ਹਰਨ ਹੋਇਆ।

ਸਤਿਗੁਰ ਨੇ ਵੀ ਸਾਡੇ ਵਾਸਤੇ ਹੱਦਾਂ ਕਾਇਮ ਕੀਤੀਆ ਹਨ ਕਿ ਹੇ ਸਿੱਖਾ ! ਤੂੰ ਇਹ ਰਹਿਤਾਂ ਕਾਇਮ ਰੱਖਣੀਆਂ ਹਨ ਤੇ ਇਨ੍ਹਾਂ ਕੁਰਹਿਤਾਂ ਤੋਂ ਬਚਣਾ ਹੈ ਤਾਂ ਹੀ ਅਸੀਂ ਤੇਰੀ ਬਾਂਹ ਫੜਾਂਗੇ।

ਇਤਿਹਾਸ ਵਿਚ ਆਉਂਦਾ ਹੈ ਕਿ ਮੱਝਾਂ ਡੰਗਰਾਂ ਦਾ ਵਪਾਰ ਕਰਨ ਵਾਲੇ ਇਕ ਸ਼ਰਧਾਲੂ ਸਿੱਖ ਨੇ ਸਤਿਗੁਰਾਂ ਪਾਸ ਬੇਨਤੀ ਕੀਤੀ ਕਿ 'ਪਾਤਸ਼ਾਹ ! ਰਾਤ ਨੂੰ ਬਹੁਤ ਸਾਵਧਾਨੀ ਵਰਤਦੇ ਹਾਂ, ਪਰ ਫਿਰ ਵੀ ਰਾਤ ਨੂੰ ਕੁਝ ਮੱਝਾਂ ਚੋਰੀ ਹੋ ਜਾਂਦੀਆਂ ਹਨ, ਮੇਹਰ ਕਰੋ ਤੇ ਰੱਖਿਆ ਕਰੋ ਜੀ।'' ਸਤਿਗੁਰਾਂ ਨੇ ਫ਼ੁਰਮਾਇਆ, ''ਰਾਤ ਨੂੰ ਸਾਉਣ ਤੋਂ ਪਹਿਲਾਂ ਪਿਆਰ ਸਤਿਕਾਰ ਤੇ ਸ਼ਰਧਾ ਸਹਿਤ ਸੋਹਿਲੇ ਦਾ ਪਾਠ ਕਰਕੇ ਰੱਖਿਆ ਲਈ ਅਰਦਾਸ ਕਰਕੇ ਸੌਇਆਂ ਕਰੋ ਕਰਤਾਰ ਭਲੀ ਕਰੇਗਾ।'' ਇਸੇ ਤਰ੍ਹਾਂ ਕਰਨ ਨਾਲ ਬਚਾਓ ਹੁੰਦਾ ਰਿਹਾ। ਇਕ ਦਿਨ ਬਹੁਤ ਥਕਾਵਟ ਕਰਕੇ ਸਿੱਖ ਨੂੰ ਪਾਠ ਕਰਦੇ ਨੂੰ ਵਿਚੇ ਹੀ ਨੀਂਦ ਆ ਗਈ। ਕੁਝ ਸਮੇਂ ਬਾਅਦ ਤ੍ਰਬਕ ਕੇ ਉਠਿਆ ਤੇ ਮੂੰਹ ਹੱਥ ਧੋ ਸ਼ਰਧਾ ਨਾਲ ਪਾਠ ਅਰਦਾਸ ਕਰਕੇ ਸੌਂ ਗਿਆ। ਜਦੋਂ ਸਵੇਰੇ ਉਠਿਆ ਤਾਂ ਆਪਣੇ ਮੱਝਾਂ ਦੇ ਵਗ ਵਿਚ ਇਕ ਓਪਰੇ ਵਿਅਕਤੀ ਨੂੰ ਦੇਖ ਕੇ ਪੁੱਛਿਆ ਕਿ ਤੂੰ ਕੌਣ ਹੈਂ? ਤਾਂ ਉਹ ਮੰਨ ਗਿਆ ਕਿ ਮੈਂ ਚੋਰ ਹਾਂ ਤੇ ਕਈ ਦਿਨਾਂ ਦਾ ਤੇਰੀਆਂ ਮੱਝਾਂ ਨੂੰ ਚੋਰੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ, ਪਰ ਰਾਤ ਨੂੰ ਤੁਹਾਡੇ ਦੁਆਲੇ ਲੋਹੇ ਦੇ ਕਿਲ੍ਹੇ ਵਾਂਗੂੰ ਦੀਵਾਰਾਂ ਹੁੰਦੀਆਂ ਸਨ ਪਰ ਕੱਲ ਰਾਤ ਨਹੀਂ ਸਨ ਤਾਂ ਮੈਂ ਅੰਦਰ ਪ੍ਰਵੇਸ਼ ਕਰ ਗਿਆ, ਪਰ ਜਦੋਂ ਤੂੰ ਕੁਝ ਬਾਣੀ ਪੜ੍ਹੀ ਤਾਂ ਮੈਨੂੰ ਦਿਸਣੋਂ ਹਟ ਗਿਆ ਤੇ ਚੋਰੀ ਕਰਨ ਆਇਆ ਸਗੋਂ ਮੈਂ ਫਸ ਗਿਆ।

ਹੁਣ ਵੀ ਜੋ ਸਿੱਖ ਸ਼ਰਧਾ ਸਤਿਕਾਰ ਨਾਲ ਸੋਹਿਲੇ ਦਾ ਪਾਠ ਕਰਕੇ ਅਰਦਾਸ ਬੇਨਤੀ ਕਰਕੇ ਸੌਂਦੇ ਹਨ ਸਤਿਗੁਰੂ ਜੀ ਰੱਖਿਆ ਕਰਦੇ ਹਨ। ਬੇਅੰਤ ਐਸੀਆਂ ਸਾਖੀਆਂ, ਉਦਾਹਰਣਾਂ ਮਿਲਦੀਆਂ ਹਨ ਕਿ ਗੁਰੂ ਸਾਹਿਬਾਂ ਤੇ ਉਨ੍ਹਾਂ ਦੇ ਵਰੋਸਾਏ, ਸਿੱਖ ਸੰਤਾਂ, ਮਹਾਂਪੁਰਸ਼ਾਂ ਨੇ ਅਨੇਕ ਵਿਅਕਤੀਆਂ ਦੀ ਪੁਕਾਰ ਸੁਣ ਕੇ ਸਹਾਇਤਾ ਕੀਤੀ।

ਰੱਖੜੀ ਦਾ ਤਿਉਹਾਰ ਹਮੇਸ਼ਾ ਪੂਰਨਮਾਸ਼ੀ ਵਾਲੇ ਦਿਨ ਰਾਤ ਨੂੰ ਆਉਂਦਾ ਹੈ ਤੇ ਇਸੇ ਕਰਕੇ ਇਸ ਪੂਰਨਮਾਸ਼ੀ ਨੂੰ ਰੱਖੜ ਪੁੰਨਿਆ ਕਹਿੰਦੇ ਹਨ ਤੇ ਬਾਬਾ ਬਕਾਲਾ ਵਿਖੇ ਇਸ ਦਿਨ ਪੁਰਾਤਨ ਸਮੇਂ ਤੋਂ ਮੇਲਾ ਲੱਗਦਾ ਹੈ। ਥੋੜ੍ਹਾ ਸਮਾਂ ਪਹਿਲਾਂ ਜੇ ਘਰ ਦੇ ਕਿਸੇ ਨਜ਼ਦੀਕੀ ਰਿਸ਼ਤੇਦਾਰ ਦੀ ਮ੍ਰਿਤੂ ਹੋ ਗਈ ਹੋਵੇ ਤਾਂ ਭੈਣਾਂ ਰੱਖੜੀ ਨਹੀਂ ਬੰਨ੍ਹਦੀਆਂ, ਭਾਵ ਖ਼ੁਸ਼ੀ ਨਹੀਂ ਮਨਾਉਂਦੀਆਂ। ਜਿਸ ਤਰ੍ਹਾਂ ਭੈਣਾਂ ਨੂੰ ਭਰਾ ਬਹੁਤ ਪਿਆਰੇ ਹੁੰਦੇ ਨੇ ਇਸੇ ਤਰ੍ਹਾਂ ਬੱਚੀਆਂ ਬਾਪ ਨੂੰ ਪਿਆਰ ਕਰਦੀਆਂ ਹਨ।

ਬਾਲ ਕੰਨਿਆ ਕੌ ਬਾਪੁ ਪਿਆਰਾ ਭਾਈ ਕੌ ਅਤਿ ਭਾਈ ॥ (ਅੰਗ ੫੯੬)

ਬਾਪ ਵੀ ਤੇ ਮਾਂ ਵੀ ਲੜਕੀਆਂ ਨੂੰ ਰੱਖੜੀਆਂ ਤੇ ਮਾਣ ਪਿਆਰ, ਪੈਸੇ ਤੇ ਸੌਗਾਤਾਂ ਦਿੰਦੇ ਹਨ। ਇਕ ਥਾਂ ਕਬੀਰ ਜੀ ਨੇ ਮਾਇਆ ਬਾਰੇ ਵਿਸਥਾਰ ਤੇ ਵਾਰਤਾਲਾਪ ਕਰਦਿਆਂ ਮਾਇਆ ਵਲੋਂ ਇਹ ਸ਼ਬਦ ਆਖੇ ਹਨ।

ਸਗਲਿਆ ਕੀ ਹਉ ਬਹਿਨ ਭਾਨਜੀ ਜਿਨਹਿ ਬਰੀ ਤਿਸੁ ਚੇਰੀ ॥ ੨ ॥

(ਅੰਗ ੪੭੬)

ਕਿਉਂਕਿ ਆਮ ਮਨੁੱਖ ਮਾਇਆ ਨੂੰ ਬਹੁਤ ਪਿਆਰ ਤੇ ਇਸ ਦੀ ਸੰਭਾਲ ਕਰਦੇ ਹਨ।

ਅਜੋਕੇ ਸਮੇਂ ਵਿਚ ਬਹੁਤੇ ਰਿਸ਼ਤਿਆਂ ਵਿਚ ਪਿਆਰ ਦੀ ਘਾਟ ਆ ਚੁੱਕੀ ਹੈ ਤੇ ਮਤਲਬ ਪ੍ਰਸਤੀ ਜ਼ਿਆਦਾ ਪਸਰ ਰਹੀ ਹੈ ਤੇ ਮਾਇਆ ਨੇ ਇਸ ਪੁਨੀਤ ਰਿਸ਼ਤੇ ਵਿਚ ਵੀ ਕੁਝ ਫ਼ਰਕ ਪਾ ਦਿੱਤਾ ਹੈ। ਕਈ ਵੀਰ ਭਰਾ ਵੀ ਇਸ ਤਿਉਹਾਰ ਨੂੰ ਗੁਰਮਤਿ ਤੋਂ ਵਿਰੁੱਧ ਆਖ ਕੇ ਕਈ ਵਾਰੀ ਬੀਬੀਆਂ ਭੈਣਾਂ ਨੂੰ ਕਠੋਰ ਬਚਨ ਬੋਲ ਦਿੰਦੇ ਹਨ ਜੋ ਕਿ ਸੋਭਦੇ ਨਹੀਂ ਹਨ। ਇਹ ਤਿਉਹਾਰ ਤਾਂ ਪਿਆਰ ਦਾ ਪ੍ਰਗਟਾਵਾ ਹੈ। ਗੁਰਬਾਣੀ ਵਿਚ ਕਥਨ ਹੈ :

ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥ (ਅੰਗ ੧੩੮੪)

ਜੇ ਪਿਆਰੇ ਨੂੰ ਮਿਲਣ ਦੀ ਖਾਹਿਸ਼ ਰੱਖਦਾ ਤਾਂ ਕਿਸੇ ਦਾ ਦਿਲ ਨਾ ਤੋੜ। ਇਕੋ ਮਾਂ ਜਾਇਆ ਦੇ ਪਿਆਰ ਭਾਵਨਾ ਨਾਲ ਮਿਲ ਬੈਠ ਕੇ ਸਤਿਗੁਰਾਂ ਦਾ ਧੰਨਵਾਦ ਕਰਕੇ ਇਸ ਰਿਸ਼ਤੇ ਵਿਚ ਹੋਰ ਪਿਆਰ ਵਧਾਉਣ ਤੇ ਪੱਕੇ ਕਰਨ ਦੀ ਲੋੜ ਹੈ ਇਹੋ ਸਾਡੀ ਸਭਿਅਤਾ ਹੈ ਜੀ।

ਜਨਮ ਅਸ਼ਟਮੀ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਦੀ ਥਿਤ ਹੈ ਜੋ ਕਿ ਹਨੇਰ ਪੱਖ (ਕ੍ਰਿਸ਼ਨ ਪੱਖ) ਦੀ ਅੱਠਮੀ ਥਿਤ ਹੈ। ਸ੍ਰੀ ਕ੍ਰਿਸ਼ਨ ਜੀ ਵੀ ਇਹ ਤਾਰੀਖ ਜ਼ਿਆਦਾਤਰ ਸਾਵਣ ਵਿਚ ਪਰ ਕਦੀ ਕਦੀ ਭਾਦਰੋਂ ਵਿਚ ਆਉਂਦੀ ਹੈ। ਥਿਤਾਂ ਬਾਰੇ ਹੋਰ ਜਾਣਕਾਰੀ ਲਈ ਦੇਖੋ ਮੇਰੀ ਪੁਸਤਕ ''ਸਤ ਵਾਰ''। ਸ੍ਰੀ ਕ੍ਰਿਸ਼ਨ ਜੀ ਦਾ ਇਹ ਪ੍ਰਕਾਸ਼ ਉਤਸਵ ਸਾਰੇ ਭਾਰਤ ਵਿਚ ਬਹੁਤ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਸ੍ਰੀ ਕ੍ਰਿਸ਼ਨ ਜੀ ਨੂੰ ਵਿਸ਼ਨੂੰ ਜੀ ਦਾ ਅੱਠਵਾਂ ਅਵਤਾਰ ਮੰਨਦੇ ਹਨ। ਸਤਿਗੁਰੂ ਜੀ ਦੀ ਦਇਆਲਤਾ ਹੈ ਕਿ ਸ੍ਰੀ ਕ੍ਰਿਸ਼ਨ ਜੀ ਦੀਆਂ ਦੋਨਾਂ ਮਾਤਾਵਾਂ (ਇਕ ਜਨਮ ਦੀ, ਇਕ ਪਾਲਣ ਵਾਲੀ) ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ, ਫ਼ੁਰਮਾਨ ਹਨ :

ਧਨਿ ਧਨਿ ਤੂ ਮਾਤਾ ਦੇਵਕੀ ॥
ਜਿਹ ਗ੍ਰਿਹ ਰਮਈਆ ਕਵਲਾਪਤੀ ॥ (ਅੰਗ ੯੮੮)
ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ

ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ ॥ (ਅੰਗ ੧੪੦੨)

ਗੁਰੂ ਮਾਤਾਵਾਂ ਦੇ ਵਿੱਚੋਂ ਸਿਰਫ ਮਾਤਾ ਖੀਵੀ ਜੀ ਦਾ ਜਨਮ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਹੀ ਦਰਜ ਹੈ। ਸ੍ਰੀ ਕ੍ਰਿਸ਼ਨ ਜੀ ਨੂੰ ਲੀਲਾ ਪ੍ਰਸ਼ੋਤਮ ਆਖਦੇ ਹਨ ਤੇ ਕਈ ਤਰ੍ਹਾਂ ਦੀਆਂ ਰਾਸ ਲੀਲਾਵਾਂ, ਮਾਖਣ ਚੋਰ ਤੇ ਰਾਧਾ ਕ੍ਰਿਸ਼ਨ ਆਦਿ ਆਯੋਜਿਤ ਕੀਤੀਆਂ ਜਾਂਦੀਆਂ ਹਨ। ਪਰ ਕਈ ਸ਼ਰਧਾਵਾਨ ਜ਼ਿਆਦਾ ਪਿਆਰ ਤੇ ਅੰਧੀ ਸ਼ਰਧਾ ਕਰਕੇ ਪ੍ਰਭੂ ਕਹਿ ਦਿੰਦੇ ਹਨ ਤੇ ਕਹਿੰਦੇ ਹਨ ਕਿ ਪ੍ਰਭੂ ਅਸ਼ਟਮੀ ਥਿਤ ਨੂੰ ਜਨਮਿਆ, ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਚੇਤਾਵਨੀ ਦਿੰਦੇ ਹਨ :

ਸਗਲੀ ਥੀਤਿ ਪਾਸਿ ਡਾਰਿ ਰਾਖੀ ॥
ਅਸਟਮ ਥੀਤਿ ਗੋਵਿੰਦ ਜਨਮਾ ਸੀ ॥ ੧ ॥
ਭਰਮਿ ਭੂਲੇ ਨਰ ਕਰਤ ਕਚਰਾਇਣ ॥
ਜਨਮ ਮਰਣ ਤੇ ਰਹਤ ਨਾਰਾਇਣ ॥ ੧ ॥ ਰਹਾਉ ॥ (ਅੰਗ ੧੧੩੬)

ਇਸੇ ਭੈਰਉ ਰਾਗ ਦੇ ਸ਼ਬਦ ਵਿਚੇ ਅੱਗੇ ਜਾ ਕੇ ਫ਼ੁਰਮਾਉਂਦੇ ਹਨ :

ਸਗਲ ਪਰਾਧ ਦੇਹਿ ਲੋਰੋਨੀ ॥
ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥ ੩ ॥ (ਅੰਗ ੧੧੩੬)

ਗੁਰਮਤੀਏ ਵਿਦਵਾਨਾਂ, ਮਹਾਂਪੁਰਖਾਂ ਤੋਂ ਅਵਤਾਰਾਂ ਤੇ ਗੁਰੂ ਸਾਹਿਬ ਜੀ ਦੇ ਜਨਮ ਬਾਰੇ ਵਿਚਾਰ ਸੁਣੇ ਹਨ ਜੋ ਬਹੁਤ ਡੂੰਘੇ ਤੇ ਲੰਬੇ ਹਨ ਜੋ ਇੱਥੇ ਨਹੀਂ ਲਿਖੇ ਜਾ ਰਹੇ।

ਗਨੇਸ਼ ਚਤੁਰਥੀ ਵੀ ਗਨੇਸ਼ ਜੀ ਦੇ ਮਾਂ ਪਾਰਬਤੀ ਨਾਲ ਕੈਲਾਸ਼ ਪਰਬਤ ਤੋਂ ਧਰਤੀ 'ਤੇ ਆਉਣਾ ਮਨਾਇਆ ਜਾਂਦਾ ਹੈ ਤੇ ਗਨੇਸ਼ ਜੀ ਨੂੰ ਪਹਿਲਾਂ ਪੂਜਿਆ ਜਾਂਦਾ ਹੈ ਹਿੰਦੂ ਰੀਤਾਂ ਅਨੁਸਾਰ, ਬਹੁਤ ਲੰਬੀਆਂ ਕਥਾਵਾਂ ਹਨ ਜੋ ਇੱਥੇ ਦਰਜ ਨਹੀਂ ਕੀਤੀਆਂ ਜਾ ਰਹੀਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਨੂੰ ਨਿਆਰਾ ਰੱਖਣ ਲਈ ਫ਼ੁਰਮਾਇਆ :

ਚੌਪਈ॥ ਮੈ ਨ ਗਨੇਸਹਿ ਪ੍ਰਿਥਮ ਮਨਾਊਂ॥
ਕਿਸਨ ਬਿਸਨ ਕਬਹੂੰ ਨ ਧਿਆਊਂ॥
ਕਾਨਿ ਸੁਨੇ ਪਹਿਚਾਨ ਨ ਤਿਨ ਸੋ॥
ਲਿਵ ਲਾਗੀ ਮੋਰੀ ਪਗ ਇਨ ਸੋ॥ ੪੩੪॥ (ਸ੍ਰੀ ਦਸਮ ਗ੍ਰੰਥ)

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਵੀ ਵਰਖਾ ਰੁੱਤ ਸਮੇਂ ਆਉਂਦਾ ਹੈ। ਆਪ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦੇ ਸਨ ਤੇ ਵੱਡੇ ਰਾਮ ਰਾਇ ਜੀ ਸਨ ਜਿਨ੍ਹਾਂ ਨੂੰ ਸੱਤਵੇਂ ਪਾਤਿਸ਼ਾਹ ਜੀ ਨੇ ਆਪਣੇ ਮੱਥੇ ਨਾ ਲੱਗਣ ਨੂੰ ਆਖ ਦਿੱਤਾ, ਜਦੋਂ ਰਾਮ ਰਾਇ ਜੀ ਨੇ ਗੁਰਬਾਣੀ ਦਾ ਇਕ ਬੋਲ ਬਦਲ ਦਿੱਤਾ ਬਾਦਸ਼ਾਹ ਨੂੰ ਖ਼ੁਸ਼ ਕਰਨ ਲਈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਪੰਜ ਸਾਲ ਦੀ ਉਮਰ ਵਿਚ ਗੱਦੀ ਉੱਪਰ ਬਿਰਾਜਮਾਨ

ਹੋਏ ਤੇ ਸੱਤ ਸਾਲ ਦੀ ਉਮਰ ਵਿਚ ਦੁਖੀਆਂ ਦੀ ਦਵਾ ਕਰਦੇ ਦਿੱਲੀ ਵਿਖੇ ਬਾਬਾ ਬਕਾਲੇ ਆਖ ਕੇ ਸਦੀਵੀ ਫ਼ਤਹਿ ਬੁਲਾ ਗਏ। ਬਖ਼ਸ਼ਿਸ਼ ਤੇ ਸਿਆਣਪ ਦਾ ਸੰਬੰਧ ਉਮਰ ਦੇ ਨਾਲ ਨਹੀਂ ਹੈ। ਗੁਰਬਾਣੀ ਵਿਚ ਫ਼ੁਰਮਾਨ ਹਨ ਕਿ ਭਗਤ ਪ੍ਰਹਿਲਾਦ ਤੇ ਭਗਤ ਧਰੂਅ ਜੀ ਛੋਟੀ ਉਮਰ ਦੇ ਭਗਤ ਹੋਏ ਹਨ :

ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕ
ਹਰਿ ਸਿਮਰਤ ਅਮਰ ਅਟਾਰੇ॥ (ਅੰਗ ੯੯੯)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਫ਼ੁਰਮਾਨ ਹਨ ਕਿ ਬਾਲ ਬੁੱਧੀ ਨਾਲ ਨਾਮ ਜਪੋ ਸੁਖ ਮਿਲੇਗਾ। ਧ੍ਰੂ ਪ੍ਰਹਿਲਾਦ ਦੀ ਤਰ੍ਹਾਂ ਨਾਮ ਜਪੋ। ਭਗਤ ਧੰਨਾ ਜੀ ਨੇ ਵੀ ਐਸੀ ਬਾਲ ਬੁੱਧੀ ਨਾਲ ਹੀ ਪ੍ਰਭੂ ਜੀ ਨੂੰ ਧਿਆਇਆ ਸੀ। ਫ਼ੁਰਮਾਨ ਹਨ :

ਰਾਮ ਜਪਉ ਜੀਅ ਐਸੇ ਐਸੇ॥
ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥ (ਅੰਗ ੩੩੭)
ਪਾਇਓ ਬਾਲ ਬੁਧਿ ਸੁਖੁ ਰੇ॥ (ਅੰਗ ੨੧੪)
ਧੰਨੈ ਸੇਵਿਆ ਬਾਲ ਬੁਧਿ॥ (ਅੰਗ ੧੧੯੨)

ਬਾਬਾ ਬੁੱਢਾ ਜੀ ਵੀ ਜਦੋਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਬਹੁਤ ਡੂੰਘੇ ਪ੍ਰਸ਼ਨ ਪੁੱਛੇ ਤਾਂ ਸ੍ਰੀ ਬਾਬਾ ਜੀ ਨੇ ਆਖਿਆ ਕਿ ਉਮਰ ਤਾਂ ਤੇਰੀ ਬੱਚਿਆਂ ਵਾਲੀ ਹੈ, ਪਰ ਗੱਲਾਂ ਤੂੰ ਬੁੱਢਿਆਂ ਵਰਗੀਆਂ ਕਰਦਾ ਹੈਂ। ਉਸ ਵੇਲੇ ਬੂੜੇ ਦੀ ਉਮਰ 11 ਸਾਲ ਦੀ ਸੀ, ਪਰ ਇਹ ਸਾਰੀ ਉਮਰ ਬਾਬਾ ਬੁੱਢਾ ਜੀ ਕਰਕੇ ਪ੍ਰਸਿੱਧ ਰਹੇ ਤੇ ਛੇ ਗੁਰੂ ਸਾਹਿਬਾਂ ਦੀ ਹਜ਼ੂਰੀ ਵਿਚ ਅਨੰਦ ਮਾਣਿਆ। ਸ੍ਰੀ ਦਰਬਾਰ ਸਾਹਿਬ ਦੇ ਪਹਿਲੇ ਵਜ਼ੀਰ ਗ੍ਰੰਥੀ ਸਾਹਿਬ ਥਾਪੇ ਗਏ ਤੇ ਪੰਜ ਸਤਿਗੁਰੂ ਜੀ ਨੂੰ ਆਪ ਜੀ ਨੇ ਤਿਲਕ ਲਗਾਇਆ ਸੀ।

Fathers Day

ਬਹੁਤ ਸਾਰੇ ਦੇਸ਼ਾਂ ਵਿਚ ਫਾਦਰਜ਼ ਡੇ ਮਨਾਇਆ ਜਾਂਦਾ ਹੈ ਭਾਵ ਪਿਤਾ ਦਾ ਦਿਨ। ਭਾਵੇਂ ਜ਼ਿਆਦਾ ਤੌਰ 'ਤੇ ਤਾਂ ਜਨਮ ਦੇ ਪਿਤਾ (ਭਾਵ ਬਿੰਦੀ ਪਿਤਾ) ਦਾ ਸਤਿਕਾਰ ਕੀਤਾ ਜਾਂਦਾ ਹੈ, ਇਸ ਦਿਨ ਪਿਤਾ ਨੂੰ ਕਈ ਤਰ੍ਹਾਂ ਦੀਆਂ ਸੁਗਾਤਾਂ ਦੇ ਨਾਲ-ਨਾਲ ਪਿਤਾ ਨੂੰ ਆਰਾਮ ਨਾਲ ਦਿਨ ਬਿਤਾਉਣ ਲਈ ਪ੍ਰੇਰਿਆ ਜਾਂਦਾ ਹੈ। ਇਹ ਫਾਦਰਜ਼ ਡੇ ਜ਼ਿਆਦਾ ਤੌਰ 'ਤੇ ਜੂਨ ਮਹੀਨੇ ਦੇ ਤੀਜੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਸੋ ਤਾਰੀਖ ਥੋੜ੍ਹਾ ਕੁ ਬਦਲਦੀ ਰਹਿੰਦੀ ਹੈ। ਇਸ ਪਿਤਾ ਦੇ ਜ਼ਿੰਦਗੀ ਵਿਚ ਪਾਏ ਯੋਗਦਾਨ ਨੂੰ ਮਾਨਤਾ ਦੇਣਾ, ਕਦਰ ਕਰਨਾ, ਧੰਨਵਾਦ ਕਰਨਾ ਹੁੰਦਾ ਹੈ।

ਧਾਰਮਿਕ ਵਿਅਕਤੀ ਉਸ ਮਾਲਕ ਅਕਾਲ ਪੁਰਖ ਦਾ ਧੰਨਵਾਦ ਕਰਨ ਦੀ ਇਸ ਦਿਨ ਪਹਿਲ ਰੱਖਦੇ ਹਨ ਤੇ ਬਾਅਦ ਵਿਚ ਪਰਿਵਾਰਿਕ ਪਿਤਾ ਦੇ ਯੋਗਦਾਨ ਨੂੰ

ਮਾਨਤਾ ਦਿੰਦੇ ਹਨ। ਸਵਈਆਂ ਵਿਚ ਫ਼ੁਰਮਾਨ ਹੈ ਕਿ ਉਹ ਪ੍ਰਭੂ ਸਭ ਜਗਤ ਦਾ ਪਿਤਾ ਹੈ ਤੇ ਸਭ ਜੀਵਾਂ ਦਾ ਆਸਰਾ ਹੈ ਤੇ ਉਸ ਦੀ ਵਡਿਆਈ ਦਾ ਕੋਈ ਅੰਤ ਨਹੀਂ ਪਾ ਸਕਦਾ। ਫ਼ੁਰਮਾਨ ਹੈ :

ਹਰਿ ਅੰਤੁ ਨਾਹੀ ਪਾਰਾਵਾਰੁ ਕਉਨੁ ਹੈ ਕਰੈ ਬੀਚਾਰੁ
ਜਗਤ ਪਿਤਾ ਹੈ ਸ੍ਰਬ ਪ੍ਰਾਨ ਕੋ ਅਧਾਰੁ ॥ (ਅੰਗ ੧੩੮੫)

ਅਕਾਲ ਪੁਰਖ ਪ੍ਰਭੂ ਜੀ ਦਾ ਧੰਨਵਾਦ ਕਰਨ ਤੋਂ ਬਾਅਦ ਵਿਚ ਸਿੱਖ ਆਪਣੇ ਧਾਰਮਿਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ੁਕਰ ਗੁਜ਼ਾਰ ਹੁੰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ ਦਾ ਯੋਗਦਾਨ ਐਸਾ ਸਹਾਇਕ ਤੌਰ 'ਤੇ ਪਾਇਆ ਹੈ ਜੋ ਕਿ ਸਿੱਖ ਦੇ ਜੀਵਨ ਵਿਚ ਅਨੰਦ ਭਰਨ ਦੀ ਸੰਪੂਰਨ ਕੋਸ਼ਿਸ਼ ਕੀਤੀ, ਜੇ ਸਿੱਖ ਮਰਿਆਦਾ ਰਹਿਤ ਅਪਨਾਵੇ ਤੇ ਕੁਰਹਿਤਾਂ ਦਾ ਤਿਆਗ ਕਰੇ, ਬਾਣੀ ਤੇ ਬਾਣੇ ਦਾ ਧਾਰਨੀ ਹੋਵੇ ਤਾਂ ਅਨੰਦ ਸਹਿਜ-ਸੁਭਾ ਨਾਲ ਹੀ ਪ੍ਰਾਪਤ ਹੋ ਸਕਦਾ ਹੈ। ਸਤਿਗੁਰੂ ਜੀ ਸਿੱਖ ਦੇ ਨਾਦੀ ਪਿਤਾ ਜੀ ਹਨ ਤੇ ਸਭ ਬੱਚੇ, ਬੱਚੀਆਂ ਨੂੰ ਬਰਾਬਰਤਾ ਬਖ਼ਸ਼ਦੇ ਹਨ। ਜਦ ਕਿ ਕਈ ਵਾਰੀ ਪਰਿਵਾਰਿਕ ਪਿਤਾ ਕਿਸੇ ਇਕ ਬੱਚੇ ਜਾਂ ਬੱਚੀ ਦਾ ਜ਼ਿਆਦਾ ਪੱਖ ਪੂਰਦੇ ਹਨ ਤੇ ਪੂਰਨ ਇਨਸਾਫ਼ ਨਹੀਂ ਕਰਦੇ। ਬਹੁਤ ਸਾਰੇ ਸ਼ਬਦ ਹਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ, ਜਿਨ੍ਹਾਂ ਵਿਚ ਪਿਤਾ ਦੇ ਰਿਸ਼ਤੇ, ਵਡਿਆਈ ਆਦਿ ਪ੍ਰਗਟ ਹੁੰਦੇ ਹਨ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਮਾਝ ਰਾਗ ਦੇ ਸ਼ਬਦ ਵਿਚ ਫ਼ੁਰਮਾਉਂਦੇ ਹਨ ਕਿ ਹੇ ਪ੍ਰਭੂ ! ਤੂੰ ਹੀ ਮੇਰਾ ਪਿਤਾ ਤੇ ਮਾਤਾ, ਭਰਾ ਤੇ ਰਾਖਾ ਤੇ ਰਿਸ਼ਤੇਦਾਰ ਹੈਂ। ਫ਼ੁਰਮਾਨ ਹੈ :

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥ ੧ ॥

(ਅੰਗ ੧੦੩)

ਸਾਰਾ ਸ਼ਬਦ ਜਾਂਚ ਲਉ ਜੀ ! ਇੱਥੇ ਹੀ ਇਸ ਦਿਨ ਦੇ ਵੀਚਾਰ ਨੂੰ ਸੰਕੋਚਿਆ ਜਾਂਦਾ ਹੈ।

ਦੁਨੀਆਂ ਦੇ ਕਈ ਹਿੱਸਿਆਂ ਦੇਸ਼ਾਂ ਵਿਚ ਵਰਖਾ ਲਈ ਅਰਦਾਸ ਦੇ ਮੇਲੇ ਮਨਾਏ ਜਾਂਦੇ ਹਨ ਤੇ ਕਈ ਹਿੱਸਿਆਂ ਵਿਚ ਧੰਨਵਾਦ ਕਰਨ ਲਈ ਤੇ ਕਈ ਥਾਵਾਂ ਉੱਪਰ ਅਜੀਬ ਤਰੀਕੇ ਅਤੇ ਰੀਤਾਂ ਆਦਿ ਪ੍ਰਚਲਿਤ ਹਨ। ਇੱਥੇ ਕੁਝ ਇਕ ਦਾ ਵਰਨਣ ਕਰਦੇ ਹਾਂ :

Ha Giang Vietnam Praying for Rain Festival

ਹਾ ਗਿਆਂਗ ਵੀਅਤਨਾਮ ਵਰਖਾ ਲਈ ਬੇਨਤੀ ਮੇਲਾ

ਵਰਖਾ ਲਈ ਬੇਨਤੀ ਮੇਲਾ ਵੀਅਤਨਾਮ ਦੇ ਮਾਨਵ-ਜਾਤੀ ਸਬੰਧੀ ਲੋ ਲੋ ਲੋਕਾਂ

ਦਾ ਸਮੂਹ ਭਵਿੱਖ ਲਈ ਇੰਤਜਾਮ ਤੇ ਰੱਬ ਦੀ ਕ੍ਰਿਪਾ ਦ੍ਰਿਸ਼ਟੀ ਲਈ ਹਾ ਗਿਆਂਗ ਦੇ ਇਲਾਕੇ ਵਿਖੇ ਮਨਾਉਂਦੇ ਹਨ। ਇਹ ਦੋ ਹਿੱਸਿਆਂ ਵਿਚ ਵੰਡਿਆ ਹੁੰਦਾ ਹੈ–ਇਕ ਰਸਮੀ ਕਰਮਕਾਂਡੀ, ਜਿਸ ਵਿਚ ਰੱਬ ਅੱਗੇ ਪ੍ਰਾਰਥਨਾ ਤੇ ਦੂਜਾ ਹਿੱਸਾ ਤਿਉਹਾਰਕ ਮੇਲਾ। ਲੋ ਲੋ ਲੋਕਾਂ ਦਾ ਵਿਸ਼ਵਾਸ ਹੈ ਕਿ ਪ੍ਰਾਰਥਨਾ ਕਰਨ ਤੋਂ ਨੌਂ ਦਿਨਾਂ ਦੇ ਵਿਚ ਖ਼ੂਬ ਵਰਖਾ ਹੋਵੇਗੀ। ਇਸ ਤੋਂ ਉਪ੍ਰੰਤ ਪੇਂਡੂ ਲੋਕ ਬਰੈਡ ਨੂੰ ਰਵਾਇਤੀ ਸ਼ਰਾਬ ਨਾਲ ਤੋੜਦੇ ਹਨ ਤੇ ਪਿੰਡ ਦੀਆਂ ਲੜਕੀਆਂ ਆਪਣੇ ਪਰੰਪਰਾਗਤ ਰੰਗ-ਬਰੰਗੇ ਬੁਣੇ ਹੋਏ ਲਿਬਾਸ ਪਹਿਨ ਕੇ ਨਾਚ ਕਰਦੀਆਂ ਹਨ।

Bunga Dyah Jatra Bungamati Nepal

ਬੁੰਗਾ ਦੀਆ ਜਾਤਰਾ ਜਾਂ ਵਰਖਾ ਦੇ ਦੇਵਤੇ ਦਾ ਰੱਥ ਮੇਲਾ ਨਿਪਾਲੀ ਲੋਕ ਬਹੁਤ ਜੀਅ-ਜਾਨ ਨਾਲ ਮਨਾਉਂਦੇ ਹਨ। ਇਹ ਵਰਖਾ ਦੇ ਧੰਨਵਾਦ ਜਾਂ ਬੇਨਤੀ ਲਈ ਮੇਲਾ ਮਨਾਇਆ ਜਾਂਦਾ ਹੈ। ਇਹ ਬੁੰਗਾਮਟੀ ਜੋ ਕਠਮੰਡੂ ਦੇ ਬਾਹਰਵਾਰ ਹੈ ਉਥੇ ਆਯੋਜਿਤ ਕੀਤਾ ਜਾਂਦਾ ਹੈ। ਵਰਖਾ ਦੇ ਦੇਵਤੇ ਰਾਤੋ ਮੈਛੰਦਰਨਾਥ ਨੂੰ ਬੇਨਤੀ ਕੀਤੀ ਜਾਂਦੀ ਹੈ ਮੌਨਸੂਨ ਵਰਖਾ ਲਈ। ਇੱਥੇ ਹਰ ਸਾਲ ਬੁੰਗਾਮਟੀ ਦੇ ਲੋਕ ਗਾਰਗਾਰ ਟੁਆਨ (ਵਰਖਾ ਦੇ ਦੇਵਤੇ ਦਾ ਰੱਥ) ਨੂੰ ਖਿੱਚਦੇ ਹਨ ਜਿਸ ਉੱਪਰ ਬਹੁਤ ਉੱਚੀ ਚਿਣਾਈ ਕਰਕੇ ਨਾਰੀਅਲ ਭੇਟ ਕਰਦੇ ਹਨ ਤੇ ਪਰਾਲੀ ਨੂੰ ਅੱਗ ਲਾਉਂਦੇ ਹਨ। ਬਹੁਤ ਵੱਡਾ ਇਕੱਠ ਹੁੰਦਾ ਹੈ।

Longtaitou Festival China

ਲੌਂਗਟੇਟਉ ਫੈਸਟੀਵਲ ਰਵਾਇਤੀ ਚੀਨ ਦਾ ਮੇਲਾ ਹੈ ਜਿੱਥੇ ਕਿ ਲੋਗ ਅਜਗਰ Dragon ਅਸਰਾਲ ਨੂੰ ਸਨਮਾਨ ਸਹਿਤ ਸ਼ਰਧਾਂਜਲੀ ਭੇਟ ਕਰਦੇ ਹਨ। ਉਹ ਐਸਾ ਸੋਚਦੇ ਹਨ ਕਿ ਇਹ ਆਦਿਕਾਲੀਨ ਤੋਂ ਚਲਿਆ ਆ ਰਿਹਾ ਹੈ ਕਿਉਂਕਿ ਉਹ Dragon ਅਜਗਰ ਨੂੰ ਸਭ ਸਿਰਜਣਾ, ਕਿਰਤ ਦਾ ਰਾਜਾ ਮੰਨਦੇ ਹਨ ਜਿਸ ਦੇ ਅਧੀਨ ਵਰਖਾ ਵੀ ਹੈ। ਕਈ ਮਿਥਿਹਾਸਿਕ ਤੇ ਪੌਰਾਣਿਕ ਗਾਥਾਵਾਂ ਅਨੁਸਾਰ Dragon King ਅਜਗਰ ਰਾਜੇ ਨੂੰ ਬੇਨਤੀ ਕੀਤੀ ਜਾਂਦੀ ਹੈ। ਲੋਕਾਂ ਦੀ ਫਸਲ ਦੀ ਖੁਸ਼ਹਾਲੀ ਤੇ ਵਧੀਆ ਖੇਤੀ ਦੀ ਪੈਦਾਵਾਰ ਉਪਜ ਲਈ ਇਹ ਮੇਲਾ ਤਿੰਨ ਦਿਨ ਚਲਦਾ ਹੈ ਜਿਸ ਵਿਚ ਵੱਡੇ ਅਜਗਰ ਬਣਾਏ ਜਾਂਦੇ ਹਨ ਜਿਨ੍ਹਾਂ ਨੂੰ ਕਈ ਵਿਅਕਤੀ ਉਠਾਉਂਦੇ ਹਨ ਤੇ ਇਨ੍ਹਾਂ ਨੂੰ ਬਣਾਉਣ ਲਈ ਬਹੁਤ ਮਿਹਨਤ ਕੀਤੀ ਜਾਂਦੀ ਹੈ ਤੇ ਕਈ ਇਕੱਲੇ-ਇਕੱਲੇ Dragon ਦੀ ਪੋਸ਼ਾਕ ਪਹਿਨਦੇ ਹਨ ਤੇ ਕਈ ਤਰ੍ਹਾਂ ਦੇ ਨਾਚ ਕੀਤੇ ਜਾਂਦੇ ਹਨ।

The Rocket Festival Thailand

ਰੌਕਟ ਫੈਸਟੀਵਲ ਥਾਈਲੈਂਡ ਵਿਚ ਵਰਖਾ ਦੀ ਸ਼ੁਰੂਆਤ ਦਾ ਸੰਕੇਤ ਤੇ ਵਰਖਾ ਦੇ ਦੇਵਤਿਆਂ ਨੂੰ ਸਲਾਨਾ ਅਪੀਲ ਬੇਨਤੀ ਕੀਤੀ ਜਾਂਦੀ ਹੈ ਬਹੁਤ ਭਰਪੂਰ ਵਰਖਾ ਹੋਵੇ।

ਇੱਥੇ ਬਹੁਤ ਰੰਗ-ਬਰੰਗੇ ਜਲੂਸ ਕੱਢੇ ਜਾਂਦੇ ਹਨ ਤੇ ਬਹੁਤ ਵਧੀਆ ਨਾਚ ਕੀਤੇ ਜਾਂਦੇ ਹਨ। ਉਪਰ ਨੂੰ ਉਡਣ ਵਾਲੇ ਰੌਕਟਾਂ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਇੱਥੇ ਆਪ ਘਰ ਬਣਾਏ ਤੇ ਤਿਆਰ ਕੀਤੇ ਰੌਕਟ ਸਿੱਧੇ ਉੱਪਰ ਨੂੰ ਉਡਾਏ ਜਾਂਦੇ ਹਨ। ਇਸ ਨੂੰ ਬਹੁਤ ਉੱਤਮ ਤੇ ਪ੍ਰਮੁੱਖ ਕਾਰਜ ਮੰਨਿਆ ਜਾਂਦਾ ਹੈ ਤੇ ਬਹੁਤ ਸਥਾਨਾਂ ਪਿੰਡਾਂ ਤੇ ਸ਼ਹਿਰਾਂ ਵਿਚ ਨਗਰ- ਪਾਲਿਕਾਵਾਂ ਤੇ ਨਗਰ ਸ਼ਾਸਨਵਾਦ ਵੱਲੋਂ ਇਸ ਵਿਚ ਭਰਪੂਰ ਹਿੱਸਾ ਪਾਇਆ ਜਾਂਦਾ ਹੈ। ਕਈ ਤਰ੍ਹਾਂ ਦੇ ਢੋਲ ਵਗੈਰਾ ਵਜਾ ਕੇ ਵਧੀਆ ਨਾਚ ਕੀਤੇ ਜਾਂਦੇ ਹਨ।

The Traditional Cat Procession Festival Thailand

ਇਹ ਇਕ ਅਜ਼ੀਬ ਪਰੰਪਰਾ, ਰੀਤ ਹੈ ਜੋ ਕਿ ਵਿਚਿੱਤਰ, ਡਰ ਨਾਲ ਭੈਭੀਤ ਕਰਨੇ ਵਾਲਾ ਤੇ ਲੁਭਾਉਣ ਤੇ ਕੀਲਣੇ ਦਾ ਸੁਮੇਲ ਹੈ। ਇਹ ਵੀ ਸਲਾਨਾ ਮੇਲਾ ਥਾਈਲੈਂਡ ਵਿਖੇ ਮਨਾਇਆ ਜਾਂਦਾ ਹੈ ਜੋ ਕਿ ਪੁਰਾਤਨ ਵਿਸ਼ਵਾਸ ਯਕੀਨ ਹੈ ਕਿ ਮਾਦੀਨ ਬਿੱਲੀ ਵਰਖਾ ਨੂੰ ਖਿੱਚ ਪਾਉਂਦੀ ਹੈ ਜਾਂ ਆਕਰਸ਼ਣ ਕਰਦੀ ਹੈ। ਸੋ ਵਧੀਆ ਮਾਦਾ ਬਿੱਲੀ ਚੁਣੀ ਜਾਂਦੀ ਹੈ ਤੇ ਉਸ ਨੂੰ ਬੁਣੀ ਹੋਈ ਟੋਕਰੀ (ਜਿਸ ਵਿਚ ਗਲੀਆਂ ਹੁੰਦੀਆਂ ਹਨ) ਵਿਚ ਬੰਦ ਕਰਕੇ ਉਸ ਦਾ ਘਰ ਤੋਂ ਘਰ ਸਾਰੇ ਪਿੰਡ ਵਿਚ ਜਲੂਸ ਕੱਢਿਆ ਜਾਂਦਾ ਹੈ। ਘਰੋਂ ਦੇ ਵਿਚੋਂ ਲੋਕ ਬਾਹਰ ਆ ਕੇ ਬਿੱਲੀ ਦੇ ਉੱਪਰ ਪਾਣੀ ਸੁੱਟਦੇ ਹਨ ਤਾਂ ਕਿ ਬਿੱਲੀ ਰੋਵੇ ਤਾਂ ਕਿ ਮਾਦਾ ਬਿੱਲੀ ਦਾ ਰੋਣਾ ਅਵਾਜ਼ ਸੁਣ ਕੇ ਵਰਖਾ ਹੋਵੇ। ਇਸ ਰੀਤ ਵਿਚ ਸਭ ਸ਼ਾਮਲ ਹੁੰਦੇ ਹਨ, ਭਾਗ ਲੈਂਦੇ ਹਨ ਤੇ ਜੇ ਕੋਈ ਹਿੱਸਾ ਨਾ ਲਵੇ ਤਾਂ ਇਹ ਤਰ੍ਹਾਂ ਵੀ ਸੋਚ ਲੈਂਦੇ ਹਨ ਕਿ ਸੋਕਾ, ਖੁਸ਼ਕੀ ਤੇ ਔੜ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਮਾਂਜਾਰ ਮੇਲਾ ਹਿਮਾਚਲ ਪ੍ਰਦੇਸ਼ ਭਾਰਤ

ਮਾਂਜਾਰ ਮੇਲਾ ਵੀ ਵਰਖਾ ਦੇ ਦੇਵਤਿਆਂ ਦਾ ਧੰਨਵਾਦ ਤੇ ਵਧੀਆ ਫ਼ਸਲ ਲਈ ਬੇਨਤੀ ਕੀਤੀ ਜਾਂਦੀ ਹੈ। ਰਵਾਇਤੀ ਪੋਸ਼ਾਕਾਂ ਪਹਿਨ ਕੇ ਜਲੂਸ ਦੀ ਸ਼ਕਲ ਵਿਚ ਪਰੇਡ ਕੀਤੀ ਜਾਂਦੀ ਹੈ ਤੇ ਨਾਚ ਕੀਤੇ ਜਾਂਦੇ ਹਨ। ਇਹ ਮੇਲਾ ਸੱਤ ਦਿਨ ਚਲਦਾ ਹੈ ਤਾਂ ਕਿ ਸਭ ਹਿੱਸਾ ਲੈ ਸਕਣ। ਇੱਥੇ ਇਹ ਵੀ ਕਹਿਣਾ ਬਣਦਾ ਹੈ ਕਿ ਮਾਂਜਾਰ ਬਿੱਲੇ ਨੂੰ ਆਖਦੇ ਹਨ।

Makahiki Hawai

ਮਾਕਾਹਿੱਕੀ ਹਵਾਈ ਅਮਰੀਕਾ ਵਿਖੇ ਵਰਖਾ ਦੇ ਦੇਵਤੇ ਲੋਨੋ ਨੂੰ ਭੇਟਾ, ਖਿਰਾਜ, ਸ਼ਰਧਾਂਜਲੀ ਲਾਜ਼ਮੀ ਤੌਰ 'ਤੇ ਹਵਾਈ ਪ੍ਰਾਂਤ ਪਰਗਣੇ ਵਿਖੇ ਚਾਰ ਮਹੀਨੇ ਤੱਕ ਇਹ ਮੇਲਾ ਚਲਦਾ ਹੈ। ਇਸ ਸਮੇਂ ਵਿਚ ਕੰਮ ਨੂੰ ਰੋਕ ਦਿੱਤਾ ਜਾਂਦਾ ਹੈ, ਠੱਲ ਪਾ ਦਿੱਤੀ ਜਾਂਦੀ ਹੈ। ਇਹ ਲੰਬੇ ਸਮੇਂ ਖੇਡਾਂ ਦਾ ਅਭਿਆਸ ਕਰਦੇ ਹਨ ਤੇ ਆਪਣੀ ਯੋਗਤਾ ਵਧਾਉਂਦੇ

ਹਨ। ਖੂਬ ਦਾਅਵਤਾਂ, ਭੋਜਨ ਭੰਡਾਰੇ, ਪ੍ਰੀਤੀ ਭੋਜਨ ਤੇ ਮਕਸਦ ਖੁੱਲ੍ਹਦਿਲੀ ਨਾਲ, ਉਦਾਰਤਾ ਨਾਲ ਧਰਤੀ ਦੀ ਬਖ਼ਸ਼ਿਸ਼ ਦਾ ਜਸ਼ਨ ਉਤਸਵ ਮਨਾਇਆ ਜਾਂਦਾ ਹੈ। ਵਰਖਾ ਦੇ ਦੇਵਤੇ ਲੋਨੋ ਦਾ ਵਰਖਾ ਵਰਤਾਉਣ ਲਈ ਧੰਨਵਾਦ ਕੀਤਾ ਜਾਂਦਾ ਹੈ।

Festa Junina Brazil

ਫੈਸਟਾ ਜੂਨੀਨਾ ਰਵਾਇਤੀ ਬਰਾਜ਼ੀਲੀ ਮੇਲਾ ਹੈ ਜੋ ਕਿ ਸੇਂਟ ਜੌਹਨ ਬੈਪਟਿਸਟ ਦਾ ਧੰਨਵਾਦ ਕੀਤਾ ਜਾਂਦਾ ਹੈ ਵਰਖਾ ਲਈ। ਵਰਖਾ ਦੇ ਨਾਲ-ਨਾਲ ਲੋਕਾਂ ਨੂੰ ਮੂਲ ਤੱਤਾਂ ਦਾ ਮਹੱਤਵ, ਖੂਬੀਆਂ ਤੇ ਸਾਧਾਰਣ ਤੌਰ 'ਤੇ ਸਭ ਪੇਂਡੂ ਵਸਤੂਆਂ, ਜ਼ਿੰਦਗੀ, ਖਾਣਾ ਤੇ ਨਾਚਾਂ ਨੂੰ ਮਨਾਉਣ ਦਾ ਮੌਕਾ ਮਿਲਦਾ ਹੈ। ਇਹ ਬਰਾਜ਼ੀਲ ਰਵਾਇਤੀ ਪੁਸ਼ਾਕਾਂ, ਲਿਬਾਸ ਪਹਿਨ ਕੇ ਜੋੜੇ ਨਾਚ ਕਰਦੇ ਹਨ। ਇਕ ਬਹੁਤ ਵੱਡੇ ਅਖਾੜੇ ਪਿੜ ਵਿਚ ਤੇ ਇਕ ਬਹੁਤ ਵੱਡੀ ਧੂਣੀ ਵੀ ਲਗਾਈ ਜਾਂਦੀ ਹੈ।

ਭਾਰਤ ਵਿਚ ਤੇ ਹੋਰ ਕਈ ਦੇਸ਼ਾਂ ਵਿਚ ਵੀ ਕਈ ਮੇਲਾ ਵਰਖਾ ਰੁੱਤ ਵਿਚ ਆਯੋਜਿਤ ਕੀਤੇ ਜਾਂਦੇ ਹਨ। ਜਿਨ੍ਹਾਂ ਵਿਚ ਪੁਰੀ ਰੱਥ ਯਾਤਰਾ, ਤੀਜ ਤੇ ਨਾਰੀਅਲ ਪੂਰਨਮਾ ਆਦਿ ਤੇ ਕੇਰਲਾ ਵਿਚ ਮੌਨਸੂਨ Onam ਓਨਮ ਆਦਿ ਖ਼ਾਸ ਹਨ। ਜਿਸ ਤਰ੍ਹਾਂ ਕਈ ਮੇਲੇ ਵਰਖਾ ਲਈ ਲਗਾ ਕੇ ਬੇਨਤੀਆਂ ਕੀਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਕਈ ਸ਼ਬਦਾਂ ਵਿਚ ਸਤਿਗੁਰੂ ਜੀ ਬੇਨਤੀ ਦੇ ਸ਼ਬਦ ਅਕਾਲ ਪੁਰਖ ਅੱਗੇ ਰੱਖਦੇ ਹਲ ਕਿ ਹੇ ਪ੍ਰਭੂ ਜੀ ! ਸਾਰੇ ਜੀਵਾਂ ਦੀ ਸੰਭਾਲ ਕਰੋ ਜੀ ਤੇ ਤਰਸ ਕਰਕੇ ਭਰਪੂਰ ਅੰਨ ਪਾਣੀ ਬਖ਼ਸ਼ੋ, ਤਾਂ ਕਿ ਜੀਵਾਂ ਦਾ ਦੁੱਖ ਦਲਿੱਦਰ ਦੂਰ ਹੋਵੇ ਜੀ ਤੇ ਇਸੇ ਬੇਨਤੀ ਨਾਲ ਵਰਖਾ ਰੁੱਤ ਦੀ ਵੀਚਾਰ ਸੰਪੂਰਨ ਕੀਤੀ ਜਾਂਦੀ ਹੈ। ਫ਼ੁਰਮਾਨ ਹੈ :

ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥
ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ ॥ (ਅੰਗ ੧੨੫੧)

✧

ਸਰਦ ਰੁੱਤ

ਮਹੀਨੇ - ਅੱਸੂ ਕਤਕ

ਸਰਦ ਰੁੱਤ, ਵਰਖਾ ਰੁੱਤ ਤੋਂ ਬਾਅਦ ਤੇ ਸਿਸੀਅਰ ਰੁੱਤ ਤੋਂ ਪਹਿਲਾਂ ਆਉਂਦੀ ਹੈ। ਪਹਿਲਾਂ ਸਲੋਕਾਂ ਤੇ ਛੰਤ ਦਾ ਮੂਲ ਪਾਠ ਤੇ ਵੀਚਾਰ ਕੀਤੀ ਜਾ ਰਹੀ ਹੈ।

ਸਲੋਕ ॥

ਆਸ ਪਿਆਸੀ ਮੈ ਫਿਰਉ ਕਬ ਪੇਖਉ ਗੋਪਾਲ ॥ ਹੈ ਕੋਈ ਸਾਜਨੁ ਸੰਤ ਜਨੁ ਨਾਨਕ ਪ੍ਰਭ ਮੇਲਣਹਾਰ ॥ ੧ ॥ ਬਿਨੁ ਮਿਲਬੇ ਸਾਂਤਿ ਨ ਊਪਜੈ ਤਿਲੁ ਪਲੁ ਰਹਣੁ ਨ ਜਾਇ ॥ ਹਰਿ ਸਾਧਹ ਸਰਣਾਗਤੀ ਨਾਨਕ ਆਸ ਪੁਜਾਇ ॥ ੨ ॥ ਛੰਤੁ ॥ ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ ॥ ਖੋਜੰਤੀ ਦਰਸਨੁ ਫਿਰਤ ਕਬ ਮਿਲੀਐ ਗੁਣਤਾਸ ਜੀਉ ॥ ਬਿਨੁ ਕੰਤ ਪਿਆਰੇ ਨਹ ਸੂਖ ਸਾਰੇ ਹਾਰ ਕੰਙਣ ਧ੍ਰਿਗੁ ਬਨਾ ॥ ਸੁੰਦਰਿ ਸੁਜਾਣਿ ਚਤੁਰਿ ਬੇਤੀ ਸਾਸ ਬਿਨੁ ਜੈਸੇ ਤਨਾ ॥ ਈਤ ਉਤ ਦਹ ਦਿਸ ਅਲੋਕਨ ਮਨਿ ਮਿਲਨ ਕੀ ਪ੍ਰਭ ਪਿਆਸ ਜੀਉ ॥ ਬਿਨਵੰਤਿ ਨਾਨਕ ਧਾਰਿ ਕਿਰਪਾ ਮੇਲਹੁ ਪ੍ਰਭ ਗੁਣਤਾਸ ਜੀਉ ॥ ੫ ॥ (ਅੰਗ ੯੨੮)

ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਮੇਰੇ ਅੰਦਰ ਪ੍ਰਭੂ-ਪਤੀ ਦੇ ਪਿਆਰ ਦੀ ਛੱਲ ਜ਼ੋਰ ਪਾ ਰਹੀ ਹੈ ਤੇ ਮੈਂ ਸਾਰੇ ਪਾਸੇ ਘੁੰਮਦੀ ਪਈ ਹਾਂ ਕਿ ਕਿਸੇ ਤਰ੍ਹਾਂ ਉਸ ਪ੍ਰਭੂ ਦਾ ਦੀਦਾਰ ਹੋਵੇ। ਕੋਈ ਗੁਰਮੁਖ ਪਿਆਰਾ ਸੰਤ ਜਨ ਐਸਾ ਹੈ ਜੋ ਮੈਨੂੰ ਪ੍ਰਭੂ ਨਾਲ ਮਿਲਾਉਣ ਦੀ ਸਮਰਥਾ ਰੱਖਦਾ ਹੋਵੇ। ਐਸੀ ਤੜਪ ਹੋ ਰਹੀ ਹੈ ਕਿ ਮਿਲਾਪ ਤੋਂ ਬਿਨਾਂ ਸ਼ਾਂਤੀ ਨਹੀਂ, ਮੈਥੋਂ ਹੁਣ ਇਕ ਤਿਲ ਜਿਤਨਾ ਸਮਾਂ ਵੀ ਰਿਹਾ ਨਹੀਂ ਜਾਂਦਾ। ਹੁਣ ਪ੍ਰਭੂ ਦੇ ਸੰਤ ਜਨਾਂ ਦੀ ਸ਼ਰਨ ਲਈ ਹੈ, ਕਿਉਂਕਿ ਉਹ ਪ੍ਰਭੂ ਦੇ ਪਿਆਰ ਵਧਾਉਣ ਵਿਚ ਮਦਦ ਕਰਦੇ ਹਨ ਤੇ ਸਾਧਸੰਗਤ ਵਿਚ ਮੇਰੀ ਦਰਸ਼ਨਾਂ ਦੀ ਆਸ ਪੂਰੀ ਹੋ ਜਾਵੇਗੀ। ਐਸੇ ਕਈ ਫ਼ੁਰਮਾਨ ਹਨ ਜਿਨ੍ਹਾਂ ਵਿਚ ਇਨ੍ਹਾਂ ਸਲੋਕਾਂ ਦੇ ਭਾਵਾਂ ਦੀ ਤਰਜਮਾਨੀ ਕੀਤੀ ਹੋਈ ਮਿਲਦੀ ਹੈ। ਫ਼ੁਰਮਾਨ ਹਨ :

ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥
ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ ॥ ੧ ॥ ਰਹਾਉ ॥

(ਅੰਗ ੨੦੪)

ਇਕੁ ਪਲੁ ਦਿਨਸੁ ਮੋਕਉ ਕਬਹੁ ਨ ਬਿਹਾਵੈ ॥
ਦਰਸਨ ਕੀ ਮਨਿ ਆਸ ਘਨੇਰੀ
ਕੋਈ ਐਸਾ ਸੰਤੁ ਮੋਕਉ ਪਿਰਹਿ ਮਿਲਾਵੈ ॥ ੧ ॥ ਰਹਾਉ ॥ (ਅੰਗ ੩੭੪)
ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥ (ਅੰਗ ੧੩੫)
ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ
ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥
ਦਰਸਨੁ ਹਰਿ ਦੇਖਣ ਕੈ ਤਾਈ ॥ (ਅੰਗ ੭੫੭)
ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ ॥
ਹਉ ਜੀਉ ਕਰੀ ਤਿਸ ਵਿਟਉ ਚਉ ਖੰਨੀਐ ਜੋ ਮੈ ਪਿਰੀ ਦਿਖਾਵਏ ॥

(ਅੰਗ ੧੪੨੧)

ਅੱਗੇ ਸਤਿਗੁਰੂ ਜੀ ਛੰਤ ਵਿਚ ਫ਼ੁਰਮਾਉਂਦੇ ਹਨ ਕਿ ਅੱਸੂ ਕਤਕ ਦੇ ਵਿਚ ਮਿੱਠੀ ਸਰਦ ਪੱਤਝੜ ਰੁੱਤ ਦਾ ਆਰੰਭ ਹੁੰਦਾ ਹੈ ਤੇ ਜੀਵ-ਇਸਤ੍ਰੀ ਦੇ ਹਿਰਦੇ ਵਿਚ ਹਰੀ ਪ੍ਰਭੂ ਨੂੰ ਮਿਲਣ ਦੀ ਤਾਂਘ ਉਠਦੀ ਹੈ ਤੇ ਉਹ ਦੀਦਾਰ ਵਾਸਤੇ ਭਾਲਦੀ ਫਿਰਦੀ ਹੈ ਕਿ ਕਦੋਂ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦਾ ਮੇਲ ਹੋਵੇ। ਪਿਆਰੇ ਪਤੀ ਤੋਂ ਬਿਨਾਂ ਕੋਈ ਸਾਰੇ ਸੁਖ ਨਹੀਂ ਦਿੰਦਾ ਤੇ ਸਾਰੇ ਗਹਿਣੇ ਹਾਰ ਕੰਙਣ ਆਦਿ ਤੇ ਹੋਰ ਸ਼ਿੰਗਾਰ ਕਰਨੇ ਫਿਟਕਾਰ ਜੋਗ ਹਨ ਤੇ ਦੁਖਦਾਈ ਲੱਗਦੇ ਹਨ। ਇਸਤ੍ਰੀ ਭਾਵੇਂ ਖ਼ੂਬਸੂਰਤ, ਸਿਆਣੀ, ਚਤੁਰ ਤੇ ਵਿੱਦਿਆ-ਵਤੀ ਹੋਵੇ, ਪਰ ਪਤੀ-ਮਿਲਾਪ ਤੋਂ ਬਿਨਾਂ ਐਸੇ ਹੈ ਜਿਵੇਂ ਸੁਆਸਾਂ ਤੋਂ ਬਿਨਾਂ ਸਰੀਰ ਵਿਅਰਥ ਹੁੰਦਾ ਹੈ। ਮਨ ਵਿਚ ਪ੍ਰਭੂ ਨਾਲ ਮਿਲਣ ਦੀ ਪਿਆਸ ਹੋਣ ਕਰਕੇ ਇਧਰ-ਉਧਰ ਦਸੇ ਦਿਸ਼ਾਂ ਵਿਚ ਦੇਖਭਾਲ ਕਰਦੀ ਹੈ।

ਦਸ ਦਿਸ਼ਾਵਾਂ ਇਹ ਹਨ—

1. ਪੂਰਬ 2. ਪੱਛਮ 3. ਉੱਤਰ 4. ਦੱਖਣ
5. ਈਸ਼ਾਨ-ਕੋਨ : ਉੱਤਰ-ਪੂਰਬ 6. ਅਗਨ ਕੋਨ : ਦੱਖਣ-ਪੂਰਬ
7. ਨੈਰਤ ਕੋਨ : ਦੱਖਣ-ਪੱਛਮ 8. ਵਾਯੂ ਕੋਨ : ਉੱਤਰ-ਪੱਛਮ
9. ਅਕਾਸ਼ 10. ਪਾਤਾਲ

ਸ੍ਰੀ ਸਰਬ ਲੋਹ ਗ੍ਰੰਥ ਵਿਚ ਉਪ ਕੋਨਾਂ ਦਾ ਜ਼ਿਕਰ ਵੀ ਆਉਂਦਾ ਹੈ।

ਗੁਰਮੁਖ ਇਸਤ੍ਰੀ ਇਸ ਤਰ੍ਹਾਂ ਕਹਿੰਦੀ ਹੈ ਕਿ ਹੇ ਸ਼ੁੱਭ ਗੁਣਾਂ ਦੇ ਖ਼ਜ਼ਾਨੇ ਵਾਹਿਗੁਰੂ ! ਕਿਰਪਾ ਦ੍ਰਿਸ਼ਟੀ ਧਾਰ ਕੇ ਮੈਨੂੰ ਆਪਣੇ ਨਾਲ ਮੇਲ ਲਵੋ ਜੀ। ਗੁਰਬਾਣੀ ਵਿਚੋਂ ਕਈ ਫ਼ੁਰਮਾਨ ਹਨ ਜੋ ਕਿ ਛੰਤ ਦੇ ਵਿਚ ਦਿੱਤੇ ਭਾਵਾਂ ਨੂੰ ਹੋਰ ਉਜਾਗਰ ਕਰਦੇ ਹਨ, ਜਿਵੇਂ ਦਸਾਂ ਦਿਸ਼ਾਵਾਂ ਬਾਰੇ ਤੇ ਅਕਾਸ਼ ਵਿਚ ਉੱਡਣ ਵਾਲੀ ਕੂੰਜ ਨੂੰ ਸਵਾਲ ਕਰਕੇ ਪੁੱਛਣਾ।

ਫ਼ੁਰਮਾਨ ਹਨ :

ਦਸੇ ਦਿਸਾ ਰਵਿਆ ਪ੍ਰਭੁ ਏਕੁ ॥
ਧਰਨਿ ਅਕਾਸ ਸਭ ਮਹਿ ਪ੍ਰਭ ਪੇਖੁ ॥
ਜਲ ਥਲ ਬਨ ਪਰਬਤ ਪਾਤਾਲ ॥
ਪਰਮੇਸੑਰ ਤਹ ਬਸਹਿ ਦਇਆਲ ॥ (ਅੰਗ ੨੯੯)
ਬਾਗੇ ਕਾਪੜ ਬੋਲੈ ਬੈਣ ॥ ਲੰਮਾ ਨਕੁ ਕਾਲੇ ਤੇਰੇ ਨੈਣ ॥
ਕਬਹੂੰ ਸਾਹਿਬੁ ਦੇਖਿਆ ਭੈਣ ॥ ੧ ॥ (ਅੰਗ ੧੨੫੭)

ਪ੍ਰਭੂ ਤੋਂ ਬਿਨਾਂ ਤੜਪ ਦੇ ਬਹੁਤ ਸਾਰੇ ਫ਼ੁਰਮਾਨ ਦਰਜ ਹਨ। ਇੱਥੇ ਇਕ ਹੀ ਦਰਜ ਕੀਤਾ ਜਾਂਦਾ ਹੈ। ਫ਼ੁਰਮਾਨ ਹੈ :

ਪਿਰ ਬਿਨੁ ਖਰੀ ਨਿਮਾਣੀ ਜੀਉ ਬਿਨੁ ਪਿਰ ਕਿਉ ਜੀਵਾ ਮੇਰੀ ਮਾਈ ॥
ਪਿਰ ਬਿਨੁ ਨੀਦ ਨ ਆਵੈ ਜੀਉ ਕਾਪੜੁ ਤਨਿ ਨ ਸੁਹਾਈ ॥ (ਅੰਗ ੨੪੪)

ਪਰ ਇਸ ਦੇ ਉਲਟ ਜੇ ਪ੍ਰਭੂ-ਪਤੀ ਮਿਲ ਜਾਵੇ ਤਾਂ :

ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ ॥
ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ ॥ ੨ ॥ (ਅੰਗ ੭੩੭)

ਸਤਿਗੁਰੂ ਜੀ ਮਲਾਰ ਰਾਗ ਦੇ ਵਿਚ ਇੱਕੋ ਸ਼ਬਦ ਦੀਆਂ ਦੋ ਪੰਗਤੀਆਂ ਵਿਚ ਵਿਛੋੜੇ ਤੇ ਮਿਲਾਪ ਦਾ ਅਤਿ ਸੁੰਦਰ ਤਰੀਕੇ ਦੇ ਨਾਲ ਵਰਨਣ ਕਰਦੇ ਹੋਏ ਪੰਛੀ ਚਕਵਾ-ਚਕਵੀ ਦੀ ਉਦਾਹਰਣ ਦਿੰਦੇ ਹਨ। ਫ਼ੁਰਮਾਨ ਹਨ :

ਚਕਵੀ ਨੈਨ ਨੀਦ ਨਹਿ ਚਾਹੈ ਬਿਨੁ ਪਿਰ ਨੀਦ ਨ ਪਾਈ ॥
ਸੂਰੁ ਚਰੑੈ ਪ੍ਰਿਉ ਦੇਖੈ ਨੈਨੀ ਨਿਵਿ ਨਿਵਿ ਲਾਗੈ ਪਾਂਈ ॥ ੧ ॥ (ਅੰਗ ੧੨੭੩)

ਪ੍ਰਭੂ-ਮਿਲਾਪ ਬਾਰੇ ਕਤਕ ਦੇ ਮਹੀਨੇ ਵਿਚ ਫ਼ੁਰਮਾਨ ਹੈ :

ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥ (ਅੰਗ ੧੩੫)

ਅਸੀਂ ਰੋਜ਼ਾਨਾ ਅਨੰਦ ਸਾਹਿਬ ਵਿਚ ਪੜ੍ਹਦੇ ਸੁਣਦੇ ਹਾਂ :

ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥ (ਅੰਗ ੯੧੭)

ਅਸਲ ਵਿਚ ਸਾਰੇ ਦੁੱਖ ਹੀ ਪ੍ਰਭੂ ਨੂੰ ਭੁੱਲ ਜਾਣ ਕਰਕੇ ਵਾਪਰਦੇ ਹਨ। ਕਤਕ ਦੇ ਮਹੀਨੇ ਵਿਚ ਉਪਦੇਸ਼ ਹੈ :

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥ (ਅੰਗ ੧੩੫)

ਜਿਹੜਾ ਮਨੁੱਖ ਦੁਨੀਆਂ ਦੇ ਝੂਠੇ ਮੋਹ ਵਿਚ ਫਸ ਜਾਂਦਾ ਹੈ ਤੇ ਪ੍ਰਭੂ ਦੇ ਚਰਨਾਂ ਤੋਂ ਵਿਛੁੜਿਆ ਰਹਿੰਦਾ ਹੈ। ਪਰ ਜਿਹੜਾ ਵਿਅਕਤੀ ਪ੍ਰਭੂ ਦੀ ਮਿਹਰ ਨਾਲ ਗੁਰੂ ਦੀ ਸ਼ਰਨ ਪੈਂਦਾ ਹੈ। ਉਹ ਮਾਇਆ ਦੇ ਹਮਲਿਆਂ ਵੱਲੋਂ ਅਡੋਲ ਹੋ ਜਾਂਦਾ ਹੈ ਤੇ ਉਸ ਨੂੰ ਪ੍ਰਭੂ-ਮਿਲਾਪ ਦਾ ਅਨੰਦ ਪ੍ਰਾਪਤ ਹੁੰਦਾ ਹੈ। ਜਿਸ ਜਗਿਆਸੂ ਨੂੰ ਪ੍ਰਭੂ ਆਪਣੀ ਸਿਫਤ ਸਲਾਹ ਦੀ ਦਾਤ ਦਿੰਦਾ ਹੈ ਉਸ ਦੇ ਅੰਦਰ ਆਤਮਕ ਜੀਵਨ ਦੀ ਸੋਝੀ ਵਾਲੇ ਚਾਨਣ ਦਾ ਦੀਪਕ ਜਗ ਪੈਂਦਾ ਹੈ। ਉਹ ਵਿਅਕਤੀ ਪ੍ਰਭੂ ਦੀ ਯਾਦ ਤੋਂ ਇਕ ਘੜੀ ਪਲ ਦਾ ਵਿਛੋੜਾ ਭੀ ਸਹਾਰ ਨਹੀਂ ਸਕਦਾ।

ਸਰਦ ਰੁੱਤ : ਆਮ ਸਾਧਾਰਣ ਸਮਾਜਿਕ ਤੇ ਵਿਆਪਕਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਉਪਦੇਸ਼ :

ਸਰਦ ਰੁੱਤ ਵਰਖਾ ਰੁੱਤ ਤੋਂ ਬਾਅਦ ਅਤੇ ਸਿਸੀਅਰ ਰੁੱਤ ਤੋਂ ਪਹਿਲਾਂ ਆਉਂਦੀ ਹੈ। ਇਸ ਰੁੱਤ ਨੂੰ ਕਈ ਹੋਰ ਦੇਸ਼ਾਂ ਵਿਚ ਪੱਤਝੜ Autumn ਜਾਂ Fall ਵੀ ਆਖਦੇ ਹਨ ਪਰ ਰੁੱਤਾਂ ਦਾ ਸਮਾਂ ਦੇਸੀ ਰੁੱਤਾਂ ਅਨੁਸਾਰ ਬਰਾਬਰ ਨਹੀਂ ਹੈ। ਪਰ ਪੱਤਝੜ ਵਾਲੇ ਸੰਕੇਤ ਕੁਝ ਸ਼ਬਦਾਂ ਵਿਚ ਅੰਕਿਤ ਦਿਖਾਈ ਦਿੰਦੇ ਹਨ। ਵਰਖਾ ਰੁੱਤ ਦੇ ਬਾਅਦ ਸਰਦ ਰੁੱਤ ਵਿਖੇ ਤਾਪਮਾਨ ਘੱਟਣ ਲੱਗ ਪੈਂਦਾ ਹੈ ਤੇ ਦਿਨ ਰਾਤ ਤਕਰੀਬਨ ਬਰਾਬਰ ਦੇ ਸਮੇਂ ਦੇ ਹੋ ਜਾਂਦੇ ਹਨ। ਉਪ੍ਰੰਤ ਦਿਨ ਛੋਟੇ ਹੋਣੇ ਤੇ ਰਾਤਾਂ ਲੰਬੀਆਂ ਹੋਣੀਆਂ ਸ਼ੁਰੂ ਹੋ ਜਾਂਦੇ ਹਨ। ਸਰਦ ਰੁੱਤ (ਪੱਤਝੜ) ਉਤਰੀ ਅਰਧਗੋਲੇ Northern Hemisphere ਤੇ ਦੱਖਣੀ ਅਰਧਗੋਲੇ Southern Hemisphere ਵਿਖੇ ਵੱਖਰੇ-ਵੱਖਰੇ ਮਹੀਨਿਆਂ ਵਿਖੇ ਵਾਪਰਦੀ (ਘਟਦੀ) ਹੈ।

ਮਨੁੱਖੀ ਜੀਵਨ ਨੂੰ ਵੀ ਗੁਰੂ ਸਾਹਿਬ ਜੀ ਨੇ ਤਿੰਨ ਪੜਾਵਾਂ ਵਿਚ ਵਰਨਣ ਕੀਤਾ ਹੈ:

ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥ (ਅੰਗ ੧੪੨੮)

ਪੱਤਝੜ ਨੂੰ ਬੁਢੇਪੇ ਦੀ ਤਰ੍ਹਾਂ ਦੇਖਿਆ, ਸਮਝਿਆ ਜਾਂਦਾ ਹੈ। ਤੁਖਾਰੀ ਰਾਗ ਵਿਚ ਅੱਸੂ ਮਹੀਨੇ ਦੇ ਉਪਦੇਸ਼ ਵਿਚ ਫ਼ੁਰਮਾਨ ਹੈ :

ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ ॥
ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ ॥ (ਅੰਗ ੧੧੦੯)

ਦੁਨੀਆਂ ਦੇ ਝੂਠੇ ਮੋਹ ਵਿਚ ਫਸ ਕੇ ਖੁਆਰ ਹੋ ਰਹੀ ਹਾਂ ਵਿਛੁੜੀ ਹੋਈ ਹਾਂ ਤੇ ਪਿਛਲੀ ਤੇ ਕਾਹੀ ਵਾਂਗ ਮੇਰੇ ਕੇਸ ਚਿੱਟੇ ਹੋ ਗਏ ਹਨ। ਸਰੀਰਕ ਕਮਜ਼ੋਰੀ ਆ ਰਹੀ ਹੈ ਤੇ ਇਹ ਤਮਾਸ਼ਾ ਦੇਖ ਕੇ ਮੇਰਾ ਮਨ ਘਬਰਾ ਰਿਹਾ ਹੈ। ਬਾਬਾ ਫਰੀਦ ਜੀ ਵੀ ਮੰਗ ਕਰਦੇ ਹਨ:

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥

ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥ (ਅੰਗ ੧੩੭੯)

ਭਗਤ ਕਬੀਰ ਜੀ ਵੀ ਚੇਤਾਵਨੀ ਦਿੰਦੇ ਹਨ ਕਿ ਬੁਢਾਪਾ ਵੀ ਵਿਅਰਥ ਨਾ ਲੰਘ ਜਾਵੇ :

ਰੈਨਿ ਗਈ ਮਤ ਦਿਨੁ ਭੀ ਜਾਇ॥
ਭਵਰ ਗਏ ਬਗ ਬੈਠੇ ਆਇ॥ (ਅੰਗ ੭੯੨)

ਕੁਦਰਤ ਦਾ ਅਸੂਲ ਹੈ ਕਿ ਪੱਕਾ ਹੋਇਆ ਫਲ ਦਰੱਖ਼ਤ ਨਾਲ ਲੱਗਾ ਨਹੀਂ ਰਹਿ ਸਕਦਾ, ਪੱਕ ਕੇ ਉਹ ਹੇਠਾਂ ਡਿੱਗ ਪੈਂਦਾ ਹੈ। ਇਸੇ ਤਰ੍ਹਾਂ ਹੀ ਬੁਢੇਪੇ ਉਪ੍ਰੰਤ ਮੌਤ ਜ਼ਰੂਰੀ ਆਉਣੀ ਹੈ ਪਰ ਮਨੁੱਖ ਜਾਣਾ ਨਹੀਂ ਚਾਹੁੰਦਾ। ਸ੍ਰੀ ਗੁਰੂ ਰਾਮਦਾਸ ਜੀ ਆਸਾ ਰਾਗ ਵਿਚ ਫ਼ੁਰਮਾਉਂਦੇ ਹਨ :

ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ
ਮਤ ਜਮੁ ਪਕਰੈ ਲੈ ਜਾਇ ਜੀਉ॥ (ਅੰਗ ੪੪੭)

ਪਰ ਪ੍ਰਭੂ ਜੀ ਨੇ ਇਹ ਇਕ ਡਰਾਮੇ ਦੀ ਤਰ੍ਹਾਂ ਖੇਲ ਬਣਾਇਆ ਹੋਇਆ ਹੈ—ਆਉਣ ਜਾਣ ਦਾ ਤੇ ਮਾਇਆ ਨੂੰ ਆਪਣੇ ਹੁਕਮ ਵਿਚ ਬੰਨ੍ਹਿਆ ਹੋਇਆ ਹੈ। ਸਤਿਗੁਰੂ ਜੀ ਸਰੀਰ ਦੀਆਂ ਦਸ ਅਵਸਥਾਵਾਂ ਬਾਰੇ ਜਾਣਕਾਰੀ ਦਿੰਦੇ ਹਨ। ਭਾਵੇਂ ਯੂਰਪੀਨ ਸਮਾਜਿਕ ਮਨੋਵਿਗਿਆਨੀ ਤੇ ਸਰੀਰਕ ਮਾਹਰ ਅੱਠ ਅਵਸਥਾਵਾਂ ਦਾ ਹੀ ਜ਼ਿਕਰ ਕਰਦੇ ਹਨ। ਜੇ ਉਨ੍ਹਾਂ ਨੇ ਸਤਿਗੁਰੂ ਜੀ ਦੇ ਬੋਲ ਸੁਣੇ ਹੁੰਦੇ ਤਾਂ ਉਨ੍ਹਾਂ ਨੂੰ ਆਪਣੀ ਭੁੱਲ ਦਾ ਗਿਆਨ ਹੁੰਦਾ। ਫ਼ੁਰਮਾਨ ਹੈ :

ਮਃ ੧ ॥ ਪਹਿਲੈ ਪਿਆਰਿ ਲਗਾ ਥਣ ਦੁਧਿ ॥ ਦੂਜੈ ਮਾਇ ਬਾਪ ਕੀ ਸੁਧਿ ॥ ਤੀਜੈ ਭਯਾ ਭਾਭੀ ਬੇਬ ॥ ਚਉਥੈ ਪਿਆਰਿ ਉਪੰਨੀ ਖੇਡ॥ ਪੰਜਵੈ ਖਾਣ ਪੀਅਣ ਕੀ ਧਾਤੁ॥ ਛਿਵੈ ਕਾਮੁ ਨ ਪੁਛੈ ਜਾਤਿ॥ ਸਤਵੈ ਸੰਜਿ ਕੀਆ ਘਰ ਵਾਸੁ ॥ ਅਠਵੈ ਕ੍ਰੋਧੁ ਹੋਆ ਤਨ ਨਾਸੁ ॥ ਨਾਵੈ ਧਉਲੇ ਉਭੇ ਸਾਹ ॥ ਦਸਵੈ ਦਧਾ ਹੋਆ ਸੁਆਹ ॥ ਗਏ ਸਿਗੀਤ ਪੁਕਾਰੀ ਧਾਹ ॥ ਉਡਿਆ ਹੰਸੁ ਦਸਾਏ ਰਾਹ ॥ ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥ ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥ ੨ ॥

(ਅੰਗ ੧੩੭)

ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਦਿਨ ਸਮੇਂ ਸੂਰਜ ਚਲ ਰਿਹਾ ਹੈ ਰਾਤ ਵੇਲੇ ਚੰਦ੍ਰਮਾ ਚਲ ਰਿਹਾ ਹੈ, ਲੱਖਾਂ ਤਾਰੇ ਸਿਤਾਰੇ ਚਲ ਕੇ ਮਿਟ ਰਹੇ ਹਨ। ਫ਼ੁਰਮਾਨ ਹੈ :

ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥
ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥ ੮ ॥ (ਅੰਗ ੬੪)

ਇਸੇ ਤਰ੍ਹਾਂ ਹੀ ਰੁੱਤਾਂ ਵੀ ਆਉਂਦੀਆਂ ਜਾਂਦੀਆਂ ਹਨ ਤੇ ਮਨੁੱਖ, ਪਸ਼ੂ, ਪੰਛੀ, ਤਾਰੇ, ਸਿਤਾਰੇ ਸਭ ਉਸ ਦੇ ਹੁਕਮ ਵਿਚ ਹਨ, ਜਿਵੇਂ ਪੁਰਾਤਨ ਟਿੰਡਾਂ ਵਾਲੇ ਖੂਹ ਬਾਰੇ ਫ਼ੁਰਮਾਨ ਹੈ :

ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ॥
ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ ॥ ੨ ॥

(ਅੰਗ ੧੩੨੯)

ਪੱਤਝੜ ਸਰਦ ਰੁੱਤ ਵਿਚ ਪੱਤੇ ਹਰੇ ਰੰਗ ਤੋਂ ਜੰਗਾਲ ਰੰਗੇ ਜਾਂ ਪੀਲੇ ਹੋ ਜਾਂਦੇ ਹਨ ਤੇ ਦਰੱਖ਼ਤ ਜਿਵੇਂ ਸਰਦੀ ਦੀ ਤਿਆਰੀ ਕਰ ਰਹੇ ਹੋਣ। ਬਹੁਤ ਸਾਰੇ ਪੱਤੇ ਕਈ ਵਾਰੀ ਬਹੁਤ ਗੰਦ ਵਗੈਰਾ ਪਾ ਦਿੰਦੇ ਹਨ ਤੇ ਨਗਰ ਕੌਂਸਲਾਂ ਨੂੰ ਇਨ੍ਹਾਂ ਪੱਤਿਆਂ ਨੂੰ ਚੁਕਾਉਣ ਲਈ ਕਈ ਮਜ਼ਦੂਰਾਂ ਤੇ ਢੋਹਣ ਲਈ ਗੱਡੀਆਂ ਦਾ ਵੀ ਪ੍ਰਬੰਧ ਕਰਨਾ ਪੈਂਦਾ ਹੈ, ਕਿਉਂਕਿ ਸਫਾਈ ਰੱਖਣ ਦੀ ਜ਼ਿੰਮੇਵਾਰੀ ਨਗਰ ਕੌਂਸਲਾਂ ਦੀ ਹੁੰਦੀ ਹੈ। ਪੱਤਿਆਂ ਦਾ ਰੰਗ Cartenoids ਕੈਮੀਕਲ ਕਰਕੇ ਹੁੰਦਾ ਹੈ, ਇਹ ਗਾਜਰਾਂ ਵਿਚ ਵੀ ਸੰਤਰੀ ਰੰਗ ਭਰਦਾ ਹੈ। ਦਿਨ ਛੋਟੇ ਹੋਣ ਲੱਗ ਪੈਂਦੇ ਹਨ। ਸੂਰਜ ਦੀ ਰੋਸ਼ਨੀ ਦਾ ਸਮਾਂ ਘੱਟ ਜਾਂਦਾ ਹੈ ਪਰ ਸੰਸਾਰ ਵਿਚ ਇਸ ਤਰ੍ਹਾਂ ਵੀ ਮੰਨਦੇ ਹਨ ਕਿ ਪੱਤਝੜ ਸਰਦ ਰੁੱਤ ਵਿਚ ਜਨਮ ਲੈਣ ਵਾਲੇ ਬੱਚੇ ਦੂਸਰੇ ਬੱਚਿਆਂ ਤੋਂ ਜ਼ਿਆਦਾ ਉਮਰ ਤਕ ਜੀਉਂਦੇ ਹਨ।

ਕਈ ਕਿਸਾਨ ਇਸ ਰੁੱਤੇ ਸੇਬ, ਕੱਦੂ ਤੇ ਨਾਸਪਾਤੀਆਂ ਤੇ ਮੱਕੀ ਦੀ ਫਸਲ ਦੀ ਪੈਦਾਵਾਰ ਸੰਭਾਲਦੇ ਹਨ। ਇਸ ਰੁੱਤੇ ਬਰਫ ਤੇ ਗੜੇ ਨਹੀਂ ਪੈਂਦੇ।

ਕੁਦਰਤੀ ਤੌਰ 'ਤੇ ਬਾਹਰ ਰਹਿਣ ਵਾਲੇ ਪਸ਼ੂਆਂ ਨੂੰ ਵੀ ਹੋਰ ਜੱਤ ਆ ਜਾਂਦੀ ਹੈ ਜੋ ਕਿ ਸਰਦੀ ਦਾ ਸਾਮ੍ਹਣਾ ਕਰਨ ਵਿਚ ਸਹਾਇਕ ਹੁੰਦੀ ਹੈ। ਕਈ ਪੰਛੀ ਵੀ ਇਸ ਰੁੱਤੇ ਹੀ ਗਰਮ ਥਾਵਾਂ 'ਤੇ ਜਾਣਾ ਸ਼ੁਰੂ ਕਰ ਦਿੰਦੇ ਹਨ ਜੋ ਕਿ ਭੋਜਨ ਤੇ ਰਹਿਣ ਲਈ ਸਹਾਇਕ ਹੁੰਦੀਆਂ ਹਨ। ਇਸੇ ਰੁੱਤੇ ਕਈ ਵਾਰ ਹਜ਼ਾਰਾਂ ਦੀ ਗਿਣਤੀ ਵਿਚ (Starlings) ਤਿਲੀਅਰ ਪੰਛੀ ਇਕੱਠੇ ਉੱਡ ਕੇ ਬਹੁਤ ਮਨਮੋਹਕ ਦ੍ਰਿਸ਼ ਬਣਾ ਦਿੰਦੇ ਹਨ। ਜਿੱਥੇ ਕਈ ਲੋਗ ਪੱਤਝੜ ਸਰਦ ਰੁੱਤ ਵਿਚ ਸੈਰ ਸਪਾਟੇ 'ਤੇ ਜਾਂਦੇ ਹਨ ਤੇ ਕੁਦਰਤੀ ਦਰੱਖ਼ਤਾਂ ਦੇ ਰੰਗਾਂ ਵਿਚ ਤਬਦੀਲੀ ਦਾ ਅਨੰਦ ਮਾਣਦੇ ਹਨ। ਭਾਰਤ ਵਿਚ ਕਈ ਸੈਲਾਨੀ ਕਸ਼ਮੀਰ, ਮੈਸੂਰ, ਸਿਕਮ, ਜੋਧਪੁਰ ਤੇ ਅੰਡਾਮਨ ਟਾਪੂਆਂ 'ਤੇ ਇਸ ਰੁੱਤੇ ਜਾਂਦੇ ਹਨ। ਪੱਤਝੜ ਸਰਦ ਰੁੱਤ ਦਾ ਮੌਸਮ ਵਧੀਆ ਹੁੰਦਾ ਹੈ। ਗਰਮੀ ਚਲੇ ਗਈ ਹੈ ਤੇ ਜ਼ਿਆਦਾ ਠੰਡ ਹਾਲੇ ਪੈਣੀ ਸ਼ੁਰੂ ਨਹੀਂ ਹੋਈ।

ਪੱਤਝੜ ਸਰਦ ਰੁੱਤ ਨੂੰ ਜ਼ਿਆਦਾਤਰ ਉਦਾਸੀ ਦੀ ਰੁੱਤ ਦੀ ਤਰ੍ਹਾਂ ਮੰਨਿਆ ਜਾਂਦਾ ਹੈ। ਧਾਰਮਿਕ ਵਿਅਕਤੀ ਵੀ ਮੰਨਦੇ ਤੇ ਹੋਰਨਾਂ ਨੂੰ ਸਮਝਾਉਂਦੇ ਹਨ ਕਿ ਡਿੱਗ ਰਹੇ ਪੱਤਿਆਂ ਦੀ ਤਰ੍ਹਾਂ ਹੇ ਮਨੁੱਖ ! ਤੂੰ ਵੀ ਇਸ ਸੰਸਾਰ ਨੂੰ ਇਕ ਦਿਨ ਛੱਡ ਜਾਣਾ ਹੈ। ਬਾਬਾ

ਫ਼ਰੀਦ ਜੀ ਬੁਢੇਪੇ ਦੀ ਹਾਲਤ ਤੇ ਉਪ੍ਰੰਤ ਆਉਣ ਵਾਲੀ ਮੌਤ ਬਾਰੇ ਜਾਗਰੂਕ ਕਰਦੇ ਹਨ :

ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ ॥
ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥ ੪੧ ॥ (ਅੰਗ ੧੩੮੦)

ਉਸ ਮਾਲਕ ਪ੍ਰਭੂ ਨਾਲ ਹੋਰ ਨੇੜਤਾ ਵਾਲੀ ਸਾਂਝ ਬਣਾ ਲੈ, ਕਿਉਂਕਿ ਉਸ ਵੱਡੇ ਮਾਲਕ ਨਾਲ ਜੁੜਨ ਕਰਕੇ ਤੈਨੂੰ ਵੀ ਅਸਥਾਈ ਥਾਂ ਦੀ ਪ੍ਰਾਪਤੀ ਹੋ ਸਕਦੀ ਹੈ। ਫ਼ੁਰਮਾਨ ਹੈ :

ਜਗ ਉਪਜੈ ਬਿਨਸੈ ਬਿਨਸਿ ਬਿਨਾਸੈ ਲਗਿ ਗੁਰਮੁਖਿ ਅਸਥਿਰੁ ਹੋਇ ਜੀਉ ॥
(ਅੰਗ ੪੪੭)

ਕੀ ਕਿਸੇ ਹੋਰ ਵੀ ਐਸੀ ਅਸਥਿਰ ਥਾਂ ਪ੍ਰਾਪਤ ਹੋਈ ਹੈ? ਭਗਤ ਧ੍ਰੂ ਜੀ ਨੂੰ ਸੱਚਖੰਡ ਦੇ ਨਜ਼ਦੀਕ ਹੀ ਐਸੀ ਪੁਰੀ ਮਿਲੀ ਹੋਈ ਹੈ ਉਨ੍ਹਾਂ ਦੇ ਪ੍ਰਭੂ ਉੱਪਰ ਭਰੋਸੇ ਤੇ ਸ਼ਰਧਾ ਭਗਤੀ ਕਰਕੇ। ਸੱਚਖੰਡ ਅਸਥਿਰ ਹੈ, ਭਗਤ ਧ੍ਰੂ ਜੀ ਦੀ ਨਗਰੀ (ਪੁਰੀ) ਕਈ ਹਜ਼ਾਰਾਂ ਲੱਖਾਂ ਵਰ੍ਹਿਆਂ ਉਪ੍ਰੰਤ ਸੂਤ ਕੁ ਜਿੰਨਾ ਹਿਲਦੀ ਹੈ। ਭਗਤ ਸ੍ਰੀ ਨਾਮਦੇਵ ਜੀ ਪ੍ਰਭੂ ਜੀ ਨੂੰ ਬੇਨਤੀ ਕਰਦੇ ਹਨ ਗੋਂਡ ਰਾਗ ਵਿਚ ਕਿ :

ਜਹਾ ਜਹਾ ਧੂਅ ਨਾਰਦੁ ਟੇਕੇ ਨੈਕੁ ਟਿਕਾਵਹੁ ਮੋਹਿ ॥
ਤੇਰੇ ਨਾਮ ਅਵਿਲੰਬਿ ਬਹੁਤੁ ਜਨ ਉਧਰੇ ਨਾਮੇ ਕੀ ਨਿਜ ਮਤਿ ਏਹ ॥
(ਅੰਗ ੮੭੩)

ਭਾਈ ਗੁਰਦਾਸ ਜੀ ਦੀ ਬਾਣੀ ਵਿਚ ਜ਼ਿਕਰ ਹੈ ਕਿ ਧ੍ਰੂ ਜੀ ਨੂੰ ਨਾਰਦ ਮੁਨੀ ਨੇ ਉਪਦੇਸ਼ ਦਿੱਤਾ ਸੀ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਬਸੰਤ ਰਾਗ ਦੇ ਪਹਿਲੇ ਸ਼ਬਦ ਵਿਚ ਫ਼ੁਰਮਾਉਂਦੇ ਹਨ ਕਿ ਉਸ ਪ੍ਰਭੂ ਨਾਲ ਰਚੇ ਜੁੜੇ ਰਹਿੰਦੇ ਹਨ ਉਨ੍ਹਾਂ ਜੀਵਾਂ ਉੱਪਰ ਪੱਤਝੜ ਦਾ ਅਸਰ ਨਹੀਂ ਹੁੰਦਾ। ਫ਼ੁਰਮਾਨ ਹੈ :

ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ ॥
ਨਾਨਕ ਹਰੇ ਨ ਸੂਕਹੀ ਜਿ ਗੁਰਮੁਖਿ ਰਹੇ ਸਮਾਇ ॥ ੪ ॥ (ਅੰਗ ੧੧੬੮)

ਪੱਤਝੜ ਦਾ ਆਪਣਾ ਅਸਰ ਤੇ ਪ੍ਰਭਾਵ ਹੈ ਜੋ ਗਤੀ ਅਨੁਸਾਰ ਵਾਪਰਦਾ ਹੈ, ਜਿਵੇਂ ਪੱਕਾ ਫਲ ਡਿੱਗ ਕੇ, ਦਰੱਖ਼ਤ ਦੇ ਪੱਤੇ ਝੜ ਕੇ ਦੁਬਾਰਾ ਨਹੀਂ ਜੁੜ ਸਕਦੇ, ਫ਼ੁਰਮਾਨ ਹਨ:

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥ ੩੦ ॥
(ਅੰਗ ੧੩੬੬)

ਪਤ੍ਰ ਭੁਰਿਜੇਣ ਝੜੀਯੰ ਨਹ ਜੜੀਅੰ ਪੇਡ ਸੰਪਤਾ ॥ (ਅੰਗ ੧੩੬੦)
ਤਰਵਰ ਵਿਛੁੰਨੇ ਨਹ ਪਾਤ ਜੁੜਤੇ ਜਮ ਮਗਿ ਗਉਨੁ ਇਕੇਲੀ ॥
(ਅੰਗ ੫੪੬)

ਬਾਬਾ ਫ਼ਰੀਦ ਜੀ ਵੀ ਰੁੱਤ ਦੀ ਤਬਦੀਲੀ ਤੇ ਮਨੁੱਖ ਦੇ ਜਾਣ ਦੀ ਗੱਲ (ਸਚਾਈ) ਪ੍ਰਗਟ ਕਰਦੇ ਹਨ :

ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ ॥
ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ ॥ ੧੦੨ ॥ (ਅੰਗ ੧੩੮੩)

ਭਾਈ ਨੰਦ ਲਾਲ (ਸਿੰਘ) ਜੀ ਵੀ ਬਿਆਨਦੇ ਹਨ :

ਆਕਬਤ ਦੀਦੀ ਖ਼ਿਜ਼ਾਂ ਆਵੁਰਤ ਬਾਰ
ਵਰਨਾ ਦਰ ਦੁਨੀਆ ਹਮਾ ਫ਼ਸਲਿ ਬਹਾਰ ॥ ੪੮੬ ॥

ਅਰਥ : ਅਖ਼ੀਰ, ਤੂੰ ਵੇਖਿਆ (ਮਾਇਆ) ਪੱਤਝੜ ਦਾ ਫਲ ਲੈ ਆਈ। ਭਾਵ ਕਿ ਹਰ ਪੈਦਾ ਹੋਇਆ ਪਦਾਰਥ ਦਾ ਅੰਤ ਨੂੰ ਅੰਤ ਹੋ ਜਾਂਦਾ ਹੈ। ਨਹੀਂ ਤਾਂ ਦੁਨੀਆਂ ਵਿਚ ਸਾਰੇ ਬਸੰਤ ਦੀ ਰੁੱਤ ਹੈ।

ਹੁਣ ਪੱਤਝੜ ਸਰਦ ਰੁੱਤ ਦੇ ਸਮਾਜਿਕ ਤਿਉਹਾਰਾਂ ਤੇ ਗੁਰੂ ਸਾਹਿਬ ਜੀ ਦੇ ਜੀਵਨ ਨਾਲ ਸਬੰਧਤ ਇਤਿਹਾਸਕ ਵਿਆਕਤਾਂ ਨੂੰ ਵਿਚਾਰਨ ਦਾ ਯਤਨ ਕਰਦੇ ਹਾਂ।

Albuquerque International Balloon Fiesta New Mexico

ਇਸ ਮੇਲੇ 'ਤੇ ਤਕਰੀਬਨ 10 ਲੱਖ ਲੋਗ ਇਕੱਠੇ ਹੋ ਜਾਂਦੇ ਹਨ। ਇਹ 1972 ਵਿਚ ਸ਼ੁਰੂ ਕੀਤਾ ਗਿਆ ਸੀ। ਇਹ ਸਭ ਤੋਂ ਵੱਡਾ ਅੰਤਰਾਸ਼ਟਰੀ ਮੇਲਾ ਅਮਰੀਕਾ ਵਿਚ ਹੁੰਦਾ ਹੈ। ਇੱਕੋ ਸਮੇਂ 500 ਤੋਂ ਵੀ ਵੱਧ ਗਰਮ ਹਵਾ ਦੇ ਗੁਬਾਰੇ (Hot Air Balloon) ਆਕਾਸ਼ ਵਿਚ ਲਹਿਰਾਉਂਦੇ ਤਰਦੇ ਦਿਖਾਈ ਦਿੰਦੇ ਹਨ। ਇਹ 9 ਦਿਨ ਚਲਦਾ ਹੈ। ਤੁਸੀਂ ਵੀ ਇਸ ਗਰਮ ਹਵਾ ਦੇ ਗੁਬਾਰੇ ਵਿਚ ਪਹਿਲਾਂ ਬੁੱਕ ਕਰਕੇ ਆਕਾਸ਼ ਵਿਚ ਉਪਰ ਦੀ ਸੈਰ ਕਰ ਸਕਦੇ ਹੋ ਤੇ ਅਨੰਦ ਨਾਲ ਉੱਪਰ ਥੱਲੇ ਦੇ ਦ੍ਰਿਸ਼ ਦੇਖ ਸਕਦੇ ਹੋ। ਇਹ ਆਪਣੇ ਆਪ ਵਿਚ ਅਨੋਖਾ ਤੇ ਲਾਜਵਾਬ ਮੇਲਾ ਹੈ।

Guy Fawkes Night UK

ਇਹ 5 ਨਵੰਬਰ ਨੂੰ ਇੰਗਲੈਂਡ ਵਿਚ ਮਨਾਇਆ ਜਾਂਦਾ ਹੈ। ਕਿੰਗ ਜੇਮਜ਼ ਪਹਿਲੇ ਨੂੰ 1605 ਵਿਚ ਬਰਤਾਨੀਆ ਦੀ ਪਾਰਲੀਮੈਂਟ ਸਮੇਤ ਉੜਾ ਕੇ ਮਾਰਨਾ ਚਾਹੁੰਦਾ ਸੀ। ਖੜਯੰਤਰਕਾਰ ਗਾਈ ਫੋਕਸ ਸੀ। ਪਹਿਲਾਂ ਪਤਾ ਲੱਗ ਜਾਣ ਕਰਕੇ ਬਚਾ ਹੋ ਗਿਆ। ਇਸ ਸ਼ਾਮ ਨੂੰ ਧੂਣੀਆਂ ਲਾਈਆਂ ਜਾਂਦੀਆਂ ਹਨ ਤੇ ਖ਼ੂਬ ਪਟਾਕੇ ਵਗੈਰਾ ਤੇ

ਆਤਿਸ਼ਬਾਜ਼ੀ ਚਲਾਈ ਜਾਂਦੀ ਹੈ। ਇਹ ਆਮ ਤੌਰ 'ਤੇ ਦੀਵਾਲੀ ਦੇ ਨਜ਼ਦੀਕ ਹੀ ਤਾਰੀਖ ਆਉਂਦੀ ਹੈ ਤੇ ਕਦੀ ਕਦਾਈਂ ਉਸੇ ਦਿਨ ਵੀ ਆ ਜਾਂਦੀ ਹੈ। ਅੰਗ੍ਰੇਜ਼ ਲੋਗ ਬਹੁਤ ਸ਼ਾਨੋ ਸ਼ੌਕਤ ਨਾਲ ਮਨਾਉਂਦੇ ਹਨ।

Chang Mai Lantern Festival, Thailand

ਇਹ ਪੱਤਝੜ ਦਾ ਤਿਉਹਾਰ ਜਿੱਥੇ ਕਿ ਹਜ਼ਾਰਾਂ ਦੇ ਹਿਸਾਬ ਨਾਲ ਕਾਗਜ਼ੀ ਲਾਲਟੈਣਾਂ ਆਕਾਸ਼ ਵੱਲ ਜਗਾ ਕੇ ਉੱਪਰ ਨੂੰ ਛੱਡੀਆਂ ਜਾਂਦੀਆਂ ਹਨ ਜੋ ਕਿ ਅਤਿਅੰਤ ਟਿਮਟਿਮਾਂਦੇ ਸਿਤਾਰਿਆਂ ਦੀ ਤਰ੍ਹਾਂ ਦਾ ਦ੍ਰਿਸ਼ ਚਿਤਰਦੀਆਂ ਹਨ। ਇਹ ਨਕਾਰਾਤਮਕ ਸੋਚਾਂ ਤੇ ਭਾਵਨਾਵਾਂ ਨੂੰ ਛੱਡਣ ਦਾ ਪ੍ਰਤੀਕ ਤੇ ਪ੍ਰਤਿਰੂਪ ਸੰਕੇਤ ਹੈ। ਇਸੇ ਤਰ੍ਹਾਂ ਦਾ ਇਕ ਹੋਰ ਤਿਉਹਾਰ ਹੈ ਜਿੱਥੇ ਕਿ ਐਸੀਆਂ ਲਾਲਟੈਣਾਂ ਉੱਪਰ ਨੂੰ ਉੜਾਉਨ ਦੀ ਥਾਂ ਪਾਣੀਆਂ ਵਿਚ ਤਾਰੀਆਂ ਜਾਂਦੀਆਂ ਹਨ ਜੋ ਕਿ ਐਸੀ ਤਰ੍ਹਾਂ ਬਣਾਈਆਂ ਜਾਂਦੀਆਂ ਹਨ ਕਿ ਜ਼ਿਆਦਾ ਦੇਰ ਤੱਕ ਜਲਦੀਆਂ, ਰੋਸ਼ਨੀ ਦਿੰਦੀਆਂ ਰਹਿਣ।

Halloween - U. S., Canada, Scotland, Ireland

ਹੈਲੋਵੀਨ ਤਾਂ ਹੁਣ ਸਾਰੇ ਸੰਸਾਰ ਵਿਚ ਹੀ ਮਨਾਈ ਜਾਣ ਲੱਗ ਪਈ ਹੈ ਜਾਂ ਇਸ ਤਰ੍ਹਾਂ ਆਖ ਲਵੋ ਕਿ ਸਾਰੀ ਦੁਨੀਆਂ ਛੋਟੀ ਹੋ ਗਈ ਹੈ। ਬੱਚੇ ਵੱਖਰੇ-ਵੱਖਰੇ ਤਰ੍ਹਾਂ ਦੇ ਲਿਬਾਸ, ਪੁਸ਼ਾਕਾਂ ਤੇ ਪਹਿਰਾਵੇ ਪਹਿਨ ਕੇ ਸਭ ਘਰਾਂ ਦੇ ਦਰਵਾਜ਼ੇ ਖੜਕਾ ਕੇ ਟਰਿਕ ਔਰ ਟਰੀਟ ਆਖਦੇ ਹਨ। ਜ਼ਿਆਦਾਤਰ ਲੋਗ ਬੱਚਿਆਂ ਨੂੰ ਪੈਸੇ ਜਾਂ ਸਵੀਟਾਂ ਆਦਿ ਦਿੰਦੇ ਹਨ। ਕੱਦੂਆਂ ਨੂੰ ਖ਼ਾਸ ਤਰੀਕੇ ਨਾਲ ਤਰਾਸ਼ ਕੇ ਲੈਂਟਰਨ ਲਾਲਟੈਣ ਆਦਿ ਬਣਾ ਕੇ ਵਿਚ ਰੋਸ਼ਨੀ ਜਗਾਈਆਂ ਜਾਂਦੀਆਂ ਹਨ। ਇਹ ਤਕਰੀਬਨ 2000 ਸਾਲ ਤੋਂ ਵੀ ਜ਼ਿਆਦਾ ਪੁਰਾਣਾ ਹੈ ਜਿਸ ਵਿਚ ਵੱਖਰੇ ਲਿਬਾਸ ਪਹਿਨ ਕੇ ਜਿਵੇਂ ਭੂਤਾਂ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਨੂੰ ਮਰ ਚੁਕਿਆਂ ਦਾ ਦਿਨ ਵੀ ਮੰਨਦੇ ਹਨ ਤੇ ਦੂਸਰੇ ਦਿਨ 1 ਨਵੰਬਰ ਨੂੰ ਸਭ ਆਤਮਾਵਾਂ ਦਾ ਦਿਨ 8ਵੀਂ ਸਦੀ ਤੋਂ ਮਨਾਇਆ ਜਾਂਦਾ ਹੈ।

ਦੀਵਾਲੀ ਬੰਦੀਛੋੜ ਦਿਵਸ

ਪੱਤਝੜ ਸਰਦ ਰੁੱਤ ਦਾ ਖ਼ਾਸ ਤਿਉਹਾਰ ਜੋ ਸਾਰੇ ਭਾਰਤ ਵਿਚ ਬਹੁਤ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ ਉਹ ਹੈ ਦੀਵਾਲੀ। ਜਿਸ ਨੂੰ ਹਿੰਦੂ, ਜੈਨ ਤੇ ਸਿੱਖ ਸਭ ਆਪਣੇ ਆਪਣੇ ਤਰੀਕਿਆਂ ਨਾਲ ਸ਼ਰਧਾ ਪੂਰਬਕ ਮਨਾਉਂਦੇ ਹਨ। ਹਿੰਦੂ ਸ੍ਰੀ ਰਾਮਚੰਦਰ ਜੀ ਬਨਵਾਸ ਉਪ੍ਰੰਤ ਰਾਵਣ ਨਾਲ ਯੁੱਧ ਕਰਕੇ ਉਸ ਨੂੰ ਮਾਰ ਕੇ ਵਾਪਸ ਅਜੁੱਧਿਆ ਪਹੁੰਚੇ ਤੇ ਨਗਰ ਨਿਵਾਸੀਆਂ ਨੇ ਦੀਵੇ ਜਗਾ ਕੇ ਰੌਸ਼ਨੀਆਂ ਕਰਕੇ ਖ਼ੁਸ਼ੀਆਂ ਜ਼ਾਹਰ ਕੀਤੀਆਂ। ਜੈਨੀ ਸ੍ਰੀ ਮਹਾਵੀਰ ਨਿਰਵਾਣ ਦਿਵਸ ਮਨਾਉਂਦੇ ਹਨ। ਭਾਰਤ ਵਿਚ ਬਹੁਤ ਥਾਵਾਂ 'ਤੇ ਸ੍ਰੀ ਕ੍ਰਿਸ਼ਨ ਜੀ ਦਾ ਨਰਕਾਸੁਰ ਦੈਂਤ ਨੂੰ ਮਾਰਨਾ ਵੀ ਦੀਵਾਲੀ ਨਾਲ ਜੋੜ ਕੇ

ਮਨਾਉਂਦੇ ਹਨ। ਦੀਵਾਲੀ ਤੇ ਲਛਮੀ ਜਿਸ ਨੂੰ ਧਨ ਦੀ ਦੇਵੀ ਮੰਨਦੇ ਹਨ ਉਸ ਦੀ ਪੂਜਾ ਕੀਤੀ ਜਾਂਦੀ ਹੈ।

ਛੇਵੇਂ ਸਿੱਖ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜੋ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਸਨ ਤੇ ਉਥੇ 52 ਹੋਰ ਰਾਜੇ, ਰਾਜਕੁਮਾਰ ਕੈਦ ਸਨ ਜਿਨ੍ਹਾਂ ਨੂੰ ਸਤਿਗੁਰੂ ਜੀ ਨੇ ਛੁਡਵਾ ਕੇ ਬੰਦੀਛੋੜ ਸਤਿਗੁਰੂ ਅਖਵਾਏ। ਕੁਝ ਸਿਆਸੀ ਕਾਰਣਾਂ ਕਰਕੇ ਤੇ ਡਰ ਕਰਕੇ ਸਤਿਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਜਹਾਂਗੀਰ ਬਾਦਸ਼ਾਹ ਨੇ ਆਪਣੇ ਲਈ ਰੂਹਾਨੀ ਭਗਤੀ ਤੇ ਪ੍ਰਾਰਥਨਾ ਕਰਨ ਲਈ ਆਖਿਆ ਤੇ ਪ੍ਰੇਰਿਆ। ਜਦੋਂ ਸਤਿਗੁਰੂ ਜੀ ਨੂੰ ਛੱਡਣ ਲਈ ਕਿਹਾ ਤਾਂ ਸਤਿਗੁਰੂ ਜੀ ਨੇ 52 ਰਾਜਿਆਂ ਨੂੰ ਵੀ ਛੱਡਣ ਲਈ ਆਖਿਆ ਇਸ 'ਤੇ ਬਾਦਸ਼ਾਹ ਨੇ ਚਲਾਕੀ ਨਾਲ ਆਖਿਆ ਕਿ ਜੋ ਤੁਹਾਡਾ ਚੋਲਾ ਪਕੜ ਕੇ ਨਿਕਲ ਜਾਣਗੇ ਉਨ੍ਹਾਂ ਨੂੰ ਛੱਡ ਦਿੱਤਾ ਜਾਵੇਗਾ। ਸਤਿਗੁਰੂ ਜੀ ਨੇ ਪਰਉਪਕਾਰ ਕਾਰਨ ਹਿਤ ਬਹੁਤ ਭਾਰਾ ਚੋਲਾ ਬਣਵਾਇਆ, ਜਿਸ ਦੀਆਂ 52 ਕਲੀਆਂ ਸਨ ਤੇ ਸਾਰੇ 52 ਰਾਜਿਆਂ ਨੂੰ ਕੈਦ ਵਿੱਚੋਂ ਰਿਹਾਅ ਕਰਵਾਇਆ। ਇਹ 52 ਕਲੀਆਂ ਵਾਲਾ ਚੋਲਾ ਪਿੰਡ ਘੁੜਾਣੀ ਕਲਾਂ ਵਿਖੇ ਸੁਰੱਖਿਅਤ ਹੈ ਤੇ ਦਰਸ਼ਨ ਕੀਤੇ ਜਾ ਸਕਦੇ ਹਨ।

ਸਤਿਗੁਰੂ ਜੀ ਜਦੋਂ ਅੰਮ੍ਰਿਤਸਰ ਪਹੁੰਚੇ ਉਸ ਦਿਨ ਦੀਵਾਲੀ ਦਾ ਦਿਵਸ ਸੀ ਪਰ ਸਿੱਖ ਬਹੁਗਿਣਤੀ ਵਿਚ ਬੰਦੀਛੋੜ ਦਿਵਸ ਆਖਦੇ ਹਨ। ਇਸ ਦਿਨ ਸਿੱਖਾਂ ਨੇ ਬੇਅੰਤ ਘਿਓ ਦੇ ਦੀਵੇ ਜਗਾਏ, ਰੌਸ਼ਨੀਆਂ ਕੀਤੀਆਂ ਤੇ ਖ਼ੁਸ਼ੀਆਂ ਮਨਾਈਆਂ। ਬੇਅੰਤ ਤਰ੍ਹਾਂ ਦੀਆਂ ਮਠਿਆਈਆਂ ਤੇ ਪਕਵਾਨ ਬਣਾਏ ਜਾਂਦੇ ਹਨ ਖ਼ਾਸ ਤੌਰ 'ਤੇ ਜਲੇਬੀਆਂ ਆਦਿ। ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਵੀ ਦੀਵਾਲੀ ਨਾਲ ਸੰਬੰਧਤ ਹੈ। ਭਾਈ ਮਨੀ ਸਿੰਘ ਜੀ ਨੇ ਹਰਿਮੰਦਰ ਸਾਹਿਬ ਵਿਖੇ ਸਰਬੱਤ ਖ਼ਾਲਸੇ ਦਾ ਇਕੱਠ ਕਰਨ ਲਈ ਮੁਗਲ ਪ੍ਰਬੰਧਕਾਂ ਤੋਂ ਇਜਾਜ਼ਤ ਲੈ ਲਈ, ਜੋ ਉਨ੍ਹਾਂ ਨੇ ਇਸ ਇਕੱਠ ਲਈ ਇਕ ਚੰਗੀ ਚੋਖੀ ਰਕਮ ਮੰਗੀ ਜੋ ਭਾਈ ਮਨੀ ਸਿੰਘ ਜੀ ਨੇ ਮੰਨ ਲਈ। ਭਾਈ ਸਾਹਿਬ ਜੀ ਨੇ ਸਾਰੇ ਸਿੱਖਾਂ ਨੂੰ ਸੱਦੇ ਭੇਜ ਦਿੱਤੇ ਕਿ ਦੀਵਾਲੀ 'ਤੇ ਸਾਰਾ ਖ਼ਾਲਸਾ ਇਕੱਠਾ ਹੋਵੇ। ਬਾਅਦ ਵਿਚ ਭਾਈ ਸਾਹਿਬ ਨੂੰ ਪਤਾ ਲੱਗਾ ਕਿ ਮੁਗਲ ਹਾਕਮਾਂ ਦੀ ਨੀਅਤ ਬਦਲ ਗਈ ਹੈ ਤੇ ਇਕੱਠੇ ਹੋਏ ਸਾਰੇ ਸਿੰਘਾਂ ਉਪਰ ਹਮਲਾ ਕਰਨ ਦੀ ਯੋਜਨਾ ਬਣਾ ਰਹੇ ਹਨ। ਭਾਈ ਮਨੀ ਸਿੰਘ ਜੀ ਨੇ ਸਭ ਨੂੰ ਦੁਬਾਰਾ ਇਤਲਾਹ ਭੇਜ ਦਿੱਤੀ ਕਿ ਮੁਗਲਾਂ ਦੀ ਨੀਅਤ ਬਦਲ ਗਈ ਹੈ ਹੁਣ ਤੁਸੀਂ ਅੰਮ੍ਰਿਤਸਰ ਨਾ ਆਉਣਾ। ਸਰਬੱਤ ਖ਼ਾਲਸੇ ਦਾ ਇਕੱਠ ਨਹੀਂ ਹੋਇਆ, ਪੈਸੇ ਵੀ ਨਹੀਂ ਇਕੱਠੇ ਹੋਏ ਮੁਗਲਾਂ ਨੇ ਰਕਮ ਮੰਗੀ ਤਾਂ ਭਾਈ ਸਾਹਿਬ ਜੀ ਨੇ ਇਨਕਾਰ ਕਰ ਦਿੱਤਾ ਤੇ ਉਨ੍ਹਾਂ ਦੀ ਨੀਅਤ ਦਾ ਸੱਚ ਉਨ੍ਹਾਂ ਨੂੰ ਜ਼ਾਹਰ ਕਰ ਦਿੱਤਾ। ਭਾਈ ਸਾਹਿਬ ਜੀ ਨੂੰ ਇਸਲਾਮ ਕਬੂਲ ਕਰਨ ਲਈ ਜਾਂ ਮਰਨ ਲਈ ਤਿਆਰ ਹੋਣ ਲਈ ਆਖਿਆ ਤੇ ਭਾਈ ਸਾਹਿਬ ਦਾ ਬੰਦ-ਬੰਦ ਕੱਟਣ ਦਾ ਫਤਵਾ ਦੇ ਦਿੱਤਾ। ਭਾਈ ਸਾਹਿਬ ਜੀ ਖ਼ੁਸ਼ੀ ਨਾਲ ਬੰਦ-ਬੰਦ ਕਟਵਾ ਕੇ

ਮਹਾਨ ਸ਼ਹੀਦੀ ਪ੍ਰਾਪਤ ਕੀਤੀ।

ਦੀਵਾਲੀ, ਬੰਦੀਛੋੜ ਦਿਵਸ ਲਈ ਘਰਾਂ ਦੀਆਂ ਸਫ਼ਾਈਆਂ ਕੀਤੀਆਂ ਜਾਂਦੀਆਂ ਹਨ। ਦੀਵਾਲੀ ਦੇ ਤਿਓਹਾਰ ਮਨਾਉਣ ਲਈ ਬਹੁਤ ਸਾਰੇ ਲੋਗ ਸੋਨੇ ਦੇ ਗਹਿਣੇ ਖਰੀਦਦੇ ਹਨ, ਪਰ ਜ਼ਿਆਦਾਤਰ ਸੁਆਣੀਆਂ ਬੀਬੀਆਂ ਘਰ ਦੇ ਲਈ ਕੋਈ ਨਾ ਕੋਈ ਨਵਾਂ ਭਾਂਡਾ ਖਰੀਦਦੀਆਂ ਹਨ। ਬਹੁਤ ਰੋਸ਼ਨੀਆਂ ਕੀਤੀਆਂ ਜਾਂਦੀਆਂ, ਆਤਿਸ਼ਬਾਜ਼ੀ ਕੀਤੀ ਜਾਂਦੀ ਹੈ। ਬਹੁਤ ਸੁਆਦਤ ਖਾਣੇ ਬਣਾਏ ਖਾਏ ਜਾਂਦੇ ਹਨ। ਮੰਦਰਾਂ ਤੇ ਗੁਰਦੁਆਰਿਆਂ ਦੇ ਵਿਖੇ ਬਹੁਤ ਰੌਣਕਾਂ ਹੁੰਦੀਆਂ ਹਨ। ਸਤਿਗੁਰੂ ਜੀ ਦਾ ਧੰਨਵਾਦ ਕਰਕੇ ਆਉਂਦੇ ਸਾਲ ਲਈ ਵੀ ਪ੍ਰਾਰਥਨਾ ਤੇ ਪ੍ਰਵਾਰਾਂ ਦੀਆਂ ਸੁਖਾਂ ਮਨਾਈਆਂ ਜਾਂਦੀਆਂ ਹਨ। ਦੀਵਾਲੀ ਲਈ ਸ੍ਰੀ ਦਰਬਾਰ ਸਾਹਿਬ ਵਿਖੇ ਬਹੁਤ ਸਜਾਵਟ ਸਜਾਈ ਜਾਂਦੀ ਹੈ। ਇਸੇ ਲਈ ਬਹੁਤ ਮਸ਼ਹੂਰ ਕਿ "ਦਾਲ ਰੋਟੀ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ"।

ਇਸੇ ਸਰਦ ਰੁੱਤ ਵਿਚ ਦੀਵਾਲੀ ਤੋਂ 15 ਦਿਨ ਬਾਅਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਆਉਂਦਾ ਹੈ। ਜਿੱਥੇ ਦੀਵਾਲੀ ਕਤਕ ਵਦੀ ਚੌਦਸ਼/ਮੱਸਿਆ ਨੂੰ ਆਉਂਦੀ ਹੈ ਤੇ ਕਤਕ ਸੁਦੀ ਪੂਰਨਮਾਸ਼ੀ ਨੂੰ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਪ੍ਰਕਾਸ਼ ਰਾਇ ਭੋਇ ਦੀ ਤਲਵੰਡੀ (ਹੁਣ ਨਨਕਾਣਾ ਸਾਹਿਬ) ਪਾਕਿਸਤਾਨ ਵਿਖੇ ਮਾਤਾ ਤ੍ਰਿਪਤਾ ਤੇ ਮਹਿਤਾ ਕਾਲੂ ਜੀ ਦੇ ਗ੍ਰਿਹਿ ਵਿਖੇ ਹੋਇਆ। ਜ਼ਿਆਦਾਤਰ ਤੌਰ 'ਤੇ ਇਹ ਗੁਰਪੁਰਬ ਇਸੇ ਰੁੱਤ ਵਿਚ ਆਉਂਦਾ ਹੈ, ਕਿਉਂਕਿ ਇਹ ਦੇਸੀ ਤਾਰੀਖਾਂ ਚੰਦ੍ਰਮਾ ਅਨੁਸਾਰ ਵਾਪਰਦੀਆਂ ਹਨ ਤੇ ਬਹੁਤ ਘੱਟ ਇਹ ਅਗਲੀ ਰੁੱਤ ਸਿਸੀਅਰ ਵਿਚ ਆ ਜਾਂਦਾ ਹੈ। ਇਨ੍ਹਾਂ ਤਾਰੀਖਾਂ ਥਿਤਾਂ ਵਾਰਾਂ ਬਾਰੇ ਮੇਰੀ ਪੁਸਤਕ "ਸਤ ਵਾਰ' ਜਾਚ ਲਵੋ, ਜਿਸ ਵਿਚ ਖੁਲਾਸਾ ਕੀਤਾ ਹੋਇਆ ਹੈ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਥਾਨਕ ਵਸਨੀਕਾਂ ਨੂੰ ਸਮਝਾ ਕੇ ਚਾਰ ਉਦਾਸੀਆਂ ਕਰਕੇ ਬੇਅੰਤ ਲੋਕਾਈ ਨੂੰ ਉਸ ਪ੍ਰਭੂ ਨਾਲ ਜੋੜਿਆ। ਉਸ ਪ੍ਰਭੂ ਦੀ ਬਾਣੀ ਮਨੁੱਖਤਾ ਦੇ ਭਲੇ ਲਈ ਇਕੱਤਰ ਕੀਤੀ ਤੇ ਆਪ ਦਸ ਜੋਤਾਂ ਵਿਚ ਵਿਚਰ ਕੇ ਬੇਅੰਤ ਸ਼ਬਦ ਉਚਾਰੇ ਤਾਂ ਕਿ ਮਨੁੱਖ ਨੂੰ ਹਰ ਮੁਸ਼ਕਲ ਵਿਚ ਰਹਿਨੁਮਾਈ ਮਿਲੇ। ਤਿੰਨ ਸੁਨਿਹਰੀ ਅਸੂਲ ਦੁਨੀਆਂ ਨੂੰ ਬਖਸ਼ੇ—ਨਾਮ ਜਪਣਾ, ਧਰਮ ਦੀ ਕਿਰਤ ਕਰਨੀ ਤੇ ਵੰਡ ਕੇ ਛਕਣਾ ਤੇ ਆਪ ਅਮਲੀ ਤੌਰ 'ਤੇ ਐਸਾ ਅਸਲ ਵਿਚ ਕਰਕੇ ਦਿਖਾਇਆ। ਕਿਸੇ ਨਾਲ ਵੀ ਵਿਤਕਰਾ ਨਹੀਂ ਕੀਤਾ ਤੇ ਸਭ ਨੂੰ ਪ੍ਰਭੂ ਨਾਲ ਜੁੜਨ ਲਈ ਸਹੀ ਉਪਦੇਸ਼ ਬਖ਼ਸ਼ਿਆ ਤੇ ਉਨ੍ਹਾਂ ਦੀਆਂ ਕਮਜ਼ੋਰੀਆਂ ਬਾਰੇ ਪਿਆਰ ਨਾਲ ਸਮਝਾਇਆ। ਬੇਅੰਤ ਲੋਕਾਈ ਨੇ ਸਤਿਗੁਰੂ ਜੀ ਦਾ ਉਪਦੇਸ਼ ਧਾਰਨ ਕੀਤਾ ਤੇ ਸਿੱਖ ਧਰਮ ਦਾ ਪ੍ਰਾਰੰਭ ਹੋਇਆ। ਦਸਾਂ ਜਾਮਿਆਂ ਉਪ੍ਰੰਤ ਬਾਣੀ ਨੂੰ ਗੁਰਿਆਈ ਬਖਸ਼ ਕੇ ਸਿੱਖ ਨੂੰ ਖ਼ਾਲਸੇ ਦੇ ਰੂਪ ਵਿਚ ਮੁਕੰਮਲ ਕਰ ਦਿੱਤਾ।

ਐਸੇ ਸਤਿਗੁਰੂ ਜੀ ਦਾ ਪ੍ਰਕਾਸ਼ ਪੁਰਬ ਬੇਅੰਤ ਸੰਗਤਾਂ, ਲੋਕਾਈ ਐਸੇ ਅਕਾਲ ਪੁਰਖ ਸਰੂਪ ਗੁਰੂ ਸਾਹਿਬ ਜੀ ਦਾ ਗੁਰਪੁਰਬ ਤਨ-ਮਨ-ਧਨ ਨਾਲ ਬਹੁਤ ਸ਼ਾਨੋ ਸ਼ੌਕਤ ਨਾਲ ਮਨਾਉਂਦੇ ਹਨ। ਜਿੱਥੇ ਕਿਤੇ ਵੀ ਸਿੱਖ ਵੱਸਦੇ ਹਨ ਉਨ੍ਹਾਂ ਥਾਵਾਂ ਉੱਪਰ ਨਗਰ ਕੀਰਤਨ, ਜਲੂਸ, ਪਾਠ ਕੀਰਤਨ ਦੀਆਂ ਲੜੀਆਂ ਝੜੀਆਂ ਲਗਾਈਆਂ ਜਾਂਦੀਆਂ ਹਨ। ਸੰਗਤਾਂ ਨਨਕਾਣਾ ਸਾਹਿਬ ਜੀ ਵੀ ਦਰਸ਼ਨ ਕਰਨ ਲਈ ਯਾਤ੍ਰਾਵਾਂ ਕਰਨ ਲਈ ਪਹੁੰਚਦੀਆਂ ਹਨ। ਭਾਰਤ ਵਿਚ ਸੁਲਤਾਨਪੁਰ ਸਾਹਿਬ ਵਿਖੇ ਵੀ ਬਹੁਤ ਰੌਣਕਾਂ ਲੱਗਦੀਆਂ ਹਨ, ਕਿਉਂਕਿ ਇੱਥੇ ਵੀ ਗੁਰੂ ਸਾਹਿਬ ਜੀ ਬਹੁਤ ਸਮਾਂ ਇੱਥੇ ਰਹੇ ਸਨ।

ਹੋਰ ਵੀ ਕਈ ਦੁਨੀਆਂ ਦੇ ਵਿਚ ਪੱਤਝੜ, ਸਰਦ ਰੁੱਤ ਦੇ ਕੁਝ ਹੋਰ ਮਸ਼ਹੂਰ ਤਿਓਹਾਰ ਮੇਲੇ ਹਨ Nuit Blanche, Paris, France ਜੋ ਕਿ ਨਵੀਨ, ਅਜੋਕੇ ਹੁਨਰ ਤੇ ਕਲਾਕਾਰੀ ਦੇ ਸ਼ੋ ਆਯੋਜਿਤ ਕੀਤੇ ਜਾਂਦੇ ਹਨ। Voodoo Fest, New Orleuns USA ਜਿੱਥੇ ਸੰਗੀਤ ਦੇ ਮਨੋਰੰਜਨ ਦੀਆਂ ਵੱਖਰੀਆਂ-ਵੱਖਰੀਆਂ ਸਟੇਜਾਂ ਤਿਆਰ ਕੀਤੀਆਂ ਜਾਂਦੀਆਂ ਹਨ। Mid-Autuma Festival, China ਇਹ ਚੀਨ ਵਿਖੇ ਬਹੁਤ ਜਸ਼ਨ ਭਰਪੂਰ ਪੁਰਬ ਮਨਾਇਆ ਜਾਂਦਾ ਹੈ। ਇਹ 3000 ਸਾਲ ਪੁਰਾਣੀ ਪ੍ਰੰਪਰਾ ਹੈ ਜਿਸ ਵਿਚ ਚੰਦਰਮਾ ਨੂੰ ਦੇਖਣਾ, ਸਿਤਾਰਿਆਂ ਨੂੰ ਦੇਖਣਾ ਖ਼ਾਸ ਹਿੱਸਾ ਹੁੰਦਾ ਹੈ। ਇਸੇ ਖਾਣ ਲਈ ਵੀ ਚੰਦਰਮਾ ਕੇਕ Moon Cake ਬਣਾਏ ਜਾਂਦੇ ਹਨ। ਧੂਫਾਂ ਧੁਖਾਈਆਂ ਜਾਂਦੀਆਂ ਹਨ। Wellfleet Oyster Fest, USA ਇਹ ਮੱਛੀਆਂ ਪਕੜਨ ਵਾਲਾ ਸ਼ਹਿਰ ਸਿੱਪ ਪਾਲਣ ਦਾ ਤੇ ਸਿੱਪ ਦਾ ਮਾਸ ਖਾਣ ਦਾ ਸਿੱਪ ਕੀੜੇ, ਇਨ੍ਹਾਂ ਨੂੰ ਕੱਟਣ ਦੇ, ਖੋਲਣ ਦੇ ਬਣਾਉਣ ਦੇ ਤੇ ਹੋਰ ਸੰਗੀਤ ਤੇ ਰੋਡ ਰੇਸ ਸਿੱਪਾਂ ਨੂੰ ਛਿੱਲਣ ਦੇ ਮੁਕਾਬਲੇ ਕਰਵਾਏ ਜਾਂਦੇ ਹਨ। Oktoberfest Munich, Germany ਇੱਥੇ ਜਰਮਨੀ ਦੀ ਬੀਅਰ ਪੀਣ ਲਈ ਬਹੁਤ ਦੂਰ-ਦੂਰ ਤੋਂ ਵਿਅਕਤੀ ਪਹੁੰਚਦੇ ਹਨ। ਇਹ ਮੇਲਾ 1810 ਤੋਂ ਚਲਿਆ ਆ ਰਿਹਾ ਹੈ। ਇਹ ਤਕਰੀਬਨ ਦੋ ਹਫਤੇ ਚਲਦਾ ਹੈ। ਕੁਝ ਹੋਰ ਮੇਲਿਆਂ ਵਿਚ Festes de La Merce, Barcelona, Spain ਤੇ International White Truffle Fair, Italy ਜਿੱਥੇ ਬਹੁਤ ਉਚ-ਕੋਟੀ ਦੇ ਮੁਖ ਰਸੋਈਏ ਇਕੱਠੇ ਹੋ ਕੇ ਬਹੁਤ ਵਧੀਆ ਤੇ ਅਮੀਰ ਖਾਣੇ ਬਣਾਉਂਦੇ ਹਨ ਜੋ ਕਿ ਬਹੁਤ ਮਹਿੰਗੇ ਵਿਕਦੇ ਹਨ ਤੇ ਖਾਣਿਆਂ ਦੀ ਬੋਲੀ, ਨਿਲਾਮੀ ਵੀ ਕੀਤੀ ਜਾਂਦੀ ਹੈ ਤੇ ਕਈ ਵਾਰੀ ਬੋਲੀ ਬਹੁਤ ਉੱਚੀ ਚੜ੍ਹ ਜਾਂਦੀ ਹੈ। ਭਾਵੇਂ ਹੋਰ ਵੀ ਕਈ ਦੁਨੀਆਂ ਦੇ ਮੇਲੇ ਹਨ ਪਰ ਇੱਥੇ ਹੀ ਇਸ ਮਜਮੂਨ ਨੂੰ ਸੰਕੋਚਿਆ ਜਾਂਦਾ ਹੈ।

✧

ਸਿਸੀਅਰ ਰੁੱਤ

ਮਹੀਨੇ - ਮੰਘਰ ਪੋਹ

ਸਿਸੀਅਰ ਰੁੱਤ, ਸਰਤ ਰੁੱਤ ਤੋਂ ਬਾਅਦ ਤੇ ਹਿਮਕਰ ਰੁੱਤ ਤੋਂ ਪਹਿਲਾਂ ਆਉਂਦੀ ਹੈ। ਪਹਿਲਾਂ ਸਲੋਕਾਂ ਤੇ ਛੰਤ ਦਾ ਮੂਲ ਪਾਠ ਤੇ ਵੀਚਾਰ ਕੀਤੀ ਜਾ ਰਹੀ ਹੈ।

ਸਲੋਕ ॥

ਜਲਣਿ ਬੁਝੀ ਸੀਤਲ ਭਏ ਮਨਿ ਤਨਿ ਉਪਜੀ ਸਾਂਤਿ ॥ ਨਾਨਕ ਪ੍ਰਭ ਪੂਰਨ ਮਿਲੇ ਦੁਤੀਆ ਬਿਨਸੀ ਭ੍ਰਾਂਤਿ ॥ ੧ ॥ ਸਾਧ ਪਠਾਏ ਆਪਿ ਹਰਿ ਹਮ ਤੁਮ ਤੇ ਨਾਹੀ ਦੂਰਿ ॥ ਨਾਨਕ ਭ੍ਰਮ ਭੈ ਮਿਟਿ ਗਏ ਰਮਣ ਰਾਮ ਭਰਪੂਰਿ ॥ ੨ ॥ ਛੰਤੁ ॥ ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੇ ਮੰਘਰ ਪੋਹਿ ਜੀਉ ॥ ਜਲਨਿ ਬੁਝੀ ਦਰਸੁ ਪਾਇਆ ਬਿਨਸੇ ਮਾਇਆ ਧ੍ਰੋਹ ਜੀਉ ॥ ਸਭਿ ਕਾਮ ਪੂਰੇ ਮਿਲਿ ਹਜੂਰੇ ਹਰਿ ਚਰਣ ਸੇਵਕਿ ਸੇਵਿਆ ॥ ਹਾਰ ਡੋਰ ਸੀਗਾਰ ਸਭਿ ਰਸ ਗੁਣ ਗਾਉ ਅਲਖ ਅਭੇਵਿਆ ॥ ਭਾਉ ਭਗਤਿ ਗੋਵਿੰਦ ਬਾਂਛਤ ਜਮੁ ਨ ਸਾਕੈ ਜੋਹਿ ਜੀਉ ॥ ਬਿਨਵੰਤਿ ਨਾਨਕ ਪ੍ਰਭਿ ਆਪਿ ਮੇਲੀ ਤਹ ਨ ਪ੍ਰੇਮ ਬਿਛੋਹ ਜੀਉ ॥ ੬ ॥ (ਅੰਗ ੯੨੮)

ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਜਿਨ੍ਹਾਂ ਵਿਅਕਤੀਆਂ ਨੂੰ ਪੂਰਨ ਪ੍ਰਭੂ ਜੀ ਦਾ ਮਿਲਾਪ ਹੋ ਗਿਆ, ਉਨ੍ਹਾਂ ਦੀ ਹੋਰ ਪਾਸੇ ਦੀ ਭਟਕਣਾ ਨਾਸ ਹੋ ਗਈ ਤੇ ਤ੍ਰਿਸ਼ਨਾ ਦੀ ਅੱਗ ਬੁਝ ਗਈ ਤੇ ਹਿਰਦੇ ਵਿਚ ਠੰਢ ਵਰਤ ਗਈ ਤੇ ਸ਼ਾਂਤੀ ਉਤਪੰਨ ਹੋ ਆਈ। ਪ੍ਰਭੂ ਜੀ ਨੇ ਆਪ ਹੀ ਸੰਤ (ਗੁਰੂ) ਜਗਤ ਵਿਖੇ ਭੇਜੇ ਹਨ ਤੇ ਉਹ ਦਰਸਾਉਂਦੇ ਹਨ ਕਿ ਪ੍ਰਭੂ ਅਸਾਡੇ ਨੇੜੇ ਹੀ ਹੈ ਨਾ ਕਿ ਦੂਰ। ਸਰਬ-ਵਿਆਪਕ ਪ੍ਰਮਾਤਮਾ ਦਾ ਸਿਮਰਨ ਕਰਨ ਨਾਲ ਭਰਮ ਤੇ ਡਰ ਖਤਮ ਹੋ ਜਾਂਦੇ ਹਨ। ਐਸੇ ਕਈ ਫ਼ੁਰਮਾਨ ਹਨ ਜੋ ਕਿ ਇਨ੍ਹਾਂ ਸਲੋਕਾਂ ਦੇ ਭਾਵਾਂ ਦੀ ਤਰਜਮਾਨੀ ਕੀਤੀ ਹੋਈ ਮਿਲਦੀ ਹੈ। ਫ਼ੁਰਮਾਨ ਹਨ :

ਗੁਰ ਸੰਤ ਜਨੋ ਪਿਆਰਾ ਮੈ ਮਿਲਿਆ ਮੇਰੀ ਤ੍ਰਿਸਨਾ ਬੁਝਿ ਗਈਆਸੇ ॥ (ਅੰਗ ੭੭੬)

ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ ॥ (ਅੰਗ ੪੬੦)

ਦਰਸਨੁ ਪੇਖਤ ਮੈ ਜੀਓ ॥
ਸੁਨਿ ਕਰਿ ਬਚਨ ਤੁਮ੍ਾਰੇ ਸਤਿਗੁਰ
ਮਨੁ ਤਨੁ ਮੇਰਾ ਠਾਰੁ ਥੀਓ ॥ ੧ ॥ ਰਹਾਉ ॥ (ਅੰਗ ੩੮੨)

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥ ੧ ॥
ਆਵਣ ਜਾਣੁ ਰਹਿਓ ॥
ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥ ੧ ॥ ਰਹਾਉ ॥ (ਅੰਗ ੧੦੦੨)

ਜਲਨਿ ਬੁਝੀ ਸੀਤਲ ਭਏ ਰਾਖੇ ਪ੍ਰਭਿ ਆਪ ॥
ਨਾਨਕ ਪ੍ਰਭ ਸਰਣਾਗਤੀ ਜਾ ਕਾ ਵਡ ਪਰਤਾਪ ॥ (ਅੰਗ ੮੧੯)

ਪ੍ਰਭ ਕ੍ਰਿਪਾ ਤੇ ਸੰਤ ਪਾਏ ਵਾਰਿ ਵਾਰਿ ਨਾਨਕ ਉਹ ਬੇਰੈ ॥ (ਅੰਗ ੧੩੦੧)

ਸੁਨਤ ਪੇਖਤ ਸੰਗਿ ਸਭ ਕੈ ਪ੍ਰਭ ਨੇਰਹੂ ਤੇ ਨੇਰੇ ॥
ਅਰਦਾਸਿ ਨਾਨਕ ਸੁਨਿ ਸੁਆਮੀ ਰਖਿ ਲੇਹੁ ਘਰ ਕੇ ਚੇਰੇ ॥ ੧ ॥ (ਅੰਗ ੫੪੭)

ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥ (ਅੰਗ ੬੬੭)

ਪ੍ਰਭ ਕਿਰਪਾ ਤੇ ਸਾਧਸੰਗਿ ਮੇਲਾ ॥ (ਅੰਗ ੧੭੯)

ਜਲਨਿ ਬੁਝੀ ਸੀਤਲੁ ਹੋਇ ਮਨੂਆ ਸਤਿਗੁਰ ਕਾ ਦਰਸਨੁ ਪਾਏ ਜੀਉ ॥ (ਅੰਗ ੧੦੩)

ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥ (ਅੰਗ ੯੬)

ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥ (ਅੰਗ ੪੦੩)

ਅੱਗੇ ਸਤਿਗੁਰੂ ਜੀ ਛੰਤ ਵਿਚ ਫ਼ੁਰਮਾਉਂਦੇ ਹਨ ਕਿ ਮਘਰ ਪੋਹ ਦੇ ਮਹੀਨੇ ਸਿਸੀਅਰ ਸਿਆਲ ਦੀ ਠੰਢੀ ਰੁੱਤ ਠੰਢਕ ਵਰਤਾਉਂਦੀ ਹੈ ਤੇ ਪ੍ਰਭੂ ਜੀ ਦਾ ਦਰਸ਼ਨ ਹਿਰਦੇ ਨੂੰ ਠੰਢਾ-ਠਾਰ ਕਰ ਦਿੰਦਾ ਹੈ ਤੇ ਦਰਸ਼ਨ ਕਰਨ ਨਾਲ ਤ੍ਰਿਸ਼ਨਾ ਮਾਇਆ ਦੇ ਛਲ -ਫਰੇਬ ਮੁੱਕ ਜਾਂਦੇ ਹਨ। ਪ੍ਰਭੂ ਜੀ ਦੇ ਪ੍ਰਤੱਖ ਦਰਸ਼ਨ ਕਰਨ ਨਾਲ ਸੇਵਕ ਦੇ ਸਾਰੇ ਕੰਮ ਪੂਰੇ ਹੋ ਜਾਂਦੇ ਹਨ, ਜਿਵੇਂ ਪ੍ਰਤੱਖ ਦਰਸ਼ਨ ਬਖਸ਼ ਕੇ ਭਗਤ ਧੰਨੇ ਜੀ ਦੀਆਂ ਗਊਆਂ ਚਾਰੀਆਂ ਤੇ ਖੇਤਾਂ ਵਿਚ ਕੰਮ ਕੀਤਾ। ਭਗਤ ਧੰਨੇ ਜੀ ਦੇ ਅਸਥਾਨ ਪਿੰਡ ਧੂੰਆਂ ਕਲਾਂ ਰਾਜਿਸਥਾਨ ਤੋਂ ਸੰਗਤਾਂ ਉਨ੍ਹਾਂ ਖੇਤਾਂ ਵਿੱਚੋਂ ਮਿੱਟੀ ਵੀ ਪ੍ਰਸ਼ਾਦਿ ਵਾਂਗੂ ਆਪਣੇ ਨਾਲ ਲਿਆਉਂਦੀਆਂ ਹਨ ਕਿ ਇੱਥੇ ਪ੍ਰਭੂ ਜੀ ਨੇ ਖੇਤਾਂ ਵਿਚ ਕੰਮ ਕੀਤਾ ਹੈ ਤੇ ਇਹ ਖੇਤ ਬਹੁਤ ਪਵਿੱਤਰ ਹਨ ਤੇ ਸੰਗਤਾਂ ਇਨ੍ਹਾਂ ਖੇਤਾਂ ਵਿਚ ਮਲ ਮੂਤਰ ਕਰਨ ਤੋਂ ਵੀ ਪ੍ਰਹੇਜ਼ ਕਰਦੀਆਂ

ਹਨ। ਨਾ ਜਾਣ ਸਕਣ ਵਾਲੇ ਪ੍ਰਭੂ ਜੀ ਦੇ ਗੁਣ ਗਾਉਣ ਨਾਲ ਸਾਰੇ ਅਲੰਕਰਣ, ਹਾਰ-ਸ਼ਿੰਗਾਰ, ਵਾਲਾਂ ਦੀਆਂ ਪਰਾਂਦੀਆਂ ਦੀ ਸਜਾਵਟ, ਠਾਠ ਬਾਠ ਤੇ ਹੋਰ ਰਸ ਅਨੰਦ ਪ੍ਰਭੂ ਕੀਰਤੀ ਵਿਚ ਆ ਜਾਂਦੇ ਹਨ ਤੇ ਸਫਲ ਹੁੰਦੇ ਹਨ। ਗੋਵਿੰਦ ਦੀ ਭਾਉ ਭਗਤਿ ਪ੍ਰੇਮਾ ਭਗਤੀ ਚਾਹੁਣ ਮੰਗਣ ਕਰਕੇ ਜਮ ਕਦੇ ਵੀ (ਕੈੜੀ ਅੱਖ ਨਾਲ) ਦੇਖ ਵੀ ਨਹੀਂ ਸਕਦੇ। ਜਿਹੜੀ ਜੀਵ-ਇਸਤ੍ਰੀ ਵਾਹਿਗੁਰੂ ਜੀ ਨੇ ਆਪਣੇ ਚਰਨਾਂ ਨਾਲ ਮੇਲ ਲਈ ਹੈ ਉਸ ਨੂੰ ਫਿਰ ਪ੍ਰੇਮ ਦਾ ਵਿਛੋੜਾ ਨਹੀਂ ਹੁੰਦਾ ਹੈ। ਸੋ ਸਾਰੰਸ਼ ਇਹ ਹੈ ਕਿ ਸਿਆਲ ਦੀ ਰੁੱਤ ਉਸ ਵੇਲੇ ਸੁਖਦਾਈ ਤੇ ਸੁਹਾਵਣੀ ਲੱਗਦੀ ਹੈ ਜਦੋਂ ਪਤੀ-ਪ੍ਰਭੂ ਜੀਵ-ਇਸਤ੍ਰੀ ਦੇ ਕੋਲ ਹੁੰਦਾ ਹੈ। ਉਸ ਮਾਲਕ ਦੀ ਪ੍ਰੇਮਾ-ਭਗਤੀ ਨਾਲ ਸਾਰੇ ਸਾੜੇ, ਡਰ, ਭਰਮ ਤੇ ਵਿਛੋੜੇ ਦੂਰ ਹੋ ਜਾਂਦੇ ਹਨ। ਫ਼ੁਰਮਾਨ ਹਨ :

ਕਾਇਆ ਕਾਮਣਿ ਅਤਿ ਸੁਆਲਿਉ ਪਿਰੁ ਵਸੈ ਜਿਸੁ ਨਾਲੇ ॥
ਪਿਰ ਸਚੇ ਤੇ ਸਦਾ ਸੁਹਾਗਣਿ ਗੁਰ ਕਾ ਸਬਦੁ ਸਮ੍ਾਲੇ ॥
ਹਰਿ ਕੀ ਭਗਤਿ ਸਦਾ ਰੰਗਿ ਰਾਤਾ ਹਉਮੈ ਵਿਚਹੁ ਜਾਲੇ ॥ ੧ ॥
(ਅੰਗ ੭੫੪)

ਨਾਨਕ ਭ੍ਰਮ ਭਉ ਕਾਟੀਐ ਚੂਕੈ ਜਮ ਕੀ ਜੋਹ॥ (ਅੰਗ ੨੫੬)
ਜੋ ਗੁਰਮੁਖਿ ਹਰਿ ਆਰਾਧਦੇ ਤਿਨ ਚੂਕੀ ਜਮ ਕੀ ਜਗਤ ਕਾਣਿ॥
(ਅੰਗ ੬੫੧)

ਅਪਨੇ ਸੇਵਕ ਕਉ ਸਦਾ ਪ੍ਰਤਿਪਾਰੈ ॥ ਭਗਤ ਜਨਾ ਕੇ ਸਾਸ ਨਿਹਾਰੈ ॥
ਮਾਨਸ ਕੀ ਕਹੁ ਕੇਤਕ ਬਾਤ ॥ ਜਮ ਤੇ ਰਾਖੈ ਦੇ ਕਰਿ ਹਾਥ ॥ ੩ ॥
(ਅੰਗ ੧੧੪੯)

ਬਿਨਵੰਤਿ ਨਾਨਕ ਦਇਆ ਧਾਰੀ ਮੇਲਿ ਲੀਨੇ ਇਕ ਪਲੇ॥ (ਅੰਗ ੭੦੫)

ਸਾਰੰਸ਼ ਇਹ ਹੈ ਕਿ ਜੇ ਅਸੀਂ ਜੀਵ-ਇਸਤ੍ਰੀਆਂ ਪ੍ਰਭੂ-ਪਤੀ ਦੇ ਸੁਖ-ਆਰਾਮ ਤੇ ਸਦੀਵੀ ਮੇਲ-ਮਿਲਾਪ ਮਾਨਣਾ ਚਾਹੁੰਦੀਆਂ ਹਾਂ ਤਾਂ ਗੁਰੂ ਸਾਹਿਬ (ਸੰਤ) ਨੂੰ ਲੱਭ ਕੇ ਉਸ ਦੀ ਅਗਵਾਈ ਦੀ ਲੋੜ ਹੈ। ਪ੍ਰਭੂ ਜੀ ਦੀ ਉਸਤਤ, ਵਡਿਆਈ ਤੇ ਗੁਣਗਾਨ ਬਹੁਤ ਪਿਆਰ ਸ਼ਰਧਾ ਨਾਲ ਸਮਰਪਿਤ ਹੋ ਕੇ ਕਰਨੇ ਚਾਹੀਦੇ ਹਨ। ਪ੍ਰਭੂ-ਪਤੀ ਆਪਣੀ ਕ੍ਰਿਪਾਲਤਾ ਨਾਲ ਸਾਨੂੰ ਇਕ ਦਿਨ ਆਪਣਾ ਅਨੰਦਮਈ ਮਿਲਾਪ ਬਖ਼ਸ਼ ਦੇਵੇਗਾ ਜਿਸ ਦੇ ਕਰਕੇ ਜਨਮ-ਮਰਨ ਦਾ ਗੇੜ ਤੇ ਮਾਇਆ ਤੋਂ ਛੁਟਕਾਰਾ ਹੋ ਜਾਵੇਗਾ। ਮਘਰ-ਪੋਹ ਦੇ ਮਹੀਨਿਆ ਵਿਚ ਵੀ ਐਸੇ ਉਪਦੇਸ਼ ਬਖ਼ਸ਼ੇ ਗਏ ਹਨ।

ਮਘਰ ਦੇ ਮਹੀਨੇ ਦੁਆਰਾ ਸਤਿਗੁਰੂ ਜੀ ਉਪਦੇਸ਼ ਬਖ਼ਸ਼ਦੇ ਹਨ ਕਿ ਉਹ ਜੀਵ ਰੂਪ ਆਤਮਾਵਾਂ ਖ਼ੁਸ਼ਨਸੀਬ ਹਨ ਜੋ ਪ੍ਰਮਾਤਮਾ ਦਾ ਮਿਲਾਪ ਹਾਸਲ ਕਰ ਲੈਂਦੀਆਂ ਹਨ। ਸਰਬ

ਗੁਣਾਂ ਕਰਕੇ ਆਪਣੇ ਪ੍ਰਭੂ-ਪਤੀ ਦੇ ਅਨੰਦ ਨੂੰ ਮਾਣਦੀਆਂ ਹਨ। ਸਾਧਸੰਗਤ ਕਰਕੇ ਉਨ੍ਹਾਂ ਦਾ ਤਨ ਮਨ ਹਰਾ ਭਰਾ ਹੋ ਗਿਆ, ਜਿਨ੍ਹਾਂ ਨੂੰ ਸਾਧਸੰਗਤ ਨਹੀਂ ਨਸੀਬ ਹੁੰਦੀ ਉਹ ਇਕੱਲੀਆਂ ਦੁਖੀ ਰਹਿੰਦੀਆਂ ਤੇ ਜਮਾਂ ਦੇ ਵਸ ਪੈਂਦੀਆਂ ਹਨ। ਪ੍ਰਭੂ ਦਾ ਕੀਮਤੀ ਨਾਮ ਪ੍ਰਾਪਤ ਕਰਕੇ ਵੀ ਜੋ ਨਿਮਰਤਾ ਸਹਿਤ ਭਗਤੀ ਕਰਦੀਆਂ ਹਨ ਐਸੀਆਂ ਜੀਵ-ਆਤਮਾਵਾਂ ਦਾ ਜੰਮਣ ਮਰਣ ਦਾ ਗੇੜ ਖ਼ਤਮ ਹੋ ਜਾਂਦਾ ਹੈ।

ਪੋਹ ਦੇ ਮਹੀਨੇ ਕੱਕਰ ਪਾਲਾ ਬਰਫ ਪੈਣ ਕਰਕੇ ਹਰਿਆਵਲ ਵਿੱਚੋਂ ਰਸ ਸੁੱਕ ਜਾਂਦਾ ਹੈ। ਐਸੀ ਸੀਤ ਲਹਿਰ ਚਲਦੀ ਹੈ ਜਿਸ ਦਾ ਅਸਰ ਸਭ ਜੀਵਾਂ 'ਤੇ ਪੈਂਦਾ ਹੈ ਪਰ ਪ੍ਰਭੂ ਪਿਆਰਿਆਂ, ਨਾਮ ਸਿਮਰਨ ਵਿਚ ਰੰਗ-ਰੱਤੜੀਆਂ ਰੂਹਾਂ ਨੂੰ ਅੰਦਰੋਂ ਨਾਮ ਦਾ ਨਿੱਘ ਬਖ਼ਸ਼ ਦਿੰਦਾ ਹੈ ਤੇ ਸਾਧਸੰਗਤ ਵਿਚ ਗੁਣ-ਗਾਉਣ ਕਰਕੇ, ਵਿਸ਼ਿਆਂ ਦਾ ਪ੍ਰਭਾਵ ਨਹੀਂ ਪੈਂਦਾ ਤੇ ਪ੍ਰਭੂ ਜੀ ਤੋਂ ਵਿਛੋੜਾ ਨਹੀਂ ਹੁੰਦਾ ਤੇ ਪ੍ਰਭੂ ਜੀ ਉਨ੍ਹਾਂ ਦੀ ਲਾਜ ਰੱਖਦੇ ਹਨ। ਫ਼ੁਰਮਾਨ ਇਸ ਦੀ ਤਰਜਮਾਨੀ ਕਰਦਾ ਹੈ :

ਸੀਲ ਸੰਜਮਿ ਪ੍ਰਿਅ ਆਗਿਆ ਮਾਨੈ ॥
ਤਿਸੁ ਨਾਰੀ ਕਉ ਦੁਖੁ ਨ ਜਮਾਨੈ ॥ ੩ ॥
ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ ॥
ਧੰਨੁ ਸਤੀ ਦਰਗਹ ਪਰਵਾਨਿਆ॥ (ਅੰਗ ੧੮੫)

ਜਿਸ ਤਰ੍ਹਾਂ ਜਨਮ, ਬਚਪਨ, ਜੁਆਨੀ ਤੇ ਬਿਰਧ ਅਵਸਥਾਵਾਂ ਸਰੀਰ 'ਤੇ ਵਾਪਰਦੀਆਂ ਹਨ। ਇਸੇ ਤਰ੍ਹਾਂ ਹੀ ਇਹ ਰੁੱਤਾਂ ਦਾ ਵੀ ਦੇਖਿਆ ਜਾ ਸਕਦਾ ਹੈ ਤੇ ਸਿਸੀਅਰ ਰੁੱਤ ਤੇ ਪੋਹ ਦਾ ਮਹੀਨਾ ਬਿਰਧ ਅਵਸਥਾ ਵਾਂਗੂੰ ਹੈ। ਇਸ ਵਿਚ ਜੜ੍ਹਤਾ ਰੂਪੀ ਬਰਫ ਪੈਂਦੀ ਹੈ। ਜੜ੍ਹਤਾ ਕਰਕੇ ਸਰੀਰ ਤੇ ਇੰਦਰਿਆਂ ਵਿੱਚੋਂ ਰਸ ਸੁੱਕ ਜਾਂਦਾ ਹੈ ਅਰਥਾਤ ਸਰੀਰਕ ਇੰਦਰੇ ਕਮਜ਼ੋਰ ਹੋ ਜਾਂਦੇ ਹਨ। ਜਿਵੇਂ ਫ਼ੁਰਮਾਨ ਹੈ :

ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ ॥
ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ ॥ ੧੧ ॥ (ਅੰਗ ੧੩੭੮)
ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥
ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ੭੭ ॥ (ਅੰਗ ੧੩੮੧)

ਜਿਵੇਂ ਰੁੱਤ ਬਸੰਤ ਤੋਂ ਲੈ ਕੇ ਸਿਸੀਅਰ, ਹਿਮਕਰ ਵੱਲ ਨੂੰ ਚਲ ਰਹੀ ਹੈ ਜੀਵਨ ਯਾਤਰਾ ਵੀ ਬੁਢੇਪੇ ਵਿਚ ਪਹੁੰਚ ਰਹੀ ਹੈ ਤੇ ਇਸ ਤੋਂ ਬਾਅਦ ਤਾਂ ਮਨੁੱਖ ਨੂੰ ਸੋਚਣਾ ਬਣਦਾ ਹੈ ਕਿ ਪ੍ਰਭੂ-ਪਤੀ ਦਿਸਦਾ, ਮਿਲਦਾ ਹੈ ਜਾਂ ਜਮ ਜੰਦਾਰ ਤੁਹਾਨੂੰ ਤਾੜ ਰਿਹਾ ਹੈ। ਫਸਲ ਪੱਕ ਗਈ ਹੈ ਮਾਲਕ ਖਰੇ ਨੂੰ ਖ਼ਜ਼ਾਨੇ ਵਿਚ ਪਾ ਲਏਗਾ ਤੇ ਖੋਟੇ ਬਾਹਰ ਸੁੱਟ ਦਿੱਤੇ ਜਾਣਗੇ, ਪਰ ਹਾਲੇ ਵੀ ਸਮਾਂ ਹੈ ਕਿ ਸਤਿਗੁਰੂ ਜੀ ਦੇ ਚਰਨਾਂ ਵਿਚ ਨੱਸ ਕੇ ਪਹੁੰਚ ਜਾਹ, ਸਤਿਗੁਰੂ ਜੀ ਤਰਸ ਕਰਕੇ ਖੋਟਿਆਂ ਨੂੰ ਵੀ ਸਵਾਰ ਦਿੰਦੇ ਹਨ। ਫ਼ੁਰਮਾਨ ਹੈ :

ਪਉੜੀ ॥

ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ ॥ ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ ॥ ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ ॥ ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ॥ ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ॥ ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥ ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ ॥ ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ ॥ ੧੨ ॥ (ਅੰਗ ੧੪੩)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੀ ਪ੍ਰੇਰਨਾ ਕਰਦੇ ਹਨ ਕਿ ਹਾਲੇ ਵੀ ਕੁਝ ਵਿਗੜਿਆ ਨਹੀਂ ਹੈ ਤੇ ਪ੍ਰਭੂ ਦੇ ਗੁਣ ਗਾ ਲਉ। ਫ਼ੁਰਮਾਨ ਹੈ :

ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥ (ਅੰਗ ੭੨੬)

ਸਿਸੀਅਰ ਰੁੱਤ : ਆਮ ਸਾਧਾਰਣ ਸਮਾਜਿਕ ਤੇ ਵਿਆਪਕਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਉਪਦੇਸ਼ :

ਸਿਸੀਅਰ ਰੁੱਤ ਸਰਦ ਰੁੱਤ ਤੋਂ ਬਾਅਦ ਤੇ ਹਿਮਕਰ ਰੁੱਤ ਤੋਂ ਪਹਿਲਾਂ ਆਉਂਦੀ ਹੈ। ਦਿਨ ਛੋਟੇ ਹੋਣ ਲੱਗ ਪੈਂਦੇ ਹਨ ਤੇ ਰਾਤਾਂ ਲੰਬੀਆਂ ਹੋ ਜਾਂਦੀਆਂ ਹਨ। ਮੌਸਮ-ਰੁੱਤਾਂ ਵਿਚ ਤਬਦੀਲੀ ਆਉਣ ਦਾ ਮੁਖ ਕਾਰਣ ਦਾ ਖ਼ਾਸ ਰਿਸ਼ਤਾ ਧਰਤੀ ਦਾ ਆਪਣੀ ਧੁਰੀ ਸਮਵਿਭਾਜਕ ਕਲਪਿਤ ਰੇਖਾ ਦੁਆਲੇ ਉਲਾਰ-ਝੁਕਾਅ 23.44^0 ਡਿਗਰੀ ਗ੍ਰਹਿ-ਪਥੀ ਘੁੰਮਣ ਕਰਕੇ ਹੈ। ਧਰਤੀ ਸੂਰਜ ਦੁਆਲੇ ਘੁੰਮਣ ਨਾਲ ਆਪਣੇ ਧੁਰੇ ਦੁਆਲੇ ਘੁੰਮਦੀ ਤੇ ਗ੍ਰਹਿ ਪਾਥ ਤੇ ਚਲਦੀ ਵੱਖਰੇ ਅਕਸ਼ਾਂਸ, ਵਿਥਕਾਰ, ਘੇਰੇ ਬਣਾਉਂਦੀ ਹੈ ਜਿਸ ਕਰਕੇ ਇਹ ਮੌਸਮ ਵਿਚ ਤਬਦੀਲੀਆਂ ਵਾਪਰਦੀਆਂ ਹਨ। ਜਦੋਂ ਉਤਰੀ ਅਰਧਗੋਲੇ ਵਿਖੇ ਸਰਦੀ, ਸਿਸੀਅਰ ਰੁੱਤ ਹੁੰਦੀ ਹੈ ਤਾਂ ਦੱਖਣੀ ਅਰਧਗੋਲੇ (ਇਹ ਦੋਵੇਂ ਧਰਤੀ ਦੇ ਕਲਪਿਤ ਭਾਗ ਹਨ) ਵਿਖੇ ਗਰਮ ਤਾਪਮਾਨ ਹੁੰਦਾ ਹੈ। ਇਨ੍ਹਾਂ ਕਾਰਣਾਂ ਕਰਕੇ ਹੀ ਸਰਦੀਆਂ ਤੇ ਗਰਮੀਆਂ ਦੇ ਸੂਰਜ ਵਿਚ ਉਚਾਈ, ਬੁਲੰਦੀ ਵਿਚ ਕਾਫ਼ੀ ਫ਼ਰਕ ਹੁੰਦਾ ਹੈ ਜੋ ਕਿ ਸਰਦੀ ਸੂਰਜ ਦਾ Lower Maximum Altitude ਹੁੰਦਾ ਹੈ। ਸਿਸੀਅਰ ਰੁੱਤ ਵਿਖੇ ਸੂਰਜ ਦੀ ਰੌਸ਼ਨੀ ਅਰਧਗੋਲੇ ਵਿਖੇ ਤਿਰਛੀ ਟੇਢੀ Oblique Angle ਨਾਲ ਮੋੜ ਕੱਟਦੀ ਹੈ। ਇਸ ਕਰਕੇ ਸੂਰਜੀ ਕਿਰਨ-ਸੰਚਾਰ ਬਹੁਤ ਜ਼ਿਆਦਾ ਵੱਡੇ ਤੇ ਲੰਬੇ ਇਲਾਕੇ, ਮੈਦਾਨ ਵਿਖੇ ਫੈਲ ਜਾਂਦੀ ਹੈ। ਇਸੇ ਪ੍ਰਭਾਵ ਪਰਿਣਾਮ, ਸੰਯੁਕਤ ਰੌਸ਼ਨੀ ਨੂੰ ਜ਼ਿਆਦੇ ਵੱਡੇ ਲੰਬੇ ਇਲਾਕੇ ਨੂੰ ਫਿਰਨਾ, ਲੰਘਣਾ ਪੈਂਦਾ ਹੈ ਤੇ ਵਾਯੂਮੰਡਲ, ਵਾਤਾਵਰਣ ਗਰਮੀ ਨੂੰ ਖਿੰਡਾ ਦਿੰਦਾ ਹੈ। ਇਸ ਦਾ ਇੱਥੇ ਜ਼ਿਆਦਾ ਵਿਸਤਾਰ ਨਹੀਂ ਕੀਤਾ ਜਾਵੇਗਾ।

ਠੰਡ ਹੋਣ ਕਰਕੇ ਮਨੁੱਖ ਗਰਮ ਕੱਪੜੇ, ਮੋਟੇ ਕੱਪੜੇ ਸਵੈਟਰ ਕੋਟੀਆਂ ਤੇ ਵੱਡੇ ਕੋਟ ਵਗੈਰਾ ਪਹਿਨਦੇ ਹਨ ਤਾਂ ਕਿ ਸਰਦੀ ਤੋਂ ਬਚਾਅ ਹੋ ਸਕੇ। ਸੌਣ ਲਈ ਵੀ ਵੱਡੀਆਂ ਰਜਾਈਆਂ ਕੰਬਲ ਆਦਿ ਵਰਤੇ ਜਾਂਦੇ ਹਨ। ਬਾਬਾ ਸ਼ੇਖ਼ ਫ਼ਰੀਦ ਜੀ ਦਾ ਆਸਾ ਰਾਗ ਦਾ ਸ਼ਬਦ ਰੱਬ ਨਾਲ ਜੁੜਨ ਦੀ ਪ੍ਰੇਰਨਾ ਬਖ਼ਸ਼ਦਾ ਹੈ ਕਿ ਜਿੱਥੇ ਅਸੀਂ ਬੈਠੇ ਹਾਂ ਪਤਾ ਨਹੀਂ ਕਿਤਨੇ ਇਸੇ ਥਾਂ ਬੈਠ ਕੇ ਚਲੇ ਗਏ ਹਨ :

ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥
ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥ ੫ ॥ (ਅੰਗ ੪੮੮)

ਭਾਵੇਂ ਮਨੁੱਖ ਦਾ ਸਰੀਰ ਮੁਕੰਮਲ ਹੋਣ ਲਈ ਛੇ ਮਹੀਨੇ ਤੱਕ ਲੱਗ ਜਾਂਦੇ ਹਨ ਪਰ ਸਰੀਰ ਬਿਨਸਣ ਵੇਲੇ ਤਾਂ ਇਕ ਖਿਨ ਹੀ ਲੱਗਦਾ ਹੈ। ਹੋਰ ਉਦਾਹਰਣਾਂ ਦੇ ਕੇ ਆਖਦੇ ਹਨ :

ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥ ੬ ॥ (ਅੰਗ ੪੮੮)

ਭਾਵ ਸਿਆਲ ਵਿਚ ਇਸਤ੍ਰੀਆਂ ਦੀਆਂ ਬਾਹਾਂ ਆਪਣੇ ਪਤੀ ਦੇ ਗਲ ਵਿਚ ਸੋਭਦੀਆਂ ਹਨ।

ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥ ੭ ॥ (ਅੰਗ ੪੮੮)

ਬੀਬੀਆਂ ਵੀ ਮੋਟੀਆਂ ਕੋਟੀਆਂ ਦੇ ਉੱਪਰ ਦੀ ਸ਼ਾਲ ਵਗੈਰਾ ਪਾਉਂਦੀਆਂ ਲੈਂਦੀਆਂ ਹਨ। ਕਈ ਬਜ਼ੁਰਗ ਵਿਅਕਤੀ ਪੈਂਟ, ਪਜਾਮੇ ਜਾਂ ਸਲਵਾਰ ਦੇ ਹੇਠਾਂ ਹੋਰ ਗਰਮ ਪਜਾਮੀ ਪਹਿਨਦੇ ਹਨ। ਗਰੀਬਾਂ ਲਈ ਇਹ ਸਿਸੀਅਰ ਦੀ ਰੁੱਤ ਕੁਝ ਔਖੀ ਲੰਘਦੀ ਹੈ। ਕਈ ਵਾਰੀ ਬਹੁਤ ਸਾਰੇ ਵਿਅਕਤੀ ਇਕੱਠੇ ਹੋ ਕੇ ਕੁਝ ਅੱਗ ਬਾਲ ਕੇ ਸੇਕਦੇ ਹਨ। ਬਾਹਰ ਕੰਮ ਕਰਨ ਵਾਲੇ ਮਜ਼ਦੂਰਾਂ ਤੇ ਮਿਸਤਰੀ ਸ਼ਾਮ ਨੂੰ ਜਲਦੀ ਛੁੱਟੀ ਕਰ ਲੈਂਦੇ ਹਨ ਕਿਉਂਕਿ ਸੂਰਜ ਜਲਦੀ ਛਿਪ ਜਾਂਦਾ ਹੈ ਤੇ ਅੰਧੇਰੇ ਵਿਚ ਮੁਸ਼ਕਲ ਹੋ ਜਾਂਦਾ ਹੈ ਕੰਮ ਕਰਨਾ, ਪਰ ਕਈ ਰੋਸ਼ਨੀਆਂ ਕਰਕੇ ਕੁਝ ਜ਼ਰੂਰੀ ਕੰਮ ਕਰਦੇ ਹਨ। ਠੰਢ ਦੇ ਨਾਲ-ਨਾਲ ਜਦੋਂ ਧੁੰਦ ਵੀ ਆ ਵਾਪਰਦੀ ਹੈ ਤਾਂ ਦਿਨੇ ਵੀ ਕੰਮ-ਕਾਰ ਵਿਚ ਮੁਸ਼ਕਲਾਂ ਪੈਦਾ ਹੋ ਜਾਂਦੀਆ ਹਨ ਪਰ ਜ਼ਿਆਦਾ ਤੌਰ 'ਤੇ ਆਵਜਾਈ ਦੀਆਂ ਬਹੁਤ ਹੀ ਕਠਿਨਾਈਆਂ ਬਣ ਜਾਂਦੀਆਂ ਹਨ। ਕਈ ਰੇਲਾਂ ਤੇ ਜਹਾਜ਼ਾਂ ਨੂੰ ਦੇਰੀ ਨਾਲ ਜਾਣਾ ਪੈਂਦਾ ਹੈ ਤੇ ਕਈ ਉਡਾਨਾਂ ਮੁਲਤਵੀ ਕਰ ਦਿੱਤੀਆਂ ਜਾਂਦੀਆਂ ਹਨ। ਬਹੁਤ ਸਾਰੇ ਸੜਕ 'ਤੇ ਚਲਣ ਵਾਲੇ ਵਾਹਨਾਂ ਵਿਚ ਹਾਦਸਿਆਂ ਦੀਆਂ ਵਾਰਦਾਤਾਂ ਵਾਪਰ ਜਾਂਦੀਆਂ ਹਨ।

ਭਾਰਤ ਵਿਚ ਠੰਢ ਤੇ ਧੁੰਦ ਕਰਕੇ ਵਿਦਿਅਕ ਅਦਾਰੇ ਪੜ੍ਹਾਈ ਲਿਖਾਈ ਵੀ ਪ੍ਰਭਾਵਿਤ ਹੋ ਜਾਂਦੇ ਹਨ। ਕਈ ਸਕੂਲ ਤੇ ਕਾਲਜ ਦੇਰ ਨਾਲ ਖੁੱਲ੍ਹਦੇ ਹਨ ਤੇ ਜਲਦੀ ਸਮਾਪਤੀ ਕਰ ਦਿੰਦੇ ਹਨ ਕਿਉਂਕਿ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਸੁਰੱਖਿਆ

ਲਈ ਇਹ ਜ਼ਰੂਰੀ ਮਹਿਸੂਸ ਹੁੰਦਾ ਹੈ ਕਿਉਂਕਿ ਠੰਢ ਤੇ ਧੁੰਧ ਦਾ ਬਹੁਤ ਅਸਰ ਪੈ ਜਾਂਦਾ ਹੈ।

ਕਈ ਹੋਰ ਦੇਸ਼ਾਂ ਵਿਚ ਵੀ ਕੱਕਰ ਤੇ ਬਰਫ ਵਗੈਰਾ ਪੈਂਦੀ ਹੈ ਤੇ ਕਈ ਵਾਰੀ ਕਈ ਕਈ ਦਿਨ ਬਰਫ ਜਾਂ ਕੋਰਾ ਖੁਰਦਾ ਹੀ ਨਹੀਂ ਤੇ ਇਸ ਦੇ ਨਾਲ ਵੀ ਆਵਾਜਾਈ ਦੇ ਸਾਧਨ ਵੀ ਬਹੁਤ ਪ੍ਰਭਾਵਿਤ ਹੁੰਦੇ ਹਨ। ਕਈ ਦੇਸ਼ਾਂ ਵਿਚ ਬਰਫ 'ਤੇ ਚਲਣ ਲਈ ਕਾਰ ਡਰਾਈਵਰਾਂ ਨੂੰ ਚੇਨ ਵਾਲੇ ਟਾਇਰ ਜ਼ਰੂਰੀ ਤੇ ਲਾਜ਼ਮੀ ਹਨ। ਇਸੇ ਤਰ੍ਹਾਂ ਹੀ ਸਭ ਠੰਢੇ ਦੇਸ਼ਾਂ ਵਿਚ ਨਗਰ ਕੌਂਸਲਾਂ Grit (ਬਾਰੀਕ ਪੱਥਰ ਤੇ ਰੇਤਾ) ਸੜਕਾਂ ਤੇ ਬਰਫ ਕੋਰੇ ਉੱਪਰ ਸਿੱਟਦੇ, ਛਿੜਕਾਉਂਦੇ ਹਨ ਤਾਂ ਕਿ ਕਾਰਾਂ ਨਾ ਤਿਲਕਣ। ਕਈ ਵਾਰ ਜਮਾਊ ਧੁੰਧ ਤੇ Freezing Fog ਤੇ ਕਾਲੀ ਬਰਫ Black Ice ਵੀ ਛਾ ਜਾਂਦੀਆਂ ਹਨ ਜੋ ਕਿ ਬਹੁਤ ਖਤਰਨਾਕ ਸਾਬਤ ਹੁੰਦੀਆਂ ਹਨ। ਸਭ ਨਗਰ ਕੌਂਸਲਾਂ ਦੇ ਐਸੇ ਖ਼ਾਸ ਮਹਿਕਮੇ ਹੁੰਦੇ ਹਨ ਜੋ ਕਿ ਬਹੁਤ ਸਾਰੇ ਟਰੱਕਾਂ ਨਾਲ ਇਹ ਗਰਿੱਟਿੰਗ ਕਰਦੇ ਹਨ। ਬਹੁਤ ਸਾਰੇ ਵਿਅਕਤੀ ਵੀ ਬਰਫ ਉਪਰ ਤਿਲਕ ਕੇ ਚੋਟਾਂ ਵੀ ਲਵਾ ਲੈਂਦੇ ਹਨ। ਵੈਸੇ ਵੀ ਠੰਢ ਜ਼ਿਆਦਾ ਹੋਣ ਕਰਕੇ ਜ਼ੁਕਾਮ ਆਦਿ ਬਹੁਤ ਵਿਅਕਤੀਆਂ ਨੂੰ ਹੋ ਜਾਂਦਾ ਹੈ। ਕਈ ਠੰਢੇ ਦੇਸ਼ਾਂ ਵਿਚ ਸਭ ਸਕੂਲਾਂ ਕਾਲਜਾਂ ਤੇ ਹੋਰ ਦਫਤਰਾਂ ਵਿਚ ਹੀਟਿੰਗ ਦਾ ਪ੍ਰਬੰਧ ਹੁੰਦਾ ਹੈ ਤੇ ਜੇ ਕਦੀ ਕੋਈ ਖਰਾਬੀ ਆ ਜਾਵੇ ਤਾਂ ਸਕੂਲ ਤੇ ਦਫਤਰ ਆਦਿ ਵਕਤੀ ਤੌਰ 'ਤੇ ਬੰਦ ਕਰ ਦਿੱਤੇ ਜਾਂਦੇ ਹਨ।

ਐਸੇ ਮੌਸਮ ਤੇ ਸਿਸੀਅਰ ਰੁੱਤ ਵਿਚ ਕਈ ਵਾਰੀ ਕਈ ਵਿਅਕਤੀ ਵੀ ਬਾਹਰ ਜਾਣ ਦਾ ਆਲਸ ਕਰ ਲੈਂਦੇ ਹਨ ਪਰ ਸ੍ਰੀ ਗੁਰੂ ਰਾਮਦਾਸ ਜੀ ਦਾ ਸੂਹੀ ਰਾਗ ਵਿਚ ਫ਼ੁਰਮਾਨ ਹੈ:

ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ ਜਾਈ॥ (ਅੰਗ ੭੫੭)

ਸੋ ਗੁਰੂ ਜੀ ਦੇ ਸਿੱਖਾਂ ਦੇ ਲਈ ਇਹ ਹੁਕਮੀ ਫ਼ੁਰਮਾਨ ਹੈ ਕਿ ਤੁਸੀਂ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨ ਲਈ, ਸਾਧਸੰਗਤ ਕਰਨ ਲਈ ਗੁਰਦੁਆਰੇ ਪਹੁੰਚਣਾ ਹੈ, ਕਿਉਂਕਿ ਗੁਰੂ ਸਾਹਿਬ ਜੀ ਸਾਨੂੰ ਉਪਦੇਸ਼ ਬਖ਼ਸ਼ਦੇ ਹਨ, ਫ਼ੁਰਮਾਨ ਹੈ :

ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ ॥
ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ ॥ ੧ ॥
ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ ॥ ਰਹਾਉ ॥

(ਅੰਗ ੭੨੫)

ਧਾਰਮਿਕ ਜੀਵਨ ਤਾਂ ਹੈ ਹੀ ਪ੍ਰਮਾਤਮਾ ਨਾਲ ਜੀਵਣਾ, ਗੁਰੂ ਨਾਲ ਜੀਵਣਾ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਸਾਨੂੰ ਉਪਦੇਸ਼ਦੇ ਹਨ ਕਿ ਉਹ ਮਾਲਕ ਹੀ ਗਰਮੀ ਤੇ ਸਰਦੀ ਵਰਤਾਉਂਦਾ ਹੈ ਭਾਵ ਉਸ ਮਾਲਕ ਤੋਂ ਹੀ ਇਹ ਮੌਸਮ ਰੁੱਤਾਂ ਵਾਪਰਦੀਆਂ ਹਨ।

ਹੇ ਭਾਈ ਸਿੱਖ ! ਉਹ ਪ੍ਰਭੂ ਆਪ ਹੀ ਵਿਕਾਰਾਂ ਦੀ ਗਰਮੀ ਤੇ ਨਾਮ ਦੀ ਠੰਢਕ ਆਪ ਹੀ ਬਣਾਉਂਦਾ ਹੈ ਤੇ ਉਹ ਪ੍ਰਮਾਤਮਾ ਆਪ ਹੀ ਸਾਨੂੰ ਵਿਕਾਰਾਂ ਦੀ ਤਪਸ਼ ਵਿੱਚੋਂ ਕੱਢਦਾ ਹੈ। ਫ਼ੁਰਮਾਨ ਹੈ :

ਰੇ ਪ੍ਰਾਣੀ ਉਸਨ ਸੀਤ ਕਰਤਾ ਕਰੈ ਘਾਮ ਤੇ ਕਾਢੈ ॥ (ਅੰਗ ੮੧੯)
ਤ੍ਰਿਸਨਾ ਦਾਧੀ ਜਲਿ ਮੁਈ ਜਲਿ ਜਲਿ ਕਰੇ ਪੁਕਾਰ ॥
ਸਤਿਗੁਰ ਸੀਤਲ ਜੇ ਮਿਲੈ ਫਿਰਿ ਜਲੈ ਨ ਦੂਜੀ ਵਾਰ ॥
ਨਾਨਕ ਵਿਣੁ ਨਾਵੈ ਨਿਰਭਉ ਕੋ ਨਹੀ ਜਿਚਰੁ ਸਬਦਿ ਨ ਕਰੇ ਵੀਚਾਰੁ॥

(ਅੰਗ ੫੮੮)

ਇਹ ਸਿਸੀਅਰ ਰੁੱਤ ਪਸ਼ੂ ਪੰਖੀਆਂ, ਜਾਨਵਰਾਂ ਨੂੰ ਵੀ ਬਹੁਤ ਪ੍ਰਭਾਵਿਤ ਕਰਦੀ ਹੈ। ਕਈ ਪਸ਼ੂ ਆਪਣੀ ਹੋਰ ਮੋਟੀ ਜਤ ਵਧਾ ਲੈਂਦੇ ਹਨ ਜਾਂ ਕੁਦਰਤੀ ਵਧ ਜਾਂਦੀ ਹੈ ਪਰ ਰੁੱਤ ਖ਼ਤਮ ਉਪ੍ਰੰਤ ਇਹ ਜਤ ਛੱਡ ਵੀ ਦਿੰਦੇ ਹਨ, ਜਿਵੇਂ ਰਿੱਛ, ਭਾਲੂ ਤੇ ਕਈ ਚੁਪਾਏ ਡੰਗਰ ਆਦਿ। ਕਈ ਐਸੇ ਪਸ਼ੂ ਜਾਨਵਰ ਆਦਿ ਬਹੁਤ ਜ਼ਿਆਦਾ ਖਾ-ਖਾ ਕੇ ਆਪਣਾ ਭਾਰ, ਢਿੱਡ ਵਧਾ ਲੈਂਦੇ ਹਨ ਤੇ ਬਹੁਤ ਸਰਦੀ ਸਮੇਂ ਕਿਸੇ ਨਿੱਘੀ ਥਾਂ 'ਤੇ ਬੇਹਰਕਤ ਰਹਿੰਦੇ ਤੇ ਸਿਥਲ ਪਏ ਰਹਿੰਦੇ ਹਨ ਤੇ ਮੌਸਮ ਬਦਲਣ ਤੇ ਬਾਹਰ ਨਿਕਲਦੇ ਹਨ। ਇਸ ਰੁੱਤੇ ਸੁੱਤੇ ਪਏ ਰਹਿਣ ਵਾਲਿਆਂ ਵਿਚ ਸੱਪ, ਡੱਡੂ, ਚਾਮਚੜਿੱਕਾਂ ਤੇ ਅਮਰੀਕਾ ਦੇ ਕੱਛੂ ਵਰਗੇ ਜੀਵ Gopher ਆਦਿ ਕਈ ਜੀਵ ਇਸ ਸਿਸੀਅਰ ਰੁੱਤ ਲਈ ਖੁਰਾਕ, ਖਾਜਾ, ਖਾਣਾ ਇਕੱਤਰ ਕਰ ਲੈਂਦੇ ਹਨ ਤੇ ਪੂਰੀ ਤਰ੍ਹਾਂ ਸੌਣ ਦੀ ਥਾਂ ਇਹ ਖਾਣਾ ਖਾ ਕੇ ਸਾਰ ਲੈਂਦੇ ਹਨ। ਇਨ੍ਹਾਂ ਵਿਚ ਕਾਟੋ, ਗਾਲੜ, ਬੀਵਰ-ਦਰਿਆਈ ਕੁੱਤਾ, ਬਿੱਜੂ ਤੇ ਰਾਕੂਨ (ਰਿੱਛ) ਆਦਿ ਆਉਂਦੇ ਹਨ। ਪਸ਼ੂ ਪੰਖੀਆਂ ਦੀ ਤਰ੍ਹਾਂ ਮਨੁੱਖ ਵੀ ਜੋੜਦੇ ਹਨ ਪਰ ਕਈ ਤਾਂ ਆਪਣੀ ਜ਼ਿੰਦਗੀ ਦਾ ਲਕਸ਼ ਹੀ ਇਹ ਬਣਾ ਲੈਂਦੇ ਹਨ ਤੇ ਆਪ ਵਰਤਦੇ ਖਰਚਦੇ ਹੀ ਨਹੀਂ। ਗੁਰਬਾਣੀ ਵਿਚ ਵੀ ਐਸੇ ਕੰਜੂਸਾਂ ਦੀ ਹਾਲਤ ਬਿਆਨ ਕਰਦੇ ਹਨ :

ਸੂਮਹਿ ਧਨੁ ਰਾਖਨ ਕਉ ਦੀਆ ਮੁਗਧੁ ਕਹੈ ਧਨੁ ਮੇਰਾ ॥
ਜਮ ਕਾ ਡੰਡੁ ਮੂੰਡ ਮਹਿ ਲਾਗੈ ਖਿਨ ਮਹਿ ਕਰੈ ਨਿਬੇਰਾ ॥ ੩ ॥

(ਅੰਗ ੪੭੯)

ਸਤਿਗੁਰੂ ਜੀ ਹੋਰ ਸ਼ਬਦ ਵਿਚ ਐਸੀ ਅਵਸਥਾ ਬਿਆਨਦੇ ਹਨ :

ਮਨ ਕੀ ਮਨ ਹੀ ਮਾਹਿ ਰਹੀ ॥
ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ ॥ ੧ ॥ ਰਹਾਉ॥

(ਅੰਗ ੬੩੧)

ਕੁਝ ਜਾਨਵਰ ਆਪਣਾ ਰੰਗ ਚਿੱਟੇ ਵਿਚ ਬਦਲ ਲੈਂਦੇ ਹਨ ਤਾਂ ਕਿ ਬਰਫ ਸਨੋ

(Snow) ਦਾ ਭੁਲੇਖਾ ਪੈ ਜਾਵੇ ਸ਼ਿਕਾਰ ਨੂੰ, ਜਿਸ ਦਾ ਸ਼ਿਕਾਰ ਕਰਨਾ ਹੈ। ਇਸ ਸ਼੍ਰੇਣੀ ਵਿਚ ਆਰਕਟਿਕ ਲੂੰਬੜ ਤੇ ਖਰਗੋਸ਼ ਆਦਿ ਆ ਜਾਂਦੇ ਹਨ। ਕਈ ਪੰਛੀ ਤੇ ਮੱਛੀਆਂ ਰੁੱਤ ਬਦਲਣ ਨਾਲ ਪਰਦੇਸ ਜਾ ਕੇ ਵਸਦੇ ਨੇ ਤੇ ਆਪਣੇ ਥਾਂ ਛੱਡ ਕੇ ਦੂਜੇ ਸਥਾਨ ਪਰ ਪਹੁੰਚ ਜਾਂਦੇ ਹਨ। ਇਹਸ ਨੂੰ ਮਾਇਗ੍ਰੇਸ਼ਨ ਆਖਦੇ ਹਨ। ਗੁਰਬਾਣੀ ਵਿਚ ਵੀ ਫ਼ੁਰਮਾਨ ਹੈ :

ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ॥

(ਅੰਗ ੧੦)

ਇਸ ਸਿਸੀਅਰ ਰੁੱਤ ਵਿਚ ਚੂਹੇ ਤੇ ਘੀਸ ਆਦਿ ਬਰਫ ਦੇ ਹੇਠਾਂ ਖੁੱਡਾਂ ਕੱਢ ਲੈਂਦੇ ਹਨ ਤੇ ਬਰਫ ਦੇ ਹੇਠਾਂ ਹੀ ਰਹਿੰਦੇ ਹਨ। ਬਹੁਤ ਸਾਰੇ ਪੌਦੇ ਬਰਫ ਝੱਲ ਨਹੀਂ ਸਕਦੇ ਤੇ ਮਰ ਜਾਂਦੇ ਹਨ ਤੇ ਬਹੁਤ ਸਾਰੇ ਪੌਦੇ ਬੇਹਰਕਤ ਤੇ ਕਾਰਜਹੀਣ ਹੋ ਕੇ ਸੌਂ ਜਾਂਦੇ ਹਨ। ਜ਼ਿਆਦਤਰ ਪੌਦੇ ਇਸ ਰੁੱਤੇ ਪ੍ਰਫੁੱਲਤ ਨਹੀਂ ਹੁੰਦੇ, ਖਿੜਦੇ ਨਹੀਂ ਹਨ। ਮਨੁੱਖ ਵੀ ਸਿਸੀਅਰ ਰੁੱਤ ਵਿਚ ਥਕਾਵਟ ਜ਼ਿਆਦਾ ਮਹਿਸੂਸ ਕਰਦੇ ਹਨ। ਠੰਢ ਹੋਣ ਕਰਕੇ ਮਨੁੱਖੀ ਸਰੀਰ ਵੀ ਅਸਰ ਕਬੂਲਦਾ ਹੈ ਤੇ ਫਲੂ, ਨਜ਼ਲਾ, ਜ਼ੁਕਾਮ, ਸਿਰਦਰਦ ਤੇ ਜੋੜਾਂ ਵਿਚ ਦਰਦ ਇਸ ਰੁੱਤੇ ਠੰਢ ਕਰਕੇ ਜ਼ਿਆਦਾ ਮਹਿਸੂਸ ਹੁੰਦਾ ਹੈ। ਗਰੀਕ ਮਿਥਿਹਾਸ ਵਿਚ ਕਈ ਪੌਰਾਣਿਕ ਕਥਾਵਾਂ ਦਾ ਜ਼ਿਕਰ ਸਿਆਲ ਦੀ ਰੁੱਤ ਬਾਰੇ ਆਉਂਦਾ ਹੈ ਤੇ ਇਸੇ ਤਰ੍ਹਾਂ ਵੇਲਜ਼ ਦੇ ਮਿਥਿਹਾਸ ਵਿਚ, ਜਿਨ੍ਹਾਂ ਦਾ ਇੱਥੇ ਜ਼ਿਕਰ ਨਹੀਂ ਕੀਤਾ ਜਾਵੇਗਾ।

ਇਸੇ ਸਿਸੀਅਰ ਰੁੱਤ ਵਿਖੇ ਸਾਲ ਦਾ ਸਭ ਤੋਂ ਛੋਟਾ ਦਿਨ 21 ਦਸੰਬਰ ਨੂੰ ਆਉਂਦਾ ਹੈ। ਇਹ ਕਿਵੇਂ ਵਾਪਰਦਾ ਹੈ, ਥੋੜ੍ਹਾ ਜਿਹਾ ਇੱਥੇ ਦਿੱਤਾ ਜਾ ਰਿਹਾ ਹੈ ਜ਼ਿਆਦਾ ਵਿਸਤਾਰ ਲਈ ਦੇਖੋ ਮੇਰੀ ਪੁਸਤਕ "ਸਤ ਵਾਰ" ਸਤ ਦਿਨਾਂ ਦੀ ਗੁਰਮਤਿ ਵਿਆਖਿਆ।

ਸੂਰਜ ਬਹੁਤ ਵੱਡਾ ਹੈ। ਇਸ ਦਾ ਵਿਆਸ (Diameter) 1,392,000 ਕਿਲੋਮੀਟਰ ਹੈ ਜੋ ਕਿ ਸਾਡੀ ਧਰਤੀ ਤੋਂ ਤਕਰੀਬਨ 110 ਗੁਣਾਂ ਵੱਧ ਹੈ। ਸੂਰਜ ਦਾ ਆਕਾਰ ਸਾਡੀ ਧਰਤੀ ਤੋਂ 13 ਲੱਖ ਗੁਣਾ ਵੱਧ ਹੈ ਤੇ ਭਾਰ ਧਰਤੀ ਤੋਂ ਤਿੰਨ ਲੱਖ ਤੀਹ ਹਜ਼ਾਰ ਗੁਣਾ ਵਧ ਹੈ। ਸੂਰਜ ਸਾਡੀ ਸਾਰੀ ਸੂਰਜੀ ਪ੍ਰਣਾਲੀ ਸੰਗਠਨ ਦਾ 100 ਵਿਚੋਂ 99 ਪਰਸੈਂਟ ਹੈ ਤੇ ਬਾਕੀ ਸਭ ਇਕ ਪਰਸੈਂਟ ਹੈ ਕਿਉਂਕਿ ਸੂਰਜ ਇਤਨਾ ਵੱਡਾ ਤੇ ਸ਼ਕਤੀਸ਼ਾਲੀ ਹੈ ਤੇ ਇਹ ਆਪਣੀ ਗੁਰੂਤਾ-ਖਿੱਚ ਦਾ ਸਭ ਤੇ ਪ੍ਰਭਾਵ ਪਾਉਂਦਾ ਹੈ। ਇਸੇ ਗੁਰੂਤਾ-ਆਕਰਸ਼ਣ ਕਰਕੇ ਸਾਡੀ ਧਰਤੀ ਸੂਰਜ ਦੁਆਲੇ ਘੁੰਮਦੀ ਹੈ। ਸੂਰਜ ਚੜ੍ਹਿਆ ਹੋਇਆ ਹੀ ਰਹਿੰਦਾ ਹੈ। ਧਰਤੀ ਘੁੰਮਣ ਕਰਕੇ ਲੱਗਦਾ ਹੈ ਸੂਰਜ ਅਸਤ ਹੋ ਗਿਆ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਸੂਰਜ ਸਵੇਰੇ ਚੜ੍ਹਨ ਤੋਂ ਅਸਤ ਹੋਣ ਤਕ 180 ਡਿਗਰੀ ਅੱਧਾ ਮੁਕਾ ਕੇ, ਬਾਕੀ ਰਾਤ ਨੂੰ ਅੰਧੇਰੇ ਵਿਚ 180 ਡਿਗਰੀ ਦਾ ਚੱਕਰ ਕੱਟ ਕੇ ਫਿਰ ਅਗਲੀ ਸਵੇਰ ਨੂੰ ਪੂਰਬ ਵਲੋਂ ਚੜ੍ਹਦਾ ਹੈ ਪਰ ਐਸਾ ਨਹੀਂ ਹੈ। ਇਹ ਗੱਲ ਹੈ ਧਰਤੀ ਕਿਸ ਦਿਸ਼ਾ ਤੇ ਸੂਰਜ ਦੁਆਲੇ ਘੁੰਮਦੀ ਮੋੜ ਕੱਟਦੀ ਹੈ

ਤੇ ਤਾਂ ਹੀ ਰਾਤ ਹੁੰਦੀ ਹੈ। ਪ੍ਰਮੇਸ਼ਰ ਦੀ ਅਸਚਰਜ ਲੀਲ੍ਹਾ ਹੈ ਕਿ ਵਿਸ਼ਰਾਮ ਲਈ ਦਿਨ ਤੋਂ ਬਾਅਦ ਰਾਤ ਬਣਾਈ ਹੈ। ਫ਼ੁਰਮਾਨ ਹੈ :

ਜਿਨਿ ਦਿਨੁ ਕਰਿ ਕੈ ਕੀਤੀ ਰਾਤਿ॥

ਦਿਨ ਤੇ ਰਾਤ ਜੀਵਾਂ ਵਾਸਤੇ ਦੋਵੇਂ ਖਿਡਾਵੀ ਤੇ ਖਿਡਾਵਾ ਹਨ ਤੇ ਇਨ੍ਹਾਂ ਦੇ ਪ੍ਰਭਾਵ ਹੇਠ ਜਗਤ ਖੇਡ ਰਿਹਾ ਹੈ। ਅਸਲ ਵਿਚ ਇਸ ਸਾਰੀ ਖੇਡ ਵਿਚ ਉਹ ਆਪ ਹੀ ਵਰਤ ਰਿਹਾ ਹੈ।

ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥ (ਅੰਗ ੮)
ਰੈਣਿ ਦਿਨਸੁ ਦੁਇ ਦਾਈ ਦਾਇਆ ਜਗ ਖੇਲੈ ਖੇਲਾਈ ਹੇ॥

(ਅੰਗ ੧੦੨੧)

ਰਾਤਿ ਦਿਨਸੁ ਉਪਾਇਅਨੁ ਸੰਸਾਰ ਕੀ ਵਰਤਣਿ॥ (ਅੰਗ ੯੪੮)

ਬਹੁਤੇ ਲੋਕ ਇਹ ਹੀ ਸਮਝਦੇ ਹਨ ਕਿ ਸੂਰਜ ਪੂਰਬ ਵੱਲੋਂ ਚੜ੍ਹ ਕੇ ਤੇ ਪੱਛਮ ਵਿਚ ਅਸਤ ਹੋ ਗਿਆ, ਪਰ ਸੂਰਜ ਦੀ ਦਿਗ ਮੰਡਲ ਵਿਚ ਉੱਤਰੀ ਤੇ ਦੱਖਣੀ ਗਤੀਵਿਧੀ ਵੀ ਹੈ। ਭਾਰਤ ਵਿਚ 21 ਜੂਨ (ਲੰਬਾ ਦਿਨ) ਨੂੰ (ਗਰਮੀਆਂ) ਵਿਚ ਸੂਰਜ ਉੱਤਰ-ਪੂਰਬ ਵੱਲੋਂ ਚੜ੍ਹਦਾ ਹੈ ਤੇ 6 ਮਹੀਨੇ ਬਾਅਦ ਦਸੰਬਰ 21 (ਛੋਟਾ ਦਿਨ) ਨੂੰ ਸੂਰਜ ਦੱਖਣ-ਪੂਰਬ ਵੱਲੋਂ ਚੜ੍ਹਦਾ ਹੈ। ਇਸੇ ਤਰ੍ਹਾਂ 6 ਮਹੀਨੇ ਤੱਕ ਫਿਰ ਵਾਪਸੀ ਚੱਕਰ ਲਾਉਂਦਾ ਹੈ। ਇਸੇ ਕਾਰਣ ਹੀ ਦਿਨ ਵੱਡੇ ਤੇ ਛੋਟੇ ਹੁੰਦੇ ਨੇ। 21 ਜੂਨ ਤੇ 21 ਦਸੰਬਰ ਤੋਂ ਤਿੰਨ ਕੁ ਹਫਤਿਆਂ ਤੱਕ ਘੱਟ ਹੀ ਹਰਕਤ ਵਿਚ ਆਉਂਦਾ ਹੈ ਤੇ ਲੱਗਦਾ ਹੈ ਕਿ ਸੂਰਜ ਉਥੇ ਹੀ ਟਿਕ ਰਿਹਾ ਹੈ, ਪਰ ਬਾਅਦ ਵਿਚ ਫਿਰ ਚੱਲ ਪੈਂਦਾ ਹੈ। ਇਵੇਂ ਜਾਪਦਾ ਹੈ ਕਿ ਇਸ ਨੂੰ ਵਾਪਸ ਮੁੜਨ ਲਈ ਤਿੰਨ ਕੁ ਹਫਤੇ ਦਾ ਸਮਾਂ ਲੱਗਦਾ ਹੈ। ਇਸੇ ਸਮੇਂ ਨੂੰ ਦੱਖਣੀਆਨਾ ਤੇ ਉਤਰੀਆਨਾ ਵੀ ਆਖਦੇ ਹਨ।

ਇਸੇ ਆਇਨੰਤ ਜਾਂ ਅਯਨਾਂਤ Solstice ਸਾਲ ਵਿਚ ਦੋ ਵਾਰੀ ਵਾਪਰਦਾ ਹੈ ਜੋ ਕਿ ਅਕਾਸ਼ੀ ਵਾਕਿਆ ਹੈ। ਜਦੋਂ ਸੂਰਜ ਅਕਾਸ਼ੀ ਗੋਲਾਕਾਰ ਉਤਲੀ ਅਕਾਸ਼ੀ ਭੂ-ਮੱਧ ਰੇਖਾ ਦੇ ਮੁਕਾਬਲੇ ਸਭ ਤੋਂ ਉਪਰਲੇ ਜਾਂ ਹੇਠਲੇ ਟਿਕਾਣੇ ਉੱਪਰ ਪੁੱਜ ਜਾਂਦਾ ਹੈ। ਆਇਨੰਤਾਂ ਤੇ ਸਮਰਾਤਾਂ ਮਿਲ ਕੇ ਰੁੱਤਾਂ ਦੀ ਹੱਦਬੰਦੀ ਕਰਦੀਆਂ ਹਨ। ਬਹੁਤੇ ਸੱਭਿਆਚਾਰਾਂ ਵਿਚ ਆਇਨੰਤਾਂ ਗਰਮੀ ਜਾਂ ਸਿਆਲ ਦੇ ਸ਼ੁਰੂਆਤੀ ਜਾਂ ਵਿਚਕਾਰਲੇ ਸਮੇਂ ਆਉਂਦੀਆਂ ਹਨ। ਕਈ ਸੱਭਿਆਚਾਰਾਂ ਵਿਚ ਇਸ ਸਿਆਲ ਦੇ ਅਯਨਾਂਤ ਨੂੰ ਵੱਖਰੇ-ਵੱਖਰੇ ਤਰੀਕਿਆਂ ਨਾਲ ਉਤਸਵੀ ਖ਼ੁਸ਼ੀਆਂ ਨਾਲ ਮਨਾਇਆ ਜਾਂਦਾ ਹੈ। ਕੁਝ ਦਾ ਥੱਲੇ ਸੰਖੇਪ ਵਿਚਾਰ ਕੀਤਾ ਜਾਵੇਗਾ।

ਸਰਦੀਆਂ ਵਿਚ ਵਿੰਟਰ ਓਲੰਪਿਕ ਖੇਡਾਂ ਬਰਫ ਅਤੇ ਬਰਫ ਉਤੇ ਅਭਿਆਸ ਕਰਨ ਵਾਲੀਆਂ ਖੇਡਾਂ ਲਈ ਹਰ ਚਾਰ ਸਾਲਾਂ ਵਿਚ ਇਕ ਵਾਰ ਆਯੋਜਿਤ ਇਕ ਪ੍ਰਮੁੱਖ

ਅੰਤਰਰਾਸ਼ਟਰੀ ਬਹੁ-ਖੇਡ ਸਮਾਗਮ ਹੈ। ਇਹ ਪਹਿਲੀਆਂ ਵਿੰਟਰ ਓਲੰਪਿਕ ਖੇਡਾਂ, 1924 ਵਿਚ ਫਰਾਂਸ ਵਿਖੇ ਹੋਈਆਂ ਸਨ।

ਹੁਣ ਸਿਸੀਅਰ ਰੁੱਤ ਦੇ ਸਮਾਜਿਕ ਤਿਉਹਾਰਾਂ ਤੇ ਗੁਰੂ ਸਾਹਿਬ ਦੇ ਜੀਵਨ ਨਾਲ ਸਬੰਧਤ ਇਤਿਹਾਸਕ ਵਾਕਿਆਵਾਂ ਨੂੰ ਵਿਚਾਰਨ ਦਾ ਯਤਨ ਕਰਦੇ ਹਾਂ :

ਕ੍ਰਿਸਮਿਸ ਈਸਾ ਮਸੀਹ ਜੀ ਦੇ ਜਨਮ ਦੀ ਖ਼ੁਸ਼ੀ ਵਿਚ ਮਨਾਇਆ ਜਾਂਦਾ ਪਰਵ ਹੈ। ਇਹ 25 ਦਸੰਬਰ ਨੂੰ ਆਉਂਦਾ ਹੈ ਤੇ ਲਗਭਗ ਸਾਰੇ ਸੰਸਾਰ ਵਿਚ ਇਸ ਦਿਨ ਛੁੱਟੀ ਰਹਿੰਦੀ ਹੈ। ਇਹ 12 ਦਿਨ ਤਕ ਚਲਣ ਵਾਲਾ ਪਰਵ ਹੈ ਜੋ 5 ਜਨਵਰੀ ਤਕ ਮਨਾਇਆ ਜਾਂਦਾ ਹੈ। ਇਨ੍ਹਾਂ ਦਿਨਾਂ ਵਿਚ ਹੀ ਨਵੇਂ ਈਸਵੀ ਸਾਲ ਦੀ ਸ਼ੁਰੂਆਤ ਹੁੰਦੀ ਹੈ। ਪਹਿਲੀ ਜਨਵਰੀ ਨੂੰ, ਪਰ ਈਸਾਈ ਧਰਮ ਨੇ ਆਪਣੀ ਛਾਪ ਬਾਕੀ ਸਾਰੀ ਦੁਨੀਆਂ ਦੇ ਉਪਰ ਪਾਈ ਹੋਈ ਹੈ। ਇਸ ਪਹਿਲੀ ਜਨਵਰੀ ਦੇ ਦਿਨ ਜਨਮ ਤੋਂ ਅੱਠ ਦਿਨ ਬਾਅਦ ਈਸਾ ਦਾ ਨਾਮਕਰਣ ਤੇ ਯਹੂਦੀ ਰੀਤਾਂ ਅਨੁਸਾਰ ਸੁੰਨਤ ਕੀਤੀ ਗਈ ਸੀ, ਪਰ ਬਦੋ-ਬਦੀ ਇਹ ਨਵੇਂ ਸਾਲ ਦੀ ਸ਼ੁਰੂਆਤ ਸਾਰਾ ਸੰਸਾਰ ਤਕਰੀਬਨ ਮਨਾਉਂਦਾ ਹੈ। ਸਿੱਖਾਂ ਦੇ ਵਿਚ ਵੀ ਇਸ ਨਵੇਂ ਸਾਲ ਦੀ ਸ਼ਾਮ ਨੂੰ ਬਹੁਤ ਵਧੀਆ ਸਮਾਗਮ ਉਲੀਕੇ ਜਾਂਦੇ ਹਨ ਤੇ ਬਹੁਤ ਸੰਗਤਾਂ ਨਵੇਂ ਸਾਲ ਦੀ ਸ਼ੁਰੂਆਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕਰਦੀਆਂ ਹਨ ਤੇ ਨਵੇਂ ਸਾਲ ਪਹਿਲੀ ਜਨਵਰੀ ਨੂੰ ਵੀ ਗੁਰੂ ਘਰਾਂ ਵਿਚ ਰੌਣਕ ਰਹਿੰਦੀ ਹੈ। ਬਾਰਹ ਮਹੀਨਿਆਂ ਅਨੁਸਾਰ ਪਹਿਲੀ ਚੇਤ ਨੂੰ ਘੱਟ ਰੌਣਕ ਹੁੰਦੀ ਹੈ ਤੇ ਇਸ ਨੂੰ ਹੋਰ ਉਜਾਗਰ ਕਰਨ ਤੇ ਮਹਾਨਤਾ ਦੇਣ ਦੀ ਲੋੜ ਭਾਸਦੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਇਸੇ ਸਿਸੀਅਰ ਰੁੱਤ ਵਿਚ ਮੱਘਰ ਸੁਦੀ ਪੰਚਮੀ ਨੂੰ ਆਉਂਦੀ ਹੈ। ਮਨੁੱਖਤਾ ਦੇ ਇਤਿਹਾਸ ਵਿਚ ਇਹ ਇਕ ਮਹਾਨ ਤੇ ਵਿਲੱਖਣ ਸ਼ਹੀਦੀ ਵਾਪਰੀ ਜਦੋਂ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਿਸੇ ਹੋਰ ਧਰਮ (ਹਿੰਦੂ) ਉੱਪਰ ਹੁੰਦੇ ਅੱਤਿਆਚਾਰਾਂ ਨੂੰ ਠੱਲ ਪਾਉਣ ਲਈ ਆਪਣੀ ਕੁਰਬਾਨੀ ਦਿੱਤੀ, ਐਥੇ ਹੀ ਨਹੀਂ ਬਲਕਿ ਆਪ ਚਲ ਕੇ ਗਏ ਇਸ ਕਾਰਜ ਲਈ। ਜਦੋਂ ਕਸ਼ਮੀਰ ਦੇ ਬ੍ਰਾਹਮਣ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਜੀ ਦੀ ਸ਼ਰਨ ਵਿਚ ਆਏ ਤੇ ਆਖਿਆ ਕਿ ਬਾਦਸ਼ਾਹ ਔਰੰਗਜ਼ੇਬ ਜ਼ਬਰਦਸਤੀ ਸਾਡਾ ਧਰਮ ਤਬਦੀਲ ਕਰ ਰਿਹਾ ਹੈ ਤੇ ਸਾਡੇ ਜੰਞੂ ਤੇ ਤਿਲਕ ਖਤਰੇ ਵਿਚ ਹਨ ਸਾਡੀ ਬਾਂਹ ਫੜੋ। ਗੁਰਬਾਣੀ ਵਿਚ ਵੀ ਫ਼ੁਰਮਾਨ ਹੈ :

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥

(ਅੰਗ ੫੪੪)

9 ਸਾਲ ਦੀ ਉਮਰ ਵਿਚ ਗੋਬਿੰਦ ਰਾਏ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਗੁਰੂ ਪਿਤਾ ਜੀ ਨੂੰ ਇਨ੍ਹਾਂ ਮਜ਼ਲੂਮਾਂ ਦੀ ਸਹਾਇਤਾ ਕਰਨ ਲਈ ਆਖਿਆ। ਸ੍ਰੀ ਗੁਰੂ ਗੋਬਿੰਦ

ਸਿੰਘ ਜੀ ਨੇ ਬਾਅਦ ਵਿਚ ਸ਼ਹੀਦੀ ਨੂੰ ਬਹੁਤ ਵੱਡਾ ਕਲਜੁਗ ਵਿਚ ਬੀਤਿਆ ਸਾਕਾ ਆਖਿਆ ਹੈ। ਫ਼ੁਰਮਾਨ ਹੈ :

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨ ਹੇਤਿ ਇਤੀ ਜਿਨਿ ਕਰੀ ॥ ਸੀਸੁ ਦੀਆ ਪਰੁ ਸੀ ਨ ਉਚਰੀ ॥ ੧੩ ॥
ਧਰਮ ਹੇਤ ਸਾਕਾ ਜਿਨਿ ਕੀਆ ॥ ਸੀਸੁ ਦੀਆ ਪਰ ਸਿਰਰੁ ਨ ਦੀਆ ॥
ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭ ਲੋਗਨ ਕਹ ਆਵਤ ਲਾਜਾ ॥ ੧੪ ॥
ਦੋਹਰਾ ॥ ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥ ੧੫ ॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥ ੧੬ ॥ (ਸ੍ਰੀ ਦਸਮ ਗ੍ਰੰਥ)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ ਜੋ ਕਿ ਮਨੁੱਖੀ ਅਧਿਕਾਰਾਂ ਦੀ ਤਰਜ਼ਮਾਨੀ ਤੇ ਰੱਖਿਆ ਲਈ ਕੁਰਬਾਨੀ ਦਿੱਤੀ ਹੈ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ, ਤੇ ਉਨ੍ਹਾਂ ਦੀ ਸ਼ਹੀਦੀ ਨੂੰ 'ਹਿੰਦ ਦੀ ਚਾਦਰ' ਆਖਣਾ ਵਡਿਆਈ ਨੂੰ ਘਟਾਉਣਾ ਹੈ ਜਦ ਕਿ ਉਹ ਸਾਰੀ ਸ੍ਰਿਸ਼ਟੀ ਦੇ ਰਖਵਾਲੇ ਹਨ।

ਇਸੇ ਸਿਸੀਅਰ ਰੁੱਤ ਵਿਖੇ ਹੀ ਚਾਰ ਸਾਹਿਬਜ਼ਾਦਿਆਂ ਤੇ ਅਨੇਕ ਸਿੰਘਾਂ ਦੀਆਂ ਸ਼ਹੀਦੀਆਂ ਹੋਈਆਂ। ਅਨੰਦਪੁਰ ਸਾਹਿਬ ਨੂੰ ਮੁਗ਼ਲ ਰਾਜ ਤੇ ਬਾਈਧਾਰ ਦੇ ਰਾਜਿਆਂ ਦੀਆਂ ਫ਼ੌਜਾਂ ਨੇ ਘੇਰਾ ਪਾ ਲਿਆ ਤੇ ਅੰਦਰ ਰਾਸ਼ਨ ਪਹੁੰਚਣ ਤੋਂ ਵੀ ਬੰਦ ਹੋ ਗਿਆ। ਇਹ ਛੇ ਮਹੀਨਿਆਂ ਤੋਂ ਵੀ ਲੰਬਾ ਚਲਿਆ। ਸਿਸੀਅਰ ਦੀ ਠੰਢੀ ਰੁੱਤ ਵਿਚ ਫ਼ੌਜੀ ਵੀ ਬਹੁਤ ਤੰਗ ਹੋ ਗਏ ਤੇ ਆਟੇ ਦੀ ਗਊ ਬਾਈਧਾਰ ਦੇ ਰਾਜਿਆਂ ਤੇ ਕੁਰਾਨ ਦੀ ਕਸਮ ਚੁੱਕ ਕੇ ਔਰੰਗਜ਼ੇਬ ਦੇ ਦਸਖਤ ਕੀਤੇ ਗੁਰੂ ਸਾਹਿਬ ਕੋਲ ਭੇਜੇ ਗਏ ਕਿ ਤੁਸੀਂ ਅਨੰਦਪੁਰ ਸਾਹਿਬ ਛੱਡ ਜਾਉ, ਅਸੀਂ ਕੁਝ ਨਹੀਂ ਕਹਾਂਗੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਨ੍ਹਾਂ ਦੀਆਂ ਧੋਖੇ ਦੀਆਂ ਚਾਲਾਂ ਸਮਝਦੇ ਤੇ ਜਾਣਦੇ ਸਨ, ਪਰ ਸਿੱਖ ਵੀ ਇਸ ਗੱਲ ਨੂੰ ਮੰਨਣ ਲਈ ਆਖ ਰਹੇ ਸਨ ਤੇ ਸਤਿਗੁਰੂ ਜੀ ਨੇ ਧਰਮ ਦੀਆਂ ਕਸਮਾਂ ਦੀ ਕਦਰ ਕਰਨ ਲਈ ਅਨੰਦਪੁਰ ਸਾਹਿਬ ਛੱਡ ਦਿੱਤਾ।

ਧਰਮ ਦੀਆਂ ਕਸਮਾਂ ਭੁਲਾ ਕੇ ਮੁਗ਼ਲ ਫ਼ੌਜਾਂ ਤੇ ਬਾਈਧਾਰ ਦੇ ਰਾਜਿਆਂ ਦੀਆਂ ਫ਼ੌਜਾਂ ਨੇ ਪਿੱਛੋਂ ਹਮਲਾ ਕਰ ਦਿੱਤਾ। ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ। ਸਰਸਾ ਨਦੀ ਵਿਚ ਹੜ੍ਹ ਆਇਆ ਹੋਇਆ ਸੀ। ਕਈ ਸਿੰਘ ਤੇ ਬਹੁਤ ਸਾਰੇ ਇਤਿਹਾਸਕ ਤੇ 52 ਕਵੀਆਂ ਦੀਆਂ ਰਚਨਾਵਾਂ ਦੇ ਗ੍ਰੰਥ ਸਰਸਾ ਵਿਚ ਰੁੜ੍ਹ ਗਏ। ਗੁਰੂ ਸਾਹਿਬ ਜੀ ਦਾ ਪਰਿਵਾਰ ਤਿੰਨ ਹਿੱਸਿਆਂ ਵਿਚ ਵਿਛੜ ਗਿਆ। ਮਾਤਾ ਸਾਹਿਬ ਕੌਰ ਜੀ ਕੁਝ ਸਿੰਘਾਂ ਨਾਲ ਦਿੱਲੀ ਪਹੁੰਚ

ਗਏ। ਗੁਰੂ ਸਾਹਿਬ ਜੀ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਤੇ 40 ਸਿੰਘਾਂ ਨਾਲ ਚਮਕੌਰ ਸਾਹਿਬ ਕੱਚੀ ਗੜ੍ਹੀ ਵਿਚ ਪਹੁੰਚ ਗਏ। ਮਾਤਾ ਗੁਜਰੀ (ਗੁਜਰ ਕੌਰ) ਜੀ ਦੋ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਗੰਗੂ ਨਾਲ ਉਸ ਦੇ ਪਿੰਡ ਖੇੜੀ ਪਹੁੰਚੇ, ਜਿੱਥੇ ਗੰਗੂ ਬ੍ਰਾਹਮਣ ਨੇ ਲਾਲਚਵਸ ਹੋ ਕੇ ਮਾਤਾ ਗੁਜਰੀ ਜੀ ਦੀ ਥੈਲੀ, ਜਿਸ ਵਿਚ ਧਨ ਤੇ ਸੋਨੇ ਦੀਆਂ ਮੋਹਰਾਂ ਸਨ ਚੋਰੀ ਕਰ ਲਈ। ਪੁੱਛਣ ਤੇ ਔਖਾ ਹੋ ਕੇ ਹੋਰ ਸਰਕਾਰ ਤੋਂ ਇਨਾਮ ਦੇ ਲਾਲਚ ਵਿਚ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਪਕੜਾ ਦਿੱਤਾ।

ਚਮਕੌਰ ਸਾਹਿਬ ਕੱਚੀ ਗੜ੍ਹੀ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਸਿੰਘਾਂ ਨੇ ਡਟ ਕੇ ਮੁਕਾਬਲਾ ਕੀਤਾ। ਅੱਗੇ 10 ਲੱਖ ਫ਼ੌਜ ਸੀ। ਅਨੇਕ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰ ਕੇ ਬਹੁਤ ਸਾਰੇ ਸਿੰਘਾਂ ਤੇ ਦੋ ਵੱਡੇ ਸਾਹਿਬਜ਼ਾਦੇ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਜਦੋਂ ਕੁਝ ਸਿੰਘਾਂ ਨੇ ਬੇਨਤੀ ਕੀਤੀ ਕਿ ਸਾਹਿਬਜ਼ਾਦਿਆਂ ਨੂੰ ਜੰਗ ਵਿਚ ਨਾ ਭੇਜੋ ਤੇ ਆਪਣੇ ਸਪੁੱਤਰਾਂ ਨੂੰ ਬਚਾਅ ਲਵੋ, ਇਸ 'ਤੇ ਗੁਰੂ ਸਾਹਿਬ ਜੀ ਨੇ ਆਖਿਆ, ਕੀ ਤੁਸੀਂ ਮੇਰੇ ਪੁੱਤਰ ਨਹੀਂ ਹੋ? ਸਤਿਗੁਰੂ ਜੀ ਨੇ ਸਭ ਨੂੰ ਬਰਾਬਰੀ ਦਿੱਤੀ ਹੈ ਤੇ ਸਿੰਘਾਂ ਨੂੰ ਬਹੁਤ ਮਹਾਨਤਾ ਦਿੱਤੀ ਹੈ। ਫ਼ੁਰਮਾਨ ਕੀਤਾ ਹੈ :

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ ॥

(ਸ੍ਰੀ ਦਸਮ ਗ੍ਰੰਥ)

ਸਤਿਗੁਰੂ ਜੀ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਤੇ ਦੂਜੇ ਦਿਨ ਆਪ ਜੰਗੇ-ਮੈਦਾਨ ਵਿਚ ਉਤਰਨਾ ਸੀ ਪਰ ਪੰਜ ਸਿੰਘਾਂ ਨੇ ਬੇਨਤੀ ਕਰਨ ਉਪ੍ਰੰਤ ਉਪਦੇਸ਼ ਦੇ ਦਿੱਤਾ ਕਿ ਤੁਸੀਂ ਇਸ ਕੱਚੀ ਗੜ੍ਹੀ ਨੂੰ ਛੱਡ ਕੇ ਚਲੇ ਜਾਓ। ਸਤਿਗੁਰੂ ਜੀ ਤਾੜੀ ਮਾਰ ਕੇ ਉੱਚੀ ਆਵਾਜ਼ ਨਾਲ ਆਖ ਕੇ ਕਿ ਸਿੱਖਾਂ ਦਾ ਗੁਰੂ ਜਾ ਰਿਹਾ ਹੈ। ਗੜ੍ਹੀ ਨੂੰ ਤਿਆਗਿਆ ਤੇ ਆਪਣਾ ਜੋੜਾ ਉਤਾਰ ਦਿੱਤਾ ਤਾਂ ਕਿ ਕਿਸੇ ਸ਼ਹੀਦ ਹੋਏ ਸਿੱਖ ਦੇ ਕੇਸਾਂ ਨੂੰ ਹਨੇਰੇ ਵਿਚ ਜੋੜਾ ਲੱਗ ਕੇ ਬੇਅਦਬੀ ਨਾ ਹੋ ਜਾਵੇ। ਭਾਵੇਂ ਬਹੁਤ ਕੰਡਿਆਂ ਤੇ ਪੱਥਰਾਂ ਦਾ ਸਾਹਮਣਾ ਨੰਗੇ ਚਰਨੀ ਕਰਨਾ ਪਿਆ। ਐਸਾ ਵੀ ਲਿਖਿਆ ਮਿਲਦਾ ਹੈ ਕਿ ਸਤਿਗੁਰੂ ਜੀ ਨੇ ਅੱਠ-ਅੱਠ ਸਿੰਘਾਂ ਦੇ ਜਥੇ ਭੇਜੇ, ਜਿਨ੍ਹਾਂ 10 ਲੱਖ ਨਾਲ ਟਾਕਰਾ ਕੀਤਾ ਤੇ ਇਹ ਸ਼ਬਦ ਸਫਲ ਕੀਤੇ :

ਸਵਾ ਲਾਖ ਸੇ ਏਕ ਲੜਾਊਂ ॥
ਚੜੈ ਸਿੰਘ ਤਿਸ ਮੁਕਤ ਕਰਾਊਂ ॥ ੫੯ ॥

(ਭਾਈ ਨੰਦ ਲਾਲ - ਰਹਿਤਨਾਮੇ ਅਤੇ ਪੰਥਕ ਲਿਖਤਾਂ)

ਅੱਲਾ ਯਾਰ ਖ਼ਾਨ ਜੋਗੀ ਦੀਆਂ ਕਵਿਤਾਵਾਂ ਗੰਜ-ਏ-ਸ਼ਹੀਦਾਂ ਚਮਕੌਰ ਦੇ ਜੰਗ ਬਾਰੇ ਤੇ ਸ਼ਹੀਦੇਂ-ਏ-ਵਫ਼ਾ ਸਰਹੰਦ ਦੀਆਂ ਮਹਾਨ ਸ਼ਹੀਦੀਆਂ ਦੇ ਦਰਦਨਾਕ ਵਾਕਿਆ ਬਾਰੇ ਪੜ੍ਹਨ ਵਾਲੀਆਂ ਹਨ।

ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਨੂੰ ਠੰਢੇ ਬੁਰਜ ਵਿਚ ਠੰਢੀ ਸਿਸੀਅਰ ਦੀ ਰੁੱਤ ਵਿਚ ਕੈਦ ਰੱਖਿਆ ਗਿਆ। ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਨੂੰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਬਹੁਤ ਡਰ ਤੇ ਲਾਲਚ ਦਿੱਤੇ ਗਏ ਕਿ ਆਪਣਾ ਧਰਮ ਛੱਡ ਕੇ ਇਸਲਾਮ ਧਾਰਨ ਕਰ ਲਓ, ਪਰ ਸਾਹਿਬਜ਼ਾਦਿਆਂ ਨੇ ਬਹੁਤ ਹੀ ਚੜ੍ਹਦੀਆਂ ਕਲਾਂ ਨਾਲ ਜਵਾਬ ਦੇ ਕੇ ਇਨਕਾਰ ਕਰ ਦਿੱਤਾ ਤੇ ਕਾਜ਼ੀ ਨੇ ਕੰਧਾਂ ਵਿਚ ਚਿਣ ਦੇਣ ਦਾ ਫਤਵਾ ਲਾ ਦਿੱਤਾ। ਕੋਈ ਵੀ ਧਰਮ ਅੱਠ ਤੇ ਪੰਜ ਸਾਲ ਦੇ ਬੱਚਿਆਂ ਨੂੰ ਐਸੀ ਬੇਰਹਿਮੀ ਨਾਲ ਮਾਰਨ ਦੀ ਗੱਲ ਨੂੰ ਸਹੀ ਨਹੀਂ ਆਖ ਸਕਦਾ। ਐਸੀਆਂ ਸ਼ਹਾਦਤਾਂ ਨੇ ਇਤਿਹਾਸ ਵਿਚ ਮੋੜ ਲੈ ਆਂਦਾ ਜਦੋਂ ਕਿ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਖ ਦਿੱਤਾ ਕਿ ਹੁਣ ਜ਼ਾਲਮ ਰਾਜ ਦੀ ਜੜ੍ਹ ਪੁੱਟੀ ਗਈ ਹੈ। ਮਾਤਾ ਗੁਜਰੀ ਜੀ ਨੂੰ ਵੀ ਸ਼ਹੀਦ ਕੀਤਾ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਸਾਹਿਬ ਜੀ ਦੀ ਬਖ਼ਸ਼ਿਸ਼ ਤੇ ਸਿੰਘਾਂ ਨੂੰ ਨਾਲ ਲੈ ਕੇ ਸਰਹੰਦ ਨੂੰ ਇੱਟਾਂ ਦਾ ਢੇਰ ਬਣਾ ਦਿੱਤਾ।

ਇਤਿਹਾਸ ਬਹੁਤ ਲੰਬਾ ਹੈ ਪਰ ਫਿਰ ਵੀ ਪਿਛੋਕੜ ਬਾਰੇ ਕੁਝ ਜਾਣਕਾਰੀ ਦਿੱਤੀ ਜਾ ਰਹੀ ਹੈ।

ਸਾਡੀ ਰੋਜ਼ ਦੀ ਅਰਦਾਸ ਨੌਵੀਂ ਪਾਤਿਸ਼ਾਹੀ ਤੱਕ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਚਾਰੀ ਹੋਈ ਹੈ। ਉਸ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਧਿਆਨ ਅਤੇ ਅਰਦਾਸ ਦੇ ਬਾਕੀ ਹਿੱਸੇ ਖ਼ਾਲਸਾ ਪੰਥ ਦੇ ਭਗਤਾ, ਸਿੱਖਾਂ, ਬ੍ਰਹਮ ਗਿਆਨੀਆਂ ਤੇ ਵਿਦਵਾਨਾਂ ਨੇ ਰਲ-ਮਿਲ ਕੇ ਸਿਰਜੇ ਸਨ। ਅਰਦਾਸ ਦੇ ਦੂਜੇ ਪਹਿਰੇ ਵਿਚ ਪੰਜ ਪਿਆਰਿਆਂ ਤੋਂ ਬਾਅਦ ਚਾਰ ਸਾਹਿਬਜ਼ਾਦਿਆਂ ਦਾ ਜ਼ਿਕਰ ਕੀਤਾ ਗਿਆ ਹੈ। ਗੁਰੂ ਪੁੱਤਰ, ਸਪੁੱਤਰ ਤਾਂ ਹੋਰ ਵੀ ਕਈ ਹੋਏ ਨੇ, ਪਰ ਇਨ੍ਹਾਂ ਚੋਹਾਂ (ਦਸਮੇਸ਼ ਜੀ ਦੇ ਸਪੁੱਤਰਾਂ) ਦਾ ਹੀ ਅਰਦਾਸ ਵਿਚ ਕਿਉਂ ਵਰਨਣ ਕੀਤਾ ਜਾਂਦਾ ਹੈ? ਅਸਲ ਵਿਚ ਇਨ੍ਹਾਂ ਚੋਹਾਂ ਸਾਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਇਸ ਵਡਿਆਈ ਦੀ ਹੱਕਦਾਰ ਬਣੀ ਹੈ। ਸਾਹਿਬਜ਼ਾਦਿਆਂ ਦੇ ਨਾਮ (ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ) ਪਿਤਾ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬੀਰ ਰਸੀ ਤੇ ਜੇਤੂ ਬਿਰਤੀ ਦੇ ਲਖਾਇਕ ਹਨ। ਲਾਸਾਨੀ ਕੁਰਬਾਨੀ ਕਾਰਣ 'ਬਾਬਾ' ਪਦਵੀ ਨਾਲ ਸਾਹਿਬਜ਼ਾਦਿਆਂ ਨੂੰ ਸਨਮਾਨਿਆ ਜਾਂਦਾ ਹੈ। ਗੁਰਮਤਿ ਵਿੱਦਿਆ ਦੇ ਨਾਲ ਸ਼ਾਸਤਰ ਵਿੱਦਿਆ, ਘੋੜ ਸਵਾਰੀ ਤੇ ਜੰਗ ਲੜਣ ਦੇ ਪੈਂਤੜੇ ਸਾਹਿਬਜ਼ਾਦਿਆਂ ਨੂੰ ਸਿਖਾਏ ਗਏ। ਛੋਟੀ ਅਵਸਥਾ ਵਿਚ ਹੀ ਉਹ ਨਿਤਨੇਮ ਵਿਚ ਪ੍ਰਪੱਕ ਅਤੇ ਅੰਮ੍ਰਿਤਧਾਰੀ ਹੋਏ।

ਬਾਈਧਾਰ ਦੇ ਪਹਾੜੀ ਰਾਜਿਆਂ ਅਤੇ ਮੁਗਲ ਫ਼ੌਜਾਂ ਵਲੋਂ ਕਰੀਬ ਛੇ ਮਹੀਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਿਆ ਰਿਹਾ, ਪਰ ਸਿੱਖਾਂ ਦੀ ਦ੍ਰਿੜਤਾ ਕਾਇਮ ਰਹੀ। ਅੰਤ

ਔਰੰਗਜ਼ੇਬ ਨੇ ਕੁਰਾਨ ਦੀ ਕਸਮ ਚੁੱਕ ਕੇ ਕਿਹਾ ਕਿ ਗੁਰੂ ਸਾਹਿਬ ਜੀ ਤੁਸੀਂ ਚਮਕੌਰ ਵੱਲ ਆਵੋ, ਮੈਂ ਸਰਹਿੰਦ ਵਿਖੇ ਆਉਂਦਾ ਹਾਂ। ਕੁਝ ਜ਼ਰੂਰੀ ਸਮਾਨ ਲੈ ਕੇ ਗੁਰੂ ਜੀ ਨੇ ਕਿਲ੍ਹਾ ਛੱਡ ਦਿੱਤਾ। ਗੁਰੂ ਜੀ ਨੇ ਅਜੇ ਸਰਸਾ ਕੋਲ ਹੀ ਪੁੱਜੇ ਸਨ ਕਿ ਫ਼ੌਜਾਂ ਧਾਅ ਕੇ ਪੈ ਗਈਆਂ। ਸਰਸਾ ਪਾਰ ਕਰਨ ਵੇਲੇ ਪਰਿਵਾਰ ਵਿਛੜ ਗਿਆ। ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ (ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ) ਨੂੰ ਕੁੰਮੇ ਮਾਸ਼ਕੀ ਦੀ ਝੁੱਗੀ ਵਿਚ ਰਾਤ ਕੱਟੀ। ਗੁਰੂ ਸਾਹਿਬ, ਦੋ ਵੱਡੇ ਸਾਹਿਬਜ਼ਾਦੇ ਅਤੇ ਚਾਲੀ ਸਿੰਘ ਚਮਕੌਰ ਪਹੁੰਚ ਗਏ। ਫ਼ੌਜਾਂ ਦੇ ਕਟਕ ਚੜ੍ਹ ਆਏ। ਦੁਨੀਆਂ ਦੇ ਇਤਿਹਾਸ ਵਿਚ ਐਸਾ ਅਜੋੜ ਜੰਗ ਕਦੇ ਨਹੀਂ ਹੋਇਆ, ਇਕ ਪਾਸੇ ਅਸ਼ਤਰਾਂ-ਸ਼ਸਤਰਾਂ ਨਾਲ ਲੈਸ ਦਸ ਲੱਖ ਫ਼ੌਜਾਂ ਅਤੇ ਦੂਜੇ ਪਾਸੇ ਭੁੱਖੇ-ਪਿਆਸੇ ਚਾਲੀ ਸਿੰਘ।

ਗੁਰੂ ਸਾਹਿਬ ਨੇ ਸਭ ਸਿੰਘਾਂ 'ਤੇ ਮਿਹਰ ਦੀ ਦ੍ਰਿਸ਼ਟ ਪਾਈ ਤਾਂ ਸਭ ਨੂੰ ਸੋਝੀ ਹੋ ਆਈ ਕਿ ਜੀਵਨ ਤਾਂ ਤੁੱਛ ਹੈ। ਮੌਤ ਅਵੱਸ਼ ਹੈ। ਜੂਝਣਾ ਹੀ ਧਰਮ ਹੈ। ਸਾਡੀ ਕੁਰਬਾਨੀ 'ਤੇ ਆਉਣ ਵਾਲੀਆਂ ਨਸਲਾਂ ਨਾਜ਼ ਕਰਨਗੀਆਂ। ਵਜ਼ੀਰ ਖ਼ਾਨ ਨੇ ਘੇਰਾ ਪਾ ਕੇ ਐਲਾਨ ਕੀਤਾ ਕਿ ਜੇ ਗੁਰੂ ਜੀ ਆਪਣੇ ਆਪ ਨੂੰ ਹਵਾਲੇ ਕਰ ਦੇਣ ਤਾਂ ਜਾਨ ਬਖ਼ਸ਼ੀ ਜਾਵੇਗੀ। ਗੁਰੂ ਜੀ ਨੇ ਇਸ ਦਾ ਜੁਆਬ ਤੀਰਾਂ ਦੀ ਵਾਛੜ ਨਾਲ ਦਿੱਤਾ। ਇਕ ਮੁਗਲ ਜਰਨੈਲ ਨਾਹਰ ਖ਼ਾਨ ਨੇ ਛੁਪ ਕੇ ਪੌੜੀ ਲਾ ਕੇ ਗੜ੍ਹੀ ਅੰਦਰ ਆਣਾ ਚਾਹਿਆ, ਮਹਾਰਾਜ ਨੇ ਉਸ ਨੂੰ ਤੀਰ ਨਾਲ ਥਾਂ ਹੀ ਚਿੱਤ ਕਰ ਦਿੱਤਾ। ਗੁਰੂ ਸਾਹਿਬ ਨੇ ਇਸ ਦਾ ਜ਼ਿਕਰ ਜ਼ਫ਼ਰਨਾਮੇ ਵਿਚ ਵੀ ਕੀਤਾ ਹੈ।

ਹੁਣ "**ਸਵਾ ਲਾਖ ਸੇ ਏਕ ਲੜਾਊਂ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ॥**" ਵਾਲੇ ਐਲਾਨ ਨਾਮੇ ਨੂੰ ਸੱਚ ਕਰਨ ਦਾ ਸਮਾਂ ਆ ਗਿਆ ਸੀ। ਦਸ ਲੱਖ ਲਸ਼ਕਰ ਦੇ ਮੁਕਾਬਲੇ ਵਿਚ ਅੱਠ-ਅੱਠ ਸਿੰਘਾਂ ਦਾ ਜਥਾ ਭੇਜ ਕੇ ਗੁਰੂ ਸਾਹਿਬ ਨੇ ਇਸ ਮਹਾਂਵਾਕ ਨੂੰ ਪ੍ਰਤੱਖ ਕਰ ਵਿਖਾਇਆ। ਇਕੱਲਾ ਇਕੱਲਾ ਸਿੰਘ ਸੈਂਕੜਿਆਂ ਨੂੰ ਸੋਧ ਰਿਹਾ ਸੀ।

ਕੁਝ ਸਿੰਘਾਂ ਦੀ ਸ਼ਹੀਦੀਆਂ ਉਪਰੰਤ ਬਾਕੀ ਬਚੇ ਸਿੰਘਾਂ ਨੇ ਇਕਸੁਰ ਹੋ ਕੇ ਬੇਨਤੀ ਕੀਤੀ ਕਿ ਗੁਰੂ ਸਾਹਿਬ ਜੀ ਤੁਸੀਂ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਨਿਕਲ ਜਾਓ। ਗੁਰੂ ਸਾਹਿਬ ਨੇ ਆਖਿਆ ਕਿ ਕਿਹੜੇ ਸਾਹਿਬਜ਼ਾਦਿਆਂ ਦੀ ਗੱਲ ਕਰਦੇ ਹੋ, ਤੁਸੀਂ ਸਾਰੇ ਹੀ ਮੇਰੇ ਸਾਹਿਬਜ਼ਾਦੇ ਹੋ। ਇਸੇ ਸਮੇਂ ਗੁਰੂ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਆਖਿਆ ਕਿ ਇਸ ਤੋਂ ਅੱਛਾ ਸਮਾਂ ਹੋਰ ਕੋਈ ਨਹੀਂ, ਜੰਗ ਵਿਚ ਕੁੱਦ ਕੇ ਖ਼ੁਸ਼ੀਆਂ ਪਾਵੋ। ਸਾਹਿਬਜ਼ਾਦਾ ਅਜੀਤ ਸਿੰਘ ਨਾਲ ਗੁਰੂ ਜੀ ਨੇ ਅੱਠ ਸਿੰਘ ਭਾਈ ਮੁਹਕਮ ਸਿੰਘ (ਪਿਆਰਾ), ਭਾਈ ਈਸ਼ਰ ਸਿੰਘ, ਭਾਈ ਲਾਲ ਸਿੰਘ, ਭਾਈ ਨੰਦ ਸਿੰਘ, ਭਾਈ ਕੇਸਰ ਸਿੰਘ, ਭਾਈ ਦੇਵਾ ਸਿੰਘ, ਭਾਈ ਕੀਰਤੀ ਸਿੰਘ ਤੇ ਭਾਈ ਮੋਹਰ ਸਿੰਘ ਮੈਦਾਨਿ-ਜੰਗ ਵਿਚ ਉਤਾਰੇ। ਗੜ੍ਹੀ ਵਿਚੋਂ ਬਾਹਰ ਆਉਂਦਿਆਂ ਹੀ ਸਿੰਘਾਂ ਨੇ ਜੈਕਾਰਾ ਛੱਡਿਆ। ਵੈਰੀ ਠਠੰਬਰ ਗਏ। ਮੁਗਲ

ਫ਼ੌਜਾਂ ਨੇ ਅੱਗੇ ਵਧ ਕੇ ਸਾਹਿਬਜ਼ਾਦੇ ਨੂੰ ਘੇਰਨਾ ਚਾਹਿਆ, ਪਰ ਆਪ ਜੀ ਦੇ ਤਿੱਖੇ ਤੀਰਾਂ ਨੇਸਭ ਨੂੰ ਪਛਾੜ ਦਿੱਤਾ। ਜਿਹੜਾ ਅੱਗੇ ਵਧਿਆ ਉਸ ਨੂੰ ਮੂੰਹ ਦੀ ਖਾਣੀ ਪਈ। ਕਿਤਨੀ ਦੇਰ ਅੱਠ ਸਿੰਘ ਲੱਖਾਂ ਦਾ ਮੁਕਾਬਲਾ ਕਰ ਸਕਦੇ ਸਨ। ਤੀਰਾਂ ਦੀ ਗਿਣਤੀ ਮੇਣਵੀ ਸੀ। ਤੀਰਾਂ ਦੇ ਭੱਥੇ ਖਾਲੀ ਹੋਣ 'ਤੇ ਸਿੰਘਾਂ ਨੇ ਤਲਵਾਰਾਂ ਧੂਹ ਲਈਆਂ। ਪੀਰ ਜਲਾਲਦੀਨ ਦੇ ਪੋਤਰੇ ਨੇ ਜ਼ੋਰ ਦਾ ਖੰਡਾ ਮਾਰਿਆ। ਬਾਬਾ ਜੀ ਨੂੰ ਮਾਰੂ ਘਾਓ ਲੱਗਾ। ਇਸ ਹਾਲਤ ਵਿਚ ਵੀ ਉਹ ਜੂਝਦੇ ਰਹੇ। ਬਾਬਾ ਅਜੀਤ ਸਿੰਘ ਜੀ ਸ਼ਹੀਦੀ ਪਾ ਗਏ। ਗੁਰੂ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਸ਼ਹੀਦ ਹੁੰਦੇ ਅੱਖੀਂ ਦੇਖਿਆ ਤੇ ਮੁਖੋਂ ਕਿਹਾ, ਅੱਜ ਖ਼ਾਲਸਾ ਖ਼ਾਸ ਹੋਇਆ ਹੈ।

ਉਪਰੰਤ ਗੁਰੂ ਜੀ ਨੇ ਥਾਪੜਾ ਦੇ ਕੇ ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਕਿਹਾ, ਜਾਓ ਇੱਥੇ ਵੀ ਜਸ ਪਾਓ ਤੇ ਅੱਗੇ ਵੀ। ਗੁਰੂ ਜੀ ਨੇ ਸਾਹਿਬਜ਼ਾਦਾ ਜੁਝਾਰ ਸਿੰਘ ਨਾਲ ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ (ਦੋ ਪਿਆਰੇ) ਅਤੇ ਤਿੰਨ ਸਿੰਘ ਹੋਰ ਭੇਜੇ। ਗੁਰੂ ਜੀ ਨੇ ਮੱਮਟੀ ਤੋਂ ਤੀਰਾਂ ਦੀ ਵਰਖਾ ਕਰ ਕੇ ਗੜ੍ਹੀ ਵੱਲ ਵਧਦੀਆਂ ਫ਼ੌਜਾਂ ਨੂੰ ਪਿੱਛੇ ਧਕੇਲ ਦਿੱਤਾ, ਤਾਂ ਜੋ ਬਾਬਾ ਜੁਝਾਰ ਸਿੰਘ ਨੂੰ ਜੰਗ ਦੇ ਜੌਹਰ ਦਿਖਾਉਣ ਦਾ ਮੌਕਾ ਮਿਲ ਸਕੇ। ਬਾਬਾ ਜੁਝਾਰ ਸਿੰਘ ਜੀ ਨੇ ਅੱਗੇ ਵਧ ਕੇ ਵਾਹਿਗੁਰੂ ਵਾਹਿਗੁਰੂ ਕਰਦਿਆਂ ਐਸਾ ਯੁੱਧ ਮਚਾਇਆ ਕਿ ਦੇਖਣਾ ਹੀ ਬਣਦਾ ਸੀ। ਜਿੱਥੇ ਨੇਜ਼ਾ ਮਾਰਦੇ ਅਗਲੇ ਨੂੰ ਪਰੋ ਹੀ ਲੈਂਦੇ। ਐਸਾ ਜੂਝੇ ਕਿ "**ਹੋਏ ਤੁਰਕ ਹੈਰਾਨੀ, ਕਰਦੇ ਯਾ ਅੱਲ੍ਹਾ। ਕੋਹੇ ਸੂਰ ਮਹਾਨੀ, ਮੱਥਾ ਲਾਇਆ।**" ਮੁਗਲਾਂ ਨੇ ਰਲਵਾਂ ਹਮਲਾ ਕਰਕੇ ਸਾਹਿਬਜ਼ਾਦੇ ਨੂੰ ਚੁਫੇਰਿਓਂ ਘੇਰ ਲਿਆ। ਇਸ ਘੇਰੇ ਨੂੰ ਵੀ ਬਾਬਾ ਜੀ ਨੇ ਵਾਢੀ ਪਾ ਦਿੱਤੀ। ਇਸੇ ਤਰ੍ਹਾਂ ਜੂਝਦੇ ਸ਼ਾਮ ਹੋ ਗਈ। ਇਕ ਘੜੀ ਦਿਨ ਰਹਿੰਦਾ ਸੀ ਕਿ ਬਾਬਾ ਜੁਝਾਰ ਸਿੰਘ ਜੀ ਸ਼ਹੀਦੀ ਪਾ ਗਏ। ਗੁਰੂ ਜੀ ਨੇ ਸ਼ਹਾਦਤ 'ਤੇ ਸ਼ੁਕਰ ਅਦਾ ਕੀਤਾ ਕਿ ਅਮਾਨਤ ਅਦਾ ਹੋਈ।

ਦੂਜੇ ਪਾਸੇ ਕੁੰਮੇ ਮਾਸ਼ਕੀ ਦੀ ਝੁੱਗੀ ਵਿਚ ਲਛਮਣੀ ਨਾਂ ਦੀ ਬ੍ਰਾਹਮਣ ਨਾਂ ਦੀ ਬ੍ਰਾਹਮਣੀ ਨੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਲੰਗਰ ਛਕਾਇਆ। ਮਾਤਾ ਜੀ ਨੇ ਉਸ ਦੀ ਸੇਵਾ ਤੋਂ ਖ਼ੁਸ਼ ਹੋ ਕੇ ਸੋਨੇ ਦੀਆਂ ਦੋ ਚੂੜੀਆਂ ਉਸ ਨੂੰ ਦਿੱਤੀਆਂ। ਸਹੇੜੀ ਦਾ ਇਕ ਬ੍ਰਾਹਮਣ ਗੰਗੂ ਉਥੋਂ ਹੀ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਲੈ ਆਇਆ ਅਤੇ ਲਾਲਚਵਸ ਤਿੰਨਾਂ ਨੂੰ ਮੁਗਲਾਂ ਦੇ ਹਵਾਲੇ ਕਰ ਦਿੱਤਾ। ਯਾਦ ਰਹੇ, ਗੰਗੂ ਦੇ ਪਿੰਡ ਦਾ ਨਾਂ 'ਸਹੇੜੀ' ਸੀ, ਸਿੱਖ ਨਰਾਜ਼ਗੀ ਨਾਲ ਸੁਹੇੜੀ-ਉਖੇੜੀ ਕਹਿਣ ਲੱਗ ਪਏ ਅਤੇ ਫਿਰ ਉਖੇੜੀ ਤੋਂ ਖੇੜੀ ਹੀ ਮਸ਼ਹੂਰ ਹੋ ਗਿਆ।

ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਨੂੰ ਪਹਿਲਾਂ ਮੋਰਿੰਡੇ ਅਤੇ ਫਿਰ ਸਰਹੰਦ ਲਿਆਂਦਾ ਗਿਆ। ਸਰਹੰਦ ਦੀ ਕਚਹਿਰੀ ਵਿਚ ਸਾਹਿਬਜ਼ਾਦਿਆਂ ਨੂੰ ਤਰ੍ਹਾਂ ਤਰ੍ਹਾਂ ਦੇ ਡਰਾਵੇ ਅਤੇ ਲਾਲਚ ਦਿੱਤੇ ਗਏ, ਪਰ ਉਹ ਸਿੱਖੀ ਸਿਦਕ ਵਾਲੇ ਧਰਮ 'ਤੇ ਕਾਇਮ ਰਹੇ।

ਨਵਾਬ ਮਲੇਰਕੋਟਲੇ ਨੇ ਹਾਅ ਦਾ ਨਾਅਰਾ ਮਾਰਿਆ ਕਿ ਮਾਸੂਮਾਂ 'ਤੇ ਜ਼ੁਲਮ ਕਰਨ ਨਾਲ ਤੁਹਾਡੀ ਜੜ੍ਹ ਕੱਟੀ ਜਾਵੇਗੀ। ਪਰ ਦੀਵਾਨ ਸੁੱਚਾ ਨੰਦ ਨੇ ਆਖਿਆ ਕਿ ਇਨ੍ਹਾਂ ਨੂੰ ਬੱਚੇ ਨਾ ਸਮਝੋ, ਇਹ ਤਾਂ ਸਪੋਲੀਏ ਹਨ।

ਨੀਕੇ ਬਾਲਕ ਤੁਮ ਮਤ ਜਾਨਹੁ। ਨਾਗਹੁੰ ਕੇ ਇਹ ਪੁਤ ਬਖਾਨਹੁ।
ਤੁਮਰੇ ਹਾਥ ਆਜ ਯਹ ਆਏ। ਕਰਹੁ ਅਬੈ ਅਪਨੇ ਮਨ ਭਾਏ।

ਸੁੱਚਾ ਨੰਦ ਨੇ ਚਲਾਕੀ ਨਾਲ ਸਾਹਿਬਜ਼ਾਦਿਆਂ ਨੂੰ ਕਿਹਾ ਕਿ ਜੇ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਕੀ ਕਰੋਗੇ ਤਾਂ ਸਾਹਿਬਜ਼ਾਦਿਆਂ ਨੇ ਨਿਰਭੈਤਾ ਨਾਲ ਜਵਾਬ ਦਿੱਤਾ ਕਿ ਅਸੀਂ ਸਿੰਘਾਂ ਨੂੰ ਇਕੱਠੇ ਕਰਾਂਗੇ ਅਤੇ ਹੱਕ-ਸੱਚ ਲਈ ਤੁਹਾਡੇ ਨਾਲ ਜੰਗ ਕਰਾਂਗੇ। ਤਸੀਹੇ ਦੇ ਕੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਦਿੱਤਾ ਗਿਆ। ਮਾਤਾ ਗੁਜਰੀ ਜੀ ਨੇ ਭਾਣਾ ਮੰਨ ਕੇ ਪ੍ਰਾਣ ਤਿਆਗ ਦਿੱਤੇ।

ਗੁਰੂ ਜੀ ਨੂੰ ਜਦੋਂ ਇਸ ਘਟਨਾ ਦਾ ਪਤਾ ਲੱਗਾ ਤਾਂ ਉਨ੍ਹਾਂ ਕਿਹਾ ਕਿ ਹੁਣ ਜ਼ਾਲਮਾਂ ਦੀ ਜੜ੍ਹ ਪੁੱਟੀ ਗਈ ਹੈ। ਗੁਰੂ ਸਾਹਿਬ ਸ਼ਹੀਦੀ ਸਾਕੇ ਨੂੰ ਸੁਣ ਕੇ ਮੋਹ-ਗ੍ਰਸਤ ਨਹੀਂ ਹੋਏ, ਸਗੋਂ ਫ਼ਖਰ ਨਾਲ ਆਖਿਆ :

"ਇਨ ਪੁਤ੍ਰਨ ਕੇ ਸੀਸ ਪੈ, ਵਾਰ ਦੀਏ ਸੁਤ ਚਾਰ।
ਚਾਰ ਮੁਏ ਤੋ ਕਿਆ ਭਯਾ, ਜੀਵਤ ਕਈ ਹਜ਼ਾਰ।"

ਗੁਰੂ ਸਾਹਿਬ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਅਜਿਹੀ ਬੇਮਿਸਾਲ ਹੈ ਕਿ ਇਸ ਨੇ ਸਭ ਨੂੰ ਪ੍ਰਭਾਵਤ ਕੀਤਾ। ਕਿਤਨੇ ਕਵੀਆਂ ਨੇ ਕਲਮਾਂ ਉਠਾਈਆਂ, ਕਿਤਨੇ ਕਿੱਸੇ ਲਿਖੇ ਗਏ, ਪਰ ਇਹ ਮਜ਼ਮੂਨ ਫਿਰ ਵੀ ਪੁਰਾਣਾ ਨਹੀਂ ਹੋਇਆ। ਕੇਵਲ ਪੰਜਾਬੀ ਹੀ ਨਹੀਂ, ਉਰਦੂ ਅਤੇ ਹਿੰਦੀ ਵਿਚ ਵੀ ਕਈ ਨਜ਼ਮਾਂ ਲਿਖੀਆਂ ਗਈਆਂ। ਹਿੰਦੀ ਦੇ ਪ੍ਰਸਿੱਧ ਕਵੀ ਮੈਥਲੀ ਸ਼ਰਣ ਗੁਪਤ ਨੇ ਇਨ੍ਹਾਂ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ ਕਿਹਾ :

"ਜਿਸ ਕੁਲ ਜਾਤਿ ਦੇਸ਼ ਕੇ ਬੱਚੇ, ਦੇ ਸਕਤੇ ਹੈਂ ਯੋਂ ਬਲੀਦਾਨ।
ਉਸ ਕਾ ਵਰਤਮਾਨ ਕੁਛ ਭੀ ਹੋ, ਪਰ ਭਵਿਸ਼ਯ ਹੈ ਮਹਾਂ ਮਹਾਨ।"

ਮਿਰਜ਼ਾ ਮੁਹੰਮਦ ਅਬਦੁਲ ਗਨੀ ਨੇ "ਜੋਹਰਿ ਤੇਗ" ਨਾਂ ਹੇਠ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਲਿਖੀ ਜਿਸ ਦੇ ਸ਼ੇਅਰ ਅੱਜ ਵੀ ਲੋਕਾਂ ਦੀ ਜ਼ਬਾਨ 'ਤੇ ਹਨ:

ਨਾਮ ਕਾ ਅਜੀਤ ਹੂੰ, ਜੀਤਾ ਨਹੀਂ ਜਾਊਂਗਾ।
ਜੀਤਾ ਤੋ ਖ਼ੈਰ, ਹਾਰ ਕੇ ਜੀਤਾ ਨਾ ਆਊਂਗਾ।

....

ਸ਼ੁਕਰ ਅਕਾਲ ਪੁਰਖ ਕਾ ਕੀਆ ਤਬ ਉਠਾ ਕੇ ਸਰ।
ਔਰ ਅਰਜ਼ ਕੀ ਕਿ ਬੰਦਾ ਪੇ ਕ੍ਰਿਪਾ ਕੀ ਕਰ ਨਜ਼ਰ।
ਮੁਝ ਪਰ ਸੇ ਆਜ ਤੇਰੀ ਅਮਾਨਤ ਅਦਾ ਹੁਈ।
ਬੇਟੋਂ ਕੀ ਜਾਂ ਧਰਮ ਕੀ ਖ਼ਾਤਰ ਫ਼ਿਦਾ ਹੁਈ।

ਹਕੀਮ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਤਕਰੀਬਨ ਇਕ ਸਦੀ ਪਹਿਲਾਂ 'ਸ਼ਹੀਦਾਨਿ ਵਫ਼ਾ' ਨਾਂ ਹੇਠ ਸਾਕਾ ਸਰਹੰਦ ਅਤੇ 'ਗੰਜਿ ਸ਼ਹੀਦਾਂ' ਦੇ ਨਾਮ ਹੇਠ ਚਮਕੌਰ ਦਾ ਸਾਕਾ ਕਲਮਬੰਦ ਕੀਤਾ। ਇਹ ਦੋਵੇਂ ਪੁਸਤਕਾਂ ਗੁਰਮੁਖੀ ਲਿੱਪੀ ਵਿਚ 'ਚਾਰ ਸਾਹਿਬਜ਼ਾਦੇ' ਨਾਮ ਹੇਠ ਪ੍ਰਕਾਸ਼ਤ ਕੀਤੀਆਂ ਹੋਈਆਂ ਮਿਲਦੀਆਂ ਹਨ।

ਅਜੋਕੇ ਸਮੇਂ ਵਿਚ ਬਹੁਤ ਲੋੜ ਹੈ ਕਿ ਚਾਰ ਸਾਹਿਬਜ਼ਾਦਿਆਂ, ਪੁਰਾਤਨ ਗੁਰਸਿੱਖਾਂ ਅਤੇ ਸ਼ਹੀਦ ਸਿੰਘ-ਸਿੰਘਣੀਆਂ ਦੀਆਂ ਜੀਵਨੀਆਂ ਨੂੰ ਵਾਚੀਏ ਅਤੇ ਉਨ੍ਹਾਂ ਤੋਂ ਸਿੱਖਿਆ ਲੈ ਕੇ ਆਪਣੇ ਜੀਵਨ ਵਿਚ ਸਿੱਖੀ ਸਰੂਪ, ਸਿੱਖੀ ਬਾਣੇ ਅਤੇ ਬਾਣੀ ਦੇ ਧਾਰਨੀ ਬਣੀਏ। ਆਓ, ਆਪਾਂ ਸਾਰੇ ਇੱਕਸੁਰ ਹੋ ਕੇ ਚੌਹਾਂ ਸਾਹਿਬਜ਼ਾਦਿਆਂ ਦੀ ਅਦੁੱਤੀ ਕੁਰਬਾਨੀ ਨੂੰ ਯਾਦ ਕਰਕੇ ਨਮਸਕਾਰ ਕਰੀਏ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਦਸਮ ਗ੍ਰੰਥ' ਦੇ 'ਚੰਡੀ ਚਰਿਤ੍ਰ' ਵਿਚ ਦਰਜ ਸਿੱਖ ਕੌਮ ਦਾ ਕੌਮੀਤਰਾਨਾ ਬੁਲੰਦ ਕਰੀਏ :

ਦੇਹਿ ਸ਼ਿਵਾ ਬਰ ਮੋਹਿ ਇਹੈ,
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥
ਨਾ ਡਰੋਂ ਅਰਿ ਸੋਂ ਜਬ ਜਾਇ ਲਰੋਂ,
ਨਿਸਚੈ ਕਰ ਅਪਨੀ ਜੀਤ ਕਰੋਂ॥
ਅਰੁ ਸਿੱਖ ਹੋਂ ਅਪਨੇ ਹੀ ਮਨ ਕੋ,
ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ,
ਅਤਿ ਹੀ ਰਨ ਮੈ ਤਬ ਜੂਝ ਮਰੋਂ॥

ਗੁਰੂ ਸਾਹਿਬ ਨੇ ਆਪਣੇ ਪੁੱਤਰ ਵਾਰ ਕੇ ਸਾਨੂੰ ਆਪਣੇ ਪੁੱਤਰ ਬਣਾਇਆ ਹੈ, ਕਾਸ਼! ਅਸੀਂ ਵੀ ਸਾਹਿਬਜ਼ਾਦਿਆਂ ਦੇ ਜੀਵਨ ਤੋਂ ਸੇਧ ਲੈ ਕੇ ਆਪਣਾ ਜੀਵਨ ਸਵਾਰ ਸਕੀਏ।

ਜ਼ਿਆਦਾ ਤੌਰ 'ਤੇ ਸਿਸੀਅਰ ਰੁੱਤ ਵਿਖੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਆਉਂਦਾ ਹੈ। ਭਾਵੇਂ ਪੰਥ ਵਿਚ ਕੁਝ ਮਤ-ਭੇਦ ਹੈ ਪਰ ਪੋਹ ਸੁਦੀ ਸਤਵੀਂ ਦੀਆਂ ਤਾਰੀਖ਼ਾਂ ਬਦਲਦੀਆਂ ਰਹਿੰਦੀਆਂ ਹਨ ਤੇ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਪੋਹ ਸੁਦੀ ਸਤਵੀਂ ਨੂੰ ਹੀ ਇਹ ਦਿਵਸ ਮਨਾਉਂਦੇ

ਹਨ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਸੇ ਹਿਸਾਬ ਨਾਲ ਹੀ ਮਨਾਉਂਦੇ ਹਨ ਅਜੋਕੇ ਸਮੇਂ ਵਿਚ। ਪੁਰਾਤਨ ਸੰਤ ਮਹਾਂਪੁਰਖਾਂ, ਨਾਮ ਰਸੀਆਂ ਰੂਹਾਂ ਤੇ ਆਮ ਸਿੱਖ ਸਭ ਪੋਹ ਸੁਦੀ ਸਤਵੀਂ ਨੂੰ ਹੀ ਇਹ ਪੁਰਬ ਮਨਾਉਂਦੇ ਆ ਰਹੇ ਹਨ। ਪੁਰਾਤਨ ਲਿਖਤਾਂ ਵਿਚ ਵੀ ਐਸਾ ਹੀ ਦੇਖਣ ਨੂੰ ਮਿਲਦਾ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਆਪਣੀਆਂ ਲਿਖੀਆਂ ਪੁਸਤਕਾਂ ਵਿਚ ਵੀ ਐਸੇ ਹੀ ਲਿਖਿਆ ਮਿਲਦਾ ਹੈ ਕਿ ਫਿਰ ਪੋਹ ਸੁਦੀ ਸਤਵੀਂ ਦਾ ਪੁਰਬ ਆ ਗਿਆ ਤੇ ਅਸੀਂ ਇਸ ਅਸਥਾਨ 'ਤੇ ਮਨਾਇਆ।

ਇੱਥੇ ਕਿਸੇ ਪੱਖ ਨੂੰ ਪਰਚਾਰਿਆ ਨਹੀਂ ਜਾ ਰਿਹਾ, ਪਰ ਸਨਿਮਰ ਬੇਨਤੀ ਹੈ ਕਿ ਜੇ ਅਸੀਂ ਗੁਰਪੁਰਬ ਸੇਵਾ ਸਿਮਰਨ ਨਾਲ ਮਨਾਉਣਾ ਹੈ ਤਾਂ ਕੌਣ ਕਿਸੇ ਨੂੰ ਰੋਕਦਾ ਹੈ। ਕੋਈ ਗੁਰਪੁਰਬ ਵਾਲੇ ਦਿਨ ਜਿਤਨਾ ਮਰਜ਼ੀ ਪਾਠ, ਸਿਮਰਨ, ਕੀਰਤਨ ਜਾਂ ਸੇਵਾ ਕਰ ਲਵੇ, ਉਸ ਦੀ ਆਪਣੀ ਖ਼ੁਸ਼ੀ ਜਾਂ ਮਰਜ਼ੀ ਹੈ। ਸਿਰਫ਼ ਤਾਰੀਖ ਦੀ ਬਹਿਸ ਕਰਨਾ ਸਮਾਂ ਬਰਬਾਦ ਕਰਨਾ ਹੀ ਹੈ, ਜਿਵੇਂ ਕੋਈ ਫਲ ਖਾਣ ਦੀ ਥਾਂ ਪੇਡ ਗਿਣਨ ਵਿਚ ਸਮਾਂ ਲਾ ਦੇਵੇ। ਉਹ ਮਾਲਕ ਤਾਂ ਸਦਾ ਹੀ ਦਇਆਲੂ ਹੈ ਸਦਾ ਹੀ ਨਵੀਨ ਹੈ। ਫ਼ੁਰਮਾਨ ਹੈ :

ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥ (ਅੰਗ ੬੬੦)

ਪਰ ਕੋਈ ਵੀ ਮਰਿਆਦਾ ਜੋ ਸਦੀਆਂ ਤੋਂ ਚਲਦੀ ਹੋਵੇ, ਉਸ ਨੂੰ ਬਦਲਣ ਦੀ ਚਾਹਨਾ ਰੱਖਣੀ ਮੁਸ਼ਕਲ ਹੁੰਦੀ ਹੈ ਕਿਉਂਕਿ ਸਵਾਲ ਖੜ੍ਹੇ ਹੋ ਜਾਂਦੇ ਹਨ ਕੀ ਸਾਡੇ ਬਜ਼ੁਰਗਾਂ ਨੂੰ ਇਸ ਗੱਲ ਦੀ ਸੋਝੀ ਨਹੀਂ ਸੀ? ਸਿੱਖ ਰਾਜ ਸਮੇਂ ਵੀ ਐਸੀ ਕੋਈ ਤਬਦੀਲੀ ਕਰਨ ਦੀ ਜ਼ਰੂਰਤ ਕਿਉਂ ਨਹੀਂ ਮਹਿਸੂਸ ਹੋਈ ! ਕਈ ਵਿਅਕਤੀ ਸਿਰਫ ਇਹ ਹੀ ਆਖਦੇ ਹੈ ਕਿ ਕਈ ਵਾਰ ਇਹ ਪੁਰਬ ਈਸਵੀ ਸਾਲ ਵਿਚ ਦੋ ਵਾਰ ਆ ਜਾਂਦਾ ਹੈ, ਤੇ ਕਦੀ ਨਾਗਾ ਪੈ ਜਾਂਦਾ ਹੈ ਪਰ ਪੋਹ ਸੁਦੀ ਸਤਵੀਂ ਤਾਂ ਦੇਸੀ ਸਾਲ ਵਿਚ ਇਕ ਵਾਰੀ ਹੀ ਆਉਂਦੀ ਹੈ ਤੇ ਇਹ ਈਸਵੀ ਕੈਲੰਡਰ ਦੀ ਮੁਥਾਜ ਨਹੀਂ ਹੈ। ਇਥੇ ਇਹ ਵੀ ਆਖਣਾ ਬਣਦਾ ਹੈ ਕਿ ਕੈਲੰਡਰ ਸਿਰਫ ਗਣਿਤ ਹੈ ਗੁਰਬਾਣੀ ਨਹੀਂ।

ਸਨਿਮਰ ਬੇਨਤੀ ਹੈ ਕਿ ਇਸ ਮਸਲੇ ਨੂੰ ਸੁਲਝਾਉਣ ਲਈ ਸਿੱਖ ਸੰਸਥਾਵਾਂ ਨੂੰ ਮਿਲ, ਬੈਠ ਕੇ ਵੀਚਾਰ ਵਟਾਂਦਰੇ ਨਾਲ, ਪਿਆਰ ਸਤਿਕਾਰ ਨਾਲ ਸਭ ਨੂੰ ਆਪਣਾ ਪੱਖ ਦਰਸਾ ਕੇ ਰਲ ਕੇ ਫ਼ੈਸਲਾ ਕਰਨਾ ਚਾਹੀਦਾ ਹੈ। ਜਿਵੇਂ ਸਾਡੀਆਂ ਸਾਰੀਆਂ ਉਂਗਲਾਂ ਇਕੋ ਜੇਹੀਆਂ ਲੰਬੀਆਂ ਨਹੀਂ, ਪਰ ਜਦੋਂ ਉਨ੍ਹਾਂ ਨੂੰ ਮੋੜਦੇ ਹਾਂ ਤਾਂ ਉਹ ਸਭ ਬਰਾਬਰ ਦਿਸਦੀਆਂ ਹਨ। ਜੇ ਅਸੀਂ ਥੋੜ੍ਹਾ ਮੁੜ ਕੇ ਸਭ ਨੂੰ ਬਰਾਬਰਤਾ ਦੇ ਕੇ ਕੋਸ਼ਿਸ਼ ਕਰਾਂਗੇ ਤਾਂ ਸਤਿਗੁਰੂ ਜੀ ਮੇਹਰਾਂ ਵਰਤਾਉਣਗੇ। ਸਤਿਗੁਰੂ ਜੀ ਦੁਬਿਧਾ ਦੂਰ ਕਰਨ ਲਈ ਫ਼ੁਰਮਾਉਂਦੇ ਹਨ :

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥

ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥ ੧ ॥

(ਅੰਗ ੧੧੮੫)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਨ ਤੇਜਸਵੀ, ਹੇਮਕੁੰਟ ਦੇ ਤਪੀਸ਼ਰ, ਅੰਮ੍ਰਿਤ ਦੇ ਦਾਤੇ, ਅਕਾਲ ਪੁਰਖ ਦੇ ਸ਼ਹਿਜ਼ਾਦੇ, ਸਰਬੰਸ ਦਾਨੀ, ਰੂਹਾਨੀ ਦਰਵੇਸ਼, ਪਾਕਦਿਲ, ਸਬਰ, ਸਿਦਕ ਤੇ ਸੂਰਬੀਰਤਾ ਦੇ ਇਲਾਹੀ ਸਾਗਰ ਹੈਨ। ਆਮ ਮਨੁੱਖ ਨੂੰ ਉਪਦੇਸ਼ ਬਖ਼ਸ਼ ਕੇ ਖ਼ਾਲਸਾ ਰੂਪ ਬਣਾ ਦੇਣਾ ਤੇ ਜੁਗੋ ਜੁਗ ਅਟੱਲ ਸ੍ਰੀ ਗ੍ਰੰਥ ਜੀ ਨੂੰ ਗੁਰਗੱਦੀ ਬਖ਼ਸ਼ ਕੇ ਹਮੇਸ਼ਾ ਲਈ ਸਿੱਖਾਂ ਨੂੰ ਸ਼ਬਦ ਨਾਲ ਜੋੜ ਦਿੱਤਾ ਤੇ ਦੇਹਧਾਰੀ ਗੁਰੂ ਦੀ ਰੀਤ ਹੀ ਖ਼ਤਮ ਕਰ ਦਿੱਤੀ। ਐਸੇ ਮਹਾਨ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਬਹੁਤ ਹੀ ਚੜ੍ਹਦੀਆਂ ਕਲਾਂ ਨਾਲ ਮਨਾਇਆ ਜਾਂਦਾ ਹੈ। ਬਹੁਤ ਥਾਂਵਾਂ 'ਤੇ ਉਚੇਚੇ ਤੇ ਖ਼ਾਸ ਕੀਰਤਨ ਸਮਾਗਮ, ਕਥਾ ਕੀਰਤਨ ਤੇ ਅੰਮ੍ਰਿਤ ਸੰਚਾਰ ਆਯੋਜਿਤ ਕੀਤੇ ਜਾਂਦੇ ਹਨ। ਬਹੁਤ ਥਾਂਵਾਂ 'ਤੇ ਨਗਰ ਕੀਰਤਨ, ਜਲੂਸ ਸਜਦੇ ਹਨ ਤੇ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਦੇ ਪਿੱਛੇ ਚਲਦੀਆਂ ਹਨ। ਇੱਥੇ ਗੁਰੂ ਸਾਹਿਬ ਜੀ ਦੇ ਜੀਵਨ ਬਾਰੇ ਵਿਸਥਾਰ ਲਿਖਣ ਤੋਂ ਸੰਕੋਚ ਕੀਤਾ ਜਾਂਦਾ ਹੈ।

ਸਿਸੀਅਰ ਰੁੱਤ ਦੇ ਆਮ ਤੌਰ 'ਤੇ ਆਖਰੀ ਦਿਨ ਲੋਹੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਹ ਆਮ ਤੌਰ 13 ਜਨਵਰੀ ਨੂੰ ਆਉਂਦਾ ਹੈ ਜੋ ਮਾਘ ਦੀ ਸੰਗ੍ਰਾਂਦ ਤੋਂ ਇਕ ਦਿਨ ਪਹਿਲਾਂ ਵਾਪਰਦਾ ਹੈ। ਇਹ ਰਵਾਇਤੀ ਦਸਤੂਰ, ਲੋਕਧਾਰਾ ਅਨੁਸਾਰ ਪੁਰਾਤਨ ਸਮੇਂ ਤੋਂ ਮਰਿਆਦਾ ਅਨੁਸਾਰ ਜਦੋਂ ਮਹੀਨੇ ਦੇ ਅਖੀਰ ਵਿਚ ਸਰਦੀ ਰੁੱਤ ਦਾ ਅਯਨਾਂਤ ਵਾਪਰਦਾ ਹੈ ਤੇ ਦਿਨ ਵੱਡੇ ਹੋਣੇ ਸ਼ੁਰੂ ਹੋ ਜਾਂਦੇ ਹਨ ਤੇ ਸੂਰਜ ਉੱਤਰੀਆਨਾ ਯਾਤ੍ਰਾ ਤੇ ਚਲ ਪੈਂਦਾ ਹੈ। ਇਸੇ ਤਬਦੀਲੀ ਨੂੰ ਪਰੰਪਰਾਗਤ ਤੇ ਪਿਤਾ-ਪੁਰਖੀ ਰੀਤ ਅਨੁਸਾਰ ਇਹ ਉਤਸਵ ਮਨਾਇਆ ਜਾਂਦਾ ਹੈ। ਇਹ ਉਤਰੀ ਭਾਰਤ ਵਿਚ ਪੰਜਾਬੀ ਮੇਲੇ ਦੀ ਤਰ੍ਹਾਂ ਮਨਾਇਆ ਜਾਂਦਾ ਹੈ। ਪੰਜਾਬ, ਜੰਮੂ ਕਸ਼ਮੀਰ ਤੇ ਹਿਮਾਚਲ ਵਿਚ ਸਰਕਾਰੀ ਛੁੱਟੀ ਹੁੰਦੀ ਹੈ। ਭਾਵੇਂ ਦਿੱਲੀ, ਹਰਿਆਣੇ ਤੇ ਹੋਰ ਥਾਂਵਾਂ 'ਤੇ ਵੀ ਲੋਹੜੀ ਮਨਾਈ ਜਾਂਦੀ ਹੈ, ਪਰ ਸਰਕਾਰੀ ਛੁੱਟੀ ਨਹੀਂ ਹੁੰਦੀ ਹੈ। ਇਸ ਉਤਸਵ ਨੂੰ ਸਿੱਖ, ਹਿੰਦੂ, ਈਸਾਈ ਤੇ ਮੁਸਲਿਮ ਵੀ ਮਨਾਉਂਦੇ ਹਨ। ਇਲਾਕਾਬੰਦੀ ਅਨੁਸਾਰ ਤੇ ਪਾਕਿਸਤਾਨੀ ਪੰਜਾਬ ਵਿਚ ਵੀ ਕੁਝ ਥਾਂਵਾਂ 'ਤੇ ਮਨਾਇਆ ਜਾਂਦਾ ਹੈ।

ਯੂਰਪੀ ਇਤਿਹਾਸਿਕ ਸੰਕੇਤ ਮਿਲਦੇ ਹਨ ਜਦੋਂ ਕਿ ਯੂਰਪੀਅਨ ਅਫਸਰ ਉਥੇ ਹਾਜ਼ਰ ਸਨ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ-ਦਰਬਾਰ ਵਿਖੇ ਲੋਹੜੀ ਦਾ ਤਿਉਹਾਰ ਬਾਹਰ ਧੂਣੀ ਲਗਾ ਕੇ ਪੁਰਾਤਨ ਰੀਤ ਅਨੁਸਾਰ ਮਨਾਇਆ ਗਿਆ 1932 ਤੇ 1936 ਦੇ ਜ਼ਿਕਰ ਵੀ ਮਿਲਦੇ ਹਨ। ਧੂਣੀ ਦੇ ਇਰਦ-ਗਿਰਦ ਗੀਤ ਸੰਗੀਤ ਤੇ ਨਾਚ ਆਦਿ ਆਮ ਤੌਰ 'ਤੇ ਹੁੰਦੇ ਹਨ ਤੇ ਜ਼ਿਆਦਾਤਰ ਬਹੁਤੇ ਹਿੱਸਾ ਲੈਂਦੇ ਹਨ ਭਾਵੇਂ ਰਲ ਕੇ

ਤਾੜੀ ਹੀ ਮਾਰਨ। ਲੋਕ-ਧਾਰਾ ਅਨੁਸਾਰ ਦੁਲਾ ਭੱਟੀ ਦਾ ਨਾਮ ਵੀ ਇਸ ਤਿਉਹਾਰ ਨਾਲ ਜੋੜਿਆ ਜਾਂਦਾ ਹੈ। ਦੁਲਾ ਭੱਟੀ ਅਕਬਰ ਦੇ ਸਮੇਂ ਹੋਇਆ ਹੈ। ਇਹ ਇਕ ਜ਼ਿਮੀਂਦਾਰ ਦਾ ਪੁੱਤਰ ਸੀ। ਇਸ ਨੂੰ ਸੂਰਬੀਰ ਮਨੁੱਖ ਦੀ ਤਰ੍ਹਾਂ ਮੰਨਿਆ ਜਾਂਦਾ ਹੈ ਜੋ ਕਿ ਲੜਕੀਆਂ ਨੂੰ ਵੀ (ਸਿੰਘਾਂ ਦੀ ਤਰ੍ਹਾਂ) ਛੁਡਵਾਉਂਦਾ ਸੀ ਜੋ ਕਿ ਜ਼ਾਲਮ/ਧਾੜਵੀ ਗੁਲਾਮਾਂ ਦੀ ਮੰਡੀ ਵਿਚ ਲੈ ਜਾ ਕੇ ਮੱਧ-ਪੂਰਬ Middle East ਵਿਖੇ ਵੇਚਦੇ ਸਨ। ਇਸ ਦੁਲਾ ਭੱਟੀ ਨੇ ਦੋ ਲੜਕੀਆਂ ਸੁੰਦਰੀ ਤੇ ਮੁੰਦਰੀ ਨੂੰ ਵੀ ਬਚਾਇਆ ਤੇ ਇਹ ਲੋਕਧਾਰਾ ਲੋਕ ਗੀਤਾਂ ਵਿਚ ਮਸ਼ਹੂਰ ਹੋ ਗਈ ਜੋ ਅਜੇ ਤਕ ਵੀ ਕਾਇਮ ਹੈ ਜੋ ਕਿ ਆਮ ਤੌਰ 'ਤੇ ਛੋਟੇ ਲੜਕੇ ਲੋਹੜੀ ਮੰਗਦੇ ਗਾਉਂਦੇ ਹਨ ਕਿ **ਸੁੰਦਰ ਮੁੰਦਰੀਏ** ਤੇਰਾ ਕਉਨ ਵਿਚਾਰਾ ਹੋ **ਦੁਲਾ ਭੱਟੀ ਵਾਲਾ** ਹੋ। ਮੰਗਣ ਵਾਲਿਆਂ ਨੂੰ ਮੂੰਗਫਲੀ ਰੇੜੀਆਂ ਲੱਡੂ ਤੇ ਪੈਸੇ ਆਦਿ ਦਿੱਤੇ ਜਾਂਦੇ ਨੇ।

ਲੜਕੀਆਂ ਜ਼ਿਆਦਾਤਰ ਇਸ ਤਰ੍ਹਾਂ ਗਾਉਂਦੀਆਂ ਹਨ ਜਿਵੇਂ ਅਸੀਸਾਂ ਦੇ ਰਹੀਆਂ ਹੋਣ : **ਦੇਹ ਲੋਹੜੀ, ਤੇਰੀ ਜੀਵੇ ਜੋੜੀ**। ਜੇ ਕੋਈ ਘਰ ਵਾਲੇ ਲੋਹੜੀ ਪਾਉਣ, ਦੇਣ ਨੂੰ ਚਿਰ ਲਾਉਣ ਤਾਂ ਆਖਦੀਆਂ : **ਤੇਰੇ ਕੋਠੇ ਉਤੇ ਮੋਰ, ਸਾਨੂੰ ਛੇਤੀ ਛੇਤੀ ਤੋਰ**। ਹੋਰ ਵੀ ਕਈ ਗੀਤ ਹਨ ਜੋ ਇੱਥੇ ਨਹੀਂ ਦਿੱਤੇ ਜਾ ਰਹੇ। ਇਹ ਐਸਾ ਪਿਆਰਾ ਤਿਉਹਾਰ ਹੈ ਕਿ ਲੋਹੜੀ ਮੰਗਣ ਵਾਲੇ ਤੇ ਦੇਣ ਵਾਲੇ ਸਭ ਖ਼ੁਸ਼ੀ ਖ਼ੁਸ਼ੀ ਹਿੱਸਾ ਲੈਂਦੇ ਹਨ। ਹਰੇਕ ਵਿਅਕਤੀ ਪਰਿਵਾਰ ਆਪਣੀ ਸਮਰੱਥਾ ਅਨੁਸਾਰ ਬੱਚੀਆਂ, ਨੌਹਾਂ ਨੂੰ ਗਹਿਣੇ, ਕੱਪੜੇ, ਪੈਸੇ, ਮਠਿਆਈਆਂ, ਫਲ ਫਰੂਟ ਮੇਵੇ ਵੰਡਦਾ ਹੈ। ਕਈ ਸੰਤ ਮਹਾਂਪੁਰਖ ਵੀ ਬੀਬੀਆਂ ਨੂੰ ਸੰਗਤਾਂ ਨੂੰ ਸੂਟ ਵਗੈਰਾ ਵੰਡਦੇ ਹਨ।

ਲੋਹੜੀ ਇਕ ਐਸਾ ਤਿਉਹਾਰ ਹੈ ਜੋ ਰਿਸ਼ਤੇਦਾਰਾਂ ਤੇ ਦੋਸਤ ਮਿੱਤਰਾਂ ਤੇ ਪਰਿਵਾਰਾਂ ਨਾਲ ਮਨਾਇਆ ਜਾਂਦਾ ਹੈ। ਇਹ ਤਿਉਹਾਰ ਰਿਸ਼ਤਿਆਂ ਤੇ ਸੰਬੰਧਾਂ ਨੂੰ ਹੋਰ ਪੱਕਿਆਂ ਕਰਦਾ ਹੈ। ਆਮ ਤੌਰ 'ਤੇ ਬੱਚਿਆਂ ਦੇ ਜਨਮ 'ਤੇ ਪਹਿਲੀ ਲੋਹੜੀ ਜਾਂ ਵਿਆਹਿਤਾ ਜੋੜੇ ਦੀ ਪਹਿਲੀ ਲੋਹੜੀ ਮਨਾਈ ਵੰਡੀ ਜਾਂਦੀ ਹੈ। ਲੋਹੜੀ ਕਿਉਂਕਿ ਸਰਦੀਆਂ ਵਿਚ ਆਉਂਦੀ ਹੈ ਪਹਿਲਾਂ ਤਿਲ ਤੇ ਰੋੜੀ (ਗੁੜ) ਤਿਲਰੋੜੀ ਆਖਿਆ ਜਾਂਦਾ ਸੀ, ਪਰ ਹੌਲੀ-ਹੌਲੀ ਇਸ ਨੂੰ ਲੋਹੜੀ ਆਖਣ ਲੱਗ ਪਏ। ਇਸ ਸਮੇਂ ਪਰਿਵਾਰਾਂ ਨੂੰ ਮਠਿਆਈਆਂ, ਗਹਿਣੇ, ਸੂਟ ਤੇ ਪੈਸੇ ਤੇ ਮੂੰਗਫਲੀ ਰੇੜੀਆਂ ਤਿਲ ਆਦਿ ਦਿੱਤੇ ਵੰਡੇ ਜਾਂਦੇ ਹਨ। ਕਈ ਧੂਣੀਆਂ ਵਿਚ ਵੀ ਤਿਲ ਪਾਉਂਦੇ ਹਨ। ਧੂਣੀਆਂ ਦੁਆਲੇ ਗੋਲ ਘੁੰਮਣਾ ਵੀ ਖ਼ੁਸ਼ਹਾਲੀ ਦਾ ਪ੍ਰਤੀਕ ਮੰਨਦੇ ਹਨ। ਗੀਤ ਸੰਗੀਤ ਸਮੇਂ ਢੋਲ ਵੀ ਵਜਾਇਆ ਜਾਂਦਾ ਹੈ। ਔਰਤਾਂ ਬਹੁਤ ਵਧੀਆ ਕੱਪੜੇ ਤੇ ਗਹਿਣੇ ਪਹਿਨ ਕੇ ਸਜਦੀਆਂ ਹਨ ਤੇ ਕਈ ਮਹਿੰਦੀ ਵਗੈਰਾ ਵੀ ਲਗਾਉਂਦੀ ਹਨ ਤੇ ਸਭ ਲਈ ਬਹੁਤ ਖ਼ੁਸ਼ੀ ਦਾ ਮਾਹੌਲ ਹੁੰਦਾ ਹੈ।

ਬਹੁਤ ਸਾਰੇ ਪਰਿਵਾਰ ਗੁਰਦੁਆਰਿਆਂ ਵਿਖੇ ਪਾਠ ਕਰਵਾਉਂਦੇ ਹਨ। ਸਤਿਗੁਰੂ ਜੀ ਦਾ ਧੰਨਵਾਦ ਕਰਦੇ ਹਨ ਤੇ ਆਪਣੀਆਂ ਖ਼ੁਸ਼ੀਆਂ ਗੁਰੂ ਕੀਆਂ ਸੰਗਤਾਂ ਨਾਲ ਸਾਂਝੀਆਂ ਕਰਦੇ ਹਨ ਤੇ ਅਸੀਸਾਂ ਲੋਚਦੇ ਤੇ ਪ੍ਰਾਪਤ ਕਰਦੇ ਹਨ। ਕਈ ਹੋਰ ਹਾਲਾਂ ਵਗੈਰਾ ਵਿਖੇ ਨਿੱਜੀ, ਵਿਅਕਤੀਗਤ ਸਮਾਰੋਹ ਕਰਦੇ ਹਨ ਤੇ ਖ਼ੁਸ਼ੀਆਂ ਮਨਾਉਂਦੇ ਹਨ। ਭੰਗੜਾ ਤੇ ਗਿੱਧਾ ਪੰਜਾਬੀ ਰੀਤਾਂ ਅਨੁਸਾਰ ਪਾਇਆ ਜਾਂਦਾ ਹੈ। ਲੋਹੜੀ ਵਾਲੇ ਦਿਨ ਘਰਾਂ ਵਿਚ ਸੁਆਣੀਆਂ ਸਾਗ ਬਣਾਉਂਦੀਆਂ ਹਨ ਜੋ ਕਿ ਦੂਜੇ ਦਿਨ (ਮਾਘੀ) ਇਹ ਆਖ ਕੇ ਖਾਇਆ ਜਾਂਦਾ ਹੈ "ਪੋਹ ਰਿੱਧਾ ਮਾਘ ਖਾਧਾ"। ਮੂੰਗਫਲੀ ਰੇੜੀਆਂ, ਗੁੜ, ਤਿਲ, ਗੱਚਕ ਆਦਿ ਖਾਧੇ ਜਾਂਦੇ ਹਨ ਤੇ ਇਨ੍ਹਾਂ ਅੰਸ਼ਾਂ ਨਾਲ ਲੱਡੂ ਤੇ ਹੋਰ ਮਠਿਆਈਆਂ ਆਦਿ ਵੀ ਬਣਾਏ ਜਾਂਦੇ ਹਨ। ਇਨ੍ਹਾਂ ਅੰਸ਼ਾਂ ਖਾਣਿਆਂ ਵਿਚ ਸਰੀਰ ਦੀ ਸਫਾਈ ਕਰਨ ਦੇ ਤੱਤ ਵੀ ਹਨ। ਕਈ ਥਾਵਾਂ 'ਤੇ ਫਿਰਨੀ ਵੀ ਬਣਾ ਕੇ ਖਾਣ ਦੀ ਰੀਤ ਹੈ।

Soyal North Arizona

ਦੁਨੀਆਂ ਦੇ ਹੋਰ ਕਈ ਦੇਸ਼ਾਂ ਵਿਚ ਵੀ ਇਸ ਸਰਦੀ ਰੁੱਤ ਦੇ ਅਯਨਾਂਤ ਨੂੰ ਮਨਾਉਂਦੇ ਹਨ। ਇਨ੍ਹਾਂ ਵਿੱਚੋਂ ਹੋਪੀ ਭਾਰਤੀ Hopi Indians ਉਤਰੀ ਐਰਾਜ਼ੋਨਾ ਰਵਾਇਤੀ ਨਾਚ ਕਰਦੇ ਹਨ ਤੇ ਸਰੀਰਕ ਸ਼ੁੱਧੀ ਕਰਦੇ ਹਨ । ਇਕ ਦੂਜੇ ਨੂੰ ਤੋਹਫੇ ਦਿੰਦੇ ਹਨ ਤੇ ਪਾਠ ਪੂਜਾ ਕਰਦੇ ਆਸ਼ੀਰਵਾਦ ਪ੍ਰਾਪਤ ਕਰਨ ਦੀ ਇੱਛਾ ਧਾਰਦੇ ਹਨ। ਇਸ ਨੂੰ ਸੋਇਲ Soyal ਦਾ ਨਾਮ ਦਿੱਤਾ ਗਿਆ ਹੈ। ਇਹ ਜਿਵੇਂ ਸੂਰਜ ਨੂੰ ਬਚਾਉਣ ਲਈ ਕਰਮਕਾਂਡੀ ਰਸਮਾਂ ਕਰਦੇ ਹਨ ਤਾਂ ਕਿ ਸੂਰਜ ਨੂੰ ਬਚਾਅ ਸਕਣ ਤੇ ਕਾਲੀਆਂ ਮਨਹੂਸ ਤੇ ਦੁਸ਼ਟ ਸ਼ਕਤੀਆਂ ਕਿਤੇ ਸੂਰਜ ਨੂੰ ਨਾ ਨਿਗਲ ਲੈਣ। ਕਈ ਰਸਮਾਂ ਗੁਪਤ ਤੇ ਗੁੱਝੀਆਂ ਧਰਤੀ ਦੇ ਹੇਠਾਂ ਤਹਿਖਾਨੇ, ਭੋਰੇ ਵਿਖੇ ਕਰਦੇ ਹਨ।

Yalda Iran

ਸ਼ਬ-ਏ-ਯਲਦਾ ਜਾਂ ਸ਼ਬ-ਏ ਚਿਲੇ ਈਰਾਨ, ਇਰਾਕੀ ਕੁਰਦਿਸਤਾਨ, ਅਫ਼ਗਾਨਿਸਤਾਨ, ਅਜ਼ਰਬਾਈਜਾਨ ਤੇ ਤੁਰਕੀ ਵਿਚ ਸਰਦੀਆਂ ਦੇ ਅਯਨਾਂਤ (ਆਇਨੰਤ) ਤੇ ਮਨਾਇਦਾ ਜਾਂਦਾ ਇਕ ਪ੍ਰਾਚੀਨ ਤਿਉਹਾਰ ਹੈ। ਇਹ ਜ਼ਿਆਦਾਤਰ 20-21-22 ਦਸੰਬਰ ਨੂੰ ਆਉਂਦਾ ਹੈ ਇਹ ਸਾਲ ਦੀ ਸਭ ਤੋਂ ਲੰਬੀ ਰਾਤ ਹੁੰਦੀ ਹੈ। ਇਸ ਰਾਤ ਨੂੰ ਸਾਰਾ ਪ੍ਰੀਵਾਰ ਇਕੱਠਾ ਹੁੰਦਾ ਹੈ ਤੇ ਫਲ ਫਰੂਟ ਜਿਨ੍ਹਾਂ ਵਿਚ ਹਦਵਾਣਾ ਤੇ ਅਨਾਰ ਖ਼ਾਸ ਤੌਰ 'ਤੇ ਖਾਧੇ ਜਾਂਦੇ ਹਨ। ਹੋਰ ਵੀ ਕਈ ਤਰ੍ਹਾਂ ਦੇ ਫਲ ਤੇ ਮੇਵੇ ਖਾਧੇ ਜਾਂਦੇ ਹਨ ਤੇ ਆਮ ਲੋਕ 12 ਵਜੇ ਰਾਤ ਤੋਂ ਵੀ ਬਾਅਦ ਤਕ ਜਾਗਦੇ ਰਹਿੰਦੇ ਹਨ ਤੇ ਕਵਿਤਾਵਾਂ ਆਦਿ ਪੜ੍ਹਦੇ, ਸੁਣਦੇ ਸੁਣਾਉਂਦੇ ਹਨ। ਦੀਵਾਨੇ-ਏ ਹਾਫਿਜ਼ (ਮਹਾਨ ਕਵੀ) ਦੀਆਂ ਕਵਿਤਾਵਾਂ ਖ਼ਾਸ ਤੌਰ 'ਤੇ ਪੜ੍ਹੀਆਂ ਜਾਂਦੀਆਂ ਹਨ। ਲਾਲ ਰੰਗ ਦੇ ਫਲ ਤੇ ਕਾਫਬਿਖ ਮਠਿਆਈਆਂ ਵੀ ਵਰਤਦੀਆਂ ਹਨ ਤੇ ਲੋਕ-ਸਭਾਵਾਂ ਵਿਚ ਵੀ ਇਸ

ਯਲਦਾ ਤਿਉਹਾਰ ਨੂੰ ਮਨਾਇਆ ਜਾਂਦਾ ਹੈ। ਆਮ ਤੌਰ 'ਤੇ ਸਾਰੀ ਦੁਨੀਆਂ ਵਿਚ ਹੀ ਕੋਈ ਨਾ ਕੋਈ ਵਹਿਮ ਜਾਂ ਅੰਧ-ਵਿਸ਼ਵਾਸ ਵੀ ਇਨ੍ਹਾਂ ਰਸਮਾਂ ਨਾਲ ਜੋੜਿਆ ਜਾਂਦਾ ਹੈ।

Inti Raymi Peru

ਇੰਟੀ ਰੇਮੀ ਇੰਕਾ ਸਾਮਰਾਜ ਦਾ ਇਕ ਪਰੰਪਰਾਗਤ ਧਾਰਮਿਕ ਸਮਾਰੋਹ ਹੈ ਜੋ ਇੰਕਾ ਧਰਮ ਵਿਚ ਸਭ ਤੋਂ ਵੱਧ ਪੂਜਿਆ ਜਾਣ ਵਾਲਾ ਦੇਵਤਾ ਇੰਟੀ ਦੇ ਸਨਮਾਨ ਵਿਚ ਹੈ। ਇਹ ਸਰਦੀਆਂ ਵਿਚ ਸੰਕ੍ਰਮਣ ਦਾ ਜਸ਼ਨ ਸੀ - ਸੂਰਜ ਚੜ੍ਹਨ ਤੇ ਸੂਰਜ ਡੁੱਬਣ ਦੇ ਵਿਚਕਾਰ ਸਮੇਂ ਦੇ ਸੰਦਰਭ ਵਿਚ ਸਾਲ ਦਾ ਸਭ ਤੋਂ ਛੋਟਾ ਦਿਨ ਅਤੇ ਇੰਕਾ ਨਵਾਂ ਸਾਲ, ਜਦੋਂ ਰੋਸ਼ਨੀ ਦੇ ਘੰਟੇ ਫਿਰ ਤੋਂ ਲੰਬੇ ਹੋਣੇ ਸ਼ੁਰੂ ਹੋ ਜਾਂਦੇ ਹਨ। ਇਹ ਭਾਵੇਂ ਸਰਦੀ ਅਯਨਾਂਤ ਦਾ ਤਿਉਹਾਰ ਹੈ ਜਿਸ ਨੂੰ ਸੂਰਜ ਦਾ ਤਿਉਹਾਰ ਵੀ ਆਖਿਆ ਜਾਂਦਾ ਹੈ, ਪਰ ਇਹ 24 ਜੂਨ ਨੂੰ ਮਨਾਇਆ ਜਾਂਦਾ ਹੈ ਕਿਉਂਕਿ ਉਸ ਸਮੇਂ ਦੱਖਣੀ ਅਰਧਗੋਲੇ Southern Hemisphere ਵਿਖੇ ਪੀਰੂ ਦੇਸ਼ ਵਿਖੇ ਸਰਦੀ ਹੁੰਦੀ ਹੈ ਤੇ ਇੰਕਾ ਲੋਕ ਸੂਰਜ ਦੀ ਜੇਤੂਆਂ ਵਾਂਗ ਵਾਪਸੀ ਤੇ ਜਸ਼ਨ ਮਨਾਉਂਦੇ ਸਨ ਤੇ ਪਸ਼ੂਆਂ ਤੇ ਕਦੀ ਕਦੀ ਬੱਚਿਆਂ ਦੀ ਬਲੀ ਵੀ ਦਿੰਦੇ ਸਨ। ਇਹ 1412 ਤੋਂ 1535 ਤੱਕ ਚਲਿਆ। ਬਾਅਦ ਵਿਚ ਸਪੇਨ ਬਸਤੀ ਵਾਸੀ ਤੇ ਉਨ੍ਹਾਂ ਦੇ ਕੈਥੋਲਿਕ ਪਾਦਰੀਆਂ ਨੇ ਰੋਕ ਲਗਾ ਦਿੱਤੀ। ਪਰ 1944 ਤੋਂ ਇਸ ਨੂੰ ਫਿਰ ਸੁਰਜੀਤ ਕੀਤਾ ਗਿਆ ਹੈ ਤੇ ਸਹਿਜ ਸੁਭਾ ਦੇਸੀ ਅਦਾਕਾਰ ਇਸ ਧਾਰਮਿਕ ਰੀਤ ਨੂੰ ਨਾਟ-ਪੇਸ਼ਕਾਰੀ ਵਜੋਂ ਪੇਸ਼ ਕਰਦੇ ਹਨ। ਅਤਿਅੰਤ ਹੀ ਸੁੰਦਰ ਬਸਤ੍ਰਾਂ ਤੇ ਕਲਾ ਭਰਪੂਰ ਝਾਕੀਆਂ ਪੇਸ਼ ਕਰਦੇ ਹਨ ਤੇ ਹਜ਼ਾਰਾਂ ਸੈਲਾਨੀ ਵੀ ਇਸ ਨੂੰ ਦੇਖਣ ਲਈ ਪਹੁੰਚਦੇ ਹਨ।

Dongzhi China

ਡੋਂਗਜ਼ੀ ਤਿਉਹਾਰ ਸਰਦੀਆਂ ਦੇ ਅਯਨਾਂਤ (ਆਇਨੰਤ) ਸਮੇਂ ਮਨਾਇਆ ਜਾਣ ਵਾਲਾ ਮਹੱਤਵਪੂਰਨ ਚੀਨੀ ਉਤਸਵ ਹੈ ਪਰ ਇਹ ਹਾਂਗ ਕਾਂਗ, ਤਾਈਵਾਨ, ਜਪਾਨ, ਵੀਅਤਨਾਮ, ਕੋਰੀਆ ਤੇ ਹੋਰ ਪੂਰਬੀ ਏਸ਼ੀਆਈ ਸਬੰਧਤ ਲੋਗਾਂ ਦੁਆਰਾ ਡੋਂਗਜ਼ੀ 21 ਦਸੰਬਰ ਵਿਚ ਮਨਾਉਂਦੇ ਹਨ। ਇਹ ਕਾਫੀ ਪੁਰਾਤਨ ਤਿਉਹਾਰ ਹੈ ਜੋ ਕਿ ਦਿਨ ਵੱਡੇ ਹੋਣੇ ਸ਼ੁਰੂਆਤ ਤੇ ਜ਼ਿਆਦਾ ਸੂਰਜੀ ਰੋਸ਼ਨੀ ਦੇ ਘੰਟੇ ਜ਼ਿਆਦਾ ਸਕਾਰਾਤਮਕ ਸ਼ਕਤੀ ਵਧੇਗੀ ਨੂੰ ਜੀ ਆਇਆਂ ਆਖਦੇ ਹਨ। ਸਾਰੇ ਪ੍ਰਵਾਰ ਇਕੱਠੇ ਹੋ ਕੇ ਰਲ ਕੇ ਮਨਾਉਂਦੇ ਹਨ। ਖ਼ਾਸ ਤੌਰ 'ਤੇ ਇਸ ਤਿਉਹਾਰ ਤੇ ਟਾਂਗੀਯਾਨ ਖਾਂਦੇ ਹਨ ਜੋ ਕਿ ਲੇਸਦਾਰ ਚਪਕੀਲੇ ਚੋਲਾਂ ਦੇ ਆਟੇ ਤੋਂ ਤਿਖੇ ਤੇ ਕਰਾਰੇ ਗੋਲੇ ਬਾਲ ਦੀ ਤਰ੍ਹਾਂ ਬਣਾ ਕੇ ਖਾਂਦੇ ਹਨ। ਹਰ ਕਿਸੇ ਨੂੰ ਇਕ ਵੱਡਾ ਗੋਲਾ ਤੇ ਕਈ ਛੋਟੇ ਗੋਲੇ ਖਾਣ ਨੂੰ ਮਿਲਦੇ ਹਨ। ਇਨ੍ਹਾਂ ਨੂੰ ਗੁਲਾਬੀ ਜਾਂ ਹਰਾ ਰੰਗ ਵੀ ਦੇ ਦਿੰਦੇ ਹਨ। ਹੋਰ ਮਿੱਠੇ ਖਾਣੇ ਵੀ ਬਣਾਉਂਦੇ ਹਨ। ਕਈ ਖਾਣਿਆਂ ਵਿਚ ਵਾਈਨ ਵੀ ਪਾਉਂਦੇ ਹਨ। ਵੱਡੇ ਪਕੌੜੇ ਜਾਂ ਵੜੇ ਦੀ ਤਰ੍ਹਾਂ ਡੰਪਲਿੰਗਜ਼

ਵੀ ਬਣਾਉਂਦੇ ਹਨ। ਰਲ ਕੇ ਸਾਰੇ ਪ੍ਰਾਰਥਨਾ ਵੀ ਕਰਦੇ ਹਨ। ਕਈ ਤਰ੍ਹਾਂ ਦੇ ਵਹਿਮ ਵੀ ਇਸ ਤਿਉਹਾਰ ਨਾਲ ਜੁੜੇ ਹੋਏ ਹਨ।

ਐਸੇ ਕੁਝ ਹੋਰ ਵੀ ਇਸ ਸਰਦੀਆਂ ਦੇ ਅਯਨਾਂਤ ਸਮੇਂ ਤਿਉਹਾਰ ਮਨਾਏ ਜਾਂਦੇ ਹਨ, ਜਿਨ੍ਹਾਂ ਵਿਚ ਸੇਂਟ ਲੂਸੀਆ ਛੇ St. Lucia's Day ਜੋ ਕਿ ਅਯਨਾਂਤ ਤੋਂ ਕੁਝ ਦਿਨ ਪਹਿਲਾਂ ਮਨਾਇਆ ਜਾਂਦਾ ਹੈ, ਸਕੈਂਡੀਨੇਵੀਆ ਸਵੀਡਨ, ਨੌਰਵੇ ਤੇ ਫਿਨਲੈਂਡ ਵਿਖੇ ਮਨਾਇਆ ਜਾਂਦਾ ਹੈ। ਸੈਚੁਰਨੇਲੀਆ Saturnalia ਜੋ ਕਿ ਰੋਮਨ ਦੇਵਤਾ ਸ਼ਨੀ ਨਾਲ ਸੰਬੰਧਤ ਹੈ ਤੇ ਇਟਲੀ ਵਿਚ ਇਸ ਨੂੰ ਮਨਾਇਆ ਜਾਂਦਾ ਹੈ। ਪੁਰਾਤਨ ਸਮੇਂ ਤੋਂ ਹੀ ਇਹ ਪ੍ਰਸਿੱਧ ਹੈ ਇਸ ਸਮੇਂ ਗੁਲਾਮਾਂ ਤੋਂ ਵੀ ਕੰਮ ਨਹੀਂ ਸਨ ਕਰਾਉਂਦੇ ਤੇ ਇਕ ਨਕਲੀ ਰਾਜਾ ਚੁਣ ਕੇ ਨੇਕ ਚਲਣ ਤੇ ਇਖਲਾਕ ਨੂੰ ਛਿੱਕੇ ਟੰਗ ਕੇ ਸ਼ਰਾਬ ਤੇ ਕਾਮੁਕਤਾ, ਕਾਮ ਵਾਸ਼ਨਾ ਦੀਆਂ ਖੇਡਾਂ ਖੇਡ ਕੇ ਮਸਤੀਆਂ ਕਰਦੇ ਹਨ। ਅਖੀਰਲੇ ਦਿਨ ਮੋਮ ਤੋਂ ਬਣੀਆਂ ਹੋਈਆਂ ਮੋਮਬੱਤੀਆਂ, ਫਲ ਫਰੂਟ ਤੇ ਛੋਟੀਆਂ ਮੂਰਤੀਆਂ ਬੁੱਤ ਆਦਿ ਤੋਹਫੇ ਆਦਿ ਇਕ ਦੂਜੇ ਨੂੰ ਦਿੰਦੇ ਹਨ।

O

ਹਿਮਕਰ (ਬਰਫਾਨੀ) ਰੁੱਤ

ਮਹੀਨੇ - ਮਾਘ ਫੱਗਣ

ਹਿਮਕਰ ਰੁੱਤ ਸਿਸੀਅਰ ਰੁੱਤ ਤੋਂ ਬਾਅਦ ਆਉਂਦੀ ਹੈ ਤੇ ਇਹ ਛੇਵੀਂ ਰੁੱਤ ਹੈ ਤੇ ਇਸ ਤੋਂ ਉਪ੍ਰੰਤ ਫਿਰ ਪਹਿਲੀ ਰੁੱਤ ਸਰਸ ਬਸੰਤ ਸ਼ੁਰੂ ਹੋ ਜਾਂਦੀ ਹੈ। ਪਹਿਲਾਂ ਦੋ ਸਲੋਕਾਂ ਤੇ ਛੰਤ ਦੀ ਵੀਚਾਰ ਕੀਤੀ ਜਾਵੇਗੀ, ਜੋ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦਾ ਸਾਨੂੰ ਉਪਦੇਸ਼ ਹੈ ਇਸ ਹਿਮਕਰ ਰੁੱਤ ਦੇ ਪ੍ਰਥਾਇ। ਫਿਰ ਆਮ ਸਾਧਾਰਣ, ਸਮਾਜਿਕ ਵਿਆਪਕਤਾ ਤੇ ਸੰਸਾਰ ਵਿਚ ਇਸ ਨੂੰ ਕਿਵੇਂ ਦੇਖਿਆ ਜਾਂਦਾ ਹੈ ਤੇ ਇਹ ਹਿਮਕਰ ਰੁੱਤ ਮਨੁੱਖਤਾ, ਪਸ਼ੂ-ਪੰਛੀਆਂ ਤੇ ਖੇਤੀਬਾੜੀ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ। ਇਸ ਹਿਮਕਰ ਰੁੱਤ ਵਿਚ ਆਉਂਦੇ ਤਿਉਹਾਰਾਂ ਨੂੰ ਵਾਚਣ ਦਾ ਯਤਨ ਕੀਤਾ ਜਾਵੇਗਾ।

ਸਤਿਗੁਰੂ ਜੀ ਫ਼ੁਰਮਾਉਂਦੇ ਹਨ :-

ਸਲੋਕ ॥

ਹਰਿ ਧਨੁ ਪਾਇਆ ਸੋਹਾਗਣੀ ਡੋਲਤ ਨਾਹੀ ਚੀਤ ॥ ਸੰਤ ਸੰਜੋਗੀ ਨਾਨਕਾ ਗ੍ਰਿਹਿ ਪ੍ਰਗਟੇ ਪ੍ਰਭ ਮੀਤ ॥੧॥ ਨਾਦ ਬਿਨੋਦ ਅਨੰਦ ਕੋਡ ਪ੍ਰਿਅ ਪ੍ਰੀਤਮ ਸੰਗਿ ਬਨੇ ॥ ਮਨ ਬਾਂਛਤ ਫਲ ਪਾਇਆ ਹਰਿ ਨਾਨਕ ਨਾਮ ਭਨੇ ॥ ੨ ॥ ਛੰਤੁ ॥ ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ ॥ ਸਖੀ ਸਹੇਲੀ ਗਾਉ ਮੰਗਲੋ ਗ੍ਰਿਹਿ ਆਏ ਹਰਿ ਕੰਤ ਜੀਉ ॥ ਗ੍ਰਿਹਿ ਲਾਲ ਆਏ ਮਨਿ ਧਿਆਏ ਸੇਜ ਸੁੰਦਰਿ ਸੋਹੀਆ ॥ ਵਣੁ ਤ੍ਰਿਣੁ ਤ੍ਰਿਭਵਣ ਭਏ ਹਰਿਆ ਦੇਖਿ ਦਰਸਨ ਮੋਹੀਆ ॥ ਮਿਲੇ ਸੁਆਮੀ ਇਛ ਪੁੰਨੀ ਮਨਿ ਜਪਿਆ ਨਿਰਮਲ ਮੰਤ ਜੀਉ ॥ ਬਿਨਵੰਤਿ ਨਾਨਕ ਨਿਤ ਕਰਹੁ ਰਲੀਆ ਹਰਿ ਮਿਲੇ ਸ੍ਰੀਧਰ ਕੰਤ ਜੀਉ ॥ ੭ ॥ (ਅੰਗ ੯੨੮)

ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਸੰਤ ਮਹਾਂਪੁਰਖ ਜੋ ਆਪ ਪ੍ਰਭੂ ਨਾਲ ਅਭੇਦ ਹੋਏ ਹਨ ਉਹ ਜਗਿਆਸੂ ਦੇ ਹਿਰਦੇ ਵਿਚ ਪ੍ਰਭੂ ਪਿਆਰੇ ਦੀ ਹੋਂਦ ਪ੍ਰਗਟ ਕਰਨ ਵਿਚ ਸਹਾਈ ਹੋਏ। ਜਿਸ ਸੋਹਾਗਣ ਜੀਵ-ਇਸਤ੍ਰੀ ਨੂੰ ਪ੍ਰਭੂ ਦਾ ਨਾਮ ਧਨ ਮਿਲ ਗਿਆ, ਉਸ ਦਾ ਚਿੱਤ ਮਾਇਆ ਦੇ ਭਰਮ ਵਿਚ ਡੋਲਦਾ ਨਹੀਂ। ਐਸੀਆਂ ਸੋਹਾਗਣੀਆਂ ਦੀਆਂ ਪਿਛਲੇ ਸਮੇਂ ਦੀਆਂ ਬਹੁਤ ਕਮਾਈਆਂ ਹੁੰਦੀਆਂ ਹਨ ਤੇ ਹੁਣ ਸੰਤਾਂ ਦੀ ਸੰਗਤ ਰੰਗ

ਲਿਆਉਂਦੀ ਹੈ। ਫ਼ੁਰਮਾਨ ਹਨ :

ਸੋਹਾਗਣੀ ਕਿਆ ਕਰਮੁ ਕਮਾਇਆ ॥
ਪੂਰਬਿ ਲਿਖਿਆ ਫਲੁ ਪਾਇਆ ॥
ਨਦਰਿ ਕਰੇ ਕੈ ਆਪਣੀ ਆਪੇ ਲਏ ਮਿਲਾਇ ਜੀਉ ॥ ੮ ॥
ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥
ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥ ੯ ॥

(ਅੰਗ ੭੨)

ਸਾਧੂ ਸੰਗਤਿ ਹੋਇ ਪਰਾਪਤਿ ਤਾ ਪ੍ਰਭੁ ਅਪੁਨਾ ਲਹੀਐ ॥ (ਅੰਗ ੭੧੨)
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥ (ਅੰਗ ੧੩੬)

ਪ੍ਰਭੂ ਦਾ ਜਸ ਕਰਨ ਨਾਲ ਮਨ ਭਾਉਂਦੀਆਂ ਮੁਰਾਦਾਂ ਮਿਲ ਜਾਂਦੀਆਂ ਹਨ ਤੇ ਸਾਰੇ ਰਾਗਾਂ ਤੇ ਤਮਾਸ਼ਿਆਂ ਦੇ ਕ੍ਰੋੜਾਂ ਅਨੰਦ ਪ੍ਰਾਪਤ ਹੋ ਗਏ ਪ੍ਰਭੂ ਜੀ ਦੇ ਮਿਲਾਪ ਕਰਕੇ। ਫ਼ੁਰਮਾਨ ਹਨ :

ਨਾਦ ਬਿਨੋਦ ਕੋਡ ਆਨੰਦਾ ਸਹਜੇ ਸਹਜਿ ਸਮਾਇਓ ॥
ਕਰਨਾ ਆਪਿ ਕਰਾਵਨ ਆਪੇ ਕਹੁ ਨਾਨਕ ਆਪਿ ਆਪਾਇਓ ॥

(ਅੰਗ ੧੨੧੪)

ਮਨ ਇਛੇ ਸਗਲੇ ਫਲ ਪਾਏ ਹਰਿ ਕੀ ਕਥਾ ਸੁਹੇਲੀ ॥ (ਅੰਗ ੬੧੬)

ਸਤਿਗੁਰੂ ਜੀ ਛੰਤ ਵਿਚ ਫ਼ੁਰਮਾਉਂਦੇ ਹਨ : ਮਾਘ ਫੱਗਣ ਮਹੀਨੇ ਸਲਾਹੁਣਯੋਗ ਹਨ ਤੇ ਇਨ੍ਹਾਂ ਮਹੀਨਿਆਂ ਦੀ ਹਿਮਕਰ ਰੁੱਤ ਮਨ ਨੂੰ ਚੰਗੀ ਲੱਗਦੀ ਹੈ। ਹੇ ਸਹੇਲੀਓ ! ਹੇ ਸੰਗਤੀ ਅਭਿਆਸੀਓ !! ਖ਼ੁਸ਼ੀ ਦੇ ਗੀਤ ਗਾਉਣਾ ਕਰੋ, ਘਰ ਵਿਖੇ ਪ੍ਰਭੂ-ਪਤੀ ਆ ਗਏ ਹਨ, ਜਿਵੇਂ ਸਮਾਜਿਕ ਤੌਰ 'ਤੇ ਵੀ ਅਨੰਦ ਕਾਰਜ ਉਪ੍ਰੰਤ ਜਦੋਂ ਲਾੜਾ ਘਰ ਆਉਂਦਾ ਹੈ ਤਾਂ ਵਿਆਹੁਤਾ ਇਸਤ੍ਰੀ ਦੀਆਂ ਭੈਣਾਂ ਸਹੇਲੀਆਂ ਵੀ ਖ਼ੁਸ਼ੀ ਦੇ ਗੀਤ, ਚਾਓ ਦੇ ਗੀਤ ਗਾਉਂਦੀਆਂ ਹਨ। ਉਸ ਪ੍ਰਭੂ-ਪਤੀ ਨੂੰ ਮਨੋਂ ਧਿਆਉਣ ਨਾਲ ਉਹ ਘਰ ਵਿਖੇ ਆ ਕੇ ਪ੍ਰਗਟ ਹੋ ਗਏ। ਇਸ ਕਰਕੇ ਮੇਰੀ ਅੰਤਹਕਰਣ ਰੂਪ ਸੇਜਾ ਸ਼ੋਭਨੀਕ ਹੋ ਗਈ ਹੈ। ਉਸ ਸਰਬ-ਵਿਆਪਕ ਦਾ ਦੀਦਾਰ ਕਰ ਕੇ ਮਸਤੀ ਦੀ ਹਾਲਤ ਛਾ ਜਾਂਦੀ ਹੈ ਤੇ ਉਸ ਨੂੰ ਜੰਗਲ, ਘਾਹ ਤੇ ਤਿੰਨੇ ਭਵਨ ਹਰੇ-ਭਰੇ ਦਿਸਦੇ ਹਨ ਭਾਵੇਂ ਦਰੱਖ਼ਤ ਘਾਹ ਬੂਟੇ ਆਦਿ ਰੁੰਡ ਮੁੰਡ, ਬੇਹਰਕਤ ਤੇ ਕਾਰਜਹੀਣ ਹੁੰਦੇ ਹਨ। ਤਿੰਨੇ ਸਰੀਰ ਸਥੂਲ, ਸੂਖਮ ਤੇ ਕਾਰਣ ਸਰੀਰ ਤੇ ਇੰਦਰੇ ਅਤੇ ਭੂਤ, ਵਰਤਮਾਨ ਤੇ ਭਵਿੱਖਤ ਸਭ ਖ਼ੁਸ਼ਹਾਲ ਤੇ ਦੁੱਖਾਂ ਤੋਂ ਰਹਿਤ ਪ੍ਰਤੀਤ ਹੁੰਦੇ ਹਨ। ਤਨੋਂ ਮਨੋਂ ਪੁਨੀਤ ਮੰਤਰ ਜਪਣ ਨਾਲ ਇੱਛਾ ਪੂਰੀਆਂ ਹੋ ਆਈਆਂ, ਮਾਲਕ ਪਤੀ ਦੇ ਮਿਲਾਪ ਹੋਣ ਨਾਲ ਲਗਾਤਾਰ ਜਸ਼ਨ ਮਨਾਏ ਤੇ ਨਿਰੰਤਰ ਖ਼ੁਸ਼ੀਆਂ ਹੋ

ਰਹੀਆਂ ਹਨ ਭਾਵ ਵਰਤ ਰਹੀਆਂ ਹਨ।

ਛੰਤ ਦੇ ਇਨ੍ਹਾਂ ਭਾਵਾਂ ਨੂੰ ਪ੍ਰਗਟ ਕਰਦੇ ਕੁਝ ਹੋਰ ਸ਼ਬਦ ਇਸ ਤਰ੍ਹਾਂ ਹਨ :

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥ (ਅੰਗ ੧੩੬)
ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ॥ (ਅੰਗ ੯੨੧)
ਹਮ ਘਰਿ ਸਾਜਨ ਆਏ॥ ਸਾਚੈ ਮੇਲਿ ਮਿਲਾਏ॥ (ਅੰਗ ੨੪੨)
ਸਭ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ॥
(ਅੰਗ ੮੪੯)

ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ॥
(ਅੰਗ ੪੯੮)

ਨਿਰਤਿ ਕਰੀ ਇਹੁ ਮਨੁ ਨਚਾਈ॥ ਗੁਰ ਪਰਸਾਦੀ ਆਪੁ ਗਵਾਈ॥
ਚਿਤੁ ਥਿਰੁ ਰਾਖੈ ਸੋ ਮੁਕਤਿ ਹੋਵੈ ਜੋ ਇਛੀ ਸੋਈ ਫਲੁ ਪਾਈ॥੧॥
(ਅੰਗ ੫੦੬)

ਹਿਮ ਬਰਫ ਨੂੰ ਆਖਦੇ ਹਨ। ਹਿਮਕਰ ਰੁੱਤ ਨੂੰ ਹਿਮਾਲਾ ਪਰਬਤ ਨਾਲ ਜੋੜਦੇ ਹਨ। ਹਿਮਾਲਾ ਦੀ ਤਰ੍ਹਾਂ ਬਰਫਾਨੀ ਹੈ ਜੋ ਦੁਨੀਆਂ ਵਿਚ ਬਹੁਤ ਠੰਢ ਦੇ ਰੀਕਾਰਡ ਬਣੇ ਹੋਏ ਹਨ ਉਹ ਇਸੇ ਹੀ ਹਿਮਕਰ ਰੁੱਤ ਸਮੇਂ ਵਾਪਰੇ ਹਨ। ਠੰਢ ਸਿਖਰ ਦੀ ਹੁੰਦੀ ਹੈ, ਜਿਵੇਂ ਪਹਾੜ ਦੀ ਚੋਟੀ ਉੱਪਰ ਹੁੰਦੀ ਹੈ, ਇਸੇ ਤਰ੍ਹਾਂ ਹੀ ਹਿਮਕਰ ਰੁੱਤ ਬਰਫਾਨੀ ਚੋਟੀ ਦੀ ਰੁੱਤ ਦੀ ਤਰ੍ਹਾਂ ਹੈ। ਬਹੁਤ ਠੰਢ ਹੋਣ ਕਰਕੇ ਬਿਜਲੀ ਜਾਂ ਗੈਸ ਦੇ ਹੀਟਰ ਸੈਂਟਰਲ ਹੀਟਿੰਗ ਆਦਿ ਵਰਤੇ ਜਾਂਦੇ ਹਨ। ਘਰ ਨੂੰ ਨਿੱਘਾ ਕਰਨ ਤੇ ਰੱਖਣ ਲਈ ਕਈ ਪੈਰਾਫੀਨ ਹੀਟਰ ਵੀ ਵਰਤਦੇ ਹਨ ਪਰ ਉਹ ਗੰਧ, ਹਵਾੜ ਛੱਡਦੇ ਹਨ ਜੋ ਕਿ ਸਿਹਤ ਲਈ ਹਾਨੀਕਾਰਕ ਹੋ ਸਕਦੀ ਹੈ।

ਮਨੁੱਖੀ ਸਰੀਰ ਨੂੰ ਠੰਢ ਬਹੁਤ ਪ੍ਰਭਾਵਿਤ ਕਰਦੀ ਹੈ ਜਾਂ ਕਹਿ ਲਵੋ ਮਨੁੱਖੀ ਸਰੀਰ ਠੰਢ ਸਰਦੀ ਤੋਂ ਸੰਵੇਦਨਸ਼ੀਲਤ ਹੈ। ਬਰਫ ਤੇ ਠੰਢਾ ਮੌਸਮ ਸਰੀਰ ਨੂੰ ਨਿਰਾਸ਼ਜਨਕ ਦਬਾ, ਉਦਾਸੀ ਤੇ ਦਿਲਗੀਰੀ ਪੈਦਾ ਕਰ ਦਿੰਦਾ ਹੈ ਕਿਤੇ ਬਰਫ ਤੋਂ ਫਿਸਲ ਕੇ, ਤਿਲਕ ਕੇ ਡਿੱਗ ਨਾ ਜਾਈਏ, ਕਾਲੀ Black Ice ਤੇ ਹਿਮ-ਟੇਪਣ icicles ਸਭ ਨੂੰ ਪ੍ਰਭਾਵਿਤ ਕਰਦੇ ਹਨ ਪਰ ਬਰਫ ਤੇ ਠੰਢ ਸਮੇਂ ਖ਼ਾਸ ਤੌਰ 'ਤੇ ਬੇਘਰ ਤੇ ਗਰੀਬ ਵਿਅਕਤੀਆਂ ਨੂੰ ਤਾਂ

ਖ਼ਾਸ ਮੁਸ਼ਕਲਾਂ ਆਉਂਦੀਆਂ ਹਨ ਤੇ ਕਈ ਬੇਘਰ ਲੋਕ ਤਾਂ ਠੰਢ ਨਾਲ ਮਰ ਵੀ ਜਾਂਦੇ ਹਨ। ਠੰਢ, ਬਰਫ ਹਿਮਕਰ ਰੁੱਤ ਵਿਚ ਜ਼ਿਆਦਾ ਤੌਰ 'ਤੇ ਮਨੁੱਖਾਂ ਨੂੰ ਠੰਢ, ਜ਼ੁਕਾਮ, ਸਿਰਦਰਦ, ਬੁਖਾਰ, ਜੋੜ ਦਰਦ, ਸਦਾ ਥਕਾਵਟ, ਚੱਕਰ ਭੁਆਟਣੀਆਂ ਆਉਣੇ, ਖੰਘ ਤੇ ਭੁੱਖ ਨਾ ਲੱਗਣਾ ਵਰਗੀਆਂ ਬੀਮਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਜਾਂਦਾ ਹੈ।

ਗਰੀਕ ਮਿਥਿਹਾਸ ਤੇ ਵੈਲਸ਼ ਮਿਥਿਹਾਸ ਵਿਚ ਸਰਦੀਆਂ ਦੀ ਰੁੱਤ ਬਾਰੇ ਕਈ ਪੌਰਾਣਕ ਗਾਥਾਵਾਂ ਅੰਕਿਤ ਕੀਤੀਆਂ ਹੋਈਆਂ ਮਿਲਦੀਆਂ ਹਨ ਪਰ ਇੱਥੇ ਨਹੀਂ ਲਿਖੀਆਂ ਜਾ ਰਹੀਆਂ।

ਕੁਝ ਇਤਿਹਾਸਕ ਠੰਢ ਦੇ ਲਿਖਤੀ ਦਰਜ ਕੀਤੇ ਰੀਕਾਰਡ ਇਸ ਤਰ੍ਹਾਂ ਹਨ :

1816 ਦਾ ਸਾਲ ਸੀ ਜਦੋਂ ਕਿ ਪੂਰਬੀ ਅਮਰੀਕਾ, ਕਨੇਡਾ ਤੇ ਉਤਰੀ ਯੂਰਪ ਵਿਖੇ ਗਰਮੀ ਦੀ ਰੁੱਤ ਆਈ ਹੀ ਨਹੀਂ, ਇਸ ਦਾ ਕਾਰਣ ਇੰਡੋਨੇਸ਼ੀਆ ਵਿਚ ਮਾਊਂਟ ਟੈਂਬੋਰਾ Mount Tambora ਵਿਖੇ ਧਮਾਕਾ ਹੋ ਕੇ ਵਿਸਫੋਟਕ ਲਾਵਾ ਫੁਟਿਆ ਤੇ ਹੋਰ ਵੀ ਕਈ ਛੋਟੇ ਛੋਟੇ ਵਿਸਫੋਟ ਹੋ ਕੇ ਜੁਆਲਾਮੁਖੀ ਭੜਕ ਕੇ ਉੱਪਰ ਨੂੰ ਉਠਿਆ ਤੇ ਇਸ ਦਾ ਪ੍ਰਭਾਵ ਬਹੁਤ ਸਾਰੀ ਦੁਨੀਆਂ ਉੱਪਰ ਹੋਇਆ। ਮਈ ਦੇ ਗਰਮ ਮਹੀਨੇ ਵਿਚ ਕੋਰਾ, ਕੱਕਰ ਪਿਆ, ਜੂਨ ਦੇ ਮਹੀਨੇ ਅਮਰੀਕਾ ਵਿਚ ਬਹੁਤ ਬਰਫ ਪਈ ਤੇ ਜੁਲਾਈ ਦੇ ਅਖੀਰ ਤੱਕ ਕਾਫੀ ਠੰਢ ਰਹੀ, ਦਰਿਆ ਵੀ ਜੰਮ ਗਏ। ਇੰਗਲੈਂਡ ਵਿਚ ਥੇਮਜ਼ ਦਰਿਆ ਸਤੰਬਰ ਵਿਚ ਜੰਮ ਗਿਆ ਇਸੇ ਸਾਲ ਵਿਚ। ਖੇਤੀਬਾੜੀ ਦਾ ਇਸ ਸਾਲ ਬਹੁਤ ਨੁਕਸਾਨ ਹੋਇਆ, ਬਹੁਤ ਸਾਰੇ ਪਸ਼ੂ ਵੀ ਚਲ ਵਸੇ। ਉਨੀਂਵੀ ਸਦੀ ਦੀ ਸਭ ਤੋਂ ਭੈੜੀ ਭੁੱਖ ਮਰੀ ਤੇ ਕਾਲ ਵਾਪਰਿਆ ਉਤਰੀ ਅਰਧਗੋਲੇ ਵਿਖੇ।

ਇੰਗਲੈਂਡ ਵਿਖੇ 1946-1947 ਦੀ ਹਿਮਕਰ ਰੁੱਤ ਬਹੁਤ ਬਰਫਾਨੀ ਸੀ ਹੁਣ ਤੱਕ ਰੀਕਾਰਡ ਹੈ। ਜਨਵਰੀ ਦੇ ਪਿਛੋਕੜ ਤੋਂ ਲੈ ਕੇ ਲਗਾਤਾਰ ਬਰਫ ਪੈਂਦੀ ਰਹੀ ਮਾਰਚ ਤਕ। ਸਾਲ 1607-1608 ਉਤਰੀ ਅਮਰੀਕਾ ਵਿਖੇ ਲੇਕ ਸੁਪੀਰਅਰ Lake Superior ਵਿਖੇ ਜੂਨ ਮਹੀਨੇ ਤਕ ਬਰਫ ਜੰਮੀ ਰਹੀ ਤੇ ਇਸੇ ਸਾਲ ਇੰਗਲੈਂਡ ਵਿਖੇ ਥੇਮਜ਼ ਦਰਿਆ ਇਤਨਾ ਜੰਮ ਗਿਆ ਕਿ ਲੰਡਨ ਵਿਖੇ ਜੰਮ ਹੋਏ ਦਰਿਆ ਥੇਮਜ਼ ਉਪਰ ਮੇਲਾ ਲਗਾਇਆ ਗਿਆ। 1794-1795 ਵਿਖੇ ਵੀ ਕਰਿਸਮਿਸ ਈਵ Christmas Eve ਤੋਂ ਲੈ ਕੇ ਮਾਰਚ ਦੇ ਅਖੀਰ ਤੱਕ ਜ਼ਬਰਦਸਤ ਠੰਢ ਰਹੀ ਤੇ ਤਾਪਮਾਨ -21 ਤਕ ਨੀਵਾਂ ਚਲਾ ਗਿਆ ਤੇ ਸੈਵਰਨ Severn ਤੇ ਥੇਮਜ਼ Thames ਦਰਿਆ ਜੰਮ ਗਏ ਤੇ ਇਨ੍ਹਾਂ ਦੀ ਜੰਮੀ ਬਰਫ ਉਪਰ ਮੇਲੇ ਫਿਰ ਸ਼ੁਰੂ ਹੋ ਗਏ। 1813-1814 ਵਿਚ ਜੰਮੇ ਹੋਏ ਥੇਮਜ਼ ਦਰਿਆ ਉੱਪਰ ਆਖਰੀ ਮੇਲਾ ਲਗਾਇਆ ਗਿਆ। ਉਪ੍ਰੰਤ ਲੰਡਨ ਬ੍ਰਿੱਜ London Bridge ਤੇ ਦਰਿਆ ਦੇ ਕਿਨਾਰੇ 'ਤੇ ਕਈ ਤਬਦੀਲੀਆਂ ਕੀਤੀਆਂ ਗਈਆਂ ਤਾਂ ਕਿ ਫਿਰ ਇਸ ਦੇ ਜੰਮਣ ਦੇ ਮੌਕੇ, ਅਵਸਰ

ਬਹੁਤ ਘੱਟ ਜਾਣ। 1794-1795 ਵਿਚ ਫਰਾਂਸ ਦੀ ਫ਼ੌਜ ਨੇ ਹੌਲੈਂਡ ਉਤੇ ਜੰਮੇ ਹੋਏ ਦਰਿਆਵਾਂ ਦੇ ਉੱਪਰ ਦੀ ਚੱਲ ਕੇ ਹਮਲਾ ਕੀਤਾ, ਧਾਵਾ ਬੋਲਿਆ।

ਸੰਨ 1683-1684 ਸਮੇਂ ਲੰਡਨ ਬ੍ਰਿੱਜ ਦੋ ਮਹੀਨੇ ਜੰਮਿਆ ਰਿਹਾ। ਇਸੇ ਹੀ ਸਮੇਂ ਸਮੁੰਦਰ ਦਾ ਦੋ ਮੀਲ ਫਾਸਲਾ ਵੀ ਜੰਮ ਗਿਆ ਤੇ ਦੱਖਣੀ ਉੱਤਰੀ ਸਮੁੰਦਰ ਦੇ ਤਟ ਵਿਖੇ ਜਹਾਜ਼ਰਾਨੀ Shipping ਲਈ ਬਹੁਤ ਮੁਸ਼ਕਲਾਂ ਆਈਆਂ ਤੇ ਕਈ ਬੰਦਰਗਾਹ ਵੀ ਵਰਤੋਂ ਵਿਚ ਨਾ ਆ ਸਕੀਆਂ।

ਨੀਵੇਂ ਤਾਪਮਾਨਾਂ ਦਾ ਰੀਕਾਰਡ ਕੁਝ ਇਸ ਤਰ੍ਹਾਂ ਹੈ :

ਪੂਰਬੀ ਅਨਟਾਰਕਟਿਕ ਪਲੈਟੋ ਅਨਟਾਰਕਟਿਕਾ

Eastern Antarctic Plateau Antarctica

ਸੈਟੇਲਾਈਟ ਰਾਹੀਂ ਜੋ ਡਾਟਾ ਅੰਕੜੇ ਸਾਹਮਣੇ ਆਏ ਹਨ ਜੋ 2004-2016 ਦੇ ਹਨ ਉਨ੍ਹਾਂ ਮੁਤਾਬਕ ਇਥੇ ਹਵਾ ਦਾ ਤਾਪਮਾਨ—94 ^{0}C ਮਨਫੀ ਚੌਰਾਨਵੇਂ ਤੱਕ ਹੋ ਸਕਦਾ ਸੀ ਪਰ ਖੋਜੀ ਹੁਣ ਰੀਸਰਚ ਅਨੁਸਾਰ ਆਖ ਰਹੇ ਹਨ ਕਿ ਇਸ ਇਲਾਕੇ ਦੁਆਲੇ ਸੁੱਕੀ ਹਵਾ ਹੋਣ ਕਰਕੇ ਤਾਪਮਾਨ ਇਸ ਤੋਂ ਵੀ ਥੱਲੇ ਮਨਫੀ ਜਾ ਸਕਦਾ ਹੈ।

ਵੌਸਟੋਕ ਸਟੇਸ਼ਨ ਅਨਟਾਰਕਟਿਕਾ

Vostok Station Antarctica

ਦੱਖਣੀ ਅਰਧਗੋਲੇ ਵਿਖੇ ਦੱਖਣੀ ਪੋਲ ਨਜ਼ਦੀਕ ਰੂਸ ਵੱਲੋਂ 1957 ਵਿਚ ਰੀਸਰਚ ਸਟੇਸ਼ਨ ਠੰਢ ਦੇ ਤਾਪਮਾਨ ਨੂੰ ਮਾਪਣ ਆਦਿ ਲਈ ਬਣਾਇਆ ਗਿਆ ਸੀ। ਜੁਲਾਈ 1983 ਵਿਚ ਇੱਥੇ ਥਰਮਾਮੀਟਰ ਮਨਫੀ—89.2 ^{0}C ਤਕ ਥੱਲੇ ਚਲਾ ਗਿਆ ਸੀ। ਸੋ ਮਾਪਿਆ ਗਿਆ ਤਾਪਮਾਨ ਇਹ ਸਭ ਤੋਂ ਨੀਵਾਂ ਹੈ। ਇਹ ਸਾਡੀ ਧਰਤੀ ਦੀ ਸਭ ਤੋਂ ਸੁੱਕੀ ਥਾਂ ਹੈ, ਇੱਥੇ ਬਸ ਬਰਫ (ਸਨੋ) ਹੀ ਹੈ।

ਅਮੁੰਡਸਨ-ਸਕਾਟ ਸਟੇਸ਼ਨ ਅਨਟਾਰਕਟਿਕਾ

Amund-Scott Station Antarctica

ਇਹ ਵੀ ਦੱਖਣੀ ਅਰਧਗੋਲੇ ਵਿਚ 1956 ਵਿਚ ਬਣਾਇਆ ਗਿਆ ਸੀ। ਇੱਥੇ ਛੇ ਮਹੀਨੇ ਸੂਰਜ ਦੀ ਰੋਸ਼ਨੀ ਤੇ ਸਰਦੀ ਦੇ ਸਮੇਂ ਛੇ ਮਹੀਨੇ ਪੂਰਾ ਅੰਧੇਰਾ ਰਹਿੰਦਾ ਹੈ। ਇੱਥੇ ਸਭ ਤੋਂ ਉੱਚਾ ਤਾਪਮਾਨ ਕਰਿਸੀਮਸ ਡੇ 2011 ਨੂੰ ਮਨਫੀ—12.3^0 C ਮਾਪਿਆ ਗਿਆ ਤੇ ਜੂਨ 1982 ਵਿਚ ਮਨਫੀ—82. 8^0 C ਮਾਪਿਆ ਗਿਆ।

ਦੀਨਾਲੀ, ਅਲਾਸਕਾ, ਅਮਰੀਕਾ

Denali Alaska USA

ਦੀਨਾਲੀ ਜੋ ਪਹਿਲਾਂ ਪਹਾੜੀ ਮਕਿਨਲੀ ਨਾਲ ਜਾਣੀ ਜਾਂਦੀ ਸੀ ਉੱਤਰੀ ਅਮਰੀਕਾ ਵਿਚ ਸਭ ਤੋਂ ਉੱਚੀ ਚੋਟੀ ਹੈ। ਇਹ ਸਮੁੰਦਰੀ ਤਲ ਤੋਂ 6000 ਮੀਟਰ ਉਚਾਈ ਤੇ ਹੈ ਜਿਸ ਵਿਖੇ ਘੱਟ ਤੋਂ ਘੱਟ ਤਾਪਮਾਨ ਮਨਫੀ—10^0 C ਹੁੰਦਾ ਹੈ ਤੇ ਤਕਰੀਬਨ ਅੱਧੇ ਹੀ ਲੋਕ ਉੱਪਰ ਚੜ੍ਹਨ ਵਿਚ ਕਾਮਯਾਬ ਹੁੰਦੇ ਹਨ। ਇੱਥੇ ਵੈਦਰ ਸਟੇਸ਼ਨ ਵਿਖੇ ਮਨਫੀ-73^{0}C ਮਾਪਿਆ ਗਿਆ ਹੈ ਪਰ ਸੀਤ ਕੰਬਣੀ ਨਾਲ ਇਹ ਮਨਫੀ - 83.4^0 C ਹੋ ਸਕਦਾ ਹੈ।

ਕਲਿੰਕ ਸਟੇਸ਼ਨ ਗਰੀਨਲੈਂਡ

Klinck Station Greenland

ਕਲਿੰਕ ਮੌਸਮ ਸਟੇਸ਼ਨ ਆਰਕਟਿਕ ਸਰਕਲ Arctic Circle ਵਿਖੇ ਸਭ ਤੋਂ ਨੀਵਾਂ ਤਾਪਮਾਨ 1991 ਵਿਚ ਮਨਫੀ - 69.6^0 C ਮਾਪਿਆ ਗਿਆ। ਭਾਵੇਂ ਇਤਨਾ ਨੀਵਾਂ ਤਾਪਮਾਨ ਮਾਪਿਆ ਗਿਆ ਹੈ ਪਰ ਇੱਥੇ ਬਰਫ ਬਹੁਤ ਤੇਜ਼ੀ ਨਾਲ ਖੁਰ ਰਹੀ ਹੈ।

ਓਯਮਿਕੋਨ ਸਾਈਬੀਰੀਆ ਰੂਸ

Oymakon, Siberia Russia

ਇਹ ਸਾਡੀ ਧਰਤੀ ਦਾ ਸਭ ਤੋਂ ਠੰਢਾ ਅਸਥਾਨ ਹੈ ਜਿੱਥੇ ਮਨੁੱਖ ਵੱਸਦੇ ਹਨ। ਇਹ ਆਰਕਟਿਕ ਸਰਕਲ ਦੇ ਉਤਰੀ ਪੋਲ ਵਿਖੇ ਹੈ ਜਿੱਥੇ ਕਿ 1933 ਵਿਚ ਮਨਫੀ—67.7^0 C ਮਾਪਿਆ ਗਿਆ। ਇੱਥੇ ਦੀ ਮਨੁੱਖੀ ਵੱਸੋਂ ਪੰਜ ਸੌ ਤੋਂ ਘੱਟ ਹੈ। ਆਮ ਤੌਰ 'ਤੇ ਸਰਦੀਆਂ ਵਿਖੇ ਆਮ ਤਾਪਮਾਨ ਮਨਫੀ—55 ^{0}C ਹੁੰਦਾ ਹੈ। ਜੇ ਇਸ ਤੋਂ ਤਾਪਮਾਨ ਹੋਰ ਨੀਵਾਂ ਜਾਵੇ ਤਾਂ ਹੀ ਸਕੂਲ ਬੰਦ ਕੀਤੇ ਜਾਂਦੇ ਹਨ।

ਨੌਰਥ ਆਈਸ ਗਰੀਨਲੈਂਡ

North Ice Greenland

ਇਹ ਮੌਸਮ ਸਟੇਸ਼ਨ ਬ੍ਰਿਟਿਸ਼ ਉਤਰੀ ਗਰੀਨਲੈਂਡ ਮੁਹਿੰਮ ਨੇ 1950 ਵਿਚ ਸਥਾਪਿਤ ਕੀਤਾ ਸੀ ਤੇ 1954 ਵਿਚ ਇੱਥੇ ਮਨਫੀ—66.1^0 C ਤਾਪਮਾਨ ਮਾਪਿਆ ਗਿਆ।

ਯਾਕੂਟਸਕ ਸਾਈਬੇਰੀਆ ਰੂਸ

Yakutsk Siberia Russia

ਯਾਕੂਟਸਕ ਸਾਡੀ ਧਰਤੀ ਦਾ ਸਭ ਤੋਂ ਠੰਢਾ ਸ਼ਹਿਰ ਹੈ। ਜਿੱਥੇ ਕਦੀ ਕੁ ਤਾਂਈ ਗਰਮੀ ਵੀ ਵਾਪਰ ਜਾਂਦੀ ਹੈ, ਪਰ ਜ਼ਿਆਦਾ ਤੌਰ 'ਤੇ ਲੰਬੀਆਂ ਬਹੁਤ ਸਖ਼ਤ ਸਰਦੀਆਂ

ਇੱਥੇ ਝੱਲਣੀਆਂ ਪੈਂਦੀਆਂ ਹਨ। ਇਹ ਪਰਮਾਫਰੋਸਟ 'ਤੇ ਸਥਿਤ ਹੈ। ਇੱਥੇ 1891 ਵਿਚ ਮਨਫੀ -64.4^{0} C ਤਾਪਮਾਨ ਮਾਪਿਆ ਗਿਆ ਤੇ ਇੱਥੇ ਲੀਨਾ ਦਰਿਆ ਇਤਨੀ ਸਖਤੀ ਤੇ ਮਜ਼ਬੂਤੀ ਨਾਲ ਜੰਮ ਜਾਂਦਾ ਹੈ ਕਿ ਉਸ ਨੂੰ ਆਮ ਸੜਕ ਦੀ ਤਰ੍ਹਾਂ ਵਰਤਿਆ ਜਾਂਦਾ ਹੈ। ਇਕ ਵਾਰੀ ਟੈਲੀਵੀਜਨ 'ਤੇ ਪ੍ਰੋਗਰਾਮ ਦਿਖਾ ਰਹੇ ਸਨ ਗਰਮ ਉਬਲਦੀ ਚਾਹ ਥਰਮੋਸ ਬੋਤਲ ਵਿਚ ਪਾਈ ਗਈ ਤੇ 100 ਕੁ ਗਜ ਬਾਹਰ ਜਾ ਕੇ ਖੋਲ੍ਹ ਕੇ ਡੋਲਣ ਲਈ ਨੀਂਵੀ ਕੀਤੀ ਗਈ ਤਾਂ ਉਸ ਵਿੱਚੋਂ ਚਾਹ ਦੇ ਰੰਗ ਦੇ ਕਿਊਬ (ਘਣ-ਆਕਾਰ) ਥੱਲੇ ਡਿੱਗੇ ਤੇ ਜੋ ਵਿਅਕਤੀ ਪ੍ਰਸਤੁਤ ਕਰ ਰਹੇ ਸਨ ਉਨ੍ਹਾਂ ਦੱਸਿਆ ਕਿ ਪੰਜ ਮਿੰਟ ਤੋਂ ਜ਼ਿਆਦਾ ਬਾਹਰ ਨਹੀਂ ਰਿਹਾ ਜਾ ਸਕਦਾ, ਜਦੋਂ ਤਾਪਮਾਨ ਐਸਾ ਨੀਵਾਂ ਥੱਲੇ ਚਲੇ ਜਾਵੇ ਤਾਂ ਉਹ ਦੋ ਮਿੰਟ ਉਪ੍ਰੰਤ ਹੀ ਦੌੜ ਕੇ ਰੱਖਿਆ-ਸਥਾਨ ਵਿਖੇ ਪਹੁੰਚੇ।

ਇੱਥੇ ਦੇ ਵਸਨੀਕ ਆਖਦੇ ਹਨ ਕਿ ਜੇ ਮਨਫੀ 40^{0} C ਹੋ ਜਾਵੇ ਤਾਂ ਅਸੀਂ ਬਾਹਰ ਨਹੀਂ ਜਾਂਦੇ, ਕਿਉਂਕਿ ਠੰਢ ਚਮੜੀ ਨੂੰ ਵੀ ਜਮਾ ਦਿੰਦੀ ਹੈ। ਉਹ ਆਖਦੇ ਹਨ ਕਿ ਠੰਢ ਨਾਲ ਤੁਸੀਂ ਲੜ ਨਹੀਂ ਸਕਦੇ ਤੇ ਬਾਹਰ ਜਾਣ ਸਮੇਂ ਉਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਢੱਕਦੇ ਹਨ ਤੇ ਕਈ ਕਈ ਤੈਹਾਂ ਕੱਪੜੇ ਦੀਆਂ ਪਾ ਲੈਂਦੇ ਹਨ, ਜਿਵੇਂ ਕਿ ਬੰਦ ਗੋਭੀ ਹੁੰਦੀ ਹੈ। ਦਸਤਾਨੇ, ਟੋਪ ਤੇ ਕਨਟੋਪ (ਹੁੱਡ) ਜ਼ਰੂਰੀ ਪਹਿਨਣੇ ਹਨ ਜੋ ਕਿ ਸਿਰ, ਮੱਥਾ ਮੂੰਹ ਆਦਿ ਸਭ ਢਕਣੇ ਪੈਂਦੇ ਹਨ। ਸਿਰਫ ਅੱਖਾਂ ਨੇੜੇ ਹੀ ਕੁਝ ਖਾਲੀ ਥਾਂ ਹੁੰਦਾ ਹੈ ਦੇਖਣ ਵਾਸਤੇ।

ਇਸੇ ਤਰ੍ਹਾਂ ਹੀ ਸਨੈਗ, ਯੂਕੋਨ ਕਨੇਡਾ Snag Yakon Canada ਜੋ ਉਤਰ-ਪੱਛਮ ਵਿਖੇ ਇੱਥੇ ਵੀ ਮਨਫੀ -62.8^{0} C ਮਾਪਿਆ ਗਿਆ ਤੇ ਇਸੇ ਤਰ੍ਹਾਂ ਹੀ ਪ੍ਰੋਸਪੈਕਟ ਕਰੀਕ ਅਲਾਸਕਾ ਅਮਰੀਕਾ Prospect Creek Alaska U.S.A. ਵਿਖੇ ਮਨਫੀ -62.1^{0} C ਤਾਪਮਾਨ ਮਾਪਿਆ ਗਿਆ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ :

ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ ॥

ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ ॥ ੧ ॥ (ਅੰਗ ੧੩੭)

ਗੁਰੂ ਸਾਹਿਬ ਜੀ ਆਖਦੇ ਹਨ, **ਗੁਰੁ ਹਿਵੈ ਘਰੁ**, ਹਿਮਾਲੀਆ ਦਾ ਘਰ, ਬਰਫ ਦਾ ਘਰ ਭਾਵ ਗੁਰੂ ਸੀਤਲ ਹੈ। ਜਿਵੇਂ ਸੂਰਜ ਗਰਮ ਹੈ ਪਰ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਠੰਢਾ ਪ੍ਰਕਾਸ਼ ਹੈ। ਗੁਰੂ ਦੀ ਜੋਤ ਠੰਢੀ ਜੋਤ ਹੈ ਜੋ ਚਾਨਣਾ ਵੀ ਦਿੰਦੀ ਹੈ ਤੇ ਸੀਤਲਤਾ ਵੀ। ਗੁਰੂ ਜੋਤ ਦੀ ਪਹੁੰਚ ਤਿੰਨਾਂ ਲੋਕਾਂ, ਸਾਰੇ ਬ੍ਰਹਿਮੰਡਾਂ ਵਿਚ ਹੈ। ਜਿਵੇਂ ਸੂਰਜ ਤੇ ਚੰਦਰਮਾ ਦੋ ਦੀਵੇ ਪ੍ਰਭੂ ਨੇ ਸਾਡੀ ਧਰਤੀ ਨੂੰ ਪ੍ਰਕਾਸ਼ ਦੇਣ ਲਈ ਬਖ਼ਸ਼ੇ ਹਨ ਪਰ ਇਨ੍ਹਾਂ ਦੀ ਰੋਸ਼ਨੀ ਸਭ ਥਾਂਵਾਂ 'ਤੇ ਨਹੀਂ ਪਹੁੰਚਦੀ, ਜਿਵੇਂ ਪਤਾਲ ਲੋਕ ਵਿਖੇ ਆਦਿ। ਸਤਿਗੁਰੂ ਨਾਮ ਦੀ ਦਾਤ ਦੇਣ ਵਾਲਾ ਹੈ, ਗੁਰੂ ਠੰਢ ਦਾ ਸੋਮਾ ਹੈ ਜੋ ਕਿ ਵਿਕਾਰਾਂ ਦੀ ਤਪਸ਼ ਤੋਂ ਬਚਾਅ ਕੇ ਠੰਢਕ

ਪਹੁੰਚਾਉਂਦਾ ਹੈ। ਨਾਮ ਰੂਪੀ ਪਦਾਰਥ ਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ ਜੋ ਗੁਰੂ ਤੇ ਪੂਰਨ ਭਰੋਸਾ ਰੱਖ ਕੇ ਸਨਮੁਖ ਹੁੰਦਾ ਹੈ ਉਸ ਨੂੰ ਸੁਖ ਪ੍ਰਾਪਤ ਹੋ ਜਾਂਦਾ ਹੈ।

ਜੋ ਐਸਕੀਮੋ ਲੋਕ ਬਰਫ ਦੇ ਘਰ ਝੌਂਪੜੀਆਂ ਬਣਾਉਂਦੇ ਹਨ ਉਨ੍ਹਾਂ ਨੂੰ ਇਗਲੂ Igloo ਆਖਦੇ ਹਨ ਜੋ ਅੰਦਰੋਂ ਨਿੱਘੇ ਹੁੰਦੇ ਹਨ ਤੇ ਠੰਢ ਤੋਂ ਬਹੁਤ ਰੱਖਿਆ ਕਰਕੇ ਨਿੱਘ ਪ੍ਰਦਾਨ ਕਰਦੇ ਹਨ। ਜਿੱਥੇ ਗੁਰੂ ਸਾਹਿਬ ਜੀ ਅਤਿ ਨਿਰਮਲ ਹਨ ਤੇ ਸੀਤਲਤਾ ਬਖ਼ਸ਼ਦੇ ਹਨ ਤੇ ਐਸੇ ਦਇਆਲੂ ਹਨ ਜੋ ਸਾਡੇ ਪਾਪ ਤੇ ਗਲਤ ਕੰਮ ਦੇਖਕੇ ਵੀ ਸਾਡੇ 'ਤੇ ਤਰਸ ਕਰਕੇ ਬਰਫ ਵਾਂਗੂੰ ਪਿਘਲ ਜਾਂਦੇ ਹਨ, ਕਿਉਂਕਿ ਅਸੀਂ ਉਨ੍ਹਾਂ ਦੀ ਜੋਤ ਦਾ ਅੰਸ਼ ਹੋਣ ਕਰਕੇ ਉਹ ਸਾਨੂੰ ਬੇਸਮਝ ਨਿਆਣੇ ਆਖ ਕੇ ਬਖ਼ਸ਼ ਕੇ ਸੁਧਰਨ ਲਈ ਹੋਰ ਮੌਕੇ ਦੇ ਦਿੰਦੇ ਹਨ। ਫ਼ੁਰਮਾਨ ਹੈ :

ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਹੈ ਪਰੁ ਦੇਤ ਨ ਹਾਰੈ॥

(ਸ੍ਰੀ ਦਸਮ ਗ੍ਰੰਥ)

ਕਿੰਗ ਪੈਂਗੁਇਨਜ਼ King Penguins ਵੀ ਬਰਫੀਲੇ ਤੂਫਾਨ ਤੇ ਬਰਫਾਨੀ ਝੱਖੜਾਂ ਤੋਂ ਬਚਣ ਲਈ ਆਪਸ ਵਿਚ ਇਕੱਠੇ ਹੋ ਗੁਛੂੰ-ਮੁਛੂੰ ਹੋ ਕੇ ਇਕ ਦੂਜੇ ਨਾਲ ਘੁਸੜ ਕੇ ਬਹਿੰਦੇ ਹਨ ਤੇ ਕਈ ਵਾਰੀ ਕਈ ਸੈਂਕੜਿਆਂ ਦੀ ਗਿਣਤੀ ਵਿਚ ਰਲ ਕੇ ਬਰਫਾਨੀ ਸਖਤ ਹਵਾਵਾਂ ਦੇ ਤੂਫਾਨ ਝੇਲਦੇ ਹਨ। ਬੁੱਢੇ ਤੇ ਬੱਚਿਆਂ ਵਾਲੇ ਦਰਮਿਆਨ ਵਿਚ ਹੁੰਦੇ ਬਾਕੀ ਵਾਰੋ ਵਾਰੀ ਨੌਜਵਾਨ ਪੈਂਗੁਇਨਜ਼ ਬਾਹਰਲੀ ਕੰਧ ਦੀ ਤਰ੍ਹਾਂ ਬਣੀ ਲਾਈਨ ਜਾਂ ਗੋਲਧਾਰੇ ਵਿਚ ਬਦਲਦੇ ਰਹਿੰਦੇ ਹਨ ਤੇ ਇਨ੍ਹਾਂ ਦੇ ਮੂੰਹ ਥੱਲੇ ਨੂੰ ਕੀਤੇ ਹੁੰਦੇ ਹਨ ਤੇ ਜਦੋਂ ਮੌਸਮ ਸੁਧਰਦਾ ਹੈ ਤਾਂ ਸਾਰੇ ਇਕੱਠੇ ਉੱਪਰ ਨੂੰ ਸਿਰ ਚੁੱਕਦੇ ਹਨ ਤਾਂ ਉਤਾਂਹ ਨੂੰ ਸਭ ਦੀ ਇਕੱਠੀ ਹਵਾੜ ਬੱਦਲ ਦੀ ਤਰ੍ਹਾਂ ਉੱਪਰ ਨੂੰ ਚੜ੍ਹਦੀ ਹੈ। ਪ੍ਰਭੂ ਜੀ ਨੇ ਇਨ੍ਹਾਂ ਨੂੰ ਐਸਾ ਸਰੀਰ ਦਿੱਤਾ ਹੈ ਜੋ ਕਿ ਆਪਣੀ ਸਰੀਰਕ ਗਰਮੀ ਨੂੰ ਬਚਾਉਣ ਵਿਚ ਬਹੁਤ ਕਾਮਯਾਬ ਹੈ। ਇਹ ਆਪਣੇ ਬਚਾਅ ਲਈ ਇਸ ਤਰ੍ਹਾਂ ਇਕੱਠੇ ਹੋ ਕੇ (Huddle) ਰਲ ਕੇ ਨਿੱਘ ਬਣਾ ਕੇ ਔਖਾ ਸਮਾਂ ਲੰਘਾ ਲੈਂਦੇ ਹਨ ਤੇ ਇਹ ਸਰਦੀਆਂ ਵਿਚ ਹੀ ਬੱਚੇ ਉਪਜਾਉਂਦੇ ਹਨ।

ਕਈ ਵਾਰੀ ਸਾਡੀ ਧਰਤੀ 'ਤੇ ਸਰਦੀ ਨਾਲ ਆਈ ਕੁਦਰਤੀ ਆਫਤ ਨੂੰ ਠੱਲ ਪਾਉਣ ਲਈ ਕਈ ਖੈਰਾਤੀ ਸੰਸਥਾਵਾਂ ਕੰਬਲ, ਰਜਾਈਆਂ ਤੇ ਟਾਰਚਾਂ ਤੇ ਬੈਟਰੀਆਂ ਤੇ ਆਮ ਦੁਆਈਆਂ ਲਈ ਜਨਤਾ ਕੋਲੋਂ ਪੈਸੇ ਜਾਂ ਇਹ ਵਸਤੂਆਂ ਦੀ ਮੰਗ ਰੱਖਦੇ ਹਨ ਤਾਂ ਕਿ ਠੰਢ ਨੂੰ ਦੂਰ ਕਰਨ ਦਾ ਵਸੀਲਾ ਬਣ ਸਕੇ।

ਹੁਣ ਹਿਮਕਰ ਰੁੱਤ ਦੇ ਸਮਾਜਿਕ ਤਿਉਹਾਰਾਂ ਤੇ ਗੁਰੂ ਸਾਹਿਬ ਜੀ ਜੀਵਨ ਨਾਲ ਸਬੰਧਤ ਇਤਿਹਾਸਿਕ ਵਾਕਿਆਵਾਂ ਨੂੰ ਵਿਚਾਰਨ ਦਾ ਯਤਨ ਕਰਦੇ ਹਾਂ :

ਸਿੱਖ ਇਤਿਹਾਸ, ਗੁਰ-ਇਤਿਹਾਸ ਵਿਚ ਐਸੀ ਇਕ ਠੰਢ ਨੂੰ ਦੂਰ ਕਰਨ ਦੀ

ਸਾਖੀ ਅੰਕਿਤ ਹੈ : ਭਾਈ ਆਦਮ ਇਕ ਵੱਡਾ ਜ਼ਿਮੀਂਦਾਰ ਸੀ ਜੋ ਧਰਮ ਦੀ ਕਿਰਤ ਕਰਕੇ ਗੁਜ਼ਾਰਾ ਕਰਦਾ ਸੀ ਤੇ ਖੇਤੀ ਨੂੰ ਉੱਤਮ ਕੰਮ ਜਾਣ ਕਰਕੇ ਵਾਹੀ ਦਾ ਕੰਮ ਕਰਦਾ ਸੀ। ਘਰ ਵਿਚ ਹਰ ਤਰ੍ਹਾਂ ਦੇ ਪਦਾਰਥ ਸਨ। ਜੈਸਾ ਕਿ ਚੰਗੇ ਮਕਾਨ, ਦੁੱਧ ਦੇਣ ਵਾਲੀਆਂ ਗਾਂਵਾਂ, ਮੱਝਾਂ, ਖੇਤੀ ਕਰਨ ਲਈ ਚੰਗੇ ਬੈਲ, ਊਠ, ਖੁੱਲ੍ਹੀ ਜ਼ਮੀਨ, ਮਾਇਕੀ ਪਦਾਰਥ ਭਾਵ ਘਰ ਵਿਚ ਸਭ ਕੁਝ ਸੀ ਪਰ ਇਕ ਪੁੱਤਰ ਦੇ ਨਾ ਹੋਣ ਕਰਕੇ ਹਰ ਵੇਲੇ ਮਨ ਵਿਚ ਚਿੰਤਾ ਰਹਿੰਦੀ ਸੀ। ਪੁੱਤਰ ਪ੍ਰਾਪਤੀ ਲਈ ਬਹੁਤ ਸਾਰੇ ਟੂਣੇ ਟਾਮਣ ਕਰਨ ਵਾਲੇ ਪੀਰਾਂ ਫ਼ਕੀਰਾਂ ਦੀਆਂ ਸੁਖਣਾਂ ਨਾਲ ਕੋਸ਼ਿਸ਼ ਕਰਦਾ ਰਿਹਾ ਪਰ ਕਿਸੇ ਤੋਂ ਵੀ ਮਨੋਰਥ ਦੀ ਪ੍ਰਾਪਤੀ ਨਾ ਹੋਈ। ਜਿਉਂ-ਜਿਉਂ ਉਮਰ ਵਧਦੀ ਗਈ। ਤਿਉਂ-ਤਿਉਂ ਸੋਗ ਵਿਚ ਵਾਧਾ ਹੁੰਦਾ ਗਿਆ।

ਕਿਤੋਂ ਵੀ ਇੱਛਾ ਪੂਰੀ ਹੁੰਦੀ ਨਾ ਦੇਖਕੇ ਇਸ ਦਾ ਮਨ ਉਦਾਸ ਰਹਿਣ ਲੱਗ ਪਿਆ। ਦਾਨੀ ਸੁਭਾਅ ਇਤਨਾ ਸੀ ਕਿ ਜਦੋਂ ਵੀ ਕੋਈ ਪੀਰ ਫ਼ਕੀਰ ਪਿੰਡ ਵਿਚ ਆਉਂਦਾ ਤਾਂ ਲੋਕੀਂ ਆਦਮ ਦਾ ਘਰ ਦੱਸਦੇ। ਇਕ ਦਿਨ ਗੁਰੂ ਦਾ ਇਕ ਸਿੱਖ ਆਇਆ। ਜਿਸ ਦੀ ਇਸ ਨੇ ਤਨ-ਮਨ-ਧਨ ਨਾਲ ਸੇਵਾ ਕੀਤੀ। ਇਸ ਦੇ ਉਦਾਸ ਚਿਹਰੇ ਦੀ ਪੱਟੀ ਪੜ੍ਹ ਕੇ ਉਸ ਸਿੱਖ ਨੇ ਭਾਈ ਆਦਮ ਤੋਂ ਉਦਾਸੀ ਦਾ ਕਾਰਨ ਪੁੱਛਿਆ ਤਾਂ ਉਹ ਫੁੱਟ-ਫੁੱਟ ਰੋਣ ਲੱਗ ਪਿਆ ਅਤੇ ਆਪਣੇ ਹਿਰਦੇ ਦਾ ਪੁੱਤਰ ਦੇ ਨਾ ਹੋਣ ਦਾ ਦੁੱਖ ਬਿਆਨ ਕੀਤਾ। ਜਿਸ ਨੂੰ ਸੁਣ ਕੇ ਉਸ ਸਿੱਖ ਨੇ ਗੁਰਮਤਿ ਦਾ ਸਹੀ ਰਸਤਾ ਦਰਸਾਇਆ। ਜਿਸ ਰਸਤੇ ਚੱਲ ਕੇ ਪੁੱਤਰ ਦੀ ਪ੍ਰਾਪਤੀ ਦੇ ਨਾਲ-ਨਾਲ ਮਨੁੱਖਾ ਜਨਮ ਭੀ ਸਫਲ ਹੋਵੇ, ਉਹ ਰਸਤਾ ਦਰਸਾਇਆ। ਇਸ ਤੋਂ ਪਹਿਲਾਂ ਮਨਮਤੀਏ ਲੋਕਾਂ ਨੇ ਮਨਮਤ ਵਾਲੇ ਰਸਤਿਆਂ 'ਤੇ ਭਾਈ ਆਦਮ ਨੂੰ ਭੜਕਾਇਆ। ਉਸ ਸਿੱਖ ਨੇ ਕਿਹਾ ਕਿ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਘਰ ਹੀ ਸਰਬ ਇੱਛਾ ਪੂਰਨ ਕਰਨ ਵਾਲਾ ਰਸਾਇਣ ਰੂਪ ਹੈ ਤੂੰ ਉਥੇ ਚੱਲ, ਉਹਨਾਂ ਦੇ ਕੋਲੋਂ ਪੁੱਤਰ ਦੀ ਪ੍ਰਾਪਤੀ ਦੀ ਕਾਮਨਾ ਪੂਰੀ ਹੋ ਜਾਵੇਗੀ।

ਇਹ ਸੁਣ ਕੇ ਭਾਈ ਆਦਮ ਨੇ ਆਪਣੀ ਬਿਰਧ ਅਵਸਥਾ ਵੱਲ ਝੂਰਦਿਆਂ ਦੇਖਿਆ ਕਿ ਸੁੱਕੇ ਬਿਰਖ ਨੂੰ ਫਲ ਨਹੀਂ ਲੱਗਿਆ ਕਰਦੇ, ਮੈਨੂੰ ਪੁੱਤਰ ਹੁਣ ਕਿਵੇਂ ਮਿਲੇਗਾ, ਕਿਉਂਕਿ ਹੁਣ ਪੁੱਤਰ ਪੈਦਾਇਸ਼ ਦੀ ਉਮਰ ਬੀਤ ਚੁਕੀ ਹੈ। ਉਸ ਗੁਰਸਿੱਖ ਦੀ ਪ੍ਰੇਰਨਾ ਨੇ ਭਾਈ ਸਾਹਿਬ ਦਾ ਮਨ ਅਜਿਹਾ ਬਣਾ ਦਿੱਤਾ ਚਲੋ ਜੇ ਪੁੱਤਰ ਨਹੀਂ ਵੀ ਪ੍ਰਾਪਤ ਹੋਵੇਗਾ ਤਾਂ ਸਤਿਗੁਰਾਂ ਦੇ ਦਰਸ਼ਨ ਤੇ ਸੇਵਾ ਕਰਕੇ ਜਨਮ ਤਾਂ ਸਫਲਾ ਹੋਵੇਗਾ। ਇਹ ਨਿਸਚਾ ਕਰਕੇ ਗੁਰੂ ਜੀ ਦੀ ਸ਼ਰਨ ਵਿਚ ਆਇਆ। ਦਰਸ਼ਨ ਤੇ ਸੇਵਾ ਕਰਕੇ ਮਨ ਨੂੰ ਸ਼ਾਂਤੀ ਪ੍ਰਾਪਤੀ ਹੋਈ ਔਰ ਨਿਸਚੇ ਵਿਚ ਵਾਧਾ ਹੋਇਆ ਕਿ ਮੈਂ ਠੀਕ ਥਾਂ 'ਤੇ ਸੱਚੇ ਸਤਿਗੁਰੂ ਦੀ ਸ਼ਰਨ ਵਿਚ ਆਇਆਂ ਹਾਂ। ਸਿੱਖਾਂ ਤੋਂ ਪੁੱਛਿਆ ਕਿ ਸਤਿਗੁਰੂ ਜੀ ਕਿਸ ਗੱਲ

ਨਾਲ ਜ਼ਿਆਦਾ ਪ੍ਰਸੰਨ ਹੁੰਦੇ ਹਨ। ਸਿੱਖਾਂ ਨੇ ਦੱਸਿਆ ਕਿ ਜਿਹੜਾ ਸਿੱਖ ਸਿਮਰਨ ਕਰਦਾ ਹੈ ਭਾਵੇਂ ਖ਼ੁਸ਼ ਤਾਂ ਉਸ 'ਤੇ ਵੀ ਹੁੰਦੇ ਹਨ, ਪਰ ਜਿਹੜਾ ਸੇਵਾ ਤੇ ਸਿਮਰਨ ਦੋਨੋਂ ਹੀ ਕਰਦਾ ਹੈ ਉਸ 'ਤੇ ਵਿਸ਼ੇਸ਼ ਕਰਕੇ ਪ੍ਰਸੰਨ ਹੁੰਦੇ ਹਨ। ਭਾਈ ਆਦਮ ਨੇ ਪੁੱਛਿਆ ਕਿ ਜਿਹੜੀ ਜ਼ਿਆਦਾ ਲੋੜ ਵਾਲੀ ਸੇਵਾ ਹੈ ਜਾਂ ਜਿਸ ਨੂੰ ਘੱਟ ਸਿੱਖ ਕਰਦੇ ਹਨ ਉਹ ਦੱਸੋ ਤਾਂ ਸਿੱਖ ਨੇ ਕਿਹਾ ਕਿ ਐਸੀ ਸੇਵਾ ਜੰਗਲ 'ਚੋਂ ਲੱਕੜਾਂ ਲਿਆਉਣ ਦੀ ਹੈ। ਸੋ ਭਾਈ ਆਦਮ ਨੇ ਲੱਕੜਾਂ ਦੀ ਸੇਵਾ ਸ਼ੁਰੂ ਕੀਤੀ। ਲੱਕੜਾਂ ਦੇ ਦੋ ਭਾਰ ਲਿਆ ਕੇ ਇਕ ਲੰਗਰ ਵਿਚ ਦਿੰਦਾ ਤੇ ਇਕ ਜਮ੍ਹਾਂ ਰੱਖਦਾ। ਘਰਵਾਲੀ ਲੰਗਰ ਪਕਾਉਂਦੀ ਤੇ ਸੰਗਤਾਂ ਦੇ ਜੂਠੇ ਭਾਂਡੇ ਮਾਂਜਦੀ। ਇਸ ਤਰ੍ਹਾਂ ਸਾਰਾ ਦਿਨ ਸੇਵਾ ਕਰਦੇ ਤੇ ਲੰਗਰ ਆਪਣੇ ਪੈਸਿਆਂ ਦਾ ਬਣਾ ਕੇ ਛਕਦੇ। ਇਸ ਤਰ੍ਹਾਂ ਛੇ ਮਹੀਨੇ ਗੁਰੂ ਚਰਨਾਂ ਵਿਚ ਰਹਿੰਦਿਆਂ ਬਤੀਤ ਹੋ ਗਏ।

ਇਕ ਦਿਨ ਗੁਰੂ ਜੀ ਸੰਗਤਾਂ ਨੂੰ ਤਾਰਨ ਵਾਸਤੇ ਬਾਹਰ ਨਗਰਾਂ ਵਿਚ ਗਏ ਤੇ ਗੋਇੰਦਵਾਲ ਖਡੂਰ ਸਾਹਿਬ ਤੋਂ ਹੋ ਕੇ ਵਾਪਸ ਅੰਮ੍ਰਿਤਸਰ ਸਾਹਿਬ ਆਏ ਤਾਂ ਨਾਲ ਬਹੁਤ ਸੰਗਤ ਸੀ। ਸੀਤ ਕਾਲ ਦਾ ਸਮਾਂ ਹੋਣ ਕਰਕੇ ਕੁਝ ਵਰਖਾ ਤੋਂ ਬਾਅਦ ਹਵਾ ਚੱਲ ਰਹੀ ਸੀ। ਰਹਿਣ ਲਈ ਇਤਨੇ ਟਿਕਾਣੇ ਸਰਾਂ ਨਹੀਂ ਸੀ। ਗੁਰਸਿੱਖ ਸੰਗਤਾਂ ਦੇ ਇਸ ਦੁੱਖ ਨੂੰ ਸਹਿਨ ਨਾ ਕਰਦੇ ਹੋਏ ਦਿਆਲੂ ਸਤਿਗੁਰੂ ਜੀ ਨੇ ਉਚੇ ਥਾਂ 'ਤੇ ਖੜ੍ਹ ਕੇ ਉੱਚੀ ਆਵਾਜ਼ ਵਿਚ ਕਿਹਾ ਕਿ ਜੋ ਅੱਜ ਗੁਰਸਿੱਖ ਸੰਗਤਾਂ ਦਾ ਠੰਡ ਦਾ ਦੁੱਖ ਦੂਰ ਕਰੇਗਾ ਉਹ ਜੋ ਵੀ ਮੰਗੇਗਾ ਗੁਰੂ ਨਾਨਕ ਦੇ ਘਰ ਤੋਂ ਉਹੀ ਵਸਤੂ ਲੈ ਦੇਵਾਂਗੇ। ਇਹ ਸੁਣਦਿਆਂ ਹੀ ਭਾਈ ਆਦਮ ਦੇ ਥਾਂ-ਥਾਂ ਅੰਗੀਠੇ ਬਾਲ ਕੇ ਸੰਗਤਾਂ ਦੇ ਦੁੱਖ ਨੂੰ ਦੂਰ ਕੀਤਾ ਤੇ ਸੰਗਤਾਂ ਦੀਆਂ ਅਸੀਸਾਂ ਲਈਆਂ।

ਗੁਰਬਾਣੀ ਵਿਚ ਵੀ ਫ਼ੁਰਮਾਨ ਹੈ ਕਿ ਅੱਗ ਠੰਢ ਦਾ ਦੁੱਖ ਲਾਹ ਦਿੰਦੀ ਹੈ :

ਅਗਨਿ ਸੀਤ ਕਾ ਲਾਹਸਿ ਦੂਖ॥

ਨਾਮੁ ਜਪਤ ਮਨਿ ਹੋਵਤ ਸੂਖ॥ (ਅੰਗ ੧੭੮)

ਸਤਿਗੁਰੂ ਜੀ ਵੀ ਦੂਰ ਤੋਂ ਦੇਖਦੇ ਰਹੇ ਕਿ ਕੋਈ ਸਿੱਖ ਘਾਲਣਾ ਘਾਲ ਰਿਹਾ ਹੈ। ਦੂਜੇ ਦਿਨ ਦਰਬਾਰ ਵਿਚ ਸਤਿਗੁਰੂ ਜੀ ਕਹਿਣ ਲੱਗੇ ਕਿ ਰਾਤ ਵਾਲਾ ਸਿੱਖ ਕੌਣ ਹੈ ਜਿਸ ਨੇ ਸੇਵਾ ਕੀਤੀ ਹੈ, ਉਸ ਨੂੰ ਹਾਜ਼ਰ ਕਰੋ। ਲਾਂਗਰੀ ਸਿੱਖ ਨੇ ਦੱਸਿਆ ਕਿ ਮਹਾਰਾਜ ! ਇਕ ਭਾਰ ਰੋਜ਼ ਲੰਗਰ ਲਈ ਲੱਕੜਾਂ ਦਾ ਲੈ ਕੇ ਆਉਣ ਵਾਲਾ ਭਾਈ ਆਦਮ ਹੈ। ਉਸ ਨੂੰ ਬੁਲਵਾਇਆ। ਭਾਈ ਆਦਮ ਨੇ ਨਿਮਰਤਾ ਗਰੀਬੀ ਸਹਿਤ ਆ ਕੇ ਨਮਸਕਾਰ ਕੀਤੀ ਤਾਂ ਸਤਿਗੁਰਾਂ ਨੇ ਪਵਿੱਤ੍ਰ ਮੁਖ ਤੋਂ ਬਚਨ ਉਚਾਰਨ ਕੀਤਾ :

ਯਥਾ - ਤੇਰੀ ਘਾਲਿ ਪਰੀ ਸਭ ਥਾਇ॥ ਮਾਂਗ ਲੇਹੁ ਬਰ ਸੋ ਅਬ ਪਾਇ॥

(ਗੁ: ਪ੍ਰ: ਰਾਸ ੨, ਅੰਸੂ ੪੧)

ਆਪਣੀ ਅਤੇ ਘਰਵਾਲੀ ਦੀ ਬਿਰਧ ਅਵਸਥਾ ਵੱਲ ਦੇਖ ਕੇ ਆਪਣੇ ਮਨ ਦਾ ਮਨੋਰਥ ਸਤਿਗੁਰਾਂ ਨੂੰ ਕਹਿ ਨਹੀਂ ਸਕਿਆ ਤੇ ਬੇਨਤੀ ਕੀਤੀ ਮਹਾਰਾਜ ! ਮੈਨੂੰ ਨਾਮ ਦਾਨ

ਬਖ਼ਸ਼ੋ। ਸਤਿਗੁਰੂ ਨੇ ਕਿਹਾ, ਤੂੰ ਜਦੋਂ ਘਰ ਤੋਂ ਚਲਿਆ ਸੀ ਤਾਂ ਤੇਰਾ ਮਨੋਰਥ ਹੋਰ ਸੀ, ਇਸ ਲਈ ਤੂੰ ਜਿਸ ਮਨੋਰਥ ਨੂੰ ਮਨ ਵਿਚ ਰੱਖ ਕੇ ਗੁਰੂ ਦਰਬਾਰ ਵਿਚ ਆ ਕੇ ਘਾਲਣਾ ਘਾਲੀ ਹੈ ਉਹੀ ਕੁਝ ਮੰਗਣਾ ਕਰ। ਇਹ ਕਹਿ ਕੇ ਫਿਰ ਸਤਿਗੁਰ ਕਹਿਣ ਲੱਗੇ, ਤੂੰ ਕੱਲ ਨੂੰ ਆ ਕੇ ਮੰਗ ਲਵੀਂ।

ਯਥਾ - ਜਾਚਯੋ ਜਾਇ ਨ ਤੋਹਿ ਤੇ ਪੁਨ ਆਵਹੁ ਭੁਨ ਸਾਰ॥
ਸੇਵਾ ਤੇਰੀ ਸਫਲ ਹੁਇ ਬਾਂਛ ਦੇ ਕਰਤਾਰ॥ (ਗੁ: ਪ੍ਰ: ਰਾਸਿ ੨, ਅੰਸੂ ੪੧)

ਜਦੋਂ ਘਰ ਆਇਆ ਤਾਂ ਸੁਪਤਨੀ ਪੁੱਛਣ ਲੱਗੀ ਕਿ ਸਤਿਗੁਰਾਂ ਤੋਂ ਪੁੱਤਰ ਦਾ ਵਰ ਮੰਗ ਲਿਆ ਜਾਂ ਨਹੀਂ। ਤਾਂ ਭਾਈ ਸਾਹਿਬ ਕਹਿਣ ਲੱਗੇ ਕਿ ਆਪਣੀ ਦੋਵਾਂ ਦੀ ਬਿਰਧ ਅਵਸਥਾ ਕਮਜ਼ੋਰ ਸਰੀਰ ਤੇ ਚਿੱਟੇ ਕੇਸ ਵੇਖ ਕੇ ਮੈਨੂੰ ਪੁੱਤਰ ਮੰਗਦਿਆਂ ਸ਼ਰਮ ਆਈ ਤੇ ਮੈਂ ਨਹੀਂ ਸਕਿਆ ਤਾਂ ਘਰਵਾਲੀ ਨੇ ਬਹੁਤ ਅਫਸੋਸ ਕੀਤਾ ਤੇ ਰੋਣ ਲੱਗ ਪਈ ਕਿ ਮਸਾਂ ਮਸਾਂ ਸਮਾਂ ਹੱਥ ਆਇਆ ਸੀ ਪਰ ਫਿਰ ਹੱਥੋਂ ਨਿਕਲ ਗਿਆ। ਪਰ ਭਾਈ ਸਾਹਿਬ ਨੇ ਦੱਸਿਆ ਕਿ ਇਕ ਮੌਕਾ ਹੋਰ ਸਤਿਗੁਰਾਂ ਨੇ ਦਿੱਤਾ ਹੈ। ਅਗਲੇ ਦਿਨ ਦਰਬਾਰ ਵਿਚ ਬੁਲਾਇਆ ਤਾਂ ਦੋਵੇਂ ਹੀ ਹਾਜ਼ਰ ਹੋਏ। ਸਤਿਗੁਰਾਂ ਦਾ ਹੁਕਮ ਪਾ ਕੇ ਪੁੱਤਰ ਦੀ ਜਾਚਨਾ ਕੀਤੀ ਤਾਂ ਸਤਿਗੁਰਾਂ ਨੇ ਨੇਤਰ ਬੰਦ ਕਰਕੇ ਵੇਖਿਆ ਤਾਂ ਕਹਿਣ ਲੱਗੇ, ਤੁਹਾਡੇ ਕਰਮਾਂ ਵਿਚ ਪੁੱਤਰ ਨਹੀਂ ਹੈ ਕੁਝ ਹੋਰ ਮੰਗ ਲਵੋ, ਪਰ ਫੇਰ ਵੀ ਪੁੱਤਰ ਦੀ ਜਾਚਨਾ ਹੀ ਕੀਤੀ। ਤਾਂ ਸਤਿਗੁਰੂ ਕਹਿਣ ਲੱਗੇ, ਮੇਰੇ ਘਰ ਚੌਥਾ ਪੁੱਤਰ ਹੋਰ ਆਉਣਾ ਸੀ। ਸੋ ਉਹ ਅਸੀਂ ਤੁਹਾਨੂੰ ਬਖ਼ਸ਼ਿਸ਼ ਕਰਦੇ ਹਾਂ। ਭਗਤੀ ਦੀ ਅੰਸ਼ ਤੋਂ ਪੈਦਾ ਹੋਣ ਕਰਕੇ ਇਸ ਦਾ ਨਾਮ ਭਾਈ ਭਗਤੂ ਰੱਖਣਾ। ਇਸ ਪ੍ਰਕਾਰ ਸਤਿਗੁਰੂ ਰਾਮਦਾਸ ਜੀ ਨੇ ਉਨ੍ਹਾਂ ਨੂੰ ਪੁੱਤਰ ਦੀ ਦਾਤ ਬਖ਼ਸ਼ਿਸ਼ ਕੀਤੀ। ਉਪਰੋਕਤ ਪੰਗਤੀ ਅਨੁਸਾਰ ਪ੍ਰਮੇਸ਼ਰ ਵਾ-ਗੁਰਾਂ ਦੇ ਚਰਨਾਂ ਦੀ ਸੇਵਾ ਕਰਕੇ ਜੋ ਵਸਤੂ ਮੰਗਦਾ ਹੈ ਜੀਵ ਨੂੰ ਉਹੀ ਕੁਝ ਪ੍ਰਾਪਤ ਹੋ ਜਾਂਦਾ ਹੈ। ਕਿਉਂਕਿ ਪ੍ਰਮੇਸ਼ਰ ਦੇ ਚਰਨ ਰਸਾਇਣ ਰੂਪ ਹਨ।

ਇਹ ਭਾਈ ਭਗਤੂ ਜੀ ਪੰਜਵੇਂ ਛੇਵੇਂ ਤੇ ਸੱਤਵੇਂ ਪਾਤਿਸ਼ਾਹ ਦੀ ਸੇਵਾ ਵਿਚ ਤਤਪਰ ਰਹਿੰਦੇ ਸਨ ਤੇ ਭਾਈ ਫੇਰੂ ਜੀ ਨੂੰ ਇਹ ਸੱਤਵੇਂ ਪਾਤਿਸ਼ਾਹ ਜੀ ਦੀ ਸ਼ਰਨ ਵਿਚ ਲੈ ਕੇ ਆਏ ਸਨ ਜੋ ਬਾਅਦ ਵਿਚ ਬਹੁਤ ਵੱਡੇ ਸਿੱਖ ਪ੍ਰਚਾਰਕ ਬਣੇ। ਭਾਈ ਭਗਤੂ ਜੀ ਦਾ ਅੰਤਮ ਸਸਕਾਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਹੱਥੀਂ ਕੀਤਾ ਸੀ ਗੁਰੂ ਪੁੱਤਰ ਜਾਣ ਕੇ।

ਮਾਘੀ ਦਾ ਪੁਰਬ ਬਹੁਤ ਸਤਿਕਾਰ ਸਹਿਤ 40 ਮੁਕਤਿਆਂ ਤੇ ਹੋਰ ਸ਼ਹੀਦਾਂ ਦੀ ਯਾਦ ਵਿਚ ਮਨਾਇਆ ਜਾਂਦਾ ਹੈ। ਜਦੋਂ ਅਨੰਦਪੁਰ ਸਾਹਿਬ ਵਿਖੇ ਮੁਗਲਾਂ ਦੀ ਫ਼ੌਜ ਤੇ ਬਾਈਧਾਰ ਦੇ ਰਾਜਿਆਂ ਦੀ ਫ਼ੌਜਾਂ ਦਾ ਘੇਰਾ ਬਹੁਤ ਲੰਬਾ ਹੋ ਗਿਆ। ਤਕਰੀਬਨ ਅੱਠ ਮਹੀਨੇ ਇਹ ਚਲਦਾ ਰਿਹਾ ਤੇ ਕੁਝ ਸਿੰਘਾਂ ਦੇ ਘੋੜੇ ਵੀ ਭੁੱਖ ਕਰਕੇ ਚਲਾਣਾ ਕਰ ਗਏ। ਕੁਝ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਆ ਕੇ ਆਖਣ ਲੱਗੇ ਕਿ ਅਸੀਂ ਘਰਾਂ ਨੂੰ ਜਾਣਾ

ਚਾਹੁੰਦੇ ਹਾਂ। ਐਥੇ ਸਮੇਂ ਵਿਚ ਉਹ ਇਹ ਵੀ ਲਿਖ ਗਏ ਕਿ ਅਸੀਂ ਤੁਹਾਡੇ ਸਿੱਖ ਨਹੀਂ ਤੇ 40 ਸਿੱਖਾਂ ਨੇ ਇਸ ਬੇਦਾਵੇ ਉਪਰ ਅੰਗੂਠੇ ਲਾ ਦਿੱਤੇ। ਜਦੋਂ ਇਹ ਬੇਦਾਵੀਏ ਸਿੱਖ ਵਾਪਸ ਪਿੰਡਾਂ ਵਿਚ ਪਹੁੰਚੇ ਤਾਂ ਝਬਾਲ ਦੀ ਮਾਈ ਭਾਗੋ ਨੇ (ਜੋ ਗੁਰੂ ਪ੍ਰੇਮ ਵਿਚ ਰੰਗੀ ਹੋਈ ਸੀ) ਬਹੁਤ ਝਾੜਾਂ ਪਾਈਆਂ ਕਿ ਤੁਸੀਂ ਨਿਰਾਦਰੀ, ਬਦਨਾਮੀ ਦਾ ਨੀਚਤਾ ਦਾ ਕੰਮ ਕਰਕੇ ਆਏ ਹੋ ਜੋ ਐਥੇ ਸਮੇਂ ਗੁਰੂ ਸਾਹਿਬ ਜੀ ਦਾ ਸਾਥ ਛੱਡ ਆਏ ਹੋ ਤੇ ਹੋਰ ਬੀਬੀਆਂ ਨੂੰ ਵੀ ਪ੍ਰੇਰਿਆ ਕਿ ਇਨ੍ਹਾਂ ਬੇਦਾਵੀਆਂ ਨੂੰ ਆਖੋ ਕਿ ਵੰਗਾਂ ਪਾ ਕੇ ਘਰ ਬੈਠਣ ਜਾਵਣ ਤੇ ਅਸੀਂ ਰਲ ਕੇ ਜੰਗ ਵਿਚ ਜਾਵਾਂਗੀਆਂ। ਐਸੇ ਸ਼ਰਮਿੰਦਗੀ ਤੇ ਬੁਜ਼ਦਿਲ ਅਖਵਾਉਣ ਤੇ ਬੇਦਾਵਾ ਪੜਵਾਉਣ ਦੇ ਲਈ ਉੱਦਮ ਕਰਨ ਦੀ ਵੀਚਾਰ ਦੀਆਂ ਗੱਲਾਂ ਸੁਣ ਕੇ ਇਹ ਸਾਰੇ ਮਾਈ ਭਾਗੋ ਦੇ ਨਾਲ ਵਾਪਸ ਤੁਰ ਪਏ ਤੇ ਪਤਾ ਲਗਾ ਕਿ ਗੁਰੂ ਸਾਹਿਬ ਖਦਰਾਣੇ ਦੀ ਢਾਬ ਦੇ ਨੇੜੇ ਹਨ ਤਾਂ ਉਧਰ ਨੂੰ ਚਲ ਪਏ।

ਉਧਰ ਸਰਹਿੰਦ ਦੇ ਵਜ਼ੀਰ ਖ਼ਾਨ ਨੂੰ ਸੂਹ ਮਿਲੀ ਕਿ ਗੁਰੂ ਗੋਬਿੰਦ ਸਿੰਘ ਜੀ ਦੀਨੇ ਦੇ ਚੌਧਰੀਆਂ ਲਖਮੀਰ ਤੇ ਸ਼ਮੀਰ ਕੋਲ ਹਨ। ਉਸ ਨੇ ਇਨ੍ਹਾਂ ਨੂੰ ਚਿੱਠੀ ਭੇਜੀ ਕਿ ਬਾਗੀ ਗੁਰੂ ਨੂੰ ਸਾਡੇ ਹਵਾਲੇ ਕਰ ਦਿਓ ਨਹੀਂ ਤਾਂ ਤੁਹਾਡੇ ਨਾਲ ਵੀ ਸਖਤੀ ਕੀਤੀ ਜਾਵੇਗੀ। ਉਨ੍ਹਾਂ ਨੇ ਜਵਾਬ ਲਿਖ ਭੇਜਿਆ ਕਿ ਉਨ੍ਹਾਂ ਦਾ ਇਖਲਾਕੀ ਫਰਜ਼ ਹੈ ਕਿ ਉਹ ਗੁਰੂ ਸਾਹਿਬ ਜੀ ਦੇ ਇਨਸਾਫ਼ ਤੇ ਧਰਮ ਦੇ ਕਾਰਜ ਵਿਚ ਮਦਦ ਕਰਨ। ਵਜ਼ੀਰ ਖ਼ਾਨ ਫ਼ੌਜ ਨੂੰ ਇਕੱਠੀ ਕਰਕੇ ਗੁਰੂ ਜੀ ਨੂੰ ਪਕੜਨ ਲਈ ਤੁਰ ਪਿਆ। ਉਧਰ ਮਾਲਵੇ ਦੇ ਪਿੰਡਾਂ ਵਿਚ ਵੀ ਇਸ ਖ਼ਬਰ ਦਾ ਪਤਾ ਚਲ ਗਿਆ ਤੇ ਉਹ ਗੁਰੂ ਸਾਹਿਬ ਜੀ ਦੇ ਕੋਲ ਇਕੱਠੇ ਹੋਣੇ ਸ਼ੁਰੂ ਹੋ ਕੇ ਤੇ ਕਈ ਪਿੰਡਾਂ ਦੇ ਵਿਚ ਗੁਰੂ ਸਾਹਿਬ ਜੀ ਨੇ ਵੀ ਫੇਰੀ ਪਾਈ ਤੇ ਸਿੱਖਾਂ ਨੂੰ ਜਥੇਬੰਦ ਕੀਤਾ। ਗੁਰੂ ਸਾਹਿਬ ਜੀ ਨੇ ਮਹਿਸੂਸ ਕੀਤਾ ਕਿ ਜੰਗ ਯੁੱਧ ਲਈ ਦੀਨਾ ਅਨੁਕੂਲ ਤੇ ਉਚਿਤ ਨਹੀਂ ਹੈ ਤੇ ਯੁੱਧ ਨੀਤੀ ਅਨੁਸਾਰ ਖਿਦਰਾਣੇ ਦੀ ਢਾਬ ਦੇ ਨੇੜੇ ਪਹਾੜੀ, ਟਿੱਲਾ ਠੀਕ ਜਾਪਿਆ, ਕਿਉਂਕਿ ਜੇ ਪਾਣੀ ਉਪਰ ਕਬਜ਼ਾ ਰਹੇਗਾ ਤਾਂ ਜਿੱਤ ਯਕੀਨੀ ਹੋਵੇਗੀ, ਕਿਉਂਕਿ ਕਿਸੇ ਹੋਰ ਥਾਂ 15 ਮੀਲ ਤੱਕ ਕੋਈ ਪਾਣੀ ਦਾ ਪ੍ਰਬੰਧ ਨਹੀਂ ਸੀ। ਢਾਬ ਦੇ ਨੇੜੇ ਝਾੜੀਆਂ ਦੇ ਉਪਰ ਬਹੁਤ ਸਾਰੇ ਕੱਪੜੇ ਚਾਦਰਾਂ ਪਾ ਦਿੱਤੀਆਂ ਕਿ ਦੁਸ਼ਮਣ ਨੂੰ ਐਸਾ ਲੱਗੇ ਕਿ ਜਿਵੇਂ ਬਹੁਤ ਜ਼ਿਆਦਾ ਫ਼ੌਜ ਦੀਆਂ ਛਾਉਣੀਆਂ ਹੋਵਣ। ਵੀਹ ਹਜ਼ਾਰ ਦੀ ਫ਼ੌਜ ਦਾ ਸੈਂਕੜੇ ਸਿੰਘਾਂ ਦੀ ਫ਼ੌਜ ਨੇ ਬਹੁਤ ਤਕੜਾ ਮੁਕਾਬਲਾ ਕੀਤਾ। ਇਕ ਤਾਂ ਉਜਾੜ ਰੇਗਿਸਤਾਨ ਦੀ ਤਰ੍ਹਾਂ ਦਾ ਮਾਹੌਲ, ਪੀਣ ਨੂੰ ਪਾਣੀ ਨਹੀਂ ਤੇ ਉਪਰੋਂ ਸਿੰਘਾਂ ਦਾ ਜ਼ਬਰਦਸਤ ਮੁਕਾਬਲਾ ਚਾਰ ਹਜ਼ਾਰ ਤੋਂ ਜ਼ਿਆਦਾ ਮੁਗਲ ਫ਼ੌਜੀ ਮਾਰੇ ਗਏ। ਕਈ ਸਿੰਘ ਵੀ ਸ਼ਹੀਦ ਹੋਏ। ਮੁਗਲ ਫ਼ੌਜ ਬਹੁਤ ਨਿਰਾਸਤਾ ਵਿਚ ਆ ਗਈ ਤੇ ਪਿੱਛੇ, ਵਾਪਸ ਮੁੜਨ ਲੱਗ ਪਈ, ਕਿਉਂਕਿ ਗਰਮੀ ਵਿਚ ਲੜਨ ਲਈ ਪਿਆਸ ਤੰਗ ਕਰਦੀ ਹੈ ਤੇ ਐਸੇ ਸਮੇਂ ਪਾਣੀ ਜ਼ਰੂਰੀ ਲੋੜੀਂਦਾ ਹੈ। ਜਦੋਂ ਪਹਿਲਾਂ ਮੁਗਲ ਫ਼ੌਜ ਕੁਝ ਜ਼ੋਰ ਨਾਲ

ਲੜ ਰਹੀ ਤਾਂ ਉਸ ਸਮੇਂ ਇਹ ਚਾਲੀ ਬੇਦਾਵੀਏ ਸਿੱਖ ਤੇ ਮਾਈ ਭਾਗੋ ਜੀ ਵੀ ਮੁਗਲ ਫ਼ੌਜ ਨੂੰ ਟੁੱਟ ਕੇ ਪੈ ਗਏ ਕਿ ਆਪਣਾ ਕਲੰਕ ਧੋ ਲਈਏ ਤੇ ਗੁਰੂ ਸਾਹਿਬ ਤੋਂ ਬੇਦਾਵਾ ਪੜਵਾ ਲਈਏ। ਸਭ ਜਾਨਾਂ ਹੂਲ ਕੇ ਲੜੇ ਤੇ ਗੁਰੂ ਸਾਹਿਬ ਜੀ ਨੇ ਵੀ ਪਹਾੜੀ ਤੋਂ ਮੁਗਲ ਫ਼ੌਜਾਂ ਵੱਲ ਨੂੰ ਤੀਰ ਚਲਾਏ। ਮੁਗਲ ਫ਼ੌਜਾਂ 4000 ਤੋਂ ਵੱਧ ਲਾਸ਼ਾਂ ਤੇ ਹੋਰ ਬਹੁਤ ਸਾਰੇ ਜ਼ਖ਼ਮੀ ਫ਼ੌਜੀਆਂ ਨੂੰ ਉਥੇ ਹੀ ਛੱਡ ਕੇ ਵਾਪਸ ਮੁੜ ਗਏ ਤੇ ਇਤਨੀ ਨਿਰਾਸਤਾ ਵਿਚ ਆ ਗਏ ਕਿ ਇਨ੍ਹਾਂ ਨੂੰ ਵਿਸ਼ਵਾਸ ਹੋ ਗਿਆ ਕਿ ਫਿਰ ਲੜਨਾ ਸਾਡਾ ਨਿਕੰਮਾਪਣ ਹੋਵੇਗਾ ਤੇ ਵਿਅਰਥ ਹੋਵੇਗਾ।

ਗੁਰੂ ਸਾਹਿਬ ਜੀ ਦੇ ਸਮੇਂ ਇਹ ਆਖਰੀ ਜੰਗ ਸੀ। ਮੁਗਲ ਫ਼ੌਜ ਦੇ ਵਾਪਸ ਮੁੜ ਜਾਣ ਤੇ ਗੁਰੂ ਸਾਹਿਬ ਜੀ ਤੇ ਸਿੱਖਾਂ ਨੇ ਸ਼ਹੀਦ ਤੇ ਜ਼ਖ਼ਮੀਆਂ ਦੀ ਸੰਭਾਲ ਕੀਤੀ। ਮਾਈ ਭਾਗੋ ਜੀ ਵੀ ਜ਼ਖ਼ਮੀ ਹੋਏ ਸਨ ਤੇ ਬਾਅਦ ਵਿਚ ਗੁਰੂ ਸਾਹਿਬ ਨਾਲ ਹਜ਼ੂਰ ਸਾਹਿਬ ਨੂੰ ਗਏ। ਚਾਲੀ ਸਿੱਖਾਂ ਵਿੱਚੋਂ ਇਕ ਮਹਾਂ ਸਿੰਘ ਵੀ ਬਹੁਤ ਜ਼ਖ਼ਮੀ ਹੋਏ ਤੇ ਜਦੋਂ ਗੁਰੂ ਜੀ ਇਸ ਕੋਲ ਆਏ ਤਾਂ ਇਸ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਬੇਦਾਵਾ ਪਾੜ ਦਿਓ। ਸਤਿਗੁਰੂ ਜੀ ਨੇ ਆਖਿਆ ਕਿ ਹੋਰ ਬਹੁਤ ਕੀਮਤੀ ਸਮਾਨ ਮੈਂ ਨਹੀਂ ਸੰਭਾਲਿਆ, ਪਰ ਇਹ ਕਾਗਜ਼ ਆਪਣੇ ਜਾਮੇ ਵਿਚ ਕੱਢ ਕੇ ਉਸ ਨੂੰ ਗੋਦੀ ਵਿਚ ਲੈ ਕੇ ਉਸ ਦੇ ਸਾਹਮਣੇ ਪਾੜ ਕੇ ਆਖਿਆ ਕਿ ਤੁਸੀਂ ਲਿਖਿਆ ਸੀ ਕਿ ਤੁਸੀਂ ਸਾਡੇ ਗੁਰੂ ਨਹੀਂ ਪਰ ਮੈਂ ਤਾਂ ਨਹੀਂ ਆਖਿਆ ਕਿ ਤੁਸੀਂ ਮੇਰੇ ਸਿੱਖ ਨਹੀਂ। ਨਾਲ ਹੀ ਸਤਿਗੁਰੂ ਜੀ ਨੇ ਸ਼ਹੀਦ ਸਿੰਘਾਂ ਨੂੰ ਬਖ਼ਸ਼ਿਸ਼ਾਂ ਕੀਤੀ—ਮੇਰਾ ਦਸ ਹਜ਼ਾਰੀ, ਮੇਰਾ ਵੀਹ ਹਜ਼ਾਰੀ ਆਦਿ ਤੇ 40 ਬੇਦਾਵੀਏ ਸਿੱਖਾਂ ਨੂੰ ਮੁਕਤੇ ਖਿਤਾਬ ਪ੍ਰਦਾਨ ਕੀਤਾ। ਸਤਿਗੁਰੂ ਜੀ ਨੇ ਸ਼ਹੀਦ ਹੋਣ ਵਾਲਿਆਂ ਦੀ ਕੁਰਬਾਨੀ ਦੀ ਵਡਿਆਈ ਕਰਦਿਆਂ ਫ਼ੁਰਮਾਇਆ—'ਧੰਨ ਹਨ ਮਹਾਂ ਸਿੰਘ ਤੇ ਉਸ ਦੇ ਸਾਥੀ, ਅਸੀਂ ਸਾਰਿਆਂ ਨੂੰ ਮੁਕਤ ਕਰਦੇ ਹਾਂ। ਸਿੱਖ ਇਨ੍ਹਾਂ ਸ਼ਹੀਦਾਂ ਨੂੰ ਮੁਕਤੇ ਤੇ ਇਸ ਢਾਬ ਨੂੰ ਮੁਕਤਸਰ ਆਖਿਆ ਕਰਨਗੇ।' ਚਾਲੀ ਮੁਕਤਿਆਂ ਦੀ ਯਾਦ ਵਿਚ ਮਾਘੀ ਵਾਲੇ ਦਿਨ ਇੱਥੇ ਮੇਲਾ ਲੱਗਦਾ ਹੈ।

ਇਨ੍ਹਾਂ ਚਾਲੀ ਮੁਕਤਿਆਂ ਨੂੰ ਅਸੀਂ ਰੋਜ਼ ਅਰਦਾਸ ਵਿਚ ਯਾਦ ਕਰਦੇ ਹਾਂ ਤੇ ਇਸ ਢਾਬ ਨੂੰ ਮੁਕਤਸਰ ਦਾ ਨਾਮ ਦਿੱਤਾ। ਭਾਵੇਂ ਇਹ ਜੰਗ 1705 ਦੇ ਮਈ ਮਹੀਨੇ ਵਿਚ ਹੋਇਆ, ਪਰ ਇਹ ਯਾਦਗਾਰ ਮਾਘੀ ਸਮੇਂ ਮਨਾ ਕੇ ਸਿੰਘਾਂ ਦੀ ਸ਼ਹਾਦਤ ਨੂੰ ਯਾਦ ਕੀਤਾ ਜਾਂਦਾ ਹੈ ਤੇ ਇੱਥੇ ਸਭ ਤੋਂ ਵੱਡਾ ਸਰੋਵਰ ਹੈ। ਕਈ ਗੁਰਦੁਆਰਿਆਂ ਵਿਖੇ 40 ਦਿਨ ਸਿਮਰਨ ਦੇ ਪ੍ਰੋਗਰਾਮ ਕਰਕੇ ਇਨ੍ਹਾਂ ਚਾਲੀ ਮੁਕਤਿਆਂ ਦੀ ਯਾਦ ਮਨਾਈ ਜਾਂਦੀ ਹੈ। ਇੱਥੇ ਇਹ ਵੀ ਸੋਝੀ ਹੋ ਆਉਂਦੀ ਹੈ ਕਿ ਸਿੱਖ ਭੁੱਲਣਹਾਰ ਹੈ, ਪਰ ਗੁਰੂ ਸਾਹਿਬ ਜੀ ਦਇਆਲੂ ਹਨ ਤੇ ਭੁੱਲਾਂ ਬਖ਼ਸ਼ ਦਿੰਦੇ ਹਨ। ਗੁਰਬਾਣੀ ਵਿਖੇ ਵੀ ਫ਼ੁਰਮਾਨ ਹਨ ਕਿ ਮਾਲਕ ਪ੍ਰਭੂ ਜੀ ਤੇ ਗੁਰੂ ਸਾਹਿਬ ਨਹੀਂ ਭੁੱਲਦੇ ਬਾਕੀ ਸਭ ਭੁੱਲ ਜਾਂਦੇ ਨੇ :

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥
ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥
ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ ॥ (ਅੰਗ ੬੧)

ਮਾਘ ਵਿਚ ਗੰਗਾ ਵਿਚ ਤੇ ਪ੍ਰਯਾਗ ਆਦਿ ਤੀਰਥਾਂ 'ਤੇ ਇਸ਼ਨਾਨ ਕਰਨਾ ਬਹੁਤ ਪੁੰਨ-ਕਰਮ ਸਮਝਦੇ ਹਨ ਤੇ ਸਾਰੇ ਮਾਘ ਦੇ ਮਹੀਨੇ ਵਿਚ ਇਸ਼ਨਾਨ ਕਰਨਾ ਉੱਚਾ ਮੰਨਿਆ ਹੈ ਪਰ ਗੁਰਬਾਣੀ ਵਿਚ ਫ਼ੁਰਮਾਨ ਹੈ :

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥ (ਅੰਗ ੧੩੬)

ਇਸੇ ਫ਼ੁਰਮਾਨ ਵਿਚ ਅੱਗੇ ਪੰਗਤੀ ਹੈ :

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥ (ਅੰਗ ੧੩੬)

ਤੁਖਾਰੀ ਰਾਗ ਦੇ ਮਾਘ ਦੇ ਮਹੀਨੇ ਵਿਚ ਵੀ ਉਪਦੇਸ਼ ਹੈ :

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥
ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥

ਇਸੇ ਫ਼ੁਰਮਾਨ ਵਿਚ ਅੱਗੇ ਉਪਦੇਸ਼ ਹੈ :

ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ ॥
(ਅੰਗ ੧੧੦੯)

ਮਾਘ ਦੇ ਮਹੀਨੇ ਵਿਚ ਗੁਰਮੁਖਾਂ ਦੀ ਧੂੜੀ ਵਿਚ ਇਸ਼ਨਾਨ ਕਰਨ ਦੀ ਸੇਧ ਦਿੱਤੀ ਗਈ ਹੈ। ਸਾਧਸੰਗਤ ਵਿਚ ਪਹੁੰਚ ਕੇ ਰਲ ਕੇ ਪ੍ਰਭੂ ਦਾ ਸਿਮਰਨ ਕਰਨਾ, ਸੁਣਨਾ ਹੈ ਤੇ ਹੋਰਨਾਂ ਨੂੰ ਵੀ ਦਾਨ ਦੇਣਾ ਹੈ ਐਸੀ ਪ੍ਰੇਰਨਾ ਕਰਨੀ ਹੈ, ਜਪਣ ਜਪਾਉਣ ਦੀ, ਕਿਉਂਕਿ ਇਸ ਧੂੜੀ ਨਾਲ ਦੁਰਮਤਿ ਵੀ ਦੂਰ ਕਰਨ ਨੂੰ ਸਮਰੱਥ ਹੈ :

ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ ॥
(ਅੰਗ ੧੨੬੩)

ਅਠਾਹਠ ਤੀਰਥਾਂ ਦਾ ਇਸ਼ਨਾਨ, ਸਾਰੇ ਪੁੰਨਾਂ ਦਾ ਫਲ ਹੈ ਜੋ ਸਾਰੇ ਜੀਆਂ ਉਪਰ ਦਇਆ ਕਰਨੀ ਪ੍ਰਮਾਣੀਕ ਉੱਤਮ ਕਰਮ ਨਾਮ ਜਪਣ ਨਾਲ ਸਹਿਜੇ ਹੀ ਪ੍ਰਾਪਤ ਹੋ ਜਾਂਦੇ ਹਨ।

ਜਿਸ ਜਗਿਆਸੂ ਨੇ ਆਪਣੇ ਹਿਰਦੇ ਵਿਚ ਹੀ ਤੀਰਥ ਪਛਾਣ ਲਿਆ ਉਹ ਜੀਵ ਪਵਿੱਤਰ ਹੋ ਜਾਂਦਾ ਹੈ। ਜੋ ਜੀਵ ਆਪਣੇ ਪ੍ਰਭੂ ਦੇ ਗੁਣ ਹਿਰਦੇ ਵਿਚ ਗ੍ਰਹਿਣ ਕੀਤੇ ਹਨ, ਉਸ ਮਨੁੱਖ ਨੂੰ ਪ੍ਰਭੂ ਮਿਲ ਪੈਂਦਾ ਹੈ। ਜਿਸ ਨੇ ਪਰਮਾਤਮਾ ਦਾ ਨਾਮ ਸਿਮਰ ਕੇ ਨਾਮ ਰੂਪੀ ਮਹਾਂ ਰਸ ਪ੍ਰਾਪਤ ਕੀਤਾ ਹੈ ਤੇ ਅਠਾਹਠ ਤੀਰਥਾਂ ਦਾ ਇਸ਼ਨਾਨ ਸੁਤੇ ਸਿਧ ਹੀ ਪ੍ਰਾਪਤ ਹੋ ਜਾਂਦਾ ਹੈ।

ਪਰ ਫਿਰ ਵੀ ਅਠਾਹਠ ਤੀਰਥਾਂ ਦੀ ਮਹਿਮਾ ਹੈ, ਭਾਵੇਂ ਹਰ ਕੋਈ ਵਿਅਕਤੀ ਇਤਨਾ ਸਫ਼ਰ ਕਰਕੇ ਮੁਸ਼ਕਲਾਂ ਝੱਲ ਕੇ ਬੇਅੰਤ ਧਨ ਖ਼ਰਚ ਕਰਕੇ ਇਤਨੇ ਥਾਂਵਾਂ 'ਤੇ ਨਹੀਂ ਪਹੁੰਚ ਸਕਦਾ, ਕਿਉਂਕਿ ਸਭ ਦੇ ਵਿਚ ਐਸੀ ਸਮਰੱਥਾ ਨਹੀਂ ਹੁੰਦੀ ਪੈਸੇ ਕਰਕੇ ਸਰੀਰ ਕਰਕੇ। ਇਨ੍ਹਾਂ ਅਠਾਹਠ ਤੀਰਥਾਂ ਦੇ ਨਾਂਵਾਂ ਵਿਚ ਵੀ ਬਹੁਤ ਮਤਭੇਦ ਹੈ।

ਹਿੰਦੁਸਤਾਨ ਵਿਚ ਅਠਾਹਠ ਤੀਰਥ ਪਾਵਨ ਮੰਨੇ ਜਾਂਦੇ ਹਨ। ਭਾਈ ਕਾਹਨ ਸਿੰਘ ਜੀ ਨੇ ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼ ਦੇ ਪੰਨਾ 49 (ਸੰਸਕਰਨ ਚੌਥਾ ਭਾਸ਼ਾ ਵਿਭਾਗ ਪਟਿਆਲਾ) ਤੇ ਅਠਸਠਿ ਦੇ ਸਿਰਲੇਖ ਹੇਠ ਕਪਲਤੰਤ੍ਰ ਦੇ ਅਧਾਰ 'ਤੇ ਅਠਾਹਠ ਗਿਣਾਏ ਹਨ ਪਰ ਪੰਡਤ ਤਾਰਾ ਸਿੰਘ ਨਿਰੋਤਮ ਨੇ ਸ੍ਰੀ ਗੁਰਮਤਿ ਨਿਰਨਯ ਸਾਗਰ ਵਿਚ ਜੋ ਅਠਾਹਠ ਦੀ ਗਿਣਤੀ ਦਿੱਤੀ ਹੈ ਉਹ ਵੱਖ ਹੈ। ਪੰਡਤ ਤਾਰਾ ਸਿੰਘ ਜੀ ਦਾ ਖ਼ਿਆਲ ਹੈ ਕਿ ਇਕ ਇਕ ਤੀਰਥ ਵਿਚ ਅੱਗੋਂ ਵੀ ਅਨੇਕਾਂ ਹੋਰ ਤੀਰਥ ਹਨ।

ਜਿਵੇਂ ਕੁਰੂਕਸ਼ੇਤ੍ਰ ਵਿਚ ਹੋਰ 275 ਤੀਰਥ ਹਨ, ਕਾਸ਼ੀ ਵਿਚ 141, ਚਿਤ੍ਰਕੂਟ ਵਿਚ 164, ਪੁਸ਼ਕਰ ਵਿਚ 124, ਬ੍ਰਜ (ਮਥਰਾ) ਵਿਚ 151 ਤੇ ਗਯਾ ਵਿਖੇ 184, ਅਯੁਧਿਆ ਵਿਚ 115 ਆਦਿ। ਅਠਾਹਠ ਤੀਰਥ ਜੋ ਨਰੋਤਮ ਜੀ ਨੇ ਗਿਣਾਏ ਹਨ, ਉਹ ਇਸ ਪ੍ਰਕਾਰ ਹਨ :

1. ਉਜੈਨ	2. ਓਂਕਾਰ	3. ਅਯੁਧਿਆ
4. ਆਦਿ ਬਦਰੀ	5. ਆਦਿ ਕੂਰਮ	6. ਸਪਤ ਸਾਗਰ
7. ਸੰਭਲ	8. ਨਰਸਿੰਘ ਸਿੰਘਾਚਲ	9. ਸੁਦਾਮਾਪੁਰੀ
10. ਸੇਤ ਬੰਧ	11. ਸੋਨ-ਭਦ੍ਰਾ ਸੰਗਮ	12. ਹਿੰਗਲਾਜ
13. ਕਟਾਖ	14. ਕਸ਼ਮੀਰ	15. ਕਨਵ ਪ੍ਰਯਾਗ
16. ਕਾਸ਼ੀ	17. ਕੈਦਾਰ ਨਾਥ	18. ਕਮਖਯਾ
19. ਕ੍ਰਿਸ਼ਨਾ ਸਾਗਰ	20. ਕਿਸ਼ਕਿੰਧਾ	21. ਕੁਰੂਕਸ਼ੇਤ੍ਰ
22. ਗਯਾ	23. ਗੰਗਾ ਸਾਗਰ	24. ਗੰਗੋਤਰੀ
25. ਗੰਡਕੀ ਸੰਗਮ	26. ਗੋਮਤੀ ਸੰਗਮ	27 ਗੋਮਤੀ ਨਦੀ
28. ਚਿਤ੍ਰ ਕੂਟ	29. ਚੋਲ ਦੇਸ	30. ਜਗੰਨਾਥ
31. ਜਲੰਧਰ ਪੀਠ	32. ਜਨਕਪੁਰੀ	33. ਤਾਪਤੀ ਸੰਗਮ
34. ਤ੍ਰਯਬੰਕ	35. ਤੁੰਡੀਰ ਮੰਡਲ	36. ਦਾਮੋਦਰ ਕੁੰਡ
37. ਦੇਵ ਪ੍ਰਯਾਗ	38. ਨੰਦ ਪ੍ਰਯਾਗ	39. ਨਰਮਦਾ ਸੰਗਮ
40. ਨਾਰਾਯਣ ਸਰੋਵਰ	41. ਨੇਪਾਲ	42. ਨੈਮ ਖਾਰਯਣ
43. ਪ੍ਰਯਾਗ	44. ਪ੍ਰਭਾਸ	45. ਪਦਮ ਨਾਭ

46. ਪੰਚਬਟੀ	47. ਪੰਡਰਪੁਰ	48. ਪੰਨਾ ਨਰਸਿੰਘ
49. ਪਾਦ ਗਯਾ	50. ਪਾਂਡਯ ਦੇਸ	51. ਪੁਸ਼ਕਰ
52. ਪੁਲਾਹਾਸ਼੍ਰਮ	53. ਬਦਰੀ ਨਾਰਾਇਣ	54. ਬਸ਼ਿਸ਼ਟ ਸਾਗਰ
55. ਬ੍ਰਜ	56. ਬਿਸ੍ਵਮਿਤ੍ਰ ਯਗਥਾਨ	57. ਬਿੰਦੁਸਰ
58. ਬਿਠੂਰ	59. ਬੇਟ ਦਵਾਰਕਾ	60. ਬੇਤਰਣੀ
61. ਭ੍ਰਿਗੂਕਾ ਆਸ਼੍ਰਮ	62. ਮਲਯ ਦੇਸ਼	63. ਮਾਯਾ ਪੁਰੀ
64. ਮਾਧਵ ਪੁਰ	65. ਮੁਕਤੀ ਨਾਥ	66. ਰਾਵਤ ਗਿਰੀ
67. ਰਾਮ ਤੀਰਥ	68. ਲੋਹਾਗਰ	

ਗੁਰਬਾਣੀ ਵਿਚ ਫ਼ੁਰਮਾਨ ਹੈ ਕਿ ਪ੍ਰਭੂ ਜੀ ਦਾ ਨਾਮ ਸੁਣਨ ਦੇ ਨਾਲ ਹੀ ਇਹ ਪ੍ਰਾਪਤ ਹੋ ਜਾਂਦੇ ਹਨ :

ਸੁਣਿਐ ਸਤੁ ਸੰਤੋਖੁ ਗਿਆਨੁ ॥
ਸੁਣਿਐ ਅਠਸਠਿ ਕਾ ਇਸਨਾਨੁ ॥ (ਅੰਗ ੩)
ਸੁਣਿਆ ਮੰਨਿਆ ਮਨਿ ਕੀਤਾ ਭਾਉ ॥
ਅੰਤਰਗਤਿ ਤੀਰਥਿ ਮਲਿ ਨਾਉ ॥ (ਅੰਗ ੪)

ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਬਖ਼ਸ਼ਿਸ਼ ਕਰਕੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਅੰਮ੍ਰਿਤ ਸਰੋਵਰ ਵਿਖੇ ਹੀ ਦੁੱਖ ਭੰਜਨੀ ਬੇਰੀ ਦੇ ਨਜ਼ਦੀਕ ਹੀ ਜਿੱਥੇ ਹੁਣ ਥੜ੍ਹਾ ਸਾਹਿਬ ਕਾਇਮ ਹੈ ਉਸ ਥਾਂ ਨੂੰ ਅਠਸਠ ਤੀਰਥ ਦਾ ਨਾਮ ਦਿੱਤਾ ਤੇ ਉਪਦੇਸ਼ ਬਖ਼ਸ਼ਿਆ ਕਿ ਇੱਥੇ ਸਰੋਵਰ ਵਿਚ ਇਸ਼ਨਾਨ ਕਰਨ ਦੇ ਨਾਲ ਹੀ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋ ਜਾਵੇਗਾ ਜੇ ਸ਼ਰਧਾ ਭਾਵਨਾ ਨਾਲ ਕੀਤਾ ਜਾਵੇ। ਇੱਥੇ ਇਕ ਜੋਗੀ ਸਾਧੂ ਆਇਆ, ਜਿਸ ਨੇ ਸਤਿਗੁਰੂ ਜੀ ਅੱਗੇ ਸ਼ੰਕਾ ਪ੍ਰਗਟ ਕੀਤੀ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਅਠਾਹਠ ਤੀਰਥਾਂ ਦਾ ਫਲ ਕਿਵੇਂ ਨਸੀਬ ਹੋ ਸਕਦਾ ਹੈ। ਮੈਂ ਬਹੁਤ ਤੀਰਥਾਂ ਦੇ ਉੱਪਰ ਇਸ਼ਨਾਨ ਕੀਤਾ ਹੈ। ਸਤਿਗੁਰੂ ਜੀ ਨੇ ਆਖਿਆ ਕਿ ਕੱਲ ਨੂੰ ਤੁਸੀਂ ਅੰਮ੍ਰਿਤ ਵੇਲੇ ਅਠਸਠ ਤੀਰਥ ਅਸਥਾਨ ਵਿਖੇ ਇਸ਼ਨਾਨ ਕਰਨਾ, ਫਿਰ ਕੱਲ ਨੂੰ ਗੱਲ ਕਰਾਂਗੇ।

ਦੂਜੇ ਦਿਨ ਦੀ ਸੁਬ੍ਹਾ ਸਮੇਂ ਉਥੇ ਇਸ਼ਨਾਨ ਕੀਤਾ ਤਾਂ ਉਸ ਨਾਲ ਦੋ ਚਮਤਕਾਰ ਵਾਪਰੇ ਇਕ ਤਾਂ ਉਸ ਦਾ ਹੋਰ ਤੀਰਥ ਅਸਥਾਨ 'ਤੇ ਗਵਾਚਾ ਲੋਟਾ ਇੱਥੇ ਜਲ ਵਿੱਚੋਂ ਮਿਲ ਗਿਆ ਤੇ ਦੂਜਾ ਉਸ ਦੀ ਹੋਰ ਤੀਰਥ ਅਸਥਾਨ 'ਤੇ ਇਸ਼ਨਾਨ ਕਰਦਿਆਂ ਇਕ ਵੱਡੀ ਮੱਛੀ ਉਸ ਦੀ ਕੰਨ ਦੀ ਮੁੰਦਰਾ ਕੁਝ ਕੰਨ ਦੇ ਹਿੱਸੇ ਸਮੇਤ ਕੱਟ ਕੇ ਲੈ ਗਈ ਸੀ ਜਦੋਂ ਉਹ ਡੁਬਕੀ ਲਾ ਰਿਹਾ ਸੀ। ਉਹੋ ਹੀ ਮੱਛੀ ਉਹ ਕੰਨ ਦੀ ਮੁੰਦਰਾ ਮੂੰਹ ਥਾਂਈ ਕੱਢ ਕੇ ਉਸ ਦੇ ਕੋਲ ਛੱਡ ਗਈ। ਉਸ ਕੰਨਪਟੇ ਜੋਗੀ ਨੂੰ ਦੇ ਗਈ। ਉਸ ਜੋਗੀ ਨੇ ਆ ਕੇ ਸਤਿਗੁਰੂ ਜੀ ਤੋਂ ਮੁਆਫ਼ੀ ਮੰਗ ਕੇ ਦੋਨੋਂ ਵਰਤੇ ਕੋਤਕ ਸੰਗਤ ਵਿਚ ਬਿਆਨ ਕੀਤੇ ਤੇ ਆਖਿਆ ਕਿ ਇੱਥੇ ਅਠਾਹਠ

ਤੀਰਥਾਂ ਦਾ ਜਲ ਆਉਂਦਾ ਹੈ ਦੋ ਵੱਖਰੇ-ਵੱਖਰੇ ਤੀਰਥਾਂ ਉੱਪਰ ਗਵਾਚੀਆਂ ਵਸਤਾਂ ਉਸ ਨੂੰ ਇਥੋਂ ਮਿਲੀਆਂ ਹਨ। ਇਹ ਪ੍ਰਸੰਗ ਗੁਰ-ਇਤਿਹਾਸ ਵਿਚ ਦਰਜ ਹੈ।

ਸਤਿਗੁਰੂ ਜੀ ਦੀ ਕੈਸੀ ਰਹਿਮਤ ਹੈ ਕਿ ਇੱਥੇ ਹੀ ਅਠਾਹਠ ਤੀਰਥਾਂ ਦਾ ਇਸ਼ਨਾਨ ਸਾਡੇ ਸਿੱਖਾਂ ਨੂੰ ਸਹਿਜੇ ਹੀ ਪ੍ਰਾਪਤ ਹੋ ਜਾਵੇ। ਅਠਾਹਠ ਤੀਰਥਾਂ ਦੇ ਇਸ਼ਨਾਨ ਬਾਰੇ ਕਈ ਸ਼ਬਦਾਂ ਵਿਚ ਸੰਕੇਤ ਹਨ ਪਰ ਇੱਥੇ ਨਹੀਂ ਦਿੱਤੇ ਜਾ ਰਹੇ।

ਮਾਘ ਸੁਦੀ ਪੰਚਮੀ ਨੂੰ ਹੀ ਬਸੰਤ ਪੰਚਮੀ ਮਨਾਈ ਜਾਂਦੀ ਹੈ। ਇਸ ਦਾ ਜ਼ਿਕਰ ਤੇ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਬਸੰਤ ਰਾਗ ਦੇ ਗਾਇਨ ਬਾਰੇ ਪਹਿਲਾਂ ਜ਼ਿਕਰ ਕੀਤਾ ਗਿਆ ਹੈ।

ਮਾਘੀ ਨੂੰ ਹਿੰਦੂ ਧਰਮ ਦੇ ਪੈਰੋਕਾਰ ਵੀ ਬਹੁਤ ਧੂਮ-ਧਾਮ ਨਾਲ ਮਨਾਉਂਦੇ ਹਨ ਤੇ ਇਸ ਨੂੰ ਮਕਰ ਸਾਂਕਰਾਤੀ ਦਾ ਨਾਮ ਵੀ ਦਿੱਤਾ ਜਾਂਦਾ ਹੈ। ਮਕਰ ਸਾਂਕਰਾਤੀ ਸਾਰੇ ਭਾਰਤ ਵਿਚ ਮਨਾਈ ਜਾਂਦੀ ਹੈ ਪਰ ਕਈ ਥਾਂਵਾਂ 'ਤੇ ਨਾਮ ਤੇ ਮਨਾਉਣ ਦੇ ਢੰਗ ਵੱਖਰੇ-ਵੱਖਰੇ ਹਨ। ਇਹ ਸੂਰਜ ਦੇਵਤੇ ਦੀ ਪੂਜਾ ਨਾਲ ਸਬੰਧਤ ਹੈ। ਗੁਜਰਾਤ ਵਿਚ ਪਤੰਗ ਬਹੁਤ ਉਡਾਏ ਜਾਂਦੇ ਹਨ। ਇਸ ਮੌਕੇ ਉੱਪਰ ਤੇ ਮੂੰਗਫਲੀ, ਤਿਲ ਤੇ ਗੁੜ ਨਾਲ/ਸਹਿਤ ਖਾਣੇ ਪਕਾਏ ਜਾਂਦੇ ਹਨ। ਬਿਹਾਰ ਤੇ ਝਾਰਖੰਡ ਵਿਖੇ ਗੰਗਾ ਵਿਚ ਇਸ਼ਨਾਨ ਕੀਤਾ ਜਾਂਦਾ ਹੈ। ਇੱਥੇ ਵੀ ਚੌਲ, ਦਹੀਂ ਤੇ ਗੁੜ ਨਾਲ ਖਾਣੇ ਬਣਾਏ ਜਾਂਦੇ ਹਨ। ਆਲੂਆਂ ਨੂੰ ਭੁੰਨ ਕੇ ਖਾਧਾ ਜਾਂਦਾ ਹੈ। ਖਿਚੜੀ, ਪਾਪੜ, ਘਿਉ ਤੇ ਅਚਾਰ ਦੀ ਵੀ ਖੁੱਲ੍ਹੀ ਵਰਤੋਂ ਕੀਤੀ ਜਾਂਦੀ ਹੈ।

ਅਸਾਮ ਵਿਖੇ ਜਸ਼ਨ ਹਫਤਾ ਭਰ ਚਲਦੇ ਹਨ। ਇੱਥੇ ਇਸ ਨੂੰ ਮਾਘ-ਬੀਹੂ ਆਖਦੇ ਹਨ। ਇੱਥੇ ਬਹੁਤ ਖੇਡਾਂ ਵੀ ਖੇਡਦੇ ਹਲ ਜਿਵੇਂ ਤੀਕੇਲੀ-ਭੋਂਗਾ ਜੋ ਭਾਂਡੇ ਤੋੜਨਾ ਹੈ। ਪਸ਼ੂਆਂ ਝੋਟਿਆਂ ਨੂੰ ਲੜਾਇਆ ਜਾਂਦਾ ਹੈ। ਚੌਲਾਂ ਦੇ ਕੇਕ ਬਣਾਏ ਜਾਂਦੇ ਹਨ। ਲਾਰੂ ਨਾਰੀਅਲ ਤੋਂ ਮਿੱਠੇ ਪਕਵਾਨ ਬਣਾਏ ਜਾਂਦੇ ਹਨ।

ਤਾਮਿਲਨਾਡੂ ਵਿਖੇ ਇਸ ਨੂੰ ਪੋਂਗਲ ਆਖਿਆ ਜਾਂਦਾ ਹੈ। ਬਹੁਤ ਸਾਰੀਆਂ ਪੁਰਾਣੀਆਂ ਵਸਤਾਂ ਦੇ ਥਾਂ ਨਵੀਆਂ ਬਦਲ ਦਿੱਤੀਆਂ ਜਾਂਦੀਆਂ ਹਨ। ਇੱਥੇ ਵੀ ਤਿਉਹਾਰੀ ਖਾਣੇ ਬਣਾਏ ਜਾਂਦੇ ਹਨ, ਸੰਖ ਵਜਾਏ ਜਾਂਦੇ ਹਨ।

St. Valentines Day

ਵੈਲੇਨਟਾਈਨ ਡੇ Valentine Day ਵੀ ਇਕ ਉਤਸਵ ਦੀ ਤਰ੍ਹਾਂ ਬਣ ਗਿਆ ਹੈ। ਇਸ ਨੂੰ ਪਿਆਰ Love ਦੇ ਪ੍ਰਤੀਨਿਧ ਦੀ ਤਰ੍ਹਾਂ ਮੰਨਦੇ ਹਨ। ਪ੍ਰੇਮੀ ਤੇ ਪ੍ਰੇਮਕਾਵਾਂ 14 ਫਰਵਰੀ ਨੂੰ ਇਕ ਦੂਜੇ ਨੂੰ ਹਰ ਸਾਲ ਤੋਹਫੇ ਦਿੰਦੇ ਹਨ ਤੇ ਪਿਆਰ ਦਾ ਇਜ਼ਹਾਰ ਕਰਦੇ ਹਨ। ਫੁੱਲ, ਚਾਕਲੇਟ ਤੇ ਗਹਿਣੇ ਕੱਪੜੇ ਆਦਿ ਇਕ ਦੂਜੇ ਨੂੰ ਪ੍ਰੇਮ ਭੇਟ ਕਰਦੇ ਹਨ। ਇਹ ਤੀਜੀ ਸਦੀ ਦਾ ਵਾਕਿਆ ਹੈ ਤੇ ਇਸ ਦੇ ਪਿੱਛੇ ਕਈ ਕਹਾਣੀਆਂ ਹਨ ਜੋ ਇੱਥੇ

ਨਹੀਂ ਦਿੱਤੀਆਂ ਜਾ ਰਹੀਆਂ। ਇਸ ਵੈਲੇਨਟਾਈਨ ਡੇ ਨੂੰ ਬਹੁਤ ਸਾਰੇ ਦੇਸ਼ਾਂ ਵਿਚ ਮਨਾਇਆ ਜਾਂਦਾ ਹੈ ਪਰ ਇਸ ਦਿਨ ਸਰਕਾਰੀ ਛੁੱਟੀ ਨਹੀਂ ਹੁੰਦੀ ਹੈ। ਪਤੀ ਪਤਨੀ ਵੀ ਇਕ ਦੂਜੇ ਤੋਂ ਤੋਹਫੇ ਦੀ ਉਮੀਦ ਕਰਦੇ ਹਨ। ਜੇ ਕਿਤੇ ਪਤੀ ਭੁੱਲ ਜਾਵੇ ਤਾਂ ਉਸ ਦਿਨ ਖਾਣਾ ਨਹੀਂ ਮਿਲਦਾ। ਇਹ ਤਿਉਹਾਰ ਕਈਆਂ ਸਟੋਰਾਂ ਲਈ ਬਹੁਤ ਵੱਡਾ ਕਾਰੋਬਾਰ ਹੈ।

Harbin Ice Festival China

ਹਾਰਬਿਨ ਆਈਸ ਫੈਸਟੀਵਲ ਚੀਨ

ਹਾਰਬਿਨ ਬਰਫਾਨੀ ਮੇਲਾ ਚੀਨ ਵਿਖੇ ਭਾਵੇਂ 1963 ਤੋਂ ਸ਼ੁਰੂ ਹੋਇਆ, ਪਰ ਇਸ ਸਮੇਂ ਇਹ ਇਕ ਅੰਤਰ-ਰਾਸ਼ਟਰੀ ਬਰਫਾਨੀ ਮੇਲਾ ਬਣ ਚੁੱਕਾ ਹੈ ਤੇ ਬਹੁਤ ਸੈਲਾਨੀ ਇੱਥੇ ਪਹੁੰਚਦੇ ਹਨ। ਇਹ ਜ਼ਿਆਦਾਤਰ ਜਨਵਰੀ ਦੇ ਸ਼ੁਰੂ ਤੋਂ ਲੈ ਕੇ ਫਰਵਰੀ ਦੇ ਆਖੀਰ ਤੱਕ ਚਲਦਾ ਹੈ। ਇੱਥੇ ਸੌਂਗਹੁਆ Songhua ਦਰਿਆ ਤੋਂ 2-3 ਫੁਟ ਦੇ ਜੰਮੀ ਆਈਸ ਦੇ ਡਲੇ, ਢੇਲੇ ਲੈ ਕੇ ਇਨ੍ਹਾਂ ਬਲਾਕਾਂ ਨਾਲ ਇਮਾਰਤਾਂ ਬਣਾਈਆਂ ਜਾਂਦੀਆ ਹਨ ਤੇ ਬਹੁਤ ਤਰੀਕਿਆਂ ਨਾਲ ਰੰਗ ਭਰੇ ਜਾਂਦੇ ਹਨ। ਇਨ੍ਹਾਂ ਆਈਸ ਬਲਾਕਾਂ ਤੋਂ ਬਹੁਤ ਤਰ੍ਹਾਂ ਦੀ ਬੁੱਤ ਤਰਾਸ਼ੀ, ਮੂਰਤੀ ਕਲਾ ਰਾਹੀਂ ਬਹੁਤ ਅਚੰਭਤ ਕਰਨ ਵਾਲੀਆਂ ਇਮਾਰਤਾਂ ਤਾਮੀਰ ਕੀਤੀਆਂ ਜਾਂਦੀਆਂ ਹਨ।

Lake Towada Winter Story Festival Japan

ਲੇਕ ਟੋਵਾਡਾ ਵਿੰਟਰ ਸਟੋਰੀ ਫੈਸਟੀਵਲ ਜਪਾਨ

ਇਥੇ ਵੀ ਆਈਸ ਦੇ ਢੇਲਿਆਂ ਤੋਂ ਦੇਵ ਕੱਦ, ਬਹੁਤ ਵੱਡੇ ਜਪਾਨੀ ਸੈਨਾ-ਅਧਿਕਾਰੀ Samurai ਤੇ ਜ਼ਾਲਮ ਰਾਖਸ਼ ਸ਼ੈਤਾਨਾਂ ਦੇ ਬੁੱਤ ਘੜੇ ਜਾਂਦੇ ਹਨ ਜੋ ਕਿ ਦਸ ਮੀਟਰ ਤੱਕ ਉੱਚੇ ਹੁੰਦੇ ਹਨ। ਇਹ ਯਾਸੂਮੀਆ ਟੋਵਾਡਾ ਝੀਲ ਦੇ ਨੇੜੇ ਬਣਾਏ ਜਾਂਦੇ ਹਨ। ਇੱਥੇ ਤਾਜ਼ਾ ਪਕੜੀਆਂ ਮੱਛੀਆਂ ਦਾ ਭੋਜਨ ਜ਼ਿਆਦਾ ਪ੍ਰਸਿੱਧ ਹੈ ਤੇ ਬਰਫ ਦੀਆਂ ਝੌਂਪੜੀਆਂ ਇਗਲੂ Igloo ਵਿਖੇ ਬਾਰ ਬਣਾਉਂਦੇ ਹਨ। ਇੱਥੇ ਬਹੁਤ ਪ੍ਰਭਾਵਸ਼ਾਲੀ ਅਸਰਦਾਇਕ ਸੁਰੰਗ ਹੈ ਜਿੱਥੇ ਇਕ ਲੱਖ ਸੱਠ ਹਜ਼ਾਰ ਲੈਂਡ ਲਾਈਟਾਂ ਰੋਸ਼ਨੀਆਂ ਕਰਦੀਆਂ ਹਨ। ਵੱਖਰੇ-ਵੱਖਰੇ ਰੰਗਾਂ ਦੀਆਂ ਰੋਸ਼ਨੀਆਂ ਆਈਸ ਉਪਰ ਮੂਰਤੀਕਲਾ ਉਪਰ ਜਦੋਂ ਪੈਂਦੀਆਂ ਹਨ ਤਾਂ ਅਤਿਅੰਤ ਸੁੰਦਰ ਦ੍ਰਿਸ਼ ਬਣ ਜਾਂਦੇ ਹਨ। ਸ਼ਾਮ ਨੂੰ ਅਤਿਸ਼ਬਾਜ਼ੀ ਵੀ ਹੁੰਦੀ ਹੈ।

Steamboat Springs Winter Carnival Colorado USA

ਸਟੀਮਬੋਟ ਸਪਰਿੰਗਜ਼ ਵਿੰਟਰ ਕਾਰਨੀਵਾਲ ਕੋਲੋਰਾਡੋ ਅਮਰੀਕਾ

ਇਕ ਸਦੀ ਤੋਂ ਵੀ ਜ਼ਿਆਦਾ ਹੋ ਗਿਆ ਹੈ ਇੱਥੇ ਫਰਵਰੀ ਮਹੀਨੇ ਦੇ ਦੂਜੇ ਹਫਤੇ

ਇਹ ਮੇਲਾ ਲੱਗਦਾ ਹੈ ਪਰ ਇੱਥੇ ਕੋਈ ਬੇੜੀ (ਬੋਟ) ਵਗੈਰਾ ਨਹੀਂ ਚਲਦੀ। ਪਰ ਇੱਥੇ ਗਰਮ ਚਸ਼ਮੇ, ਸੋਮੇ ਚੁਗ-ਚੁਗ ਦੀ ਆਵਾਜ਼ ਕਰਦੇ ਹਨ, ਜਿਵੇਂ ਕਿ ਕਿਸੇ ਸਟੀਮ ਬੋਟ ਦਾ ਇੰਜਨ ਆਵਾਜ਼ ਕਰਦਾ ਹੈ। ਇੱਥੇ ਵਾਰਨਰ ਪਹਾੜੀ ਵੀ, ਕੁਦਰਤੀ ਤੇ ਪ੍ਰਕਿਰਤੀ ਨੂੰ ਪਿਆਰ ਕਰਨ ਵਾਲਿਆਂ ਲਈ ਇਹ ਬਹੁਤ ਹੀ ਸੁਹਾਵਣੀ ਜਗ੍ਹਾ ਹੈ। ਇੱਥੇ ਸਕੀਇੰਗ ਤੇ ਲੰਬੀ ਪੈਦਲ ਯਾਤਰਾ ਆਦਿ ਲਈ ਯੋਗ ਥਾਂਵਾਂ ਹਨ। ਇੱਥੇ 150 ਤੋਂ ਵੀ ਜ਼ਿਆਦਾ ਕੁਦਰਤੀ ਗਰਮ ਪਾਣੀ ਦੇ ਚਸ਼ਮੇ ਹਨ। ਇਹ ਤੱਤੇ ਪਾਣੀ ਦੇ ਚਸ਼ਮਿਆਂ ਨੂੰ ਬਹੁਤ ਪਵਿੱਤਰ, ਆਤਮਿਕ ਤੇ ਰੂਹਾਨੀ ਮੰਨਦੇ ਹਨ ਤੇ ਸਰੀਰਕ ਸੁਧਾਰ ਤੇ ਤੰਦਰੁਸਤੀ ਸੰਭਵ ਹੈ। ਇਸ ਨੂੰ "Spa town" ਵੀ ਅਖਦੇ ਹਨ। ਸਕੀਇੰਗ ਲਈ ਵੀ ਇਹ ਬਹੁਤ ਯੋਗ ਹੈ ਕਿਉਂਕਿ ਇਹ ਥਾਂ ਸਮੁੰਦਰ ਤਲ ਤੋਂ ਸਿਰਫ 6700 ਫੁੱਟ ਉਚਾਈ 'ਤੇ ਹੈ।

ਇੱਥੇ ਕਾਰਨੀਵਲ ਲਈ 400 ਤੋਂ ਵਧ ਟਨ ਸਨੋ (ਬਰਫ) ਬਣਾ ਕੇ ਇਕੱਠੀ ਕਰਕੇ ਸੜਕਾਂ ਦੇ ਉੱਪਰ ਖਿਲਾਰੀ ਜਾਂਦੀ ਹੈ ਤਾਂ ਕਿ ਐਸਾ ਬਰਫੀਲਾ ਮਾਹੌਲ ਬਣਾਇਆ ਜਾ ਸਕੇ। ਇੱਥੇ ਬਹੁਤ ਸਾਰੇ ਵਰਕਰਾਂ ਦੇ ਨਾਲ ਸਵੈ-ਇੱਛਿਤ ਲੋਕ ਵੀ ਮਨਮਰਜ਼ੀ ਨਾਲ ਰਲ ਕੇ ਸੇਵਾ ਸਹਾਇਤਾ ਕਰਦੇ ਹਨ। ਇੱਥੇ ਇਕ ਰੋਸ਼ਨੀ ਵਾਲਾ ਪੁਰਸ਼ Lighted Man ਹੁੰਦਾ ਹੈ ਜਿਸ ਦਾ ਰੋਸ਼ਨੀ ਵਾਲਾ ਜਾਮਾ (ਪੁਸ਼ਾਕ) ਤਕਰੀਬਨ 32 ਕਿਲੋ ਭਾਰਾ ਹੁੰਦਾ ਹੈ। ਕਈ ਤਰ੍ਹਾਂ ਦੇ ਬਲਬ ਉਸ ਜਾਮੇ ਵਿਚ ਹੁੰਦੇ ਹਨ। ਇੱਥੇ ਸਾਰੀਆਂ ਸਾਰੀਆਂ ਗਲੀਆਂ ਵਿਚ ਵਿਅਕਤੀਆਂ ਦੇ ਲਈ ਮਹੱਤਵਪੂਰਨ, ਰੰਗ-ਬਰੰਗੇ, ਦਿਲਚਸਪ ਪ੍ਰੋਗਰਾਮ ਉਲੀਕੇ ਜਾਂਦੇ ਹਨ। ਇਹ ਸਟੀਮਬੋਟ ਸਪਰਿੰਗਜ਼ ਵਿੰਟਰ ਕਾਰਨੀਵਲ, ਕੋਲੋਰਾਡੋ, ਅਮਰੀਕਾ ਵਿਖੇ ਬਹੁਤ ਲੋਕਪ੍ਰਿਯ ਤੇ ਵੇਖਣ ਜਾਣ ਲਈ ਹਰਮਨ ਪਿਆਰੀ ਮੰਜ਼ਲ ਬਣ ਰਹੀ ਹੈ।

Carnaval De Quebec Canada

ਕਾਰਨਾਵਲ ਦਾ ਕਿਊਬੈਕ ਕਨੇਡਾ

ਕਨੇਡਾ ਨੂੰ ਆਮ ਤੌਰ 'ਤੇ ਬਹੁਤ ਜਾਦੂਮਈ ਸਰਦੀਆਂ ਦੀ ਮੰਜ਼ਿਲ ਮੰਨਿਆ ਜਾਂਦਾ ਹੈ। ਇੱਥੇ ਕੁਦਰਤੀ ਉਤਰੀ ਰੋਸ਼ਨੀਆਂ Northen Lights ਦੇਖਣ ਦਾ ਵੀ ਸਬੱਬ ਬਣ ਜਾਂਦਾ ਹੈ ਕਨੇਡਾ ਦੇ ਉਤਰੀ ਹਿੱਸੇ ਵਿਖੇ। ਕਿਊਬੈਕ ਦੀਆਂ ਸਰਦੀ ਦੀਆਂ ਸਰਗਰਮੀਆਂ ਤੇ ਕ੍ਰਿਆਤਮਕਤਾ ਹੈਰਾਨ ਕਰ ਦਿੰਦੀਆਂ ਹਨ ਤੇ ਵਿਅਕਤੀ ਅਸਚਰਜ, ਅਚੰਭਤ ਹੋ ਜਾਂਦੇ ਹਨ ਇੱਥੇ ਦੇ ਚਮਤਕਾਰ ਦੇਖ ਕੇ। ਇੱਥੇ ਗਜ਼ਬਦਾਰ ਰੰਗਾਂ ਵਿਚ ਕਮਾਲ ਦੀਆਂ ਪ੍ਰਦਰਸ਼ਨੀਆਂ ਦੇਖਣ ਨੂੰ ਮਿਲਦੀਆਂ ਹਨ ਤੇ ਹੋਰ ਬਹੁਤ ਕੁਝ ਦੇਖਣ ਨੂੰ ਮਿਲਦਾ ਹੈ। ਵਧੀਆ ਜਲੂਸ ਘੁੰਮਦੇ ਹਨ। ਸਾਰਾ ਸ਼ਹਿਰ ਖ਼ਾਸ ਕਰਕੇ ਉਪਰਲੇ ਹਿੱਸੇ ਬਹੁਤ ਹੀ ਸਜਾਏ ਜਾਂਦੇ ਹਨ। ਬਾਹਰ ਖੇਡਾਂ ਲਈ ਮਹੱਤਵਪੂਰਨ ਸਮਾਗਮ ਰਚੇ ਜਾਂਦੇ ਹਨ। ਜਿਵੇਂ ਸਨੋਬੋਰਡਿੰਗ, ਆਈਸ ਕਨੂ, ਸਨੋ ਛੂਜ ਤੇ ਹਾਕੀ ਆਦਿ। ਕਈ ਗਤੀਵਿਧੀਆਂ ਮੁਫਤ ਵੀ ਹੁੰਦੀਆਂ ਹਨ। ਇੱਥੇ ਸੱਤ ਫੁੱਟ ਲੰਬਾ ਤੇ ਤਕਰੀਬਨ 182 ਕਿਲੋ

ਭਾਰਾ ਸਨੋਮੈਨ, ਜਿਸ ਦੀ ਟੋਪੀ ਲਾਲ ਹੁੰਦੀ ਹੈ ਤੇ ਕਾਲੇ ਬਟਨ ਜੋ ਬਹੁਤ ਸੋਹਣਾ ਜਾਪਦਾ ਹੈ ਇਸ ਸਨੋਮੈਨ ਨੂੰ ਬੋਨਹੋਮ ਆਖਦੇ ਹਨ। ਕਿਹੜਾ ਵਿਅਕਤੀ ਇਹ ਲਿਬਾਸ ਪਹਿਰਾਵਾ ਪਹਿਨਦਾ ਹੈ ਇਹ ਨਹੀਂ ਪੁੱਛਿਆ/ਦੱਸਿਆ ਜਾਂਦਾ। ਬੋਨਹੋਮ ਨੂੰ ਇਸ ਮੇਲੇ ਦਾ ਪ੍ਰਤੀਨਿਧ ਮੰਨਦੇ ਹਨ। ਇੱਥੇ ਵੀ ਬਹੁਤ ਬਰਫ ਆਈਸ ਦੀਆਂ ਦਿਲਕਸ਼ ਇਮਾਰਤਾਂ ਬਣਾਈਆਂ ਜਾਂਦੀਆਂ ਹਨ। ਹਿਮਕਰ ਰੁੱਤ ਦਾ ਇਹ ਬਹੁਤ ਵਧੀਆ ਮੇਲਾ ਹੈ। ਇੱਥੇ ਤਕਰੀਬਨ 10 ਲੱਖ ਸੈਲਾਨੀ ਪਹੁੰਚਦੇ ਹਨ ਤੇ ਇਹ ਫਰਵਰੀ ਵਿਚ 9-10 ਦਿਨ ਚਲਦਾ ਹੈ। ਇਕ ਹੋਰ ਰੀਕਾਰਡ ਜੋ ਕਨੇਡਾ ਦੇ ਵਿਚ ਕਾਇਮ ਹੋਇਆ ਜਦੋਂ ਸੱਤ ਹਜ਼ਾਰ ਲੋਕਾਂ ਨੇ ਸਨੋ-ਬਾਲ ਫਾਈਟ Snow-ball fight ਇਕ ਦੂਜੇ ਉੱਪਰ ਬਰਫ ਦੇ ਗੋਲੇ ਬਣਾ ਕੇ ਸਿੱਟਣੇ ਵਿਚ ਹਿੱਸਾ ਲਿਆ।

ਹੋਰ ਵੀ ਕਈ ਇਸ ਰੁੱਤ ਦੇ ਮੇਲੇ ਦੁਨੀਆਂ ਵਿਚ ਲੱਗਦੇ ਹਨ ਜੋ ਕਿ ਕਨੇਡਾ, ਚੀਨ, ਡੈਨਮਾਰਕ, ਜਰਮਨੀ, ਜਪਾਨ, ਸਲੋਵੀਨੀਆ, ਦੱਖਣੀ ਕੋਰੀਆ ਤੇ ਅਮਰੀਕਾ ਵਿਖੇ ਆਯੋਜਤ ਕੀਤੇ ਜਾਂਦੇ ਹਨ। ਹੋਰ ਵੀ ਹੋਣਗੇ ਤੇ ਇਨ੍ਹਾਂ ਉਪਰ ਹੀ ਇਕ ਕਿਤਾਬ ਲਿਖੀ ਜਾ ਸਕਦੀ ਹੈ ਪਰ ਇੱਥੇ ਹੀ ਇਸ ਵਿਸਥਾਰ ਨੂੰ ਸੰਕੋਚਿਆ ਜਾਂਦਾ ਹੈ। ਆਪੋ-ਆਪਣੀ ਥਾਂ 'ਤੇ ਸਭ ਹੀ ਵਧੀਆ ਹੋਣਗੇ ਕੋਈ ਵੀ ਚਹੇਤਾ ਨਹੀਂ ਹੈ ਜੀ।

★

ਸੰਪੂਰਨਤਾ

ਰੁੱਤਾਂ ਪ੍ਰਤੀ ਬਾਣੀ ਦੀ ਸੰਪੂਰਨਤਾ, ਨਿਮਰਤਾ ਸਹਿਤ ਵਡਿਆਈ ਤੇ ਧੰਨਵਾਦ।

ਸਲੋਕ ॥

ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ ॥ ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ ॥ ੧ ॥ ਜਿਨ ਜਾਨਿਆ ਸੇਈ ਤਰੇ ਸੇ ਸੂਰੇ ਸੇ ਬੀਰ ॥ ਨਾਨਕ ਤਿਨ ਬਲਿਹਾਰਣੈ ਹਰਿ ਜਪਿ ਉਤਰੇ ਤੀਰ ॥ ੨ ॥ ਛੰਤੁ ॥ ਚਰਣ ਬਿਰਾਜਿਤ ਸਭ ਊਪਰੇ ਮਿਟਿਆ ਸਗਲ ਕਲੇਸੁ ਜੀਉ ॥ ਆਵਣ ਜਾਵਣ ਦੂਖ ਹਰੇ ਹਰਿ ਭਗਤਿ ਕੀਆ ਪਰਵੇਸੁ ਜੀਉ ॥ ਹਰਿ ਰੰਗਿ ਰਾਤੇ ਸਹਜਿ ਮਾਤੇ ਤਿਲੁ ਨ ਮਨ ਤੇ ਬੀਸਰੈ ॥ ਤਜਿ ਆਪੁ ਸਰਣੀ ਪਰੇ ਚਰਨੀ ਸਰਬ ਗੁਣ ਜਗਦੀਸਰੈ ॥ ਗੋਵਿੰਦ ਗੁਣ ਨਿਧਿ ਸ੍ਰੀਰੰਗ ਸੁਆਮੀ ਆਦਿ ਕਉ ਆਦੇਸੁ ਜੀਉ ॥ ਬਿਨਵੰਤਿ ਨਾਨਕ ਮਇਆ ਧਾਰਹੁ ਜੁਗੁ ਜੁਗੋ ਇਕ ਵੇਸੁ ਜੀਉ ॥ ੮ ॥ ੧ ॥ ੬ ॥ ੮ ॥

(ਅੰਗ ੯੨੯)

ਸਤਿਗੁਰੂ ਜੀ ਰੁੱਤਾਂ ਪ੍ਰਤੀ ਉਪਦੇਸ਼ ਬਖ਼ਸ਼ ਕੇ ਹੁਣ ਸੰਪੂਰਨਤਾ ਵਿਚ ਵੀ ਦੋ ਸਲੋਕ ਤੇ ਛੰਤ ਫ਼ੁਰਮਾਉਂਦੇ ਹਨ ਤੇ ਧੰਨਵਾਦ ਕਰਦੇ ਹਨ। ਪਹਿਲੇ ਸਲੋਕ ਵਿਚ ਫ਼ੁਰਮਾਉਂਦੇ ਹਨ ਕਿ ਸੰਤ ਹੀ ਇਸ ਜੀਵ ਦੇ ਸਹਾਇਕ ਹਨ ਤੇ ਜੀਵ ਨੂੰ ਸੰਸਾਰ ਸਮੁੰਦਰ ਤੋਂ ਤਾਰਨ ਵਾਲੇ ਹਨ। ਗੁਰਬਾਣੀ ਵਿਚ ਸਲੋਕ ਨਾਲ ਮਿਲਦੇ ਹੋਰ ਫ਼ੁਰਮਾਨ ਐਸੇ ਹਨ :

ਸੰਤ ਸੰਗਿ ਸਾਗਰੁ ਤਰੇ ਜਨ ਨਾਨਕ ਸਚਾ ਤਾਣੁ ॥ (ਅੰਗ ੩੧੮)

ਸੰਤ ਉਧਰਣੰ ਦਇਆਲੰ ਆਸਰੰ ਗੋਪਾਲ ਕੀਰਤਨਹ ॥ (ਅੰਗ ੭੦੯)

ਓਹੁ ਸਭ ਤੇ ਊਚਾ ਸਭ ਤੇ ਸੂਚਾ ਜਾ ਕੈ ਹਿਰਦੈ ਵਸਿਆ ਭਗਵਾਨੁ ॥

(ਅੰਗ ੭੦੯)

ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥ (ਅੰਗ ੧੩੩)

ਵਾਹਿਗੁਰੂ ਨਾਲ ਪ੍ਰੇਮ ਕਰਕੇ ਸਭ ਤੋਂ ਵਧੀਆ ਮੰਨੇ ਜਾਣੇ ਜਾਂਦੇ ਹਨ। ਦੂਜੇ ਸਲੋਕ

ਵਿਚ ਫ਼ੁਰਮਾਉਂਦੇ ਹਨ ਕਿ ਜਿਨ੍ਹਾਂ ਜਗਿਆਸੂਆਂ ਨੇ ਪ੍ਰਭੂ ਜੀ ਨੂੰ ਜਾਣਿਆ ਹੈ ਅਸਲ ਵਿਚ ਓਹੋ ਹੀ ਸੂਰਮੇ ਤੇ ਬਹਾਦਰ ਹਨ। ਮਹਾਰਾਜ ਜੀ ਕਥਨ ਕਰਦੇ ਹਨ ਕਿ ਅਸੀਂ ਉਨ੍ਹਾਂ ਤੋਂ ਬਲਿਹਾਰ ਜਾਂਦੇ ਹਾਂ ਜੋ ਪ੍ਰਭੂ ਦਾ ਨਾਮ ਜਪ ਕੇ ਪਾਰਲੇ ਕਿਨਾਰੇ ਜਾ ਉਤਰੇ ਹਨ। ਗੁਰਬਾਣੀ ਵਿਚ ਫ਼ੁਰਮਾਨ ਹਨ :

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

(ਅੰਗ ੬੭੯)

ਸਾਧਸੰਗਿ ਜਾ ਕਉ ਹਰਿ ਰੰਗੁ ਲਾਗਾ ॥
ਧਨੁ ਧਨੁ ਸੋ ਜਨੁ ਪੁਰਖੁ ਸਭਾਗਾ ॥
ਈਤ ਊਤ ਜਨ ਸਦਾ ਸੁਹੇਲੇ ॥
ਜਨਮੁ ਪਦਾਰਥੁ ਜੀਤਿ ਅਮੋਲੇ ॥ ੩ ॥ (ਅੰਗ ੭੯੨)

ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ ॥

(ਅੰਗ ੮੬੧)

ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣ ਮਾਰਿਆ ॥

(ਅੰਗ ੮੬)

ਸੰਤਨ ਕੈ ਬਲਿਹਾਰੈ ਜਾਉ ॥ ਸੰਤਨ ਕੈ ਸੰਗਿ ਰਾਮ ਗੁਨ ਗਾਉ ॥

(ਅੰਗ ੮੬੯)

ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥
ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥ ੧ ॥
ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥ ੧ ॥ ਰਹਾਉ ॥

(ਅੰਗ ੭੨੯)

ਤਿਨ ਕੀ ਸੰਗਤਿ ਮਿਲਿ ਰਹਾ ਦਰਗਹ ਪਾਈ ਮਾਨੁ ॥ (ਅੰਗ ੩੧੨)

ਤਿਨ ਕੀ ਸੰਗਤਿ ਮਿਲਿ ਰਹਾ ਸਚੇ ਸਚਿ ਸਮਾਉ ॥ (ਅੰਗ ੧੩੪੬)

ਅਗਮ ਅਗੋਚਰ ਸਦ ਅਬਿਨਾਸੀ ਸਰਣਿ ਸੰਤਨ ਕੀ ਲਹੀਐ ॥

(ਅੰਗ ੬੧੦)

ਅੱਗੇ ਛੰਤ ਵਿਚ ਫ਼ੁਰਮਾਉਂਦੇ ਹਨ ਕਿ ਜਿਨ੍ਹਾਂ ਦੇ ਹਿਰਦੇ ਵਿਚ ਵਾਹਿਗੁਰੂ ਦੇ ਚਰਣ ਬਿਰਾਜਦੇ ਨੇ, ਉਨ੍ਹਾਂ ਦੇ ਜੀਵ ਦਾ ਸਾਰਾ ਦੁੱਖ ਕਲੇਸ਼ ਦੂਰ ਹੋ ਜਾਂਦਾ ਹੈ ਭਾਵ ਮਿਟ ਜਾਂਦਾ ਹੈ। ਜਿਨ੍ਹਾਂ ਦੇ ਅੰਦਰ ਪ੍ਰਭੂ ਜੀ ਦੀ ਭਗਤੀ ਆ ਵਸਦੀ ਹੈ ਫਿਰ ਉਨ੍ਹਾਂ ਦਾ ਆਵਣ ਜਾਵਣ ਭਾਵ ਜਨਮ ਮਰਣ ਦਾ ਦੁੱਖ ਕੱਟਿਆ ਜਾਂਦਾ ਹੈ। ਉਹ ਪ੍ਰਭੂ ਦੇ ਪ੍ਰੇਮ ਵਿਚ ਰੰਗੇ ਹੋਏ ਸਹਿਜ ਗਿਆਨ ਵਿਚ ਮਸਤ ਰਹਿੰਦੇ ਹਨ। ਉਨ੍ਹਾਂ ਦੇ ਮਨ ਵਿੱਚੋਂ ਤਿਲ

ਮਾਤਰ ਵੀ ਪ੍ਰਭੂ ਕਦੇ ਭੁੱਲਦਾ ਨਹੀਂ ਹੈ। ਆਪਾ ਭਾਵ ਅਹੰਕਾਰ ਨੂੰ ਛੱਡ ਕੇ ਉਹ ਸਾਰੇ ਗੁਣ ਚੰਗਿਆਈਆਂ ਦੇ ਮਾਲਕ ਪ੍ਰਭੂ ਦੀ ਸ਼ਰਨ ਵਿਚ ਓਟ ਲਈ ਹੈ। ਐਸੇ ਗੁਣਾਂ ਦੇ ਖ਼ਜ਼ਾਨੇ, ਮਾਇਆ ਦੇ ਪਤੀ ਤੇ ਸਾਰੀ ਹੀ ਸ੍ਰਿਸ਼ਟੀ ਦੇ ਮੁੱਢ ਰੂਪ ਮਾਲਕ ਨੂੰ ਨਮਸਕਾਰ ਹੈ। ਬੇਨਤੀ ਪੂਰਬਕ ਫ਼ੁਰਮਾਉਂਦੇ ਹਨ ਕਿ ਸਾਡੇ ਉਪਰ ਅਜਿਹੀ ਕ੍ਰਿਪਾ ਦ੍ਰਿਸ਼ਟੀ ਧਾਰੋ ਜੋ ਜੁੱਗਾਂ ਜੁੱਗਾਂ ਵਿਚ ਆਪ ਜੀ ਦੇ ਇਕ ਅਦੁੱਤੀ ਸਰੂਪ ਨੂੰ ਜਾਨਣਾ ਕਰੀਏ ਤੇ ਜੁੜੇ ਰਹੀਏ।

ਇਨ੍ਹਾਂ ਸਲੋਕਾਂ ਤੇ ਛੰਤ ਵਿਚ ਜੋ ਸੰਤ, ਸੰਸਾਰ ਸਾਗਰ ਤੋਂ ਪਾਰ ਲੰਘਾਉਣ ਵਿਚ ਸਹਾਇਤਾ ਕਰਦੇ ਹਨ ਉਨ੍ਹਾਂ ਦਾ ਧੰਨਵਾਦ ਕਰਦੇ ਹਨ। ਨਾਮ ਦਾ ਪਿਆਰ ਗੁਰੂ ਸਾਹਿਬ ਤੋਂ ਮਿਲਦਾ ਹੈ ਤੇ ਕਿਰਪਾ ਨਾਲ ਤਾਰਣਹਾਰ ਦਾ ਰੂਪ ਧਾਰਦਾ ਹੈ। ਜਿਉਂ-ਜਿਉਂ ਹਿਰਦੇ ਵਿਚ ਨਾਮ ਭਗਤੀ ਉਪਜਦੀ ਹੈ ਸਾਰੇ ਦੁੱਖ ਸੰਤਾਪ ਕਲੇਸ਼ ਖ਼ਤਮ ਹੋ ਜਾਂਦੇ ਹਨ। ਜੋ ਜਗਿਆਸੂ ਅਹੰਕਾਰ ਨੂੰ ਛੱਡ ਕੇ ਗੁਰੂ ਦੀ ਪਨਾਹਗਾਹ ਵਿਖੇ ਢੋਈ ਲੈਂਦਾ ਹੈ ਉਸ ਦਾ ਪ੍ਰਭੂ ਨਾਲ ਪ੍ਰੇਮ ਪੈ ਜਾਂਦਾ ਹੈ। ਸਹਿਜ ਗਿਆਨ ਅਵਸਥਾ ਵਿਚ ਪਹੁੰਚ ਕੇ ਉਸ ਨੂੰ ਪ੍ਰਭੂ ਜੀ ਦਾ ਸਾਰੇ ਜੁੱਗਾਂ ਦਾ ਵੇਸ ਦਿਸਣ ਲੱਗ ਪੈਂਦਾ ਹੈ।

ਕੁਝ ਛੰਤ ਦੇ ਨਾਲ ਮਿਲਦੇ ਭਾਵਾਂ ਦੇ ਫ਼ੁਰਮਾਨ ਇਵੇਂ ਹਨ :

ਗੁਰ ਕੇ ਚਰਨ ਜੀਅ ਕਾ ਨਿਸਤਾਰਾ ॥
ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ ॥ ੧ ॥ ਰਹਾਉ ॥ (ਅੰਗ ੬੮੪)

ਆਵਣ ਜਾਣੁ ਰਹਿਓ ॥
ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥ ੧ ॥ ਰਹਾਉ ॥
(ਅੰਗ ੧੦੦੨)

ਮਨ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ ॥ (ਅੰਗ ੪੦)

ਹਰਿ ਕੀ ਭਗਤਿ ਫਲ ਦਾਤੀ ॥
ਗੁਰਿ ਪੂਰੈ ਕਿਰਪਾ ਕਰਿ ਦੀਨੀ ਵਿਰਲੈ ਕਿਨ ਹੀ ਜਾਤੀ ॥ ਰਹਾਉ ॥
(ਅੰਗ ੬੨੮)

ਇਕੁ ਤਿਲੁ ਨਹੀ ਵਿਸਰੈ ਪ੍ਰਾਨ ਆਧਾਰਾ ਜਪਿ ਜਪਿ ਨਾਨਕ ਜੀਵਤੇ ॥
(ਅੰਗ ੮੦)

ਗੋਬਿੰਦ ਗੁਣ ਗਾਵਣ ਲਾਗੇ ॥
ਹਰਿ ਰੰਗਿ ਅਨਦਿਨੁ ਜਾਗੇ ॥ (ਅੰਗ ੭੭੮)

ਨਾਮੁ ਨਿਧਾਨ ਗਾਵਤ ਗੁਣ ਗੋਬਿੰਦ ਲਾਗੋ ਸਹਜਿ ਧਿਆਨਾ ॥
(ਅੰਗ ੫੩੧)

ਸਰਨੀ ਆਇਓ ਨਾਥ ਨਿਧਾਨ ॥ (ਅੰਗ ੧੧੧੯)

ਹਰਿ ਰੰਗਿ ਜਾਗੇ ਪਾਪ ਭਾਗੇ ਮਿਲੇ ਸੰਤ ਪਿਆਰਿਆ ॥
ਗੁਰ ਚਰਣ ਲਾਗੇ ਭਰਮ ਭਾਗੇ ਕਾਜ ਸਗਲ ਸਵਾਰਿਆ ॥ (ਅੰਗ ੭੭੮)

ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥
(ਅੰਗ ੭੪੯)

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ (ਅੰਗ ੬)

ਬਹੁਤ ਸਾਰੇ ਸ਼ਬਦਾਂ ਦੇ ਅਰਥ ਨਹੀਂ ਦਿੱਤੇ ਗਏ ਜਾਂ ਵਿਚਾਰ ਨਹੀਂ ਕੀਤੀ ਗਈ, ਕਿਉਂਕਿ ਪੁਸਤਕ ਦਾ ਆਕਾਰ ਵਧ ਜਾਣਾ ਸੀ। ਨਾਲੇ ਗੁਰਮੁਖ ਪਿਆਰੇ ਤੇ ਗੁਰੂ ਜੀ ਕੀ ਸੰਗਤ ਬਹੁਤ ਸੋਝੀ ਰੱਖਦੀ ਹੈ। ਫ਼ੁਰਮਾਨ ਹੈ :

ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥ (ਅੰਗ ੧੫੦)

ਜਿਸ ਤਰ੍ਹਾਂ ਰੁੱਤਾਂ ਬਦਲਦੀਆਂ ਹਨ ਇਸੇ ਤਰ੍ਹਾਂ ਹੀ ਮਨੁੱਖ ਵੀ ਯਾਤਰਾ 'ਤੇ ਚਲ ਰਿਹਾ ਹੈ। ਸੰਤ, ਵਿਦਵਾਨ ਐਸਾ ਬਿਆਨਦੇ ਹਨ ਕਿ ਇਹ ਯਾਤਰਾ ਪੱਥਰ ਹੋਣ ਤੋਂ ਚਲੀ ਹੈ ਫਿਰ ਤਰੱਕੀ ਕਰ ਕੇ ਬਨਾਸਪਤੀ ਬਣੇ, ਫਿਰ ਤਰੱਕੀ ਕਰਕੇ ਪਸ਼ੂ ਪੰਖੀ, ਕੀੜੇ ਮਕੌੜੇ ਤੇ ਪਹੁੰਚਿਆ, ਉਪ੍ਰੰਤ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ। ਚਉਰਾਸੀਹ ਲੱਖ ਜੂਨਾਂ ਦੀ ਗਿਣਤੀ ਭਾਰਤੀ ਧਰਮਾਂ ਨੇ ਮੰਨੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਵੀ ਐਸੇ ਫ਼ੁਰਮਾਨ ਹਨ ਤੇ ਮੰਨਿਆ ਹੈ ਕਿ ਮਨੁੱਖਾ ਜਨਮ ਸ੍ਰਦਾਰ ਹੈ।

ਭਾਈ ਗੁਰਦਾਸ ਜੀ ਵੀ ਪਹਿਲੀ ਵਾਰ ਦੀ ਦੂਜੀ ਪਉੜੀ ਵਿਚ ਬਿਆਨਦੇ ਹਨ :

ਪ੍ਰਿਥਮੈ ਸਾਸਿ ਨ ਮਾਸ ਸਨਿ ਅੰਧ ਧੁੰਧ ਕਛੁ ਖਬਰਿ ਨ ਪਾਈ।
ਰਕਤਿ ਬਿੰਦ ਕੀ ਦੇਹਿ ਰਚਿ ਪੰਚਿ ਤਤੁ ਕੀ ਜੜਿਤ ਜੜਾਈ।
ਪਉਣ ਪਾਣੀ ਬੈਸੰਤਰੋ ਚਉਥੀ ਧਰਤੀ ਸੰਗਿ ਮਿਲਾਈ।
ਪੰਚਮਿ ਵਿਚਿ ਆਕਾਸੁ ਕਰਿ ਕਰਤਾ ਛਟਮੁ ਅਦਿਸਟੁ ਸਮਾਈ।
ਪੰਚ ਤਤ ਪੰਚੀਸਿ ਗੁਨਿ ਸਤ੍ਰੂ ਮਿਤ੍ਰੂ ਮਿਲਿ ਦੇਹਿ ਬਣਾਈ।
ਖਾਣੀ ਬਾਣੀ ਚਲਿਤੁ ਕਰਿ ਆਵਾ ਗਉਣੁ ਚਰਿਤ ਦਿਖਾਈ।
ਚਉਰਾਸੀਹ ਲਖ ਜੋਨਿ ਉਪਾਈ ॥ ੨ ॥

ਕਈ ਜਨਮ ਭਏ ਕੀਟਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥
ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥ ੧ ॥ ਰਹਾਉ ॥
ਕਈ ਜਨਮ ਸੈਲ ਗਿਰਿ ਕਰਿਆ ॥

ਕਈ ਜਨਮ ਗਰਭ ਹਿਰਿ ਖਰਿਆ ॥
ਕਈ ਜਨਮ ਸਾਖ ਕਰਿ ਉਪਾਇਆ ॥
ਲਖ ਚਉਰਾਸੀਹ ਜੋਨਿ ਭ੍ਰਮਾਇਆ ॥ ੨ ॥ (ਅੰਗ ੧੭੬)

ਆਦਿ ਨਿਰੰਜਨੁ ਪ੍ਰਭੁ ਨਿਰੰਕਾਰਾ ॥
ਸਭ ਮਹਿ ਵਰਤੈ ਆਪਿ ਨਿਰਾਰਾ ॥
ਵਰਨੁ ਜਾਤਿ ਚਿਹਨੁ ਨਹੀ ਕੋਈ
ਸਭ ਹੁਕਮੇ ਸ੍ਰਿਸਟਿ ਉਪਾਇਦਾ ॥ ੧ ॥
ਲਖ ਚਉਰਾਸੀਹ ਜੋਨਿ ਸਬਾਈ ॥
ਮਾਣਸ ਕਉ ਪ੍ਰਭਿ ਦੀਈ ਵਡਿਆਈ ॥
ਇਸੁ ਪਉੜੀ ਤੇ ਜੋ ਨਰੁ ਚੂਕੈ
ਸੋ ਆਇ ਜਾਇ ਦੁਖੁ ਪਾਇਦਾ ॥ ੨ ॥ (ਅੰਗ ੧੦੭੫)

ਭਗਤ ਸ੍ਰੀ ਨਾਮਦੇਵ ਜੀ ਵੀ ਆਖਦੇ ਹਨ ਕਿ 84 ਲੱਖ ਜੂਨਾਂ ਵਿੱਚੋਂ ਅੱਧੀਆਂ ਜਲ ਵਿਚ ਹਨ। ਫ਼ੁਰਮਾਨ ਹੈ :

ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ ॥
(ਅੰਗ ੪੮੫)

ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ ॥ (ਅੰਗ ੨੭)
ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ ॥ (ਅੰਗ ੫੦)

ਹੋਰ ਵੀ ਬਹੁਤ ਫ਼ੁਰਮਾਨ ਹਨ ਇਸ 84 ਲੱਖ ਦੀ ਗਿਣਤੀ ਬਾਰੇ, ਪਰ ਇੱਥੇ ਨਹੀਂ ਦਿੱਤੇ ਜਾ ਰਹੇ। ਬਹੁਤ ਸਾਰੇ ਵਿਦਵਾਨ ਤੇ ਮਹਾਂਪੁਰਖ ਮੰਨਦੇ ਹਨ ਅਤੇ ਗੁਰੂ ਸਾਹਿਬ ਜੀ ਤਸਦੀਕ ਕਰਦੇ ਹਨ ਕਿ ਮਨੁੱਖਾ ਜਨਮ ਪ੍ਰਭੂ ਜੀ ਤੱਕ ਪਹੁੰਚਣ ਲਈ, ਮਿਲਣ ਲਈ ਪ੍ਰਾਪਤ ਹੋਇਆ ਹੈ ਤੇ ਮਨੁੱਖਾ ਜਨਮ ਨੂੰ ਵੀ ਮਿਲਣ ਦੀ ਰੁੱਤ ਬਿਆਨਦੇ ਹਨ। ਪੱਥਰਾਂ, ਬਨਾਸਪਤੀ ਤੇ ਪਸ਼ੂ ਪੰਖੀ ਕੀੜੇ ਮਕੌੜਿਆਂ ਲਈ ਇਹ ਸੰਭਵ ਨਹੀਂ ਹੈ। ਇਥੋਂ ਤੱਕ ਕਿ ਦੇਵਤੇ ਵੀ ਇਸ ਮਨੁੱਖਾ ਦੇਹੀ ਨੂੰ ਤਰਸਦੇ ਹਨ। ਭਗਤ ਸ੍ਰੀ ਕਬੀਰ ਜੀ ਫ਼ੁਰਮਾਉਂਦੇ ਹਨ :

ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥
(ਅੰਗ ੧੧੫੯)

ਅੰਮ੍ਰਿਤ ਵੇਲੇ ਉੱਠ ਕੇ ਇਕ ਮਨ ਹੋ ਕੇ ਜੋ ਪ੍ਰਭੂ ਨੂੰ ਧਿਆਉਂਦੇ ਹਨ ਉਹ ਇਸ ਯਾਤਰਾ ਉੱਪਰ ਅੱਗੇ ਪ੍ਰਭੂ ਜੀ ਨੂੰ ਮਿਲਣ ਦੀ ਮੰਜ਼ਿਲ ਉੱਪਰ ਚਲ ਪੈਂਦੇ ਹਨ। ਫ਼ੁਰਮਾਨ ਹਨ :

ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ
ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ ॥
ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ

ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ ॥ (ਅੰਗ ੭੩੩)

ਇਹ ਹੀ ਰੱਬ ਨਾਲ ਜੁੜਨ ਦੀ ਰੁੱਤ ਹੈ, ਖੇਤ ਦੇ ਵਿਚ ਨਾਮ ਬੀਜ ਲਵੋ, ਫ਼ੁਰਮਾਨ ਹੈ :

ਹਰਿ ਕੀਰਤਿ ਰੁਤਿ ਆਈ ਹਰਿ ਨਾਮੁ ਵਡਾਈ
ਹਰਿ ਹਰਿ ਨਾਮੁ ਖੇਤੁ ਜਮਾਇਆ ॥
ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ ਸਭੁ ਲਾਹਾ ਮੂਲੁ ਗਵਾਇਆ ॥
(ਅੰਗ ੪੪੫)

ਨਾਮ ਬੀਜਣ ਦੀ ਰੁੱਤ ਅੰਮ੍ਰਿਤ ਵੇਲਾ ਹੈ ਬਸ਼ਰਤੇ ਕਿ ਬੀਜ ਵੀ ਪੂਰਾ ਸਾਬਤ ਹੋਵੇ ਭਾਵ ਧਿਆਨ ਵੀ ਧੁਨੀ ਵਿਚ ਹੋਵੇ ਤੇ ਸਾਵਧਾਨੀ ਹੋਵੇ। ਆਸਾ ਦੀ ਵਾਰ ਵਿਚ ਫ਼ੁਰਮਾਨ ਹੈ:

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥
ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥ (ਅੰਗ ੪੬੮)
ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥
ਸਾਵਧਾਨ ਏਕਾਗਰ ਚੀਤ ॥ (ਅੰਗ ੨੯੫)

ਕਲਿਜੁਗ ਵਿਚ ਨਾਮ ਜਪਣ ਨਾਲ ਹੀ ਪ੍ਰਭੂ ਤਕ ਪਹੁੰਚਿਆ ਜਾ ਸਕਦਾ ਹੈ। ਚਾਰ ਜੁੱਗਾਂ ਬਾਰੇਂ ਕੁਝ ਵੀਚਾਰ ਕੀਤੀ ਜਾਵੇਗੀ। ਗੁਰਬਾਣੀ ਵਿਚ ਇਨ੍ਹਾਂ ਚਾਰ ਜੁੱਗਾਂ ਦਾ ਕਾਫੀ ਵਰਨਣ ਹੈ। ਸਤਿਜੁਗ ਨੂੰ (Golden Age) ਸੁਨਹਿਰੀ ਜੁੱਗ ਮੰਨਿਆ ਜਾਂਦਾ ਹੈ। ਉਸ ਸਮੇਂ ਘਰ-ਘਰ ਵਿਚ ਗੁਰਮੁਖ ਤੇ ਭਗਤ ਸਨ। ਧਰਮ ਦੇ ਚਾਰ ਪੈਰ (ਥੰਮ) ਸਨ। ਆਪ ਮਨੁੱਖ ਸਦਾਚਾਰੀ ਤੇ ਨੇਕ ਸਨ ਤੇ ਸਭ ਸੱਚ ਬੋਲਦੇ ਸਨ। ਚੰਗਿਆਈ ਦੀ ਮਿਣਤੀ ਪੁਰਾਤਨ ਪੈਮਾਨਿਆਂ ਅਨੁਸਾਰ 21 Cubits ਸੀ, ਜੋ ਕਿ ਕੂਹਣੀ ਤੋਂ ਲੈ ਕੇ ਦਰਮਿਆਨੀ ਉਂਗਲੀ ਤੱਕ ਮਿਣੀ ਜਾਂਦੀ ਸੀ। ਆਮ ਮਨੁੱਖਾਂ ਦੀ ਉਮਰ ਸਤਿਜੁਗ ਵਿਚ ਇਕ ਲੱਖ ਵਰ੍ਹਾ ਸੀ ਤੇ ਕਲਜੁਗ ਦੀ ਉਮਰ 1,728,000 ਬਿਆਨੀ ਜਾਂਦੀ ਹੈ। ਸਤਿਜੁਗ ਬਾਰੇ ਫ਼ੁਰਮਾਨ ਹਨ :

ਸਤਜੁਗਿ ਸਚੁ ਕਹੈ ਸਭੁ ਕੋਈ ॥ ਘਰਿ ਘਰਿ ਭਗਤਿ ਗੁਰਮੁਖਿ ਹੋਈ ॥
ਸਤਜੁਗਿ ਧਰਮੁ ਪੈਰ ਹੈ ਚਾਰਿ ॥ ਗੁਰਮੁਖਿ ਬੂਝੈ ਕੋ ਬੀਚਾਰਿ ॥ ੧ ॥
ਜੁਗ ਚਾਰੇ ਨਾਮਿ ਵਡਿਆਈ ਹੋਈ ॥
ਜਿ ਨਾਮਿ ਲਾਗੈ ਸੋ ਮੁਕਤਿ ਹੋਵੈ
ਗੁਰ ਬਿਨੁ ਨਾਮੁ ਨ ਪਾਵੈ ਕੋਈ ॥ ੧ ॥ ਰਹਾਉ ॥ (ਅੰਗ ੮੮੦)
ਸਤਜੁਗਿ ਸਤੁ ਸੰਤੋਖੁ ਸਰੀਰਾ ॥ ਸਤਿ ਸਤਿ ਵਰਤੈ ਗਹਿਰ ਗੰਭੀਰਾ ॥

ਸਚਾ ਸਾਹਿਬੁ ਸਚੁ ਪਰਖੈ ਸਾਚੈ ਹੁਕਮਿ ਚਲਾਈ ਹੇ ॥ ੩ ॥
ਸਤ ਸੰਤੋਖੀ ਸਤਿਗੁਰੁ ਪੂਰਾ ॥ ਗੁਰ ਕਾ ਸਬਦੁ ਮਨੇ ਸੋ ਸੂਰਾ ॥
ਸਾਚੀ ਦਰਗਹ ਸਾਚੁ ਨਿਵਾਸਾ ਮਾਨੈ ਹੁਕਮੁ ਰਜਾਈ ਹੇ ॥ ੪ ॥
ਸਤਜੁਗਿ ਸਾਚੁ ਕਹੈ ਸਭੁ ਕੋਈ ॥ ਸਚਿ ਵਰਤੈ ਸਾਚਾ ਸੋਈ ॥
ਮਨਿ ਮੁਖਿ ਸਾਚੁ ਭਰਮ ਭਉ ਭੰਜਨੁ ਗੁਰਮੁਖਿ ਸਾਚੁ ਸਖਾਈ ਹੇ ॥ ੫ ॥
(ਅੰਗ ੧੦੨੩)

ਤ੍ਰੇਤੇ ਜੁੱਗ ਨੂੰ ਚਾਂਦੀ ਜੁੱਗ (Silver Age) ਕਿਹਾ ਜਾਂਦਾ ਹੈ। ਚੰਗਿਆਈ ਤੇ ਨੇਕੀ ਤਿੰਨ ਹਿੱਸੇ ਰਹਿ ਗਈ ਤੇ ਇਕ ਹਿੱਸਾ ਪਾਪ ਸ਼ਾਮਲ ਹੋ ਗਿਆ ਤੇ ਧਰਮ ਦੇ ਤਿੰਨ ਪੈਰ ਰਹਿ ਗਏ। ਇਸ ਜੁੱਗ ਵਿਚ ਯੱਗ ਕਰਨ ਤੇ ਹੋਰ ਪੁੰਨ ਕੰਮ ਕਰਨ ਦੀ ਰੀਤੀ ਪ੍ਰਚਲਤ ਸੀ। ਚੰਗਿਆਈ ਦੀ ਮਿਣਤੀ ਘੱਟ ਕੇ 14 Cubits ਰਹਿ ਗਈ। ਆਮ ਮਨੁੱਖਾ-ਕਾਲ ਜੀਵਨ 10,000 ਵਰ੍ਹੇ ਸੀ ਤੇ ਤ੍ਰੇਤੇ ਜੁੱਗ ਦੀ ਉਮਰ 1,296,000 ਸਾਲ ਬਿਆਨੀ ਜਾਂਦੀ ਹੈ। ਤ੍ਰੇਤੇ ਬਾਰੇ ਫ਼ੁਰਮਾਨ ਹਨ :

ਤ੍ਰੇਤੈ ਧਰਮ ਕਲਾ ਇਕ ਚੂਕੀ ॥ ਤੀਨਿ ਚਰਣ ਇਕ ਦੁਬਿਧਾ ਸੂਕੀ ॥
ਗੁਰਮੁਖਿ ਹੋਵੈ ਸੁ ਸਾਚੁ ਵਖਾਣੈ ਮਨਮੁਖਿ ਪਚੈ ਅਵਾਈ ਹੇ ॥ ੬ ॥
ਮਨਮੁਖਿ ਕਦੇ ਨ ਦਰਗਹ ਸੀਝੈ ॥ ਬਿਨੁ ਸਬਦੈ ਕਿਉ ਅੰਤਰੁ ਰੀਝੈ ॥
ਬਾਧੇ ਆਵਹਿ ਬਾਧੇ ਜਾਵਹਿ ਸੋਝੀ ਬੂਝ ਨ ਕਾਈ ਹੇ ॥ ੭ ॥ (ਅੰਗ ੧੦੨੩)
ਤ੍ਰੇਤੈ ਇਕ ਕਲ ਕੀਨੀ ਦੂਰਿ ॥
ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ ॥
ਗੁਰਮੁਖਿ ਬੂਝੈ ਸੋਝੀ ਹੋਈ ॥ ਅੰਤਰਿ ਨਾਮੁ ਵਸੈ ਸੁਖੁ ਹੋਈ ॥ ੨ ॥
(ਅੰਗ ੮੮੦)

ਦੁਆਪਰ ਜੁੱਗ ਨੂੰ ਪਿੱਤਲ (Brass Age) ਪਿੱਤਲ ਜੁੱਗ ਕਿਹਾ ਜਾਂਦਾ ਹੈ। ਦੁਆਪਰ ਵਿਚ ਚੰਗਿਆਈ ਧਰਮ ਤੇ ਨੇਕੀ ਅੱਧੀ ਰਹਿ ਗਈ। ਅੱਧਾ ਹਿੱਸਾ ਪਾਪ ਹੋ ਗਏ ਤੇ ਧਰਮ ਦੇ ਦੋ ਪੈਰ ਰਹਿ ਗਏ। ਇਸ ਜੁੱਗ ਵਿਚ ਪੂਜਾ ਕਰਨ ਦੀ ਰੀਤੀ ਪ੍ਰਬਲ ਸੀ। ਮਨੁੱਖਾ ਜੀਵਨ ਕਾਲ ਉਮਰ 1,000 ਸਾਲ ਰਹਿ ਗਈ ਤੇ ਚੰਗਿਆਈ ਦੀ ਮਿਣਤੀ ਘੱਟ ਕੇ 7 Cubits ਰਹਿ ਗਈ। ਦੁਆਪਰ ਜੁੱਗ ਦੀ ਉਮਰ 864,000 ਸਾਲ ਬਿਆਨੀ ਜਾਂਦੀ ਹੈ। ਦੁਆਪਰ ਜੁੱਗ ਬਾਰੇ ਫ਼ੁਰਮਾਨ ਹਨ :

ਦੁਆਪੁਰਿ ਦੂਜੈ ਦੁਬਿਧਾ ਹੋਇ ॥ ਭਰਮਿ ਭੁਲਾਨੇ ਜਾਣਹਿ ਦੋਇ ॥
ਦੁਆਪੁਰਿ ਧਰਮਿ ਦੁਇ ਪੈਰ ਰਖਾਏ ॥
ਗੁਰਮੁਖਿ ਹੋਵੈ ਤ ਨਾਮੁ ਦ੍ਰਿੜਾਏ ॥ ੩ ॥ (ਅੰਗ ੮੮੦)

ਦਇਆ ਦੁਆਪੁਰਿ ਅਧੀ ਹੋਈ ॥ ਗੁਰਮੁਖਿ ਵਿਰਲਾ ਚੀਨੈ ਕੋਈ ॥
ਦੁਇ ਪਗ ਧਰਮੁ ਧਰੇ ਧਰਣੀਧਰ ਗੁਰਮੁਖਿ ਸਾਚੁ ਤਿਥਾਈ ਹੇ ॥ ੮ ॥
(ਅੰਗ ੧੦੨੩)

ਕਲਜੁਗ ਨੂੰ (Iron Age) ਲੋਹੇ ਦਾ ਜੁੱਗ ਕਿਹਾ ਜਾਂਦਾ ਹੈ। ਕਲਜੁਗ ਵਿਚ ਚੰਗਿਆਈ, ਧਰਮ ਤੇ ਨੇਕੀ ਚੌਥਾ ਹਿੱਸਾ ਹੀ ਰਹਿ ਗਈ। ਧਰਮ ਦੇ ਉਲਟ ਅਧਰਮ ਤੇ ਪਾਪ ਵਧ ਗਏ। ਚੰਗਿਆਈ ਦੀ ਮਿਣਤੀ ਘੱਟ ਕੇ 3.5 Cubits ਰਹਿ ਗਈ। ਆਮ ਮਨੁੱਖਾਂ ਦੀ ਜੀਵਨ-ਕਾਲ ਉਮਰ ਘੱਟ ਕੇ 100 ਸਾਲ ਰਹਿ ਗਈ ਤੇ ਕਲਜੁਗ ਦੀ ਉਮਰ 432,000 ਵਰ੍ਹੇ ਬਿਆਨੀ ਜਾਂਦੀ ਹੈ। ਸਤਿਗੁਰੂ ਜੀ ਦੇ ਫ਼ੁਰਮਾਨ ਅਨੁਸਾਰ ਕੇਵਲ ਨਾਮ ਜਪਣ ਨਾਲ ਹੀ ਉਧਾਰ ਹੋਵੇਗਾ। ਫ਼ੁਰਮਾਨ ਹਨ :

ਕਲਜੁਗਿ ਧਰਮ ਕਲਾ ਇਕ ਰਹਾਏ ॥
ਇਕ ਪੈਰਿ ਚਲੈ ਮਾਇਆ ਮੋਹੁ ਵਧਾਏ ॥
ਮਾਇਆ ਮੋਹੁ ਅਤਿ ਗੁਬਾਰੁ ॥
ਸਤਗੁਰੁ ਭੇਟੈ ਨਾਮਿ ਉਧਾਰੁ ॥ ੪ ॥ (ਅੰਗ ੮੮੦)
ਕਲੀ ਕਾਲ ਮਹਿ ਇਕ ਕਲ ਰਾਖੀ ॥
ਬਿਨੁ ਗੁਰ ਪੂਰੇ ਕਿਨੈ ਨ ਭਾਖੀ ॥
ਮਨਮੁਖਿ ਕੂੜੁ ਵਰਤੈ ਵਰਤਾਰਾ
ਬਿਨੁ ਸਤਿਗੁਰ ਭਰਮੁ ਨ ਜਾਈ ਹੇ ॥ ੧੩ ॥
ਸਤਿਗੁਰੁ ਵੇਪਰਵਾਹੁ ਸਿਰੰਦਾ ॥ ਨਾ ਜਮ ਕਾਣਿ ਨ ਛੰਦਾ ਬੰਦਾ ॥
ਜੋ ਤਿਸੁ ਸੇਵੇ ਸੋ ਅਬਿਨਾਸੀ ਨਾ ਤਿਸੁ ਕਾਲੁ ਸੰਤਾਈ ਹੇ ॥ ੧੪ ॥
(ਅੰਗ ੧੦੨੪)

ਸ੍ਰੀ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਨੇ ਕਿ ਕਲਜੁਗ ਆਇਆ ਹੈ ਨਾਮ ਬੀਜ ਲਉ ਤੇ ਭਰਮ ਵਿਚ ਭੁੱਲੇ ਨਾ ਰਹਿਣਾ।

ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੁਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥ (ਅੰਗ ੧੧੮੫)

ਭਗਤ ਰਵਿਦਾਸ ਜੀ ਮਹਾਰਾਜ ਜੁੱਗਾਂ ਦਾ ਨਿਰਣਾ ਕਰ ਕੇ ਨਾਮ ਦੇ ਸਹਾਰੇ ਦੀ ਪ੍ਰੋੜਤਾ ਕਰਦੇ ਨੇ :

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥ ੧ ॥ (ਅੰਗ ੩੪੬)

ਸਤਿਗੁਰੂ ਜੀ ਫ਼ੁਰਮਾਉਂਦੇ ਨੇ ਕਿ ਸਾਰਿਆਂ ਜੁੱਗਾਂ ਵਿਚ ਪ੍ਰਭੂ ਦਾ ਨਾਮ ਹੀ ਸ਼੍ਰੋਮਣੀ ਹੈ।

ਸਭ ਜੁਗ ਮਹਿ ਸਾਚਾ ਏਕੋ ਸੋਈ ॥ ਸਭ ਮਹਿ ਸਚੁ ਦੂਜਾ ਨਹੀ ਕੋਈ ॥
ਸਾਚੀ ਕੀਰਤਿ ਸਚੁ ਸੁਖੁ ਹੋਈ ॥ ਗੁਰਮੁਖਿ ਨਾਮੁ ਵਖਾਣੈ ਕੋਈ ॥ ੫॥
ਸਭ ਜੁਗ ਮਹਿ ਨਾਮੁ ਊਤਮੁ ਹੋਈ॥ ਗੁਰਮੁਖਿ ਵਿਰਲਾ ਬੂਝੈ ਕੋਈ॥
ਹਰਿ ਨਾਮੁ ਧਿਆਏ ਭਗਤੁ ਜਨੁ ਸੋਈ॥
ਨਾਨਕ ਜੁਗਿ ਜੁਗਿ ਨਾਮਿ ਵਡਿਆਈ ਹੋਈ॥ ੬ ॥ (ਅੰਗ ੮੮੦)

ਸ੍ਰੀ ਗੁਰੂ ਅਮਰਦਾਸ ਜੀ ਬਿਲਾਵਲ ਰਾਗ ਵਿਚ ਫ਼ੁਰਮਾਉਂਦੇ ਹਨ :

ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ॥
ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ
ਕਲਿ ਮਹਿ ਕੀਰਤਿ ਹਰਿ ਨਾਮਾ॥ (ਅੰਗ ੭੯੭)

ਜਿਸ ਤਰ੍ਹਾਂ ਇਨ੍ਹਾਂ ਜੁੱਗਾਂ ਦੀ ਉਮਰ, ਮਨੁੱਖਾਂ ਦੀ ਉਮਰ ਤੇ ਹੋਰ ਫ਼ਰਕ ਹਨ ਉਸੇ ਤਰ੍ਹਾਂ ਇਨ੍ਹਾਂ ਜੁੱਗਾਂ ਦਾ ਇਨਸਾਫ਼ ਵੀ ਵੱਖਰਾ ਹੀ ਹੈ ਸੀ। ਸਤਿਜੁਗ ਵਿਚ ਜੇ ਕੋਈ ਦੁਸ਼ਟ, ਵਿਕਾਰੀ ਤੇ ਮਨਹੂਸ ਕੰਮ ਕਰਦਾ ਸੀ ਤਾਂ ਸਜ਼ਾ ਸਾਰੇ ਦੇਸ਼ ਨੂੰ ਮਿਲਦੀ ਸੀ। ਤ੍ਰੇਤੇ ਜੁੱਗ ਵਿਚ ਸਾਰੇ ਸ਼ਹਿਰ ਨੂੰ ਸਜ਼ਾ ਭੁਗਤਨੀ ਪੈਂਦੀ ਸੀ ਤੇ ਦੁਆਪਰ ਵਿਚ ਸਾਰੇ ਪ੍ਰਵਾਰ ਨੂੰ ਨਰਕ ਵਿਚ ਪਾਇਆ ਜਾਂਦਾ ਸੀ ਤੇ ਹੁਣ ਕਲਜੁਗ ਵਿਚ ਜੇਹਾ ਕੋਈ ਪਾਪ ਅਧਰਮ ਕਰੇਗਾ ਤਾਂ ਸਜ਼ਾ ਸਿਰਫ ਉਸੇ ਨੂੰ ਹੀ ਮਿਲੇਗੀ। ਭਾਈ ਗੁਰਦਾਸ ਜੀ ਗਵਾਹੀ ਭਰਦੇ ਨੇ :

ਸਤਿਜੁਗਿ ਇਕੁ ਵਿਗਾੜਦਾ ਤਿਸੁ ਪਿਛੈ ਫੜਿ ਦੇਸੁ ਪੀੜਾਏ।
ਤ੍ਰੇਤੈ ਨਗਰੀ ਵਗਲੀਐ ਦੁਆਪੁਰਿ ਵੰਸੁ ਨਰਕਿ ਸਹਮਾਏ।
ਜੋ ਫੇੜੈ ਸੋ ਫੜੀਦਾ ਕਲਿਜੁਗਿ ਸਚਾ ਨਿਆਉ ਕਰਾਏ।
ਸਤਿਜੁਗ ਸਤੁ ਤ੍ਰੇਤੈ ਜੁਗਾ ਦੁਆਪੁਰਿ ਪੂਜਾ ਚਾਰਿ ਦਿੜਾਏ।
ਕਲਿਜੁਗਿ ਨਾਉ ਅਰਾਧਣਾ ਹੋਰ ਕਰਮ ਕਰਿ ਮੁਕਤਿ ਨ ਪਾਏ।
ਜੁਗਿ ਜੁਗਿ ਲੁਣੀਐ ਬੀਜਿਆ ਪਾਪੁ ਪੁੰਨੁ ਕਰਿ ਦੁਖ ਸੁਖ ਪਾਏ।
ਕਲਿਜੁਗਿ ਚਿਤਵੈ ਪੁੰਨ ਫਲ ਪਾਪਹੁ ਲੇਪੁ ਅਧਰਮ ਕਮਾਏ।
ਗੁਰਮੁਖਿ ਸੁਖ ਫਲੁ ਆਪੁ ਗਵਾਏ॥ ੧੭ ॥

ਇਨ੍ਹਾਂ ਜੁੱਗਾਂ ਦੀ ਉਮਰ ਬਾਰੇ ਕਾਫੀ ਅਸਹਿਮਤੀ ਹੈ ਤੇ ਜੋ ਜ਼ਿਆਦਾਤਰ ਮੰਨਦੇ ਹਨ ਉਹ ਉੱਪਰ ਲਿਖ ਦਿੱਤੇ ਹਨ ਤੇ ਇਹ ਵੀ ਆਮ ਮੰਨਿਆ ਜਾਂਦਾ ਹੈ ਕਿ ਵੱਖਰੇ ਵੱਖਰੇ ਬ੍ਰਹਿਮੰਡਾਂ ਦੇ ਦਿਨ-ਰਾਤ, ਮਹੀਨੇ, ਸਾਲ ਇਕ ਦੂਜੇ ਨਾਲ ਮੇਲ ਨਹੀਂ ਖਾਂਦੇ, ਇਸ ਲਈ ਫ਼ਰਕ ਹਨ। ਪਰ ਜੁੱਗਾਂ ਦੇ ਗੁਣਾਂ ਦੀ ਉਪਰੋਕਤ ਲਿਖਤ ਗੁਰਬਾਣੀ ਵਿਚ ਵੀ ਦਰਜ ਹੈ ਤੇ ਨਾਮ ਸਿਮਰਨਾ ਸਭ ਜੁੱਗਾਂ ਵਿਚ ਅਤਿਅੰਤ ਸ਼੍ਰੋਮਣੀ ਤੇ ਲਾਭਦਾਇਕ ਹੈ। ਗੁਰਬਾਣੀ ਅਨੁਸਾਰ ਕਲਜੁਗ ਸਭ ਜੁੱਗਾਂ ਨਾਲੋਂ ਉੱਤਮ ਹੈ, ਕਿਉਂਕਿ ਜੈਸਾ ਕੋਈ ਵਿਅਕਤੀ ਕਰਮ

ਕਰੇਗਾ ਉਸ ਨੂੰ ਵੈਸਾ ਹੀ ਫਲ ਮਿਲੇਗਾ। ਜਿਸ ਜੁੱਗ ਵਿਚ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਤੇ ਦਸੇ ਗੁਰੂ ਸਾਹਿਬਾਨ ਜੀ ਪ੍ਰਗਟ ਹੋਏ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੁਗੋ ਜੁੱਗ ਅਟੱਲ ਗੁਰੂ ਗੱਦੀ 'ਤੇ ਬਿਰਾਜਮਾਨ ਹੋਏ, ਉਹ ਜੁੱਗ ਹੀ ਸਭ ਤੋਂ ਉੱਤਮ ਕਿਹਾ ਜਾ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਰਾਮਕਲੀ ਰਾਗ ਵਿਚ ਬਹੁਤ ਜੁਅਰਤ ਤੇ ਦ੍ਰਿੜ੍ਹਤਾ ਨਾਲ ਕਲਜੁਗ ਦੇ ਲੱਛਣ ਬਿਆਨ ਕਰਦੇ ਹਨ ਤੇ ਉਪਦੇਸ਼ ਕਰਦੇ ਹਨ। ਫ਼ੁਰਮਾਨ ਹੈ :

ਰਾਮਕਲੀ ਮਹਲਾ ੧ ਅਸਟਪਦੀਆ
ੴ ਸਤਿਗੁਰ ਪ੍ਰਸਾਦਿ॥

ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥ ੧ ॥
ਜੀਵਨ ਤਲਬ ਨਿਵਾਰਿ ॥
ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥ ੧ ॥ ਰਹਾਉ ॥
ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥ ੨ ॥
ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥
ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥ ੩ ॥
ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥
ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥ ੪ ॥
ਆਖੁ ਗੁਣਾ ਕਲਿ ਆਈਐ ॥
ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ॥ ੧॥ ਰਹਾਉ॥
ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥
ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥ ੫ ॥
ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥ ੬ ॥
ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥
ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥ ੭ ॥
ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥
ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥ ੮ ॥ ੧ ॥
(ਅੰਗ ੯੦੨-੦੩)

ਸੰਖੇਪ ਵਿਚ ਅਰਥ ਇਸ ਤਰ੍ਹਾਂ ਕੀਤੇ ਗਏ ਹਨ ਕਿ ਉਹੀ ਚੰਦ੍ਰਮਾ ਚੜ੍ਹਦਾ ਆਇਆ ਹੈ, ਉਹੀ ਤਾਰੇ ਚੜ੍ਹਦੇ ਆ ਰਹੇ ਹਨ ਤੇ ਉਹੀ ਸੂਰਜ ਚਮਕਦਾ ਆ ਰਿਹਾ ਹੈ। ਉਹੀ ਧਰਤੀ ਤੇ ਉਹੀ ਹਵਾ ਝੁਲਦੀ ਆ ਰਹੀ ਹੈ ਜੋ ਸਤਿਜੁਗ, ਤ੍ਰੇਤੇ ਤੇ ਦੁਆਪਰ ਵਿਚ ਸੀ। ਕਲਜੁਗ

ਦਾ ਪ੍ਰਭਾਵ ਜੀਵਾਂ ਦੇ ਮਨਾਂ ਵਿਚ ਖੇਡਦਾ ਹੈ, ਪਰ ਉਹ ਕਿਸੇ ਖ਼ਾਸ ਥਾਂ ਜਾਂ ਖ਼ਾਸ ਦੇਸ਼ ਵਿਚ (ਕਲਜੁਗ) ਨਹੀਂ ਤੇ ਨਾ ਹੀ ਕਿਸੇ ਤੀਰਥ 'ਤੇ ਜਾਂ ਕੋਈ ਮਹਿਲ ਬਣਾ ਕੇ ਬੈਠਾ ਹੋਇਆ ਹੈ। ਖ਼ੁਦ-ਗਰਜ਼ੀ ਦੂਰ ਕਰ - ਇਹ ਖ਼ੁਦ-ਗਰਜ਼ੀ ਹੀ ਕਲਜੁਗ ਹੈ ਤੇ ਇਸ ਦੇ ਅਸਰ ਹੇਠ ਜਰਵਾਣੇ ਕਮਜ਼ੋਰ ਲੋਕਾਂ ਉਤੇ ਧੱਕਾ ਕਰਦੇ ਹਨ ਤੇ ਉਸ ਨੂੰ ਜਾਇਜ਼ ਸਮਝਦੇ ਹਨ। ਇਹ ਹੀ ਹੇ ਪੰਡਿਤ ! ਕਲਜੁਗ ਦੇ ਲੱਛਣ ਸਮਝ। ਜੇ ਕੋਈ ਪ੍ਰਮਾਤਮਾ ਦਾ ਨਾਮ ਜਪਦਾ ਹੈ ਤਾਂ ਉਸ ਦੀ ਬਦਨਾਮੀ ਹੁੰਦੀ ਹੈ। ਜੇ ਕੋਈ ਵੱਡਾ (ਸਰਦਾਰ) ਕਮਜ਼ੋਰਾਂ ਉਤੇ ਜ਼ੁਲਮ ਕਰਦਾ ਹੈ ਤਾਂ ਇਹ ਜ਼ੁਲਮ ਕਰਨ ਦੇ ਨਾਲ ਹੀ ਉਸ ਦੀ ਦੁਰਗਤੀ ਹੁੰਦੀ ਹੈ। ਨੌਕਰਾਂ ਨੂੰ ਕੋਈ ਡਰ ਨਹੀਂ ਹੁੰਦਾ ਤੇ ਧੱਕੇ ਦੇ ਸ਼ਿਕਾਰ ਹੋਏ ਗਰੀਬ ਨੌਕਰ ਹੀ ਉਸ ਦੇ ਗਲ ਵਿਚ ਫੰਦਾ ਪਾਉਂਦੇ ਨੇ। ਕਲਜੁਗ ਦਾ ਸਮਾਂ ਆ ਗਿਆ ਹੈ। ਪ੍ਰਭੂ ਦੇ ਗੁਣ ਗਾਉ, ਕਿਉਂਕਿ ਪ੍ਰਮਾਤਮਾ ਦੀ ਸਿਫਤ-ਸਲਾਹ ਕਰਨੀ ਹੀ ਪ੍ਰਵਾਨ ਹੋਵੇਗੀ।

ਇਸਲਾਮੀ ਸ਼ਰ੍ਹਾ ਅਨੁਸਾਰ ਹੀ ਫ਼ੈਸਲੇ ਹੁੰਦੇ ਹਨ ਤੇ ਕਾਜ਼ੀ ਵੱਢੀ-ਖੋਰ ਹੋ ਚੁੱਕਾ ਹੈ। ਜਾਦੂ ਟੂਣਿਆਂ ਦਾ ਪ੍ਰਚਾਰਕ ਅਰਥਵਣ ਵੇਦ ਬ੍ਰਹਮਾ ਦੀ ਬਾਣੀ ਨੂੰ ਮਾਨਤਾ ਹੈ। ਉੱਚਾ ਆਚਰਨ ਤੇ ਸਿਫਤ ਸਲਾਹ ਲੋਕਾਂ ਦੇ ਮਨੋਂ ਲਹਿ ਗਈ ਹੈ। ਮਾਲਕ ਪ੍ਰਭੂ ਨੂੰ ਭੁਲਾ ਕੇ ਤੇ ਉੱਚੇ ਆਚਰਣ ਤੋਂ ਬਿਨਾਂ ਸੰਜਮ ਤੇ ਜਨੇਊ ਕਿਸ ਕੰਮ ਹਨ। ਤੁਸੀਂ ਨਹਾ ਧੋ ਕੇ ਤਿਲਕ ਲਗਾਉਂਦੇ ਹੋ, ਪਰ ਬਾਹਰਲੀ ਸਫਾਈ ਤੇ ਪਵਿੱਤ੍ਰਤਾ ਕਿਸੇ ਬਹੁਤੇ ਕੰਮ ਦੀ ਨਹੀਂ। ਕਲਜੁਗ ਵਿਚ (ਇਸਲਾਮੀ ਹਕੂਮਤ ਦੇ ਧੱਕੇ ਦੇ ਜ਼ੋਰ ਹੇਠ) ਕੁਰਾਨ ਨੂੰ ਪ੍ਰਵਾਨਗੀ ਦਿੱਤੀ ਜਾ ਰਹੀ ਹੈ ਤੇ ਪੁਰਾਣ ਆਦਿ ਰਹਿ ਗਏ ਨੇ। ਪ੍ਰਮਾਤਮਾ ਦਾ ਨਾਮ ਵੀ ਰਹਿਮਾਨ ਆਖਿਆ ਜਾ ਰਿਹਾ ਹੈ। ਪਰ ਇਹ ਸਭ ਕੁਝ ਉਸੇ ਇੱਕੋ ਮਾਲਕ ਤੋਂ ਹੋ ਰਿਹਾ ਹੈ। ਜੋ ਮਨੁੱਖ ਨਾਮ ਸਿਮਰਦਾ ਹੈ ਪ੍ਰਭੂ ਦਾ, ਉਸ ਨੂੰ ਲੋਕ-ਪਰਲੋਕ ਵਿਚ ਇੱਜ਼ਤ ਮਿਲਦੀ ਹੈ ਤੇ ਨਾਮ ਜਪਣ ਤੋਂ ਵਧੀਕ ਹੋਰ ਕੋਈ ਚੰਗਾ ਕਰਮ ਨਹੀਂ ਹੈ। ਪਰਮਾਤਮਾ ਸਭ ਦੇ ਹਿਰਦੇ-ਘਰ ਵਿਚ ਵੱਸਦਾ ਹੈ ਤੇ ਜੋ ਉਸ ਨੂੰ ਭੁਲਾ ਕੇ ਦੇਵੀ-ਦੇਵਤਿਆਂ ਆਦਿ ਤੋਂ ਮੰਗਦਾ ਫਿਰੇ ਤਾਂ ਫਿਰ ਉਸ ਜੀਵ ਦੇ ਸਿਰ ਦੋਸ਼ ਆਉਂਦਾ ਹੈ।

ਗੁਰਬਾਣੀ ਦੇ ਅਰਥ ਸਹੀ ਕਰਨ ਦਾ ਕੋਈ ਦਾਅਵਾ ਨਹੀਂ ਕਰ ਸਕਦਾ। ਇਹ ਤਾਂ ਗੁਰੂ ਨਾਨਕ ਸਾਹਿਬ ਜੀ ਜਾਣਦੇ ਹਨ, ਜਿਨ੍ਹਾਂ ਇਹ ਸ਼ਬਦ ਉਚਾਰਿਆ ਹੈ। ਰਾਗ ਮਾਝ ਵਿਚ ਵੀ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਰਾਜੇ ਕਲਜੁਗ ਵਿਚ ਕਸਾਈਆਂ ਦੀ ਤਰ੍ਹਾਂ ਹੋ ਗਏ ਹਨ ਤੇ ਧਰਮ ਖੰਭ ਲਾ ਕੇ ਉੱਡ ਗਿਆ ਹੈ ਤੇ ਝੂਠ ਮੱਸਿਆ ਦੀ ਕਾਲੀ ਰਾਤ ਵਾਂਗੂ ਪਸਰ ਰਿਹਾ ਹੈ ਤੇ ਸੱਚ ਦਾ ਚੰਦਰਮਾ ਕਿਤੇ ਦਿਖਾਈ ਨਹੀਂ ਦਿੰਦਾ। ਫ਼ੁਰਮਾਨ ਹੈ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥ (ਅੰਗ ੧੪੫)

ਭਗਤ ਕਬੀਰ ਜੀ ਬਾਣੀ ਵਿਚ ਫ਼ੁਰਮਾਉਂਦੇ ਹਨ :

ਕੋਟਿ ਚੰਦ੍ਰਮੇ ਕਰਹਿ ਚਰਾਕ॥ ਸੁਰ ਤੇਤੀਸਉ ਜੇਵਹਿ ਪਾਕ॥
ਨਵ ਗ੍ਰਹ ਕੋਟਿ ਠਾਢੇ ਦਰਬਾਰ॥ ਧਰਮ ਕੋਟਿ ਜਾ ਕੈ ਪ੍ਰਤਿਹਾਰ॥

(ਅੰਗ ੧੧੬੨-੬੩)

ਕਰੋੜਾਂ ਹੀ ਚੰਦਰਮਾ ਅਕਾਸ਼ ਵਿਚ ਟਿਮਟਿਮਾਂਦੇ ਹਨ। ਤੇਤੀ ਕਰੋੜ ਦੇਵਤੇ ਭੋਗ ਲਾਉਂਦੇ ਹਨ ਭੋਜਨ ਨੂੰ। ਨੌਂ ਗ੍ਰਹਿ ਤੇ ਕ੍ਰੋੜਾਂ ਹੀ ਉਸ ਦੇ ਦਰਬਾਰ ਅੱਗੇ ਖੜ੍ਹੇ ਹਨ ਤੇ ਕਰੋੜਾਂ ਹੀ ਧਰਮਰਾਜੇ ਉਸ ਦੇ ਦਰਵਾਜ਼ੇ 'ਤੇ ਚੌਕੀਦਾਰ ਹਨ।

ਭਾਈ ਗੁਰਦਾਸ ਜੀ ਤੇਈਵੀਂ ਵਾਰ ਦੀ ਸਤਾਰਵੀਂ ਵਿਚ ਬਿਆਨਦੇ ਹਨ :

ਕਲਿਜੁਗ ਨਾਉਂ ਅਰਾਧਣਾ ਹੋਰ ਕਰਮ ਕਰ ਮੁਕਤਿ ਨ ਪਾਏ।
ਜੁਗ ਜੁਗ ਸੁਣੀਐ ਬੀਜਿਆ ਪਾਪ ਪੁੰਨ ਕਰ ਦੁਖ ਸੁਖ ਪਾਏ।

ਕਲਿਜੁਗ ਪ੍ਰਭੂ ਜੀ ਦਾ ਨਾਮ ਜਪਣ ਨਾਲ ਹੀ ਦਇਆ ਦੀ ਬਖ਼ਸ਼ਿਸ਼ ਹੁੰਦੀ ਹੈ। ਹੋਰ ਕੋਈ ਵੀ ਸਾਧਨ, ਧਰਮ ਇਸ ਦੇ ਬਰਾਬਰ ਨਹੀਂ ਹੈ। ਵੇਦ ਵੀ ਇਸ ਗੱਲ ਦੀ ਤਸਦੀਕ ਕਰਦੇ ਹਨ। ਫ਼ੁਰਮਾਨ ਹਨ :

ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ॥
ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ॥੨॥

(ਅੰਗ ੬੩੨)

ਕਲਿਜੁਗ ਮਹਿ ਇਕ ਨਾਮ ਉਧਾਰੁ॥
ਨਾਨਕ ਬੋਲੈ ਬ੍ਰਹਮ ਬੀਚਾਰੁ॥ (ਅੰਗ ੧੧੩੮)
ਕਲਿਜੁਗ ਮਹਿ ਹਰਿ ਜੀਉ ਏਕੁ ਹੋਰ ਰੁਤਿ ਨ ਕਾਈ॥
ਨਾਨਕ ਗੁਰਮੁਖਿ ਹਿਰਦੈ ਰਾਮ ਨਾਮੁ ਲੇਹੁ ਜਮਾਈ॥ (ਅੰਗ ੧੧੨੯)

ਕਈ ਸੰਤ, ਮਹਾਂਪੁਰਖ ਤੇ ਵਿਦਵਾਨ ਤਾਂ ਐਸਾ ਆਖਦੇ ਹਨ ਕਿ ਪ੍ਰਭੂ ਦੀ ਪ੍ਰੀਤ ਤਾਂ ਸਦਾ ਬਸੰਤ ਦੀ ਤਰ੍ਹਾਂ ਹੈ।

ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ॥
ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ॥ (ਅੰਗ ੧੪੦)

ਬਾਰ੍ਹਾਂ ਮਹੀਨਿਆਂ, ਛੇ ਰੁੱਤਾਂ, ਇਕ ਘੜੀ ਤੇ ਮਹੂਰਤ (ਦੋ ਘੜੀਆਂ) ਇਤਆਦਿਕ ਵਿਚ ਸਾਰਿਆਂ ਸਮਿਆਂ ਵਿਚ ਤੈਨੂੰ ਹੀ ਵਿਚਾਰਨਾ ਕੀਤਾ ਹੈ। ਹੇ ਵਾਹਿਗੁਰੂ ! ਤੂੰ ਹੀ ਤੂੰ ਹੈਂ ਸਭ ਵਿਚ ਤੈਨੂੰ ਸਿਮਰਿਆ ਜਾ ਸਕਦਾ ਹੈ ਭਾਵ ਤੇਰੇ ਸਿਮਰਨ ਲਈ ਕੋਈ ਖ਼ਾਸ ਮਹੀਨਾ ਖ਼ਾਸ ਰੁੱਤ ਆਦਿ ਨਹੀਂ ਹੈ। ਹੇ ਪ੍ਰਭੂ ਜੀ ! ਤੁਹਾਨੂੰ ਕਰਮਾਂ, ਗਿਣਤੀਆਂ ਮਿਣਤੀਆਂ ਨਾਲ ਕਿਸੇ ਨੇ ਨਹੀਂ ਪਾਇਆ। ਪਰ ਫਿਰ ਵੀ ਵਾਹਿਗੁਰੂ ਜੀ ਉਹ ਰੁੱਤ ਸੁਹਾਵਣੀ ਹੈ, ਮਿੱਠੀ ਹੈ ਜਦੋਂ ਮੈਨੂੰ ਤੇਰੀ ਯਾਦ ਆ ਜਾਵੇ ਉਹ ਕੰਮ ਵੀ, ਸਿਮਰਨ ਵੀ ਚੰਗਾ ਹੈ ਜੋ ਮੈਂ ਤੇਰੀ

ਪ੍ਰਾਪਤੀ ਲਈ ਘਾਲਨਾ ਘਾਲਦਾ ਹਾਂ। ਫ਼ੁਰਮਾਨ ਹੈ :

ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ ॥
ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ ॥ (ਅੰਗ ੯੭)

ਕਈ ਸ਼ਬਦਾਂ ਵਿਚ ਐਸਾ ਵਰਨਣ ਆਉਂਦਾ ਹੈ ਕਿ ਹੇ ਪ੍ਰਾਣੀ ! ਤੂੰ ਕਿਉਂ ਨਹੀਂ ਚਲਦਾ, ਤੁਰਦਾ ਪ੍ਰਭੂ ਵੱਲ ਨੂੰ, ਕਿਉਂਕਿ ਤੇਰਾ ਸਮਾਂ ਮੁਕਣ ਵੱਲ ਵੱਧ ਰਿਹਾ ਹੈ ਤੇ ਤੂੰ ਫ਼ਜ਼ੂਲ ਨਿਕੰਮੇ ਕੰਮਾਂ ਵਿਚ ਰੁੱਝਿਆ ਹੋਇਆ ਹੈਂ। ਫ਼ੁਰਮਾਨ ਹਨ :

ਉਠਿ ਵੰਞੁ ਵਟਾਊੜਿਆ ਤੈ ਕਿਆ ਚਿਰੁ ਲਾਇਆ ॥
ਮੁਹਲਤਿ ਪੁੰਨੜੀਆ ਕਿਤੁ ਕੂੜਿ ਲੋਭਾਇਆ ॥ (ਅੰਗ ੪੫੯)
ਪੇਖਿ ਪੇਖਿ ਰੇ ਕਸੁੰਭ ਕੀ ਲੀਲਾ ਰਾਚਿ ਮਾਚਿ ਤਿਨਹੂੰ ਲਉ ਹਸੂਆ॥
ਛੀਜਤ ਡੋਰਿ ਦਿਨਸੁ ਅਰੁ ਰੈਨੀ ਜੀਅ ਕੋ ਕਾਜੁ ਨ ਕੀਨੋ ਕਛੂਆ॥
(ਅੰਗ ੨੦੬)

ਭਾਈ ਨੰਦ ਲਾਲ ਜੀ ਜ਼ਿੰਦਗੀਨਾਮਾ ਵਿਚ ਬਿਆਨ ਕਰਦੇ ਹਨ ਕਿ ਮਰਦਾਨਗੀ ਦਾ ਅਰਥ ਪ੍ਰਭੂ ਨਾਲ ਜੁੜ ਜਾਣਾ ਹੈ, ਉਸ ਦੇ ਸਿਮਰਨ ਤੋਂ ਬਿਨਾਂ ਸਭ ਕੁਝ ਤੋਂ ਬੇਪ੍ਰਵਾਹ ਹੋ ਜਾਣਾ ਹੈ :

ਮਰਦਮੀ ਯਾਅਨੀ ਬ-ਹੱਕ ਪੈਵਸਤਨ ਅਸਤ॥
ਗ਼ੈਰ ਜ਼ਿਕਰਸ਼ ਅਜ਼ ਹਮਾ ਬਰੁਸਤਨ ਅਸਤ॥੧੯੮॥

ਤੇ ਇਹ ਬਸੰਤ ਜੁਗਾਤਰਾਂ ਤਾਂਈ ਹਰੀ ਭਰੀ ਰਹਿੰਦੀ ਹੈ, ਹੇ ਅਨੰਤ (ਇਸ ਨੂੰ) ਬੁਰੀ ਨਜ਼ਰ ਤੋਂ ਪਰ੍ਹੇ ਰੱਖ।

ਈਂ ਬਹਾਰ ਤਾਜ਼ਾ ਬਾਸ਼ਦ ਤਾ ਅਬਦ
ਯਾ ਇਲਾਹੀ ਦੂਰ ਦਾਰ ਅਜ਼ ਚਸ਼ਮਿ ਬਦ॥੪੮੭॥

ਮਨੁੱਖ ਪਰਵਾਰਿਕ ਤੇ ਸਮਾਜਿਕ ਜੀਵ ਹੈ ਜੋ ਪਰਿਵਾਰ ਤੇ ਸਮਾਜ ਲਈ ਵੀ ਚੰਗੀਆਂ ਉਦਾਹਰਣਾਂ ਉਲੀਕ ਸਕਦਾ ਹੈ ਜੋ ਕਿ ਆਉਂਦੀਆਂ ਪੀੜ੍ਹੀਆਂ ਨੂੰ ਵੀ ਉਤਸਾਹਿਤ ਕਰ ਸਕਦੀਆਂ ਹਨ। ਪਹਿਲੀਆਂ, ਪਿਛਲੀਆਂ ਪਰਿਵਾਰਿਕ ਪੀੜ੍ਹੀਆਂ ਦਾ ਵੀ ਉਧਾਰ ਕਰਵਾ ਸਕਦਾ ਹੈ ਜਿਵੇਂ ਕਿ ਫ਼ੁਰਮਾਨ ਹੈ :

ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ॥
ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ॥ (ਅੰਗ ੧੧੩੩)

ਬਾਬਾ ਬੁੱਢਾ ਜੀ ਨੇ ਆਪਣੇ ਅੰਤਲੇ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਭਾਣੂ (ਜੋ ਉਨ੍ਹਾਂ ਪਹਿਲਾਂ ਹੀ ਆਪਣੇ ਨਜ਼ਦੀਕ ਰਖਵਾਇਆ ਹੋਇਆ ਸੀ) ਮੇਰੇ ਪੁੱਤਰ ਭਾਨੇ ਨੂੰ ਪਕੜਾ ਕੇ ਅਸੀਸ ਬਖ਼ਸ਼ੋ ਕਿ ਉਹ ਵੀ ਸਿੱਖੀ ਸੇਵਾ ਵਿਚ ਲੱਗਾ ਰਹੇ।

ਸਰਸ ਬਸੰਤ ਦੀ ਰੁੱਤ ਜ਼ਿੰਦਗੀ ਦੀ ਸ਼ੁਰੂਆਤ ਦੀ ਤਰ੍ਹਾਂ ਹੈ। ਇਸੇ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਖ਼ਾਲਸੇ ਨੂੰ ਪ੍ਰਗਟ ਕਰਨ ਲਈ ਇਸੇ ਹੀ ਰੁੱਤ ਨੂੰ ਚੁਣਿਆ। ਸਰਦੀ ਤੋਂ ਬਾਅਦ ਤਾਪਮਾਨ ਵਧਣਾ ਸ਼ੁਰੂ ਹੋ ਜਾਂਦਾ ਹੈ, ਦਰੱਖ਼ਤਾਂ ਨੂੰ ਕਰੂੰਬਲਾਂ ਫੁਟਦੀਆਂ ਹਨ। ਇਸੇ ਰੁੱਤ ਹੀ ਜ਼ਿਆਦਾ ਪਸ਼ੂ, ਪੰਛੀ ਆਪਣੇ ਬੱਚੇ ਜਨਮਦੇ ਹਨ। ਦਿਨ ਵਧਣੇ ਸ਼ੁਰੂ ਹੋ ਜਾਂਦੇ ਹਨ, ਤਬਦੀਲੀ ਆਉਂਦੀ ਹੈ। ਇਸੇ ਰੁੱਤੇ ਲੋਕ ਸਫਾਈਆਂ ਕਰਦੇ ਹਨ।

ਗ੍ਰੀਖਮ ਰੁੱਤੇ ਦਿਨ ਵੱਡੇ ਹੁੰਦੇ ਹਨ ਤੇ ਰਾਤਾਂ ਛੋਟੀਆਂ ਹੋ ਜਾਂਦੀਆਂ ਹਨ। ਲੋਗ ਪ੍ਰਵਾਰਾਂ ਦੋਸਤਾਂ ਨਾਲ ਸਮੁੰਦਰ ਕਿਨਾਰੇ, ਧੁੱਪੇ ਛੁੱਟੀਆਂ ਮਨਾਉਂਦੇ ਹਨ ਤੇ ਪਿਕਨਕਾਂ ਦੇ ਪ੍ਰੋਗਰਾਮ ਉਲੀਕੇ ਜਾਂਦੇ ਹਨ। ਲੋਗ ਖ਼ੁਸ਼ੀ ਮਹਿਸੂਸ ਕਰਦੇ ਹਨ ਤਾਪਮਾਨ ਵਧਿਆ ਹੁੰਦਾ ਹੈ ਤੇ ਕੱਪੜੇ ਵੀ ਥੋੜ੍ਹੇ ਹੀ ਪਾਉਣੇ ਪੈਂਦੇ ਹਨ। ਸਰਵੇਖਣ ਹੋਏ ਹਨ ਜੋ ਦਰਸਾਉਂਦੇ ਹਨ ਕਿ ਰੋਗੀ ਵੀ ਇਸ ਰੁੱਤੇ ਕੁਝ ਵਧੀਆ ਮਹਿਸੂਸ ਕਰਦੇ ਹਨ। ਗਰਮੀ ਨਾਲ ਸਰੀਰ ਵੀ ਕਈ ਵਾਰੀ ਸੁਸਤੀ ਅਧੀਨ ਆ ਜਾਂਦੇ ਹਨ ਕਿਉਂਕਿ ਸੂਰਜ ਵੀ ਤਪਦਾ ਹੈ। ਧੁੱਪ ਐਨਕਾਂ ਵੀ ਬਹੁਤ ਡੀਜ਼ਾਇਨਾਂ ਦੀਆਂ ਮਿਲ ਜਾਂਦੀਆਂ ਹਨ। ਠੰਢੇ ਮੁਲਕਾਂ ਦੇ ਵਸਨੀਕ ਗਰਮੀ ਵਾਲੇ ਦੇਸ਼ਾਂ ਵਿਚ ਛੁੱਟੀਆਂ ਬਿਤਾਉਣ ਲਈ ਜਾਂਦੇ ਹਨ। ਗਰਮੀਆਂ ਦੀਆਂ ਸਬਜ਼ੀਆਂ ਤੇ ਫਲ ਵੀ ਵੱਖਰੇ ਹਨ ਜੋ ਕਿ ਇਸੇ ਰੁੱਤੇ ਅੰਬ ਆਦਿ ਪ੍ਰਾਪਤ ਹੁੰਦੇ ਹਨ।

ਬਰਸ (ਵਰਖਾ) ਰੁੱਤ ਵਿਖੇ ਮੌਨਸੂਨ ਵਰਤਦੀ ਹੈ। ਕਈ ਥਾਂਵਾਂ 'ਤੇ ਵਰਖਾ ਰੁੱਤ ਬਹੁਤ ਲੋਕਪ੍ਰਿਯ ਹੈ ਜਿਵੇਂ ਥਾਈਲੈਂਡ ਤੇ ਜਪਾਨ ਆਦਿ। ਛਤਰੀਆਂ, ਰੇਨਕੋਟ ਤੇ ਮੱਛਰਾਂ ਤੋਂ ਬਚਾਅ ਲਈ ਪ੍ਰਬੰਧਕ ਕੰਪਨੀਆਂ ਇਸ ਰੁੱਤ ਨੂੰ ਬਹੁਤ ਪ੍ਰਸੰਨ ਹੁੰਦੇ ਹਨ ਕਿ ਸਾਡਾ ਸਮਾਨ ਜ਼ਿਆਦਾ ਵਿਕੇਗਾ। ਉਤਰੀ Guaya ਵਿਖੇ ਦੋ ਵਰਖਾ ਰੁੱਤਾਂ ਵਾਪਰਦੀਆਂ ਹਨ-ਇਕ ਮੁੱਢਲੀ ਬਸੰਤ ਤੇ ਇਕ ਮੁੱਢਲੀ ਆਰੰਭਕ ਸਰਦੀ ਸਮੇਂ। ਇਸ ਬਰਸ ਰੁੱਤ ਸਮੇਂ ਹਵਾ ਵਿਚ ਵਧ ਹੋਈ ਸਿੱਲ੍ਹ, ਨਮੀ ਕਰਕੇ ਬਹੁਤ ਸਾਰੇ ਰੋਗਾਂ ਤੇ ਤਤਕਾਲੀ ਉਪਜ ਵਿਪਰੀਤੀ ਅਤਿਸੰਵੇਦਨਸ਼ੀਲਤਾ ਮਨੁੱਖੀ ਚਮੜੀ ਨੂੰ ਪ੍ਰਭਾਵਿਤ ਕਰਦੀ ਹੈ। ਸਰੀਰਾਂ ਨੂੰ ਸਵਸਥ ਰੱਖਣ ਲਈ ਮਾਹਰ ਆਖਦੇ ਹਨ ਕਿ ਇਸ ਰੁੱਤੇ ਕੁੜੱਤਣ ਵਾਲੀਆਂ ਸਬਜੀਆਂ ਤੇ ਪੱਤਿਆਂ ਵਾਲੀਆਂ ਸਬਜੀਆਂ ਖਾਣ ਦੀ ਸਿਫਾਰਸ਼ ਕਰਦੇ ਹਨ।

ਸਰਦ ਰੁੱਤ (ਪੱਤਝੜ) ਵਿਖੇ ਦਿਨਾਂ ਦੀ ਰੋਸ਼ਨੀ ਘੱਟਣ ਲੱਗ ਪੈਂਦੀ ਹੈ ਤੇ ਤਾਪਮਾਨ ਵੀ ਘੱਟ ਜਾਂਦ ਹੈ। ਦਰੱਖ਼ਤਾਂ ਦੇ ਪੱਤੇ ਪੀਲੇ, ਸੰਤਰੀ ਤੇ ਲਾਲ ਰੰਗ ਤੇ ਵਧੀਆ ਦਿਖਾਈ ਦਿੰਦੇ ਹਨ। ਐਸੇ ਪਿਆਰੇ ਸੁਨਿਹਰੀ ਰੰਗ ਦੇਖ ਕੇ ਮਨ ਅਤੀ ਪ੍ਰਸੰਨ ਹੁੰਦਾ ਹੈ ਕਿ ਪ੍ਰਭੂ ਜੀ ਨੇ ਕੈਸੇ ਨਜ਼ਾਰੇ ਬਣਾਏ ਹਨ। ਇਸ ਸਰਦ ਰੁੱਤੇ ਕੱਪੜੇ ਵੀ ਜ਼ਿਆਦੇ ਪੈਣੇ ਸ਼ੁਰੂ ਹੋ ਜਾਂਦੇ ਹਨ ਗ੍ਰੀਖਮ ਰੁੱਤ ਤੋਂ ਉਪ੍ਰੰਤ। ਇਸ ਸਰਦ ਰੁੱਤ ਵਿਖੇ ਹਲਵਾ-ਕੱਦੂ ਪੇਠਾ ਬਹੁਤ ਹੁੰਦਾ ਹੈ। ਇਸ ਸਰਦ ਰੁੱਤ ਨੂੰ ਬਹੁਤ ਰੰਗੀਨ, ਰੰਗਦਾਰ ਤੇ ਮਨੋਰੰਜਕ ਮੰਨਦੇ ਹਨ।

ਸਿਸੀਅਰ ਰੁੱਤ ਵਿਚ ਠੰਡ, ਕੋਹਰਾ ਤੇ ਧੁੰਧ ਆਮ ਪੈਣ ਲੱਗ ਪੈਂਦੀ ਹੈ। ਸਿਸਿਅਰ

ਰੁੱਤ ਦੀ ਸੀਤ ਲਹਿਰ ਸਭ ਮਨੁੱਖਾਂ ਤੇ ਪਸ਼ੂ ਪੰਛੀਆਂ ਨੂੰ ਪ੍ਰਭਾਵਿਤ ਕਰਦੀ ਹੈ। ਕਈ ਮਨੁੱਖ ਵੀ ਪਸ਼ੂ ਪੰਖੀਆਂ ਦੀ ਤਰ੍ਹਾਂ ਹੋਰ ਦੇਸ਼ਾਂ ਵਿਚ ਪਰਵਾਸ ਕਰ ਲੈਂਦੇ ਹਨ, ਜਿੱਥੇ ਠੰਢ ਘੱਟ ਹੁੰਦੀ ਹੈ। ਦਰੱਖ਼ਤਾਂ ਦੇ ਤਣੇ ਦੇ ਨਾਲ-ਨਾਲ ਟਾਹਣੀਆਂ ਸ਼ਾਖਾਂ ਵੀ ਪੱਤਿਆਂ ਤੋਂ ਬਿਨਾਂ ਨੰਗੀਆਂ ਦਿਖਾਈ ਦੇ ਜਾਂਦੀਆਂ ਹਨ।

ਹਿਮਕਰ ਰੁੱਤ ਅਤੀ ਬਰਫਾਨੀ ਹੈ, ਇਸ ਰੁੱਤੇ ਆਮ ਵਿਅਕਤੀਆਂ ਨੂੰ ਭੁੱਖ ਵੀ ਕੁਝ ਜ਼ਿਆਦਾ ਲੱਗਦੀ ਹੈ ਕਿਉਂਕਿ ਸਰੀਰ ਠੰਢ ਸਮੇਂ ਸਰੀਰ ਨੂੰ ਨਿੱਘਾ ਰੱਖਣ ਲਈ ਸਰੀਰ ਦਾ ਬਲ, ਤੇਜ ਵਰਤਦਾ ਹੈ ਤੇ ਇਸ ਤਾਕਤ ਨੂੰ ਮੁੜ ਭਰਨ ਲਈ ਸਰੀਰ ਹੋਰ ਭੋਜਨ ਦੀ ਮੰਗ ਕਰਦਾ ਹੈ ਜਿਸ ਵਿੱਚੋਂ ਇਸ ਊਰਜਾ ਨੂੰ ਦੁਬਾਰਾ ਪ੍ਰਾਪਤ ਕਰਦਾ ਹੈ। ਕਈ ਸਬਜੀਆਂ ਆਦਿ ਵੀ ਇਸ ਹਿਮਕਰ ਰੁੱਤੇ ਜ਼ਿਆਦਾ ਪ੍ਰਾਪਤ ਹੁੰਦੀਆਂ ਹਨ ਜਿਵੇਂ ਮੂਲੀਆਂ, ਸ਼ਲਗਮ ਤੇ ਗਾਜਰਾਂ ਆਦਿ।

ਭਾਈ ਗੁਰਦਾਸ ਜੀ ਅੱਠਵੀਂ ਵਾਰ ਦੀ ਤੇਰਵੀਂ ਪਉੜੀ ਵਿਚ ਬਿਆਨ ਕਰਦੇ ਹਨ ਕਿ ਛੇ ਰੁੱਤਾਂ, ਬਾਰ੍ਹਾਂ ਮਹੀਨਿਆਂ ਦੇ ਵਿੱਚੋਂ ਦੀ ਸੂਰਜ ਬਾਰ੍ਹਾਂ ਰਾਸ਼ੀਆਂ ਵਿਚ ਦੀ ਲੰਘਦਾ ਹੈ। ਗੁਰੂ ਸਾਹਿਬ ਜੀ ਨਾਸ ਰਹਿਤ ਹਨ। ਫ਼ੁਰਮਾਨ ਹੈ :

ਛਿਅ ਰੁਤਿ ਬਾਰਹ ਮਾਹ ਕਰ ਸੂਰਜ ਇਕੋ ਬਾਰਹ ਰਾਸੀ॥
ਗੁਰਾਂ ਗੁਰੂ ਸਤਿਗੁਰ ਅਬਿਨਾਸੀ॥ ੧੩ ॥

ਇਸੇ ਤਰ੍ਹਾਂ ਹੀ ਭਾਈ ਸਾਹਿਬ ਜੀ ਛਬੀਵੀਂ ਵਾਰ ਦੀ ਤੀਜੀ ਪਉੜੀ ਵਿਚ ਹੋਰ ਵਿਸਥਾਰ ਪ੍ਰਗਟ ਕਰਦੇ ਹਨ। ਫ਼ੁਰਮਾਨ ਹੈ :

ਅੰਬਰੁ ਧਰਤਿ ਵਿਛੋੜਿਅਨ ਕੁਦਰਤਿ ਕਰਿ ਕਰਤਾਰ ਕਹਾਇਆ।
ਧਰਤੀ ਅੰਦਰ ਪਾਣੀਐ ਵਿਣ ਥੰਮ੍ਹਾਂ ਆਗਾਸ ਰਹਾਇਆ।
ਈਂਧਣ ਅੰਦਰ ਅੱਗ ਧਰ ਅਹਿਨਿਸਿ ਸੂਰਜ ਚੰਦੁ ਉਪਾਇਆ।
ਛਿਅ ਰੁਤ ਬਾਰਹ ਮਾਹ ਕਰ ਖਾਣੀ ਬਾਣੀ ਚਲਿਤ ਰਚਾਇਆ।
ਮਾਣਸ ਜਨਮ ਦੁਲੰਭ ਹੈ ਸਫਲੁ ਜਨਮ ਗੁਰ ਪੂਰਾ ਪਾਇਆ।
ਸਾਧ ਸੰਗਤਿ ਮਿਲ ਸਹਜਿ ਸਮਾਇਆ॥ ੩ ॥

ਭਾਈ ਗੁਰਦਾਸ ਸਾਹਿਬ ਜੀ ਛੇ ਰੁੱਤਾਂ, ਛੇ ਦਰਸ਼ਨਾਂ ਤੇ ਰਸਾਂ ਦੀ ਗੱਲ ਕਈ ਥਾਂਵਾਂ 'ਤੇ ਬਿਆਨ ਕਰਦੇ ਹਨ ਪਰ ਇੱਥੇ ਵਿਸਥਾਰ ਨਹੀਂ ਕੀਤਾ ਜਾ ਰਿਹਾ। ਭਾਈ ਗੁਰਦਾਸ ਜੀ ਦੀਆਂ ਛੇਵੀਂ ਵਾਰ ਦੀ ਸਤਾਰਵੀਂ ਪਉੜੀ ਵਿੱਚੋਂ ਸਿਰਫ ਦੋ ਪੰਗਤੀਆਂ ਹੀ ਦਰਜ ਕੀਤੀਆਂ ਜਾ ਰਹੀਆਂ ਹਨ ਜਿਸ ਵਿਚ ਉਹ ਬਿਆਨ ਕਰਦੇ ਹਨ ਕਿ ਜਦੋਂ ਪ੍ਰਭੂ ਨੂੰ ਯਾਦ ਕਰੀਏ, ਸ਼ਬਦ ਸੁਰਤ ਦਾ ਮੇਲ ਹੋ ਜਾਵੇ ਉਹ ਭਾਗਾਂ ਵਾਲੀ ਘੜੀ, ਮਹੂਰਤ ਦਿਨ ਰਾਤ ਤੇ ਰੁੱਤ ਹੈ। ਫ਼ੁਰਮਾਨ ਹੈ :

ਧੰਨ ਪਲ ਚਸਾ ਘੜੀ ਪਹਿਰ ਧੰਨ ਧੰਨ ਥਿਤ ਸੁ ਵਾਰ ਸਭਾਗੇ।

ਧੰਨ ਧੰਨ ਦਿਹ ਰਾਤ ਹੈ ਪੱਖ ਮਾਹ ਰੁਤ ਸੰਮਤ ਜਾਗੇ।

ਸ੍ਰੀ ਗੁਰੂ ਨਾਨਕ ਦੇਵ ਜੀ ਸਾਹਿਬ ਜੀ ਫ਼ੁਰਮਾਉਂਦੇ ਹਨ :

ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ॥
ਨਾਨਕ ਰੁਤਿ ਸੁਹਾਵੀ ਸਾਈ ਬਿਨੁ ਨਾਵੈ ਰੁਤਿ ਕੇਹੀ॥ (ਅੰਗ ੧੨੫੪)

ਜਿਵੇਂ ਦੀ ਰੁੱਤ ਦੇ ਪ੍ਰਭਾਵ ਅਧੀਨ ਮਨੁੱਖ ਜੀਵਨ ਬਿਤਾਉਂਦਾ ਹੈ, ਉਸ ਦੇ ਸਰੀਰ ਨੂੰ ਓਹੋ ਜਿਹੀ ਹੀ ਸੁਖ ਮਿਲਦਾ ਹੈ। ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਉਹ ਰੁੱਤ ਸੁਹਾਵਣੀ ਹੈ ਤੇ ਨਾਮ ਤੋਂ ਬਿਨਾਂ ਰੁੱਤ ਕੈਸੀ ਹੈ? ਭਾਵ ਬੇਕਾਰ ਹੈ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਵੀ ਫ਼ੁਰਮਾਨ ਕਰਦੇ ਹਨ ਕਿ ਜਿਸ ਦਿਨ ਪ੍ਰਭੂ ਦੀ ਯਾਦ ਵਿਚ ਸਮਾਂ ਬਤੀਤ ਹੋਵੇ ਉਹ ਦਿਨ ਖ਼ੂਬਸੂਰਤ ਚੰਗਾ ਹੈ ਤੇ ਜਿਸ ਦਿਨ ਪ੍ਰਭੂ ਭੁੱਲ ਜਾਵੇ ਤਾਂ ਵਧੀਆ ਭਲੀ ਰੁੱਤ ਵੀ ਫਿਟਕਾਰ-ਜੋਗ ਹੈ। ਫ਼ੁਰਮਾਨ ਹੈ :

ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ॥
ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤਿ॥ ੧ ॥ (ਅੰਗ ੩੧੮)

ਗੁਰਬਾਣੀ ਵਿਚ ਕਈ ਫ਼ੁਰਮਾਨ ਹਨ ਜਿਨ੍ਹਾਂ ਵਿਚ ਦ੍ਰਿਸਟਾਇਆ ਗਿਆ ਹੈ ਕਿ ਚਉਰਾਸੀਹ ਲੱਖ ਜੂਨ ਹੈ ਤੇ ਮਨੁੱਖਾ ਜਨਮ ਬਹੁਤ ਸਮਾਂ ਭਟਕਣ ਉਪ੍ਰੰਤ ਮਿਲਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ ਕਿ ਹੇ ਮੇਰੀਏ ਮੂਰਖ ਤੇ ਭੋਲੀਏ ਜਿੰਦੇ ! ਤੂੰ ਪ੍ਰਮਾਤਮਾ ਨੂੰ ਸਿਮਰਦਿਆਂ ਸੁਸਤੀ ਤੇ ਆਲਸ ਕਰਦੀ ਹੈਂ। ਬਹੁਤੀਆਂ ਮੁਦਤਾਂ ਤੋਂ ਪਿੱਛੋਂ ਇਹ ਮਨੁੱਖਾ ਜਨਮ ਮਿਲਿਆ ਹੈ ਜੇ ਪ੍ਰਭੂ ਦੇ ਸਿਮਰਨ ਤੋਂ ਸੱਖਣਾ ਬੀਤ ਗਿਆ ਤਾਂ ਕੀਹ ਪਤਾ ਹੈ ਕਦੋਂ ਫਿਰ ਮਨੁੱਖਾ ਜਨਮ ਦੀ ਰੁੱਤ ਆਵੇ। ਫ਼ੁਰਮਾਨ ਹੈ :

ਭੋਰੇ ਭੋਰੇ ਰੂਹੜੇ ਸੇਵੇਦੇ ਆਲਕੁ॥
ਮੁਦਤਿ ਪਈ ਚਿਰਾਣੀਆ ਫਿਰਿ ਕਡੂ ਆਵੈ ਰੁਤਿ॥ ੩ ॥ (ਅੰਗ ੧੦੯੫)

ਵੀਚਾਰ ਕੀਤਾ ਗਿਆ ਹੈ ਕਿ ਪ੍ਰਭੂ ਜੀ ਦੇ ਸਿਮਰਨ ਦੇ ਲਈ ਕੋਈ ਖ਼ਾਸ ਵਧੀਆ ਸਮਾਂ ਜਾਂ ਰੁੱਤ ਨਹੀਂ ਹੈ ਬਲਕਿ ਸਾਰੇ ਸਮੇਂ ਹੀ ਚੰਗੇ ਤੇ ਰੁੱਤਾਂ ਭਾਗਸ਼ਾਲੀ ਹੋ ਜਾਂਦੀਆਂ ਹਨ ਜੋ ਪ੍ਰਭੂ ਨਾਲ ਪਿਆਰ ਬਣ ਆਵੇ। ਸਾਰਾ ਸ਼ਬਦ ਵੀਚਾਰ ਲੈਣਾ ਜੀ ਫ਼ੁਰਮਾਨ ਹੈ :

ਸਭੇ ਰੁਤੀ ਚੰਗੀਆ ਜਿਤੁ ਸਚੇ ਸਿਉ ਨੇਹੁ॥ (ਅੰਗ ੧੦੧੫)

✧

ਸਹਾਇਕ ਗ੍ਰੰਥ ਤੇ ਹੋਰ ਪੁਸਤਕਾਂ

- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
- ਸ੍ਰੀ ਦਸਮ ਗ੍ਰੰਥ ਜੀ
- ਸ੍ਰੀ ਸਰਬ ਲੋਹ ਗ੍ਰੰਥ ਜੀ
- ਵਾਰਾਂ ਤੇ ਕਬਿੱਤ ਸਵੈਯੇ - ਭਾਈ ਗੁਰਦਾਸ ਜੀ
- ਜ਼ਿੰਦਗੀਨਾਮਾ ਤੇ ਗ਼ਜ਼ਲਾਂ - ਭਾਈ ਨੰਦ ਲਾਲ ਜੀ
- ਗੁਰਵਾਕ ਚਾਨਣ ੧ - ਸੰਤ ਹਰੀ ਸਿੰਘ ਰੰਧਾਵੇ ਵਾਲੇ
- ਬਾਰਹ ਮਾਹਾ ਮਾਂਝ - ਸੰਤ ਸੇਵਾ ਸਿੰਘ ਰਾਮਪੁਰ ਖੇੜਾ
- ਬਾਰਹ ਮਾਹਾ ਕਥਾ ਪ੍ਰਮਾਣ - ਸਿੰਘ ਸਾਹਿਬ ਗਿਆਨੀ ਮੱਲ ਸਿੰਘ
- ਬਾਰਹ ਮਾਹਾ ਸਟੀਕ - ਪ੍ਰਿ. ਗੰਗਾ ਸਿੰਘ
- ਬਾਰਹਮਾਹ ਤੁਖਾਰੀ ਤੇ ਮਾਝ - ਪ੍ਰੋ. ਸਾਹਿਬ ਸਿੰਘ

- ਪੰਚਾ ਕੇ ਬਸਿ ਰੇ - ਜਸਮੇਰ ਸਿੰਘ ਹੋਠੀ
- ਸਤ ਵਾਰ - ਜਸਮੇਰ ਸਿੰਘ ਹੋਠੀ
- 5 ਕਕਾਰ - ਜਸਮੇਰ ਸਿੰਘ ਹੋਠੀ

✧

ਜਸਮੇਰ ਸਿੰਘ ਹੋਠੀ

ਮੇਰੇ ਸਤਿਕਾਰਤ, ਗੁਰੂ ਸਵਾਰੇ, ਸ਼ਬਦ ਸ਼ਿੰਗਾਰੇ ਸ. ਜਸਮੇਰ ਸਿੰਘ 'ਹੋਠੀ' ਜੀ ਨੇ ਬਹੁਤ ਮਿਹਨਤ ਨਾਲ ਭਾਰਤ ਤੋਂ ਇਲਾਵਾ ਹੋਰ ਦੇਸ਼ਾਂ ਦਾ ਵੀ ਵਰਨਣ ਕਰਕੇ ਉਥੇ ਦੀਆਂ ਰੁੱਤਾਂ ਦਾ, ਮੌਸਮਾਂ ਦਾ ਤੇ ਤਿਉਹਾਰਾਂ ਦਾ ਜ਼ਿਕਰ ਕਰ ਕੇ ਗੁਰਬਾਣੀ ਦੇ ਤੱਥ ਨੂੰ ਸਾਹਮਣੇ ਲਿਆਂਦਾ ਹੈ। ਆਸ ਕਰਦਾ ਹਾਂ ਕਿ ਪਾਠਕ ਇਸ ਪੁਸਤਕ ਨੂੰ ਵੀ ਪੜ੍ਹ ਕੇ 'ਹੋਠੀ' ਜੀ ਨੂੰ ਆਪਣੀ ਅਸੀਸ ਦੇਣਗੇ।

ਗਿ. ਮਹਿੰਦਰ ਸਿੰਘ 'ਹਮਦਰਦ'
(ਹੈੱਡ ਪ੍ਰਚਾਰਕ ਗੁਰੂ ਲਾਧੋ ਰੇ ਸੁਸਾਇਟੀ ਯੂ.ਕੇ.)

ਲੇਖਕ ਨੇ ਗੁਰਬਾਣੀ ਵਿੱਚ ਅੰਕਿਤ ਗੁਰਬਾਣੀ ਸਿਧਾਂਤਾਂ ਨੂੰ ਆਧਾਰ ਬਣਾ ਕੇ ਵਿਭਿੰਨ ਰੁੱਤਾਂ ਦਾ ਵਿਸ਼ਲੇਸ਼ਣ ਕੀਤਾ ਹੈ। ਸਿੱਖ ਵਿਦਵਾਨ ਜਸਮੇਰ ਸਿੰਘ ਹੋਠੀ ਤੇ ਗੁਰੂ ਸਾਹਿਬ ਨੇ ਤਰਸ ਕਰਕੇ 'ਸਭੇ ਰੁਤੀ ਚੰਗੀਆ' ਪੁਸਤਕ (ਜੋ ਬਹੁ ਮੰਤਵੀ ਹੈ) ਲਿਖਵਾ ਕੇ ਗੁਰਮਤਿ ਗਿਆਨ ਵੰਡਣ ਦੀ ਸੇਵਾ ਲਈ ਹੈ।

ਪ੍ਰੋ. (ਡਾ.) ਬਲਜਿੰਦਰ ਸਿੰਘ ਅੰਮ੍ਰਿਤਸਰ

ਇਸ ਪੁਸਤਕ ਵਿੱਚ ਸੂਝਵਾਨ ਵਿਦਵਾਨ ਲੇਖਕ ਨੇ ਗਿਆਨ ਅਤੇ ਵਿਗਿਆਨ ਦਾ ਸੁੱਚਜਾ ਸੁਮੇਲ ਕਰਕੇ ਖੂਬਸੂਰਤੀ ਨਾਲ ਸਾਹਿਤਕ ਭਾਸ਼ਾ ਵਿੱਚ ਰੁੱਤਾਂ ਦਾ ਵਰਨਣ ਕੀਤਾ ਹੈ।

ਮੋਤਾ ਸਿੰਘ ਸਰਾਏ
ਸੰਚਾਲਕ ਯੂਰਪੀ ਪੰਜਾਬੀ ਸੱਥ
ਵਾਲਸਾਲ ਯੂ.ਕੇ.

ਡਾ. ਨਿਰਮਲ ਸਿੰਘ
ਸੇਵਾਦਾਰ ਪੰਜਾਬੀ ਸੱਥ
ਲਾਂਬੜਾ, ਜਲੰਧਰ

ISBN : 978-93-85648-39-7
9 789385 648397

Prism Publishers